ਸਾਲ 36 ਅੰਕ 175 : ਮਾਰਚ-ਜੂਨ, 2021

# ਸਮਦਰਸ਼ੀ

ਪੰਜਾਬੀ ਅਕਾਦਮੀ ਦਾ ਦੋ ਮਾਸਿਕ ਰਸਾਲਾ

***ਪ੍ਰਧਾਨ***
ਮਨੀਸ਼ ਸਿਸੋਦੀਆ

***ਮੀਤ-ਪ੍ਰਧਾਨ***
ਹਰਸ਼ਰਨ ਸਿੰਘ ਬੱਲੀ

***ਪ੍ਰਬੰਧਕੀ ਸੰਪਾਦਕ***
ਰਾਜਿੰਦਰ ਕੁਮਾਰ

***ਉੱਪ-ਸੰਪਾਦਕ***
ਹਰਪ੍ਰੀਤ ਕੌਰ

**ਸੰਪਾਦਕੀ ਦਫ਼ਤਰ ਦਾ ਪਤਾ**
ਪੰਜਾਬੀ ਅਕਾਦਮੀ, ਦਿੱਲੀ
ਡੀ. ਡੀ. ਏ. ਕਮਿਊਨਿਟੀ ਸੈਂਟਰ, ਸਦਰ ਥਾਣਾ ਰੋਡ, ਪਹਾੜ ਗੰਜ, ਨਵੀਂ ਦਿੱਲੀ-110055
ਫ਼ੋਨ : 011-23616243, 23616265, 23615979

Punjabi Academy, Delhi
DDA Community Centre,
Sadar Thana Road, Paharganj, New Delhi-110055

E-mail : samdarshi.punjabi@gmail.com
Visit our Website at : http://www.punjabiacademydelhi.com

**ISSN** : **2581-3986**

© ਸਾਰੇ ਹੱਕ ਰਾਖਵੇਂ ਹਨ

ਪ੍ਰਕਾਸ਼ਤ ਸਮੱਗਰੀ ਦੀ ਵਰਤੋਂ ਲਈ ਲੇਖਕ, ਅਨੁਵਾਦਕ ਅਤੇ ਪੰਜਾਬੀ ਅਕਾਦਮੀ ਦੀ ਮਨਜ਼ੂਰੀ ਜ਼ਰੂਰੀ ਹੈ। ਪ੍ਰਕਾਸ਼ਤ ਰਚਨਾਵਾਂ ਦੀ ਰੀਤੀ-ਨੀਤੀ ਜਾਂ ਵਿਚਾਰਾਂ ਨਾਲ ਪੰਜਾਬੀ ਅਕਾਦਮੀ, ਸੰਪਾਦਕੀ ਮੰਡਲ ਜਾਂ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ।

| | | |
|---|---|---|
| ਮੁੱਲ | : | 25 ਰੁਪਏ |
| ਸਾਲਾਨਾ ਚੰਦਾ | : | 150 ਰੁਪਏ |
| ਇੰਗਲੈਂਡ ਤੇ ਯੂਰਪ | : | 30 ਪੌਂਡ |
| ਅਮਰੀਕਾ, ਕੈਨੇਡਾ, ਮਿਡਲ ਈਸਟ ਤੇ ਹੋਰ ਦੇਸ਼ | : | 60 ਡਾਲਰ |

ਚੰਦਾ "ਸਕੱਤਰ, ਪੰਜਾਬੀ ਅਕਾਦਮੀ" ਦੇ ਨਾਂ 'ਤੇ ਭੇਜੋ।
Send the Subscription in the name of "Secretary, Punjabi Academy".

**ਟਾਈਟਲ**
ਮਨਿੰਦਰ ਸਿੰਘ

**ਲੇਜ਼ਰ ਟਾਈਪ ਸੈਟਿੰਗ**
ਸੁਖਜਿੰਦਰ ਸਿੰਘ

**Samdarshi :**
Bi-monthly journal of Punjabi Literature published by Punjabi Academy, Delhi, Motia Khan, Paharganj, New Delhi - 110055, India

**ਸਮਦਰਸ਼ੀ** :
ਪੰਜਾਬੀ ਅਕਾਦਮੀ, ਦਿੱਲੀ, ਮੋਤੀਆ ਖ਼ਾਨ, ਪਹਾੜ ਗੰਜ, ਨਵੀਂ ਦਿੱਲੀ-55 ਭਾਰਤ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦਾ ਦੋ-ਮਾਸਿਕ ਰਸਾਲਾ।

# ਸਮਦਰਸ਼ੀ

ਸਾਲ 36 ਅੰਕ 175 : ਮਾਰਚ-ਜੂਨ, 2021

*ਆਪਣੇ ਵੱਲੋਂ /*

*ਇਸ ਵਾਰ ਦਾ ਕਵੀ / ਪਰਮਿੰਦਰ ਸੋਢੀ*

*ਕਵਿਤਾਵਾਂ*

ਦੀਪਕ ਚਰਨਾਰਥਲ

ਹਰੀ ਕ੍ਰਿਸ਼ਨ ਮਾਇਰ

**ਡਾ. ਮਨਜਿੰਦਰ ਸਿੰਘ** : ਭਗਤ-ਬਾਣੀ : ਪਰੰਪਰਾ ਦੀ ਨਵੀਨਤਾ ਅਤੇ ਨਵੀਨਤਾ ਦੀ ਪਰੰਪਰਾ

**ਗੁਰਪ੍ਰੀਤ ਸਿੰਘ** : ਪੜ੍ਹਨਾ ਲਿਖਣ ਤੋਂ ਵੀ ਜ਼ਰੂਰੀ ਹੈ ਲੇਖਕ ਲਈ – ਸਵਰਨਜੀਤ ਸਵੀ

**ਡਾ. ਹਰਪ੍ਰੀਤ ਸਿੰਘ** : ਬਰਜਿੰਦਰ ਚੌਹਾਨ : ਆਧੁਨਿਕ ਚੇਤਨਾ ਦਾ ਗ਼ਜ਼ਲਗੋਅ

**ਜੋਗੇ ਭੰਗਲ** : ਖ਼ੁਦ ਨੂੰ ਸਮਝੇ ਸਾਨੂੰ ਜੋ

**ਡਾ. ਕੁਲਦੀਪ ਕੌਰ ਪਾਹਵਾ** : ਭਾਈ ਵੀਰ ਸਿੰਘ ਸਾਹਿਤ ਵਿਚ ਨਾਰੀ-ਬਿੰਬ

**ਮਨਜੀਤ ਕੌਰ** : ਅੱਜ ਦੇ ਦੌਰ ਵਿਚ ਗੁਰੂ ਨਾਨਕ ਦੇਵ ਜੀ

**ਮੂਲ : ਸੁਧਾ ਓਮ ਢੀਂਗਰਾ**
***ਅਨੁ : ਪ੍ਰੋ. ਨਵ ਸੰਗੀਤ ਸਿੰਘ*** : ਵਸੂਲੀ (ਪ੍ਰਵਾਸੀ ਅਮਰੀਕੀ ਹਿੰਦੀ ਕਹਾਣੀ)

**ਡਾ. ਰਜਨੀ ਬਾਲਾ** : ਸ਼ਸ਼ੀ ਪਾਲ ਸਮੁੰਦਰਾ ਦੀ ਨਾਰੀ ਦ੍ਰਿਸ਼ਟੀ

**ਡਾ. ਤੇਜਿੰਦਰ ਸਿੰਘ** : ਬਹੁ-ਰੂਪੀਆ ਲੋਕ ਨਾਟ ਵੰਨਗੀ ਦੀ ਲੋਕਧਾਰਾਈ ਅਧਿਐਨ

| | | |
|---|---|---|
| **ਮਨਪ੍ਰੀਤ ਕੌਰ** | : | ਸ਼ਾਂਤੀ ਦੇ ਪੁੰਜ - ਸ੍ਰੀ ਗੁਰੂ ਤੇਗ ਬਹਾਦਰ ਜੀ |
| **ਡਾ. ਗੁਰਪ੍ਰੀਤ ਕੌਰ** | : | ਓਪਰਾ ਆਦਮੀ : ਮਨੁੱਖੀ ਹੋਂਦ ਦੀ ਸ਼ਨਾਖ਼ਤ ਅਤੇ ਸਥਾਪਤੀ ਤੱਕ ਦਾ ਸਫ਼ਰ |
| **ਕੰਵਲਦੀਪ ਕੌਰ** | : | ਗੁਰੂ ਨਾਨਕ ਬਾਣੀ ਵਿਚ ਔਰਤ ਦਾ ਪ੍ਰਵਚਨ |
| **ਡਾ. ਰਵਿੰਦਰ ਕੌਰ ਬੇਦੀ** | : | ਗੁਰੂ ਨਾਨਕ ਬਾਣੀ ਵਿਚ ਬ੍ਰਹਿਮੰਡ-ਮੂਲਕ ਚੇਤਨਾ |
| **ਡਾ. ਅਕਵਿੰਦਰ ਕੌਰ ਤਨਵੀ** | : | ਕੋਸ਼ ਨਿਰਮਾਣਕਾਰੀ : ਕੁਝ ਬੁਨਿਆਦੀ ਤੱਤ |

# ਆਪਣੇ ਵੱਲੋਂ

ਭਾਸ਼ਾ, ਸਾਹਿਤ, ਸਮਾਜ ਅਤੇ ਸੱਭਿਆਚਾਰ ਲਗਾਤਾਰ ਬਦਲਦੇ ਰਹਿਣ ਵਾਲੇ ਵਰਤਾਰੇ ਹਨ। ਜਿਹੜੀ ਭਾਸ਼ਾ ਅਸੀਂ ਅੱਜ ਬੋਲ ਰਹੇ ਹਾਂ, ਜਿਹੜਾ ਸਾਹਿਤ ਲਿਖਿਆ ਜਾ ਰਿਹਾ ਹੈ ਅਤੇ ਜਿਸ ਤਰ੍ਹਾਂ ਦਾ ਸਾਡਾ ਸਮਾਜ/ਸਭਿਆਚਾਰ ਹੈ, ਉਹ ਕੇਵਲ ਸਾਡੇ ਯਤਨਾਂ ਕਰ ਕੇ ਹੀ ਨਹੀਂ ਸਗੋਂ ਸਾਡੇ ਪੂਰਵਜਾਂ ਦੀ ਘਾਲਣਾ ਅਤੇ ਸੰਘਰਸ਼ ਦੇ ਕਾਰਨ ਵੀ ਹੈ। ਹਰ ਸਮੇਂ ਦੀਆਂ ਸਾਕਾਰਾਤਮਕ ਸ਼ਕਤੀਆਂ ਇਹਨਾਂ ਨੂੰ ਹੋਰ ਸੋਹਣਾ ਅਤੇ ਨਾਕਾਰਾਤਮਕ ਸ਼ਕਤੀਆਂ ਕੋਹਜਾ ਬਣਾਉਣ ਲਈ ਯਤਨਸ਼ੀਲ ਰਹਿੰਦੀਆਂ ਹਨ ਪਰ ਬੀਤ ਰਹੀ ਪੀੜ੍ਹੀ ਇਸ ਉਮੀਦ ਨਾਲ ਬੀਤਦੀ ਹੈ ਕਿ ਆਉਣ ਵਾਲੀ ਪੀੜ੍ਹੀ ਆਪਣੀ ਵਿਰਾਸਤ ਪ੍ਰਤੀ ਜ਼ਿੰਮੇਵਾਰ ਵੀ ਰਹੇ ਅਤੇ ਸੰਵੇਦਨਸ਼ੀਲ ਵੀ। ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਦੀ ਜ਼ਰੂਰਤ ਅਜੋਕੇ ਦੌਰ ਵਿਚ ਹੋਰ ਵੀ ਵਧ ਗਈ ਹੈ ਕਿਉਂਕਿ ਸਾਡੇ ਸਮੇਂ ਦੀਆਂ ਨਾਕਾਰਾਤਮਕ ਸ਼ਕਤੀਆਂ ਸਾਡੇ ਸਮਾਜ ਨੂੰ ਕੱਟੜਤਾ, ਆਪਹੁਦਰੇਪਣ ਅਤੇ ਮੈਂ-ਮੁੱਖਤਾ ਵੱਲ ਧਕੇਲ ਰਹੀਆਂ ਹਨ। ਅਸੀਮਤ ਪਦਾਰਥਕ ਵਿਕਾਸ ਅਤੇ ਨਿਰੰਕੁਸ਼ ਸ਼ਕਤੀ ਹਾਸਿਲ ਕਰਨ ਦਾ ਨਿਸ਼ਾਨਾ ਵੀ ਇਹਨਾਂ ਸਥਿਤੀਆਂ ਦੀ ਹੀ ਉਪਜ ਹੈ।

ਅਜਿਹੀਆਂ ਸਥਿਤੀਆਂ ਵਿਚ ਸਾਹਿਤਕਾਰਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਉਹਨਾਂ ਨੇ ਨਾ ਕੇਵਲ ਆਪਣੇ ਆਪ ਨੂੰ ਅਜਿਹੇ ਸੰਵੇਦਨਹੀਣ ਅਤੇ ਗ਼ੈਰ-ਜ਼ਿੰਮੇਵਾਰ ਵਾਤਾਵਰਨ ਤੋਂ ਬਚਾਉਣਾ ਹੈ ਸਗੋਂ ਮਨੁੱਖਤਾ ਦੇ ਚਾਨਣ ਮੁਨਾਰੇ ਵੀ ਬਨਣਾ ਹੈ। ਉਹਨਾਂ ਨੇ ਆਪਣੀਆਂ ਲਿਖਤਾਂ ਨੂੰ ਅਜਿਹੀਆਂ ਭਾਵਨਾਵਾਂ ਨਾਲ ਓਤਪੋਤ ਕਰਨਾ ਹੈ ਜੋ ਮਨੁੱਖ ਦੀ ਮਾਨਵੀ ਪਹਿਚਾਣ ਨੂੰ ਸੁਦ੍ਰਿੜ ਅਤੇ ਮਜ਼ਬੂਤ ਕਰ ਸਕਦੀਆਂ ਹੋਣ।

ਭਾਵੇਂ ਇਹ ਕੋਈ ਸੌਖਾ ਕੰਮ ਨਹੀਂ ਹੈ ਪਰ ਜੇਕਰ ਅਸੀਂ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਅਜਿਹੀਆਂ ਚੁਣੌਤੀਆਂ ਸਾਰੇ ਸਮਿਆਂ ਵਿੱਚ ਹੀ ਮੌਜੂਦ ਰਹੀਆਂ ਹਨ। ਹਾਂ, ਇਹਨਾਂ ਦੇ ਸਰੂਪ ਅਤੇ ਤੀਬਰਤਾ

ਆਪੋ ਆਪਣੇ ਸਮਿਆਂ ਮੁਤਾਬਕ ਵੱਖ-ਵੱਖ ਰਹੇ ਹਨ। ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਲੋਕ ਹਮੇਸ਼ਾ ਹੀ ਇਹਨਾਂ ਤੋਂ ਪਾਰ ਪਾਉਣ ਲਈ ਯਤਨਸ਼ੀਲ ਰਹੇ ਹਨ। ਇਹ ਲੜਾਈ ਜਿੱਥੇ ਬਾਹਰੀ ਸਥਿਤੀਆਂ ਨਾਲ ਹੁੰਦੀ ਹੈ ਉੱਥੇ ਆਪਣੇ ਆਪ ਨਾਲ ਵੀ ਲੜੀ ਜਾਂਦੀ ਹੈ। ਇਸ ਲਈ ਸਾਡੇ ਸਮਕਾਲੀ ਸਾਹਿਤਕਾਰਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਅੱਗੇ ਸਭ ਤੋਂ ਵੱਡੀ ਚੁਣੌਤੀ ਇਹੀ ਹੈ ਕਿ ਉਹਨਾਂ ਨੇ ਕੇਵਲ ਸੱਚ ਦੇ ਹਰਕਾਰੇ ਹੀ ਨਹੀਂ ਬਣਨਾ ਸਗੋਂ ਸੱਚੇ ਵੀ ਹੋਣਾ ਹੈ। ਨੈਤਿਕਤਾ ਦਾ ਕੇਵਲ ਹੋਕਾ ਹੀ ਨਹੀਂ ਦੇਣਾ ਸਗੋਂ ਇਖ਼ਲਾਕ ਦੇ ਮੁਜੱਸਮੇ ਵੀ ਬਣਨਾ ਹੈ। ਸ਼ਾਬਦਿਕ ਚੁਣੌਤੀ ਦੀ ਕਸਵੱਟੀ ਤੇ ਪੰਜਾਬੀ ਸਾਹਿਤ ਆਪਣੇ ਮੁੱਢ ਤੋਂ ਹੀ ਖਰਾ ਉਤਰਦਾ ਰਿਹਾ ਹੈ ਪਰ ਸਾਡੇ ਦੌਰ ਦੀ ਸਭ ਤੋਂ ਵੱਡੀ ਚੁਣੌਤੀ ਸ਼ਬਦ ਦੇ ਨਾਲ-ਨਾਲ ਆਚਰਨ ਦੀ ਕਸਵੱਟੀ ਤੇ ਖ਼ਰਾ ਉਤਰਨ ਦੀ ਹੈ। ਸਿਧਾਂਤ ਦੇ ਨਾਲ ਨਾਲ ਵਿਹਾਰ ਦੀ ਕਸੌਟੀ 'ਤੇ ਖਰਾ ਉਤਰਨ ਦੀ ਹੈ। ਮੈਨੂੰ ਪੂਰੀ ਉਮੀਦ ਹੈ ਕਿ ਪੰਜਾਬੀ ਦਾ ਸਾਹਿਤਕਾਰ, ਬੁੱਧੀਜੀਵੀ ਅਤੇ ਕਲਾਕਾਰ ਆਪਣੇ ਪੂਰਵਜਾਂ ਦੀ ਅੰਦਰੋਂ ਬਾਹਰੋਂ ਇੱਕੋ ਜਿਹੇ ਹੋਣ ਵਾਲੀ ਫਿਤਰਤ ਤੋਂ ਜ਼ਰੂਰ ਸੇਧ ਲਵੇਗਾ।

**– ਰਾਜਿੰਦਰ ਕੁਮਾਰ**

# ਗ਼ਜ਼ਲ/ਕਵਿਤਾ

ਪਰਮਿੰਦਰ ਸੋਢੀ

## ਜੀ ਆਇਆਂ ਨੂੰ

ਰੂਹ ਵਾਲ਼ੀ ਚਾਦਰ
ਦੁੱਧ-ਚਿੱਟੀ

ਜੋ ਵੀ ਮਿਲਦਾ ਹੈ
ਇਸ 'ਤੇ
ਰੰਗ ਦਾ ਇਕ ਛਿੱਟਾ
ਛੱਡ ਜਾਂਦਾ ਹੈ

ਤੁਸੀਂ ਕਿਹੜਾ
ਰੰਗ ਲੈ ਕੇ ਆਏ ਹੋ ?

ਅੱਜ ਦਾ ਦਿਨ
ਮੇਰੀ ਬੈਠਕ ਹੈ
ਆਓ ! ਬੈਠੋ !
ਮੈਂ ਤੁਹਾਡੇ ਪੀਣ ਲਈ
ਕੁਝ ਲੈ ਕੇ ਆਉਂਦਾ ਹਾਂ

ਮੇਰੀ ਚਾਦਰ
ਤੁਹਾਡੇ ਪੈਰਾਂ ਹੇਠ
ਵਿਛੀ ਹੈ

ਤੁਸੀਂ ਜਾਓਗੇ

*sodhiparminder@gmail.com*

ਤਾਂ ਮੇਰੀ ਚਾਦਰ 'ਤੇ
ਤੁਹਾਡੇ ਵਜੂਦ ਦੇ
ਕੁਝ ਰੰਗ-ਬਰੰਗੇ ਛਿੱਟੇ
ਪਏ ਰਹਿ ਜਾਣਗੇ

ਤੁਹਾਡੇ
ਰੰਗ-ਬਰੰਗੇ
ਛਿੱਟਿਆਂ ਨਾਲ਼ ਹੀ
ਇਸ ਚਿੱਟੀ ਚਾਦਰ ਨੇ
ਜੀਵਨ ਦੀ
ਫੁਲਕਾਰੀ ਬਣਨਾ ਹੈ

ਫੁਲਕਾਰੀ
ਜੋ ਕੁਝ ਦੇਰ
ਮੇਰੀ ਬਾਰੀ 'ਚੋਂ
ਨਜ਼ਰ ਆਵੇਗੀ
ਕਿਸੇ ਦੀ ਸਵੇਰ ਨੂੰ
ਸੋਹਣਾ ਕਰੇਗੀ

ਮੁੜ
ਬੈਠਕ ਵਿਚ ਆਏ
ਮਹਿਮਾਨਾਂ ਦੇ
ਪੈਰਾਂ ਹੇਠ ਵਿਛ ਜਾਵੇਗੀ

ਆਓ ! ਬੈਠੋ !
ਮੈਂ ਤੁਹਾਡੇ ਪੀਣ ਲਈ
ਕੁਝ ਲੈ ਕੇ ਆਉਂਦਾ ਹਾਂ

## ਈਮੋਜੀ ਸੂਤਰ

ਕੁਦਰਤ ਪਰਤਦੀ
ਤਾਂ ਸਹਿਜੇ ਕੋਈ
ਮੁਸਕਰਾ ਛੱਡਦਾ

ਦੂਰ ਕਿਤੇ ਬਿਰਖ
ਅਸਮਾਨ ਦੀ ਗੋਦ
ਵਿਚ ਸਿਰ ਰੱਖ
ਹੌਲ਼ੀ-ਹੌਲ਼ੀ ਝੂਮਣ ਲਗਦਾ

ਬਹੁਤ ਸਾਰਾ ਪਿਆਰ
ਰੂਹਾਂ ਦੀ ਝੋਲ਼ੀ 'ਚੋ
ਝਰਨ ਲੱਗਦਾ
ਤਾਂ ਘੁੱਟ ਕੇ ਜੱਫੀ
ਪਾ ਲੈਂਦੀਆਂ ਦੋ ਜਿੰਦਾਂ

ਮੇਰੇ ਦਿਲ ਦਾ ਭਾਂਡਾ
ਟੇਢਾ-ਮੇਢਾ ਡੋਲਣ ਲਗਦਾ
ਪਰ ਭਾਂਡੇ ਅੰਦਰ ਪਿਆ
ਅਸਮਾਨ
ਉਂਝ ਦਾ ਉਂਝ
ਅਹਿੱਲ ਪਿਆ ਰਹਿੰਦਾ

ਚੁੱਪ ਪ੍ਰਤੀਕ ਬਣ
ਫ਼ੋਨ ਦੀ ਸਕਰੀਨ 'ਤੇ
ਕਿਰਨ ਲਗਦੀ

ਸ਼ਬਦ ਬਰਫ਼ ਦੀਆਂ

ਡਲ਼ੀਆਂ ਵਾਂਗ ਖੁਰਨ ਲਗਦੇ
ਗੁਰੂ ਚੇਲੇ ਆਪਸ 'ਚ
ਆਸਣ ਬਦਲਦੇ

ਇਸ ਤੋਂ ਪਹਿਲਾਂ ਕਿ
ਜ਼ਿੰਦਗੀ,
ਸਰਿਸ਼ਟੀ ਦੀਆਂ
ਨੁੱਕਰਾਂ ਵੱਲ ਤੁਰ ਪੈਂਦੀ
ਕੁਦਰਤ
ਮੇਰੇ ਕੋਲ਼ ਪਰਤਦੀ

ਮੈਂ ਫਿਰ
ਪਿਆਰ ਕਰਨ ਲਗਦਾ
ਅਤੇ ਜ਼ਿੰਦਗੀ ਨੂੰ
ਘੁੱਟ ਕੇ ਜੱਫੀ ਪਾ ਲੈਂਦਾ __

## ਰੱਸੀ 'ਤੇ ਤੁਰਦੀ ਕੁੜੀ

ਰੱਸੀ 'ਤੇ ਤੁਰਦੀ
ਬਾਜ਼ੀਗਰ ਕੁੜੀ ਨੂੰ
ਉਹ ਪਿਛਲੇ ਜਨਮ ਤੋਂ
ਜਾਣਦਾ ਹੈ

ਉਹ ਉਦੋਂ ਵੀ
ਹਵਾ ਵਿਚ ਤੁਰਦੀ ਸੀ

ਪਰ ਆਪ ਉਹ
ਪੱਥਰ ਜੂਨ ਦਾ
ਸਰਾਪ ਲੈ ਕੇ ਜੰਮਿਆ ਹੈ

ਤੂੰ
ਬਰਫ਼ੰਬੇ
ਬੱਦਲ਼
ਸਿਰਹਾਣੇ
ਸਾਰੇ ਦੇ ਸਾਰੇ
ਪੱਥਰ ਦਾ
ਕੁਝ ਨਾ ਕਰ ਸਕੇ

ਓਧਰ ਰੱਸੀ 'ਤੇ
ਤੁਰਦੀ ਕੁੜੀ
ਧਰਤੀ 'ਤੇ
ਤੁਰਨਾ ਭੁੱਲ ਚੁੱਕੀ ਹੈ
ਏਧਰ ਪੱਥਰ ਨੂੰ ਪਹਾੜ
ਬੇਦਖ਼ਲ ਕਰ ਚੁੱਕਾ ਹੈ

ਦੋਹਾਂ ਨੇ ਕਦੋਂ
ਕਿੰਞ ਮਿਲ਼ਣਾ ਸੀ?

## ਸਵੇਰ ਵਾਲਾ ਪਲ

ਸਵੇਰ ਵੇਲਾ ਹੈ
ਮੇਰੇ ਦਿਲ ਵਿਚੋਂ
ਜੋ ਵੀ ਉਗਮ ਰਿਹਾ ਹੈ
ਉਹ ਸਾਫ਼ ਸੁਥਰਾ ਹੈ

ਅਸਮਾਨ ਵਾਂਗ
ਨਿਰਮਲ
ਸੰਗਤਰੀ ਕਿਰਨਾਂ ਵਿਚ
ਰੰਗਿਆ

ਤਾਜ਼ਾ ਹਵਾ ਨਾਲ਼
ਮਹਿਕਦਾ ਇਹ ਪਲ
ਮੈਂ ਤੈਨੂੰ
ਅਰਪਣ ਕਰਨਾ ਹੈ

ਦੁਪਹਿਰ ਤਕ
ਸ਼ਹਿਰ ਦੇ ਧੂੰਏਂ ਨੇ
ਬੜਾ ਕੁਝ
ਗੰਦਲਾ ਕਰ ਦੇਣਾ ਹੈ
ਸ਼ਾਮ ਤਕ
ਮੈਂ ਅਤੇ ਮੇਰੇ ਸ਼ਬਦਾਂ ਨੇ
ਅੱਕ-ਥੱਕ ਜਾਣਾ ਹੈ
ਰਾਤ ਹੋਣ ਤਕ
ਮੈਂ ਭਲਾਂ ਕਿਥੇ ਹੋਣਾ ਹੈ !

ਬਸ ਇਹ ਹੀ
ਸਵੇਰ ਵਾਲ਼ਾ ਇਕ ਪਲ
ਸਾਫ਼-ਸਫ਼ਾਫ਼ ਜਿਹਾ
ਮੈਂ ਤੈਨੂੰ ਦੇਣਾ ਹੈ

ਸੁਭ ਸਵੇਰ
ਤੇਰਾ ਦਿਨ ਸੋਹਣਾ ਰਹੇ !
ਇਸ ਪਲ ਮੈਂ ਤੈਨੂੰ
ਬਸ ਇਹੀ ਕਹਿਣਾ ਹੈ ।

## ਇੰਝ ਕੌਣ ਕਰਦਾ ਹੈ

ਵਕਤ ਨੂੰ
ਉਂਗਲੀ 'ਤੇ

ਧਾਗੇ ਵਾਂਗ
ਲਪੇਟ ਕੇ

ਮੋਮ ਵਾਂਗ
ਪਿਘਲ ਜਾਣਾ
ਹੰਝੂ ਨਾਲ਼
ਟਪਕ ਜਾਣਾ
ਮੁੜ
ਫੁੱਲ ਵਾਂਗ
ਹੱਸ ਪੈਣਾ !

ਇਹ ਕੋਈ
ਕਮਲਾ ਕਰੇਗਾ
ਜਾਂ ਕਵੀ ਕੋਈ __

ਮੋਹ ਨੂੰ
ਰੰਗਦਾਰ ਐਨਕ ਵਾਂਗ
ਪਹਿਨ ਕੇ
ਮੇਲੇ ਚਲੇ ਜਾਣਾ

ਕਵਿਤਾ ਨੂੰ
ਕੁੜੀ ਕਹਿਣਾ
ਕੁੜੀ ਨੂੰ
ਅਸਮਾਨ 'ਚ ਲੱਗੀ
ਟਾਕੀ ਸਮਝ ਲੈਣਾ

ਆਪ
ਹਨੇਰੇ ਖੂੰਝਿਆ ਵਿਚ

ਸੁੰਘੜ ਕੇ ਬੈਠ ਜਾਣਾ
ਇਕੱਲ ਨੂੰ
ਬੁੱਧ ਦੀ ਲੋਈ ਵਾਂਗ
ਓੜ ਕੇ
ਚੁੱਪਚਾਪ ਸੌ ਜਾਣਾ

ਇਹ ਕੋਈ
ਕਮਲਾ ਕਰੇਗਾ
ਜਾਂ ਕਵੀ ਕੋਈ __

ਹਓਮੈ ਨੂੰ
ਗੇਂਦ ਵਾਂਗ
ਠੁੱਡ ਮਾਰ
ਹਵਾ ਵਿਚ
ਉੜਾ ਦੇਣਾ

ਹਾਰ ਹਾਰ
ਹਾਰੀ ਚਲੇ ਜਾਣਾ
ਸ਼ਬਦ ਸੁਣ
ਹੱਸ ਪੈਣਾ
ਰੋ ਪੈਣਾ

ਕਾਇਨਾਤ ਨੂੰ
ਖੂਹ ਕਹਿਣਾ
ਤੇਰੀ ਤਸਵੀਰ ਨੂੰ
ਰੰਗਦਾਰ
ਖ਼ਾਬ ਕੋਈ

ਇਹ ਕੋਈ
ਕਮਲਾ ਕਹੇਗਾ
ਜਾਂ ਫਿਰ ਕਵੀ ਕੋਈ __

## ਹਰੀ ਕ੍ਰਿਸ਼ਨ ਮਾਇਰ

## ਕੂਲ਼ੇ ਕੂਲ਼ੇ ਬੋਲ ਤੇਰੇ

ਰਿਸ਼ਮਾਂ ਦੇ ਗੋਹੜੇ
ਦਿਲ ਦਰਪਨ ਕਿੰਜ ਚਾਂਭਲ਼ੀਆਂ
ਕਿਰਨਾਂ ਨੂੰ ਮੋੜੇ
ਇਕ ਕੰਜ ਕੁਆਰੀ
ਚਰਖੀ ਤੇ ਰੰਗਾਂ ਨੂੰ ਕੱਤੇ
ਚੁੰਨੀ ਉੱਤੇ ਗੁੰਦ ਰਹੀ
ਰੀਝਾਂ ਦੇ ਪੱਤੇ
ਬੋਹੀਏ ਦੇ ਵਿੱਚ ਸਾਂਭੀ
ਜਾਵੇ ਸੁਪਨੇ ਜੋੜੇ..
ਉੱਡਦੀਆਂ ਪੌਣਾ ਵਿੱਚ ਜੀਕੂੰ
ਕਾਤਰ ਅੱਗ ਦੀ
ਤੂੰ ਠਾਕਰ ਦੁਆਰੇ ਜੀਕੂੰ ਜਗਦੀ
ਜੋਤ ਜੇਹੀ ਲੱਗਦੀ
ਕੋਈ ਨਾਦ ਉਤਰ ਕੇ ਮੇਰੇ
ਮਨ ਦੀਆਂ ਚੁੱਪਾਂ ਤੋੜੇ...
ਰਹਿਮਤ ਬਣ ਕਣੀਆਂ
ਤੇਰਾ ਦੀਦ ਧੋ ਗਈਆਂ
ਭੌਰ ਤਿਤਲੀਆਂ ਜਾਦੂਗਰਨੀਏਂ
ਤੇਰੀਆਂ ਹੀ ਹੋ ਗਈਆਂ
ਰੂਹਾਂ ਦਾ ਸੰਗੀਤ
ਤੇਰੇ ਨਾਲ ਰਿਸ਼ਤਾ ਲੋੜੇ..

ਹੱਥੀਂ ਪੈਗੇ ਅੱਟਣ ਮੇਰੇ
ਪੈਰਾਂ ਵਿੱਚ ਬਿਆਈਆਂ
ਕਿੰਨੀਆਂ ਦੇਣੀਆਂ ਪੈਣੀਆ
ਮੈਨੂੰ ਹੋਰ ਸਫਾਈਆਂ
ਫੁੱਲਾਂ ਵਾਂਗੂੰ ਲੱਗਦੇ
ਤੇਰੇ ਰਾਹਵਾਂ ਦੇ ਰੋੜੇ....
ਕੂਲੇ ਕੂਲੇ ਬੋਲ ਤੇਰੇ...
ਕੂਲੇ ਕੂਲੇ ਬੋਲ ਤੇਰੇ..

## ਦੀਪਕ ਸ਼ਰਮਾ ਚਨਾਰਥਲ

ਫੋਨ : 98770-47924

## ਅੱਖਰ

ਅੱਖਰ ਬੀਜਾਂ
ਅੱਖਰ ਉਗਾਵਾਂ
ਅੱਖਰਾਂ ਨੂੰ ਮੈਂ ਭੜੋਲੇ ਪਾਵਾਂ
ਅੱਖਰ ਪੀਹਵਾਂ
ਅੱਖਰ ਪਕਾਵਾਂ
ਅੱਖਰਾਂ ਨਾਲ ਮੈਂ ਭੁੱਖ ਮਿਟਾਵਾਂ
ਅੱਖਰ ਹੀ ਅੰਨ
ਅੱਖਰ ਹੀ ਪਾਣੀ
ਅੱਖਰਾਂ ਮੇਰੀ ਪੀੜ ਪਛਾਣੀ

ਕੁਝ ਅੱਖਰ ਨਾਨਕ, ਬੁੱਲ੍ਹੇ, ਫਰੀਦ ਜਿਹੇ,
ਪਾਤਰ, ਸ਼ਿਵ ਦੇ ਗੀਤ ਜਿਹੇ।
ਕੁਝ ਅੱਖਰ ਇਨਕਲਾਬ ਜਿਹੇ,
ਭਗਤ, ਸਰਾਭਾ, ਅਜ਼ਾਦ ਜਿਹੇ।

ਕੁਝ ਅੱਖਰ ਦਰਿਆਵਾਂ 'ਤੇ ਖਿੱਚੀ ਲਕੀਰ ਜਿਹੇ,
ਹਿੰਦ-ਪਾਕਿ ਦੀ ਤਕਦੀਰ ਜਿਹੇ।

ਕੁਝ ਅੱਖਰ ਪਾਪ ਜਿਹੇ,
'84 ਦੇ ਇਨਸਾਫ਼ ਜਿਹੇ।
ਕੁਝ ਅੱਖਰ ਅਦਾਲਤ 'ਚ ਹਾਰੇ,
ਕੁਝ ਅੱਖਰ ਆਪਣਿਆਂ ਨੇ ਮਾਰੇ।

ਕੁਝ ਅੱਖਰ ਸਮੁੰਦਰੋਂ ਪਾਰ ਗਏ ਨੇ,
ਕੁਝ ਅੱਖਰ 'ਚਿੱਟੇ' ਤੋਂ ਹਾਰ ਗਏ ਨੇ।
ਕੁਝ ਅੱਖਰਾਂ 'ਤੇ ਵਰਕ ਚੜ੍ਹੇ ਨੇ,
ਹੁਕਮਰਾਨ ਸਮਝਾਵਣ ਮੈਨੂੰ,
ਰਾਮ-ਰਹੀਮ ਵਿਚ ਫਰਕ ਬੜੇ ਨੇ।

ਕੁਝ ਅੱਖਰ ਦਰਬਾਰੀ ਬਣ ਗਏ,
ਕੁਝ ਅੱਖਰ ਵਪਾਰੀ ਬਣ ਗਏ,
ਕੁਝ ਅੱਖਰ ਸਨਮਾਨਾਂ ਲਈ ਵਿਕਦੇ,
ਕੁਝ ਅੱਖਰ ਸਰਕਾਰੀ ਬਣ ਗਏ।

ਜਿਨ੍ਹਾਂ ਅੱਖਰਾਂ ਨੇ ਅਕਾਸ਼ ਸੀ ਬਣਨਾ,
ਉਹ ਅੱਖਰ ਕਿਉਂ ਸਲਫਾਸ ਬਣੇ ਨੇ,
ਜਵਾਬ ਨਹੀਂ ਹੈ ਹਾਕਮਾਂ ਕੋਲੇ,
ਕਫਨ ਕਿਉਂ ਅੱਜ ਲਿਬਾਸ ਬਣੇ ਨੇ।

ਅੱਖਰਾਂ ਨਾਲ ਜੀਵਨ ਹੈ ਧੜਕੇ,
ਕੰਨੀਂ ਪੈਵਣ ਜਦ ਮੰਤਰ-ਅਜ਼ਾਨ ਤੜਕੇ।
ਕੁਝ ਅੱਖਰ ਸੱਚੀ ਹਾਕ ਜਿਹੇ,
ਗੁਰਬਾਣੀ ਦੇ ਵਾਕ ਜਿਹੇ।

ਅੱਖਰ ਹੀ ਜੁਗਨੂੰ, ਅੱਖਰ ਹੀ ਤਾਰੇ,
ਅੱਖਰ ਹੀ ਚੰਨ-ਸੂਰਜ ਜੇ ਮਿਲ ਜਾਵਣ ਸਾਰੇ।

ਅੱਖਰ ਹੀ ਕੁਦਰਤ, ਅੱਖਰ ਹੀ ਕਾਇਨਾਤ,
'ਦੀਪਕ' ਅੱਖਰਾਂ ਦੀ ਨਹੀਂ ਕੋਈ ਜਾਤ,
ਅੱਖਰਾਂ ਦੀ ਨਹੀਂ ਕੋਈ ਜਾਤ।

## ਦੀਵੇ

ਅੱਗ ਉਸ ਦੇ ਅੰਦਰ ਵੀ ਸੀ, ਅੱਗ ਮੇਰੇ ਅੰਦਰ ਵੀ ਹੈ,
ਉਸ ਭਾਂਬੜ ਮਚਾਏ, ਮੈਂ ਦੀਵੇ ਜਗਾਏ।

ਫੂਕ ਕੇ ਛੱਤਾਂ, ਉਸ ਤੋੜ ਦਿੱਤੇ ਘੜੇ, ਚੁਗ ਕੇ ਠੀਕਰੀਆਂ ਮੈਂ ਚੂੰਘੜੇ ਬਣਾਏ,
ਉਜੜੇ ਦਰਾਂ 'ਤੇ ਰੱਖ, ਮੈਂ ਅਣਗਾਹੇ ਰਸਤੇ ਰੁਸ਼ਨਾਏ।
ਉਸ ਭਾਂਬੜ ਮਚਾਏ, ਮੈਂ ਦੀਵੇ ਜਗਾਏ।

ਉਜਾੜ ਕੇ ਬਹਾਰਾਂ, ਕਰ ਵਿਨਾਸ਼, ਉਹ ਦੱਸਦਾ ਰਿਹਾ ਵਿਕਾਸ,
ਮੈਂ ਉਡੀਕਿਆ ਪਤਝੜ ਨੂੰ, ਮੈਨੂੰ ਉਸ ਤੋਂ ਸੀ ਆਸ,
ਤੀਲਾ-ਤੀਲਾ ਚੁਗ ਮੈਂ ਫਿਰ ਆਲ੍ਹਣੇ ਬਣਾਏ,
ਉਸ ਭਾਂਬੜ ਮਚਾਏ, ਮੈਂ ਦੀਵੇ ਜਗਾਏ।

ਅੱਗ ਉਸ ਦੇ ਅੰਦਰ ਵੀ ਸੀ, ਅੱਗ ਮੇਰੇ ਅੰਦਰ ਵੀ ਹੈ,
ਉਸ ਭਾਂਬੜ ਮਚਾਏ, ਮੈਂ ਦੀਵੇ ਜਗਾਏ।

# ਭਗਤ-ਬਾਣੀ : ਪਰੰਪਰਾ ਦੀ ਨਵੀਨਤਾ ਅਤੇ ਨਵੀਨਤਾ ਦੀ ਪਰੰਪਰਾ

*ਡਾ. ਮਨਜਿੰਦਰ ਸਿੰਘ*

ਭਗਤ-ਬਾਣੀ ਭਾਰਤੀ ਧਰਮ, ਦਰਸ਼ਨ ਅਤੇ ਸਾਹਿਤ ਦੀ ਪਰੰਪਰਾ ਦਾ ਨਵੀਨ ਮੁਹਾਂਦਰਾ ਘੜਨ ਵਾਲਾ ਅਦੁੱਤੀ ਪਾਠ ਹੈ। ਭਗਤ-ਬਾਣੀ ਨਾ ਕੇਵਲ ਪਰੰਪਰਾ ਨੂੰ ਨਵੀਨਤਾ ਵਿਚ ਰੂਪਾਂਤਰਿਤ ਕਰਦੀ ਹੈ ਬਲਕਿ ਨਵੀਨਤਾ ਦਾ ਇਹ ਪ੍ਰਵਚਨ ਭਵਿੱਖ ਦੇ ਪਾਠਾਂ ਵਿਚ ਇਕ ਨਵ-ਪਰੰਪਰਾ ਬਣ ਪ੍ਰਵਾਹਤ ਵੀ ਹੁੰਦਾ ਹੈ। ਭਗਤ-ਬਾਣੀ ਜਿਸ ਪਰਮ ਸੱਚ ਦਾ ਪ੍ਰਵਚਨ ਉਸਾਰਦੀ ਹੈ ਉਸ ਨੂੰ ਗੁਰੂ ਨਾਨਕ ਨੇ "ਆਦਿ ਸਚੁ ਜੁਗਾਦਿ ਸਚੁ। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।" ਕਿਹਾ ਹੈ। ਇਹ ਪਰਮ ਸੱਚ ਸਮਿਆਂ ਦੇ ਵਿਭਿੰਨ ਪ੍ਰਸੰਗਾਂ ਵਿਚ ਜਦ ਪਰਤ-ਦਰ-ਪਰਤ ਪ੍ਰਕਾਸ਼ਤ ਹੁੰਦਾ ਹੈ ਤਾਂ ਨਾ ਕੇਵਲ ਪ੍ਰਗਟਾਵੇ ਦੀ ਨਵੀਂ ਭਾਸ਼ਾ ਸਿਰਜੀ ਜਾਂਦੀ ਹੈ ਬਲਕਿ ਨਵੀਆਂ ਸੰਕਲਪੀ ਸੰਰਚਨਾਵਾਂ ਵੀ ਉੱਸਰਦੀਆਂ ਹਨ। ਇਸ ਨਵੀਨ ਭਾਸ਼ਾ ਦੀ ਆਪਣੀ ਨਵ-ਸੰਕਲਪੀ ਵਿਆਕਰਨ ਹੁੰਦੀ ਹੈ।ਇਸ ਦੀ ਰੂਪ-ਰਚਨਾ ਦਾ ਲਿਬਾਸ ਵੀ ਨਵਾਂ ਹੁੰਦਾ ਹੈ। ਪ੍ਰਬੁੱਧ ਸਮਾਜ ਸ਼ਾਸਤਰੀ ਚਿੰਤਕ ਡਾ. ਜੇ. ਪੀ. ਐੱਸ. ਓਬਰਾਏ ਨੇ ਭਗਤ-ਬਾਣੀ ਦੀ ਇਸ ਨਵੀਨਤਾ ਨੂੰ ਆਪਣੇ ਵਿਸਤ੍ਰਿਤ ਖੋਜ-ਪੱਤਰ Metaphysics of The Indian Modernity: The Theory of The Name (2012) ਵਿਚ ਭਾਰਤੀ ਆਧੁਨਿਕਤਾ ਦਾ ਆਰੰਭ-ਬਿੰਦੂ ਮੰਨਿਆ ਹੈ। ਦਰਅਸਲ ਆਧੁਨਿਕਤਾ ਦਾ ਇਕ ਬੁਨਿਆਦੀ ਲੱਛਣ ਇਹ ਵੀ ਹੈ ਕਿ ਆਧੁਨਿਕਤਾ ਦੇ ਆਉਣ ਨਾਲ ਸਾਧਾਰਨ ਮਨੁੱਖ ਦੀ ਸਾਧਾਰਨਤਾ ਕੇਂਦਰ ਵਿਚ ਆਉਂਦੀ ਹੈ। ਭਗਤ-ਬਾਣੀ ਸਾਧਾਰਨ ਬੰਦੇ ਦੀ ਭਾਸ਼ਾ (vernacular) ਨੂੰ ਰੱਬੀ ਅਨੁਭਵ ਦੇ ਸੰਚਾਰ ਦਾ ਮਾਧਿਅਮ ਬਣਾਉਂਦੀ ਹੈ। ਇਸ ਤੋਂ ਪਹਿਲੇ ਰੱਬ-ਕੇਂਦਰਤ ਪਾਠ ਵਰਨੈਕੂਲਰ ਦੀ ਬਜਾਇ ਕਲਾਸਕੀ ਭਾਸ਼ਾਵਾਂ ਵਿਚ ਹਨ। ਵੇਦਾਂ ਅਤੇ ਉਪਨਿਸ਼ਦਾਂ ਦੀ ਭਾਸ਼ਾ ਸੰਸਕ੍ਰਿਤ ਹੈ। 'ਪਵਿੱਤਰ ਬਾਈਬਲ' ਦੀ ਭਾਸ਼ਾ ਹੀਬ੍ਰਿਊ ਅਤੇ 'ਕੁਰਾਨ ਸ਼ਰੀਫ਼' ਦੀ ਭਾਸ਼ਾ ਅਰਬੀ ਹੈ। 'ਕੁਰਾਨ' ਖ਼ੁਦਾਈ ਬਚਨ ਹੈ।ਇਹ ਬੁਨਿਆਦੀ ਤੌਰ 'ਤੇ ਅੱਲਾਹ ਦਾ

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ। ਮੋ. 94630-49230 ਈਮੇਲ. profmanjinder@gmail.com*

ਪੈਗ਼ਾਮ ਹੈ ਜੋ ਪੈਗ਼ੰਬਰ ਹਜ਼ਰਤ ਮੁਹੰਮਦ ਰਾਹੀਂ ਧਰਤੀ 'ਤੇ ਪ੍ਰਕਾਸ਼ਿਤ ਹੋਇਆ। ਖ਼ੁਦਾ ਦਾ ਪੈਗ਼ਾਮ ਅਰਬੀ ਵਿਚ ਹੋਣ ਕਾਰਨ ਨਮਾਜ਼ ਅਰਬੀ ਵਿਚ ਹੀ ਪੜ੍ਹਨੀ ਲਾਜ਼ਮੀ ਕਰਾਰ ਦਿੱਤੀ ਗਈ ਹੈ। ਨਮਾਜ਼ ਲੋਕ-ਭਾਸ਼ਾ ਵਿਚ 'ਕੁਰਾਨ' ਦਾ ਤਰਜੁਮਾ ਕਰਕੇ ਨਹੀਂ ਪੜ੍ਹੀ ਜਾ ਸਕਦੀ ਕਿਉਂਕਿ ਇਹ ਤਰਜੁਮਾ ਕਿਸੇ ਮਨੁੱਖ ਦੁਆਰਾ ਕੀਤਾ ਜਾਵੇਗਾ ਅਤੇ ਇਸ ਨਾਲ ਰੱਬੀ ਕਲਾਮ ਵਿਚ ਮਨੁੱਖੀ ਚੇਤਨਾ ਦੀ ਦਖ਼ਲਅੰਦਾਜ਼ੀ ਹੋ ਜਾਵੇਗੀ। ਸੋ ਨਮਾਜ਼ ਅੱਲਾਹ ਦੀ ਭਾਸ਼ਾ (ਅਰਬੀ) ਵਿਚ ਹੀ ਪੜ੍ਹਨੀ ਫ਼ਰਜ਼ ਹੈ। ਇਸੇ ਤਰ੍ਹਾਂ ਸੰਸਕ੍ਰਿਤ ਨੂੰ ਦੇਵ-ਭਾਸ਼ਾ ਮੰਨਿਆ ਗਿਆ। ਇਸ ਲਈ ਭਾਰਤੀ ਸਨਾਤਨ ਧਰਮ ਵਿਚ ਪਰਮਾਤਮਾ ਅਤੇ ਦੇਵਤਿਆਂ ਦੀ ਗੱਲ ਸੰਸਕ੍ਰਿਤ ਵਿਚ ਕਰਨ ਦੀ ਪਰੰਪਰਾ ਰਹੀ ਹੈ। ਗੋਸਵਾਮੀ ਤੁਲਸੀ ਦਾਸ ਨੇ ਜਦ ਰਾਮ-ਕਥਾ ਦੀ ਰਚਨਾ ਲੋਕ-ਭਾਸ਼ਾ ਅਵਧੀ ਵਿਚ ਕੀਤੀ ਤਾਂ ਉਹਨਾਂ ਨੂੰ ਸੰਸਕ੍ਰਿਤ ਕੇਂਦਰਤ ਵਿਸ਼ਿਸ਼ਟ ਬ੍ਰਾਹਮਣ ਸਮਾਜ ਦਾ ਭਾਰੀ ਵਿਰੋਧ ਸਹਿਣਾ ਪਿਆ। ਤੁਲਸੀ ਦਾਸ ਸੰਸਕ੍ਰਿਤ ਦੇ ਮਹਾਨ ਵਿਦਵਾਨ ਸਨ ਪਰ ਫਿਰ ਵੀ ਉਹ ਰਾਮ-ਕਥਾ ਨੂੰ ਸੰਸਕ੍ਰਿਤ ਬੋਲਣ-ਸਮਝਣ ਵਾਲੀ ਵਿਸ਼ਿਸ਼ਟ ਜਮਾਤ ਤਕ ਸੀਮਤ ਰੱਖਣ ਦੀ ਬਜਾਇ ਸਾਧਾਰਨ ਲੋਕਾਂ ਤਕ ਸੰਚਾਰਤ ਕਰਨਾ ਚਾਹੁੰਦੇ ਸਨ। ਉਸ ਸਮੇਂ ਤਕ ਬਹੁਤ ਸਾਰੀਆਂ ਅਪਭ੍ਰੰਸ਼ਾਂ ਸੰਸਕ੍ਰਿਤ ਵਿਚੋਂ ਵਿਕਸਤ ਹੋ ਚੁੱਕੀਆਂ ਸਨ ਅਤੇ ਸੰਸਕ੍ਰਿਤ ਬਹੁਤ ਥੋੜ੍ਹੇ ਲੋਕਾਂ ਦੁਆਰਾ ਬੋਲੀ-ਸਮਝੀ ਜਾਣ ਵਾਲੀ ਭਾਸ਼ਾ ਬਣ ਕੇ ਰਹਿ ਗਈ ਸੀ। ਰਾਮ-ਕਥਾ ਨੂੰ ਵਿਦਵਾਨਾਂ ਵਾਂਗ ਹੀ ਸਾਧਾਰਨ ਲੋਕਾਂ ਦੀ ਪਹੁੰਚ ਵਿਚ ਲਿਆਉਣ ਹਿਤ ਤੁਲਸੀ ਦਾਸ ਨੇ ਇਹ ਕਥਾ ਲੋਕ-ਭਾਸ਼ਾ ਅਵਧੀ ਵਿਚ ਲਿਖੀ। ਅਵਧੀ ਉਸ ਸਮੇਂ ਉੱਤਰੀ ਭਾਰਤ ਦੇ ਵੱਡੇ ਖੇਤਰ ਵਿਚ ਆਮ ਲੋਕਾਂ ਦੀ ਬੋਲੀ ਸੀ। ਪਰੰਪਰਾ ਦਰਸਾਉਂਦੀ ਹੈ ਕਿ ਲੋਕ-ਭਾਸ਼ਾ ਦਾ ਕਵੀ ਹੋਣ ਕਾਰਨ ਤੁਲਸੀ ਦਾਸ ਜੀ ਨੂੰ ਉਸ ਸਮੇਂ ਵਾਰਾਣਸੀ ਦੇ ਸੰਸਕ੍ਰਿਤ ਵਿਦਵਾਨਾਂ ਦਾ ਭਾਰੀ ਵਿਰੋਧ ਸਹਿਣਾ ਪਿਆ। ਇਸ ਸਭ ਦੇ ਬਾਵਜੂਦ ਤੁਲਸੀ ਦਾਸ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਦੇ ਗਿਆਨ ਦਾ ਲੋਕ-ਭਾਸ਼ਾ ਵਿਚ ਸਾਧਾਰਨੀਕਰਨ ਕਰਕੇ ਇਸ ਨੂੰ ਆਮ ਲੋਕਾਂ ਤਕ ਪਹੁੰਚਾਉਣ ਦੇ ਆਪਣੇ ਇਰਾਦੇ 'ਤੇ ਦ੍ਰਿੜ ਰਹੇ।1 ਤੁਲਸੀ ਦਾਸ ਦੁਆਰਾ ਰਾਮ ਚੰਦਰ ਜੀ ਦੀ ਕਥਾ ਨੂੰ ਭਾਖਾ (vernacular) ਵਿਚ ਚਿਤਰਨਾ ਰਾਮ ਜੀ ਦੇ ਦੈਵੀ ਅਸਤਿੱਤਵ ਨੂੰ ਮਨੁੱਖੀ ਪੱਧਰ ਤੱਕ ਘਟਾਉਣਾ ਮੰਨਿਆ ਗਿਆ। ਸਨਾਤਨ ਧਰਮ ਪਰੰਪਰਾ ਵਿਚ ਸੰਸਕ੍ਰਿਤ ਦੇਵਤਿਆਂ ਦੀ ਭਾਸ਼ਾ ਮੰਨੀ ਗਈ ਹੈ। ਵੇਦਾਂ ਨੂੰ 'ਅਪੌਰੁਸ਼ੇਯ' (ਪਰਾਮਨੁੱਖੀ) ਕਿਹਾ ਗਿਆ ਹੈ। ਵੇਦ ਮਨੁੱਖੀ ਰਚਨਾ ਨਾ ਹੋ ਕੇ ਪਰਾਮਨੁੱਖੀ 'ਸ਼ਰੁਤੀ' ਰੂਪ ਹਨ। ਇਸ ਲਈ ਵੇਦ-ਪਾਠ ਦੇਵ-ਭਾਸ਼ਾ ਵੈਦਿਕ ਸੰਸਕ੍ਰਿਤ ਦੇ ਸ਼ੁੱਧ ਉਚਾਰਨ ਵਿਚ ਹੀ ਪ੍ਰਵਾਨ ਹੁੰਦਾ ਹੈ। ਸੰਸਕ੍ਰਿਤ ਦੇ ਮੁਕਾਬਲੇ 'ਪ੍ਰਾਕ੍ਰਿਤਾਂ' ਅਤੇ 'ਅਪਭ੍ਰੰਸ਼' (ਲੋਕ ਭਾਸ਼ਾ) ਦੇ ਨਾਮਕਰਨ ਵਿਚੋਂ ਹੀ ਲੋਕ ਭਾਸ਼ਾ ਪ੍ਰਤੀ ਨਾਕਾਰਤਮਕ ਸੁਰ ਦਾ ਬੋਧ ਹੁੰਦਾ ਹੈ। 'ਪ੍ਰਾਕ੍ਰਿਤ' ਸ਼ਬਦ ਪ੍ਰਕਿਰਤੀ ਤੋਂ ਬਣਿਆ ਹੈ ਭਾਵ ਭਾਸ਼ਾ ਦਾ ਸਹਿਜ (ਪ੍ਰਕਿਰਤਕ) ਰੂਪ। ਇਥੇ ਪ੍ਰਕਿਰਤਕ ਸ਼ਬਦ ਅਸਭਿਅਕ ਦੇ ਅਰਥ ਦਿੰਦਾ ਹੈ। ਅਪਭ੍ਰੰਸ਼ ਦਾ ਸ਼ਾਬਦਿਕ ਅਰਥ ਹੈ 'ਭ੍ਰਸ਼ਟ ਹੋਈ ਭਾਸ਼ਾ'। ਸੋ ਸਾਧਾਰਨ ਮਨੁੱਖ ਦੀ ਭਾਸ਼ਾ (ਲੋਕ ਭਾਸ਼ਾ) ਨੂੰ ਅਸਭਿਅਕ ਅਤੇ ਭ੍ਰਸ਼ਟ ਮੰਨਣ ਦੀ ਪਰੰਪਰਾ ਰਹੀ ਹੈ। ਇਸ ਸਬੰਧੀ ਏ. ਐਲ. ਬਾਸ਼ਮ ਨੇ ਆਪਣੀ ਪੁਸਤਕ "The Wonder That Was India" ਵਿਚ ਬਹੁਤ ਸਪੱਸ਼ਟ ਅਤੇ ਸਾਰਥਕ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਸ ਅਨੁਸਾਰ :

With Panini the language was fixed, and could only develop within the framework of his rules. It was from the time of Panini onwards that the

language began to be called *Samskrata* 'perfected' or 'refined' as opposed to the 'prakrtas' (natural), the popular dialects which had developed naturally.[2]

ਸਨਾਤਨ ਧਰਮ ਅਤੇ ਗਿਆਨ ਪਰੰਪਰਾ ਵਿਚ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਨੂੰ ਅਸਭਿਅਕ ਭਾਸ਼ਾਵਾਂ ਮੰਨਣਾ ਲੋਕ-ਭਾਸ਼ਾ ਦੇ ਨਿਖੇਧ ਦਾ ਸੂਚਕ ਹੈ। ਭਗਤ-ਬਾਣੀ ਧਰਮ ਅਤੇ ਗਿਆਨ ਦੀ ਪਰੰਪਰਾ ਦਾ ਲੋਕ-ਭਾਸ਼ਾਈਕਰਨ (vernacularization) ਕਰਦੀ ਹੈ। ਧਰਮ ਅਤੇ ਗਿਆਨ ਪਰੰਪਰਾ ਦਾ ਇਹ ਲੋਕ-ਭਾਸ਼ਾਈਕਰਨ ਭਾਰਤੀ ਆਧੁਨਿਕਤਾ ਦਾ ਵਿਸਫ਼ੋਟ ਹੈ। ਭਗਤ-ਬਾਣੀ ਨੇ ਜਿਵੇਂ ਭਾਰਤੀ ਧਰਮ ਅਤੇ ਗਿਆਨ ਪਰੰਪਰਾ ਦਾ ਲੋਕਭਾਸ਼ਾਈਕਰਨ ਕੀਤਾ ਉਵੇਂ ਹੀ ਸੂਫ਼ੀ ਸਾਹਿਤ ਸਾਮੀ ਧਰਮ ਅਤੇ ਗਿਆਨ ਪਰੰਪਰਾ ਦੇ ਲੋਕ-ਭਾਸ਼ਾਈ ਕਰਨ ਦਾ ਨਾਮ ਹੈ।

ਭਗਤ-ਬਾਣੀ ਦੇ ਲੋਕ-ਭਾਸ਼ਾਈ ਪ੍ਰਵਚਨ ਦੀ ਸਾਰਥਕਤਾ ਬਹੁਪਰਤੀ ਅਤੇ ਬਹੁਦਿਸ਼ਾਵੀ ਹੈ। ਭਾਸ਼ਾ ਕੇਵਲ ਧੁਨੀਆਂ, ਸ਼ਬਦਾਂ ਅਤੇ ਵਾਕਾਂ ਦਾ ਸਮੂਹ ਮਾਤਰ ਨਹੀਂ ਹੁੰਦੀ। ਇਹ ਮੁਕੰਮਲ ਸਭਿਆਚਾਰ ਹੁੰਦੀ ਹੈ। ਭਗਤ-ਬਾਣੀ ਦੀ ਨਵੀਨ ਭਾਸ਼ਾ ਅਜਿਹੇ ਨਵ-ਸਭਿਆਚਾਰ ਦੀ ਸਿਰਜਣਾ ਦਾ ਆਧਾਰ ਬਣਦੀ ਹੈ ਜਿਸ ਵਿਚ ਜਨਮ-ਜਾਤ ਕੁਲੀਨਤਾ ਤੇ ਸ੍ਰੇਸ਼ਟਤਾ ਦੀ ਮਿੱਥ ਟੁੱਟਦੀ ਅਤੇ ਸਾਧਾਰਨ ਮਨੁੱਖ ਦਾ ਅਸਤਿੱਤਵ ਵੀ ਬਰਾਬਰੀ ਦਾ ਸਥਾਨ ਗ੍ਰਹਿਣ ਕਰਦਾ ਹੈ। ਭਾਸ਼ਾ ਕੇਵਲ ਬੋਲ ਰੂਪ ਨਹੀਂ ਹੁੰਦੀ। ਭਾਸ਼ਾ ਦਾ ਅਬੋਲ ਰੂਪ ਇਸ ਦੇ ਬੋਲ ਰੂਪ ਤੋਂ ਕਿਤੇ ਵਡੇਰਾ ਹੁੰਦਾ ਹੈ। ਭਾਸ਼ਾ ਚਿੰਤਕ ਭਰਤ੍ਰਹਰੀ 'ਵਾਕਯਪਦੀਯੰ' ਵਿਚ ਭਾਸ਼ਾ ਦੇ ਚਾਰ ਧਰਾਤਲਾਂ: ਬੈਖਰੀ, ਮਧਿਅਮਾ, ਪਛਿਅੰਤੀ ਅਤੇ ਪਰਾ ਦਾ ਵਰਣਨ ਕਰਦਾ ਹੈ। ਇਹਨਾਂ ਵਿਚੋਂ ਕੇਵਲ ਬੈਖਰੀ ਬੋਲ ਰੂਪ ਹੈ। ਬਾਕੀ ਤਿੰਨੇ ਅਬੋਲ ਰੂਪ ਹਨ। ਭਗਤ ਕਬੀਰ ਜੀ ਨੇ ਆਪਣੀ 'ਬਾਵਨ ਅਖਰੀ' ਵਿਚ ਭਾਸ਼ਾ ਦੀ ਇਸ ਹੋਂਦ ਮੂਲਕ ਦਾਰਸ਼ਨਿਕਤਾ ਨੂੰ ਇਉਂ ਸੂਤਰਬੱਧ ਕੀਤਾ ਹੈ:

ਜਹਾ ਬੋਲ ਤਹ ਅਛਰ ਆਵਾ।

ਜਹ ਅਬੋਲ ਤਹ ਮਨੁ ਨ ਰਹਾਵਾ।

ਬੋਲ ਅਬੋਲ ਮਧਿ ਹੈ ਸੋਈ।

ਜਸ ਓਹੁ ਹੈ ਤਸ ਲਖੈ ਨ ਕੋਈ। 3

ਭਾਸ਼ਾ ਦੇ ਬੋਲ ਰੂਪ ਪਿੱਛੇ ਉਸ ਦਾ ਅਬੋਲ ਸੰਕਲਪੀ ਸੰਸਾਰ ਨਿਹਿਤ ਹੁੰਦਾ ਹੈ। ਜਦੋਂ ਭਾਸ਼ਾ ਦਾ ਬੋਲ ਰੂਪ ਬਦਲਦਾ ਹੈ ਤਾਂ ਉਸ ਦਾ ਸੰਕਲਪੀ ਸੰਸਾਰ ਵੀ ਤਬਦੀਲ ਹੁੰਦਾ ਹੈ। ਭਗਤ-ਬਾਣੀ ਦੀ ਨਵੀਨ ਭਾਸ਼ਾ ਸੰਕਲਪਾਂ ਦੀ ਵੀ ਨਵ-ਸੰਰਚਨਾ ਉਸਾਰਦੀ ਹੈ। ਜਦੋਂ ਭਗਤ-ਬਾਣੀ ਸਾਧਾਰਨ ਲੋਕਾਂ ਦੀ ਭਾਸ਼ਾ ਵਿਚ ਆਉਂਦੀ ਹੈ ਤਾਂ ਇਸ ਵਿਚਲਾ ਬ੍ਰਹਮ ਵੀ ਕਿਸੇ ਵਿਸ਼ੇਸ਼ ਕੁਲੀਨ ਵਰਗ ਦਾ ਰੱਬ ਨਾ ਰਹਿ ਕੇ ਸਾਰਿਆਂ ਦਾ ਸਾਂਝਾ ਰੱਬ ਬਣਦਾ ਹੈ। ਭਗਤ ਰਵਿਦਾਸ ਜੀ ਦਾ ਕਥਨ ਹੈ:

ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ। 4

ਭਗਤ-ਬਾਣੀ ਸਰਬਸਾਂਝੇ ਇਕ ਬ੍ਰਹਮ ਦਾ ਸੰਕਲਪ ਸਿਰਜਦੀ ਹੈ। ਭਗਤ-ਬਾਣੀ ਦੇ ਬ੍ਰਹਮ ਦੀ ਇਹ ਏਕਤਾ ਮਨੁੱਖ ਦੀ ਜਾਤ-ਪਾਤ ਅਤੇ ਵਰਗ ਆਧਾਰਿਤ ਉਚ-ਨੀਚ (vertical)

ਦੀ ਵੱਖਰਤਾ ਨੂੰ ਮੂਲੋਂ ਨਕਾਰਦੀ ਹੈ ਪਰ ਭਾਸ਼ਾਈ ਅਤੇ ਸਭਿਆਚਾਰਕ ਵਿਭਿੰਨਤਾ ਨੂੰ ਨਿਵਾਜਦੀ ਹੈ। ਇਹ ਭਿੰਨਤਾ ਵਿਚ ਏਕਤਾ (unity in varity) ਦਾ ਅਨੁਭਵ ਹੈ। ਭਗਤ-ਬਾਣੀ ਵਿਚ ਬ੍ਰਹਮ ਵਰਣ-ਵਿਵਸਥਾ ਆਧਾਰਿਤ ਜਾਤੀਗਤ ਵਿਤਕਰਿਆਂ ਨੂੰ ਨਕਾਰਨ ਵਾਲਾ ਪਾਰਗਾਮੀ ਚਿੰਨ੍ਹ ਹੈ। ਭਗਤ-ਬਾਣੀ ਵਰਣ ਵਿਵਸਥਾ 'ਤੇ ਆਧਾਰਿਤ ਬ੍ਰਾਹਮਣ ਦੀ ਕੁਲੀਨ ਸ੍ਰੇਸ਼ਟਤਾ ਅਤੇ ਤਥਾਕਥਿਤ ਸ਼ੂਦਰ ਦੀ ਹੀਣਤਾ ਦੀ ਮਿਥ ਨੂੰ ਸਰਬਸਾਂਝੇ ਬ੍ਰਹਮ ਦੇ ਹਵਾਲੇ ਨਾਲ ਤੋੜਦੀ ਹੈ। ਭਗਤ ਕਬੀਰ ਜੀ ਦਾ ਕਥਨ ਹੈ:

ਗਰਭ ਵਾਸ ਮਹਿ ਕੁਲੁ ਨਹੀ ਜਾਤੀ।
ਬ੍ਰਹਮ ਬਿੰਦੁ ਤੇ ਸਭ ਉਤਪਾਤੀ।
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ।
ਬਾਮਨ ਕਹਿ ਕਹਿ ਜਨਮੁ ਮਤ ਖੋਏ। ਰਹਾਉ।
ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀ ਆਇਆ।
ਤੁਮ ਕਤ ਬ੍ਰਾਹਮਣ ਹਮ ਕਤ ਸੂਦ।
ਹਮ ਕਤ ਲੋਹੂ ਤੁਮ ਕਤ ਦੂਧ।
ਕਹੁ ਕਬੀਰ ਜੋ ਬ੍ਰਹਮ ਬੀਚਾਰੈ।
ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ।5

ਕਬੀਰ-ਬਾਣੀ ਦੇ ਉਪਰੋਕਤ ਪਾਠ ਦੇ ਆਧਾਰ 'ਤੇ ਅਸੀਂ ਦੇਖਦੇ ਹਾਂ ਕਿ ਇਥੇ ਬ੍ਰਹਮ ਦੇ ਹਵਾਲੇ ਨਾਲ ਮਨੁੱਖ ਦੀ ਹੋਂਦਮੂਲਕ ਸਮਾਨਤਾ ਦਾ ਪ੍ਰਵਚਨ ਉਸਾਰਿਆ ਗਿਆ ਹੈ। ਇਥੇ ਮਨੁੱਖ ਦੀ ਮਨੁੱਖਤਾ ਨੂੰ ਕੇਂਦਰੀ ਮਹੱਤਵ ਪ੍ਰਾਪਤ ਹੁੰਦਾ ਹੈ। ਇਸ ਪਾਠ ਦਾ ਹਰੇਕ ਪ੍ਰਸੰਗ ਸਤਹੀ ਵਖਰੇਵਿਆਂ ਨੂੰ ਨਕਾਰਦਾ ਅਤੇ ਮਨੁੱਖ ਦੀ ਅਸਤਿੱਤਵੀ ਸਾਂਝ ਨੂੰ ਉਭਾਰਦਾ ਹੈ। ਵਖਰੇਵਿਆਂ ਨੂੰ ਨਕਾਰਨ ਅਤੇ ਅਸਤਿੱਤਵੀ ਸਾਂਝ ਨੂੰ ਉਭਾਰਨ ਦਾ ਆਧਾਰ ਇਥੇ ਸਰਬਸਾਂਝੇ ਬ੍ਰਹਮ ਦੀ ਸੰਕਲਪਨਾ ਅਤੇ ਮਨੁੱਖੀ ਜਨਮ ਦੀ ਪ੍ਰਕਿਰਿਆ ਦਾ ਸਰੀਰ ਵਿਗਿਆਨਕ ਤਰਕ ਬਣੇ ਹਨ। ਸੋ ਇਥੇ ਪਾਰਲੌਕਿਕ ਅਤੇ ਲੌਕਿਕ ਦੋਹਾਂ ਪੱਧਰਾਂ ਤੇ ਮਨੁੱਖੀ ਬਰਾਬਰੀ ਦਾ ਤਰਕ ਉਸਾਰਿਆ ਗਿਆ ਹੈ। ਸਾਰੇ ਮਨੁੱਖਾਂ ਦੀ ਉਤਪਤੀ ਇਕ ਬ੍ਰਹਮ ਤੋਂ ਹੋਈ ਹੈ ਇਸ ਲਈ ਸਾਰੇ ਬਰਾਬਰ ਹਨ, ਦੂਜਾ ਹਰੇਕ ਮਨੁੱਖ ਦੇ ਜਨਮ ਦੀ ਸਰੀਰ ਵਿਗਿਆਨਕ ਪ੍ਰਕਿਰਿਆ ਸਮਾਨ ਰੂਪ ਵਿਚ ਵਾਪਰਦੀ ਹੈ ਇਸ ਲਈ ਜਨਮ-ਜਾਤ ਕੁਲੀਨਤਾ ਵੀ ਅਰਥਹੀਨ ਹੈ। ਹਰੇਕ ਮਨੁੱਖ ਦੀ ਸਰੀਰਕ ਬਣਤਰ ਸਮਾਨ ਹੈ। ਬ੍ਰਾਹਮਣ ਅਤੇ ਸ਼ੂਦਰ ਦੋਹਾਂ ਦੀਆਂ ਰਗਾਂ ਵਿਚ ਇਕੋ ਜਿਹਾ ਖ਼ੂਨ ਵਹਿੰਦਾ ਹੈ। ਬ੍ਰਾਹਮਣ ਦੀਆਂ ਰਗਾਂ ਵਿਚ ਖ਼ੂਨ ਦੀ ਜਗ੍ਹਾ ਕੋਈ ਦੁੱਧ ਨਹੀਂ ਵਹਿੰਦਾ। ਇਸ ਲਈ ਸਰੀਰਕ ਬਣਤਰ ਦੇ ਆਧਾਰ 'ਤੇ ਦੋਵੇਂ ਸਮਾਨ ਹਨ। ਸੋ ਇਥੇ ਮਨੁੱਖ ਦੀ ਮਨੁੱਖਤਾ ਕੇਂਦਰ ਵਿਚ ਆਉਂਦੀ ਹੈ। ਸਭ ਤੋਂ ਮਹੱਤਵਪੂਰਨ ਨੁਕਤਾ ਇਹ ਹੈ ਕਿ ਇਥੇ ਨਾ ਤਾਂ ਬ੍ਰਾਹਮਣ ਕੇਂਦਰ ਵਿਚ ਹੈ ਅਤੇ ਨਾ ਹੀ ਸ਼ੂਦਰ। ਭਗਤ ਨਾ ਬ੍ਰਾਹਮਣ ਦੀ ਧਿਰ ਬਣਦੇ ਹਨ ਨਾ ਸ਼ੂਦਰ ਦੀ। ਭਗਤ ਸਮੁੱਚੀ ਮਨੁੱਖਤਾ ਦੀ ਧਿਰ ਬਣਦੇ ਹਨ।

ਭਗਤ ਜਿੱਥੇ ਸ਼ੂਦਰ ਨੂੰ ਉਸ ਦੀ ਹੀਣਤਾ ਦੇ ਭਾਵ ਤੋਂ ਮੁਕਤ ਕਰਦੇ ਹਨ ਉਥੇ ਬ੍ਰਾਹਮਣ ਨੂੰ ਉਸ ਦੀ ਹਉਮੈ ਦੇ ਰੋਗ ਤੋਂ ਵੀ ਮੁਕਤ ਕਰਦੇ ਹਨ। ਭਗਤ ਦੋਹਾਂ ਨੂੰ ਮੁਕਤ ਕਰਾ ਮਨੁੱਖਤਾ ਦੇ ਪੱਧਰ 'ਤੇ ਲਿਆਉਂਦੇ ਹਨ। ਉਪਰੋਕਤ ਪਾਠ ਵਿਚ ਭਗਤ ਕਬੀਰ ਜੀ ਬ੍ਰਾਹਮਣ ਪ੍ਰਤੀ ਵੀ ਫ਼ਿਕਰਮੰਦ ਹਨ। ਉਹ ਬ੍ਰਾਹਮਣ ਦਾ ਫ਼ਿਕਰ ਕਰਦੇ ਹੋਏ ਉਸ ਨੂੰ ਵੀ ਸਮਝਾਉਂਦੇ ਹਨ ਕਿ ਉਹ ਆਪਣੇ ਆਪ ਨੂੰ ਬ੍ਰਾਹਮਣ ਕਹਿ-ਕਹਿ ਕੇ ਕੁਲੀਨਤਾ ਦੀ ਹਉਮੈ ਵਿਚ ਆਪਣਾ ਜਨਮ ਵਿਅਰਥ ਨਾ ਗਵਾਏ । ਭਗਤ ਕਬੀਰ ਜੀ ਅਨੁਸਾਰ ਜਾਤ ਅਭਿਮਾਨੀ ਬ੍ਰਾਹਮਣ ਦੁਨੀਆਦਾਰਾਂ ਦਾ ਗੁਰੂ ਹੋ ਸਕਦਾ ਹੈ ਪਰ ਭਗਤਾਂ ਦਾ ਗੁਰੂ ਨਹੀਂ ਹੋ ਸਕਦਾ:

ਕਬੀਰ ਬਾਮਨੁ ਗੁਰੂ ਹੈ ਜਗਤ ਕਾ ਭਗਤਨ ਕਾ ਗੁਰੁ ਨਾਹਿ।6

ਦਰਅਸਲ ਭਗਤ-ਬਾਣੀ ਵਿਚ ਬ੍ਰਾਹਮਣ ਕਿਸੇ ਵਰਣ-ਵਿਸ਼ੇਸ਼ ਦਾ ਸੂਚਕ ਨਾ ਹੋ ਕੇ ਮਨੁੱਖੀ ਚੇਤਨਾ ਦੀ ਇਕ ਦਿਸ਼ਾ ਦਾ ਚਿਹਨਕ ਹੈ। ਬ੍ਰਾਹਮਣ ਇਥੇ ਕੇਵਲ ਇਕ ਸਮਾਜਿਕ ਵਰਗ ਨਹੀਂ ਬਲਕਿ ਚੇਤਨਾ ਦੀ ਉਹ ਦਿਸ਼ਾ ਹੈ ਜੋ ਜਾਤੀਗਤ ਅਭਿਮਾਨ ਨਾਲ ਗ੍ਰਸਤ ਹੈ। ਬ੍ਰਾਹਮਣ ਜਾਤੀਗਤ ਹਉਮੈ ਨਾਲ ਗ੍ਰਸਤ ਚੇਤਨਾ ਦਾ ਚਿਹਨਕ ਹੈ। ਸੋ ਭਗਤ-ਬਾਣੀ ਵਿਚ ਸਤਹੀ ਪੱਧਰ 'ਤੇ ਨਜ਼ਰ ਆਉਣ ਵਾਲਾ ਬ੍ਰਾਹਮਣ-ਨਿਖੇਧ ਦਰਅਸਲ ਜਾਤ ਅਭਿਮਾਨੀ ਚੇਤਨਾ ਦਾ ਨਿਖੇਧ ਹੈ। ਅਸਲ ਵਿਚ ਭਗਤ ਬਾਣੀ ਵਿਚ ਕਿਸੇ ਦਾ ਨਿਖੇਧ (rejection) ਨਹੀਂ। ਇਥੇ ਸਿਰਫ਼ 'ਨਿਖੇਧ ਦਾ ਨਿਖੇਧ' (rejection of rejection) ਹੈ। ਬ੍ਰਾਹਮਣ ਦੀ ਜਾਤੀਗਤ ਕੁਲੀਨਤਾ ਤੇ ਸ੍ਰੇਸ਼ਟਤਾ ਦਾ ਭਾਵ ਸ਼ੂਦਰ ਦੇ ਬਰਾਬਰ ਮਨੁੱਖੀ ਅਸਤਿੱਤਵ ਦਾ ਨਿਖੇਧ ਸਿਰਜਦਾ ਹੈ। ਇਸ ਲਈ ਭਗਤ-ਬਾਣੀ ਇਸ ਜਾਤੀਗਤ ਨਿਖੇਧ ਦਾ ਨਿਖੇਧ ਕਰਦੀ ਹੈ।

ਮਨੁੱਖੀ ਅਸਤਿੱਤਵ ਦੀ ਏਕਤਾ ਅਤੇ ਬਰਾਬਰਤਾ ਭਗਤ-ਬਾਣੀ ਦੀ ਅਰਥ ਵਿਗਿਆਨਕ ਵਿਆਕਰਨ (semantic grammer) ਦਾ ਬੁਨਿਆਦੀ ਸੂਤਰ ਹੈ। ਭਗਤ-ਬਾਣੀ ਮਨੁੱਖ ਦੀ ਅਸਤਿੱਤਵੀ ਏਕਤਾ ਅਤੇ ਬਰਾਬਰਤਾ ਦੀ ਸੰਕਲਪਨਾ ਵਿਚ ਰੁਕਾਵਟ ਪੈਦਾ ਕਰਨ ਵਾਲੇ ਹਰ ਪ੍ਰਕਾਰ ਦੇ ਦਵੰਦਾਂ ਨੂੰ ਖ਼ਤਮ ਕਰਦੀ ਹੈ। ਵਿਸ਼ਵ ਦੀਆਂ ਧਰਮ ਪਰੰਪਰਾਵਾਂ ਦਰਮਿਆਨ ਇਕ ਵੱਡਾ ਦਵੰਦ ਆਰੀਆਈ ਅਤੇ ਸਾਮੀ ਧਰਮ ਪਰੰਪਰਾਵਾਂ ਦਾ ਦਵੰਦ ਹੈ। ਭਗਤ-ਬਾਣੀ ਪਹਿਲੀ ਵਾਰ ਇਹਨਾਂ ਦੋਹਾਂ ਧਰਮ ਪਰੰਪਰਵਾਂ ਦਾ ਸਮਨਵੈ ਸਿਰਜਦੀ ਹੈ। ਭਗਤ-ਬਾਣੀ ਵਿਚ ਦੋਹਾਂ ਪਰੰਪਰਾਵਾਂ ਦੀ ਸੰਕਲਪੀ ਸ਼ਬਦਾਵਲੀ ਸਮਭਾਵੀ ਹੋ ਨਿਬੜਦੀ ਹੈ। ਭਗਤ-ਬਾਣੀ ਇਕ ਬ੍ਰਹਮ ਲਈ ਆਰੀਆਈ ਅਤੇ ਸਾਮੀ ਦੋਹਾਂ ਪਰੰਪਰਾਵਾਂ ਦੇ ਨਾਮ ਸਮਭਾਵੀ ਅਰਥਾਂ ਵਿਚ ਆਏ ਹਨ। ਬ੍ਰਹਮ ਲਈ ਇਥੇ ਆਰੀਆਈ ਨਾਮ ਰਾਮ, ਹਰੀ, ਨਾਰਾਇਣ ਤੇ ਨਿਰੰਜਨ ਆਦਿ ਅਤੇ ਸਾਮੀ ਨਾਮ ਅਲਹ, ਖੁਦਾਇ ਅਤੇ ਪਰਵਿਦਗਾਰ ਆਦਿ ਦੀ ਵਰਤੋਂ ਸਾਂਝੇ ਰੂਪ ਵਿਚ ਕੀਤੀ ਗਈ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।
ਲੋਗਾ ਭਰਮਿ ਨ ਭੂਲਹੁ ਭਾਈ।
ਖਾਲਿਕੁ ਖਲਕ ਖਲਕ ਮਹਿ ਖਾਲਕ੍ਰਿ ਪੂਰਿ ਰਹਿਓ ਸ੍ਰਬ ਠਾਈ। ਰਹਾਉ।
ਮਾਟੀ ਏਕ ਅਨੇਕ ਭਾਂਤਿ ਕਰ ਸਾਜੀ ਸਾਜਨ ਹਾਰੈ।

ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ।
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ।
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ।
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ।
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ।7

ਉਪਰੋਕਤ ਪਾਠ ਵਿਚ 'ਅਲਹ' ਅਤੇ 'ਨਿਰੰਜਨ' ਕ੍ਰਮਵਾਰ ਸਾਮੀ ਅਤੇ ਆਰੀਆਈ ਧਰਮ ਪਰੰਪਰਾਵਾਂ ਵਿਚ ਰੱਬ ਦੇ ਨਾਮ ਹਨ ਜਿਨ੍ਹਾਂ ਨੂੰ ਇਥੇ ਸਮਭਾਵੀ ਬਣਾ ਦਿੱਤਾ ਗਿਆ ਹੈ। ਇਨ੍ਹਾਂ ਧਰਮ ਪਰੰਪਰਾਵਾਂ ਦੇ ਦਵੰਦਾਂ ਦਾ ਪਹਿਲੀ ਵਾਰ ਸਮਨਵੈ ਸਿਰਜਣ ਕਰਕੇ ਭਗਤ-ਬਾਣੀ ਸਮੁੱਚੇ ਵਿਸ਼ਵ ਦੇ ਧਰਮ ਸਾਹਿਤ ਵਿਚ ਅੰਤਰ-ਮੱਤ ਸੰਵਾਦ ਵਾਲਾ ਪਹਿਲਾ ਪ੍ਰਵਚਨ (first discourse of interfaith dialogue) ਬਣ ਜਾਂਦੀ ਹੈ। ਸੋ ਸਾਮੀ ਧਰਮ ਅਨੁਭਵ ਦੇ ਸੱਚ ਅਤੇ ਆਰੀਆਈ ਧਰਮ ਅਨੁਭਵ ਦੇ ਸੱਚ ਦਾ ਪਹਿਲਾ ਸਾਂਝਾ ਕੇਂਦਰ ਭਗਤ-ਬਾਣੀ ਬਣਦੀ ਹੈ।

ਭਗਤ-ਬਾਣੀ ਬ੍ਰਹਮ ਅਤੇ ਮਨੁੱਖ ਦੇ ਦਵੰਦ ਨੂੰ ਵੀ ਖਤਮ ਕਰਦੀ ਹੈ। ਭਗਤ-ਬਾਣੀ ਦੇ ਪ੍ਰਵਚਨ ਵਿਚ ਭਗਤ ਅਤੇ ਪਰਮਾਤਮਾ ਦਰਮਿਆਨ ਇਕਮਿਕਤਾ ਦਾ ਰਿਸ਼ਤਾ ਦ੍ਰਿਸ਼ਟੀਗੋਚਰ ਹੁੰਦਾ ਹੈ। ਭਗਤ ਪ੍ਰਮਾਤਮਾ ਨਾਲ ਪ੍ਰੇਮ ਦਾ ਰਿਸ਼ਤਾ ਸਥਾਪਤ ਕਰਦੇ ਹਨ।ਇਹ ਪ੍ਰੇਮ ਅੰਤਰ-ਨਿਰਭਰਤਾ ਵਾਲਾ ਹੈ। ਭਗਤਾਂ ਦਾ ਬ੍ਰਹਮ ਕਿਸੇ ਨਿਰੰਕੁਸ਼ ਸ਼ਾਸਕ ਵਰਗਾ ਨਾ ਹੋ ਕੇ ਭਗਤਾਂ ਦੀ ਪ੍ਰੇਮਾਭਗਤੀ ਦੇ ਬੰਧਨ ਵਿਚ ਵਿਚਰਦਾ ਹੈ। ਇਸ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਰਮਾਤਮਾ ਪ੍ਰਤੀ ਨਿਮਨਲਿਖਤ ਸੰਬੋਧਨ ਅਤਿ ਸਾਰਥਕ ਹੈ:

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ।
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ।8

ਸੋ ਭਗਤ ਪਰਮਾਤਮਾ ਨਾਲ ਹੋਂਦਮੂਲਕ ਅੰਤਰ-ਨਿਰਭਰਤਾ ਅਤੇ ਬਰਾਬਰਤਾ ਦੇ ਰਿਸ਼ਤੇ ਵਿਚ ਵਿਚਰਦੇ ਹਨ। ਦਰਅਸਲ ਭਗਤ-ਬਾਣੀ ਪਰਮਾਤਮਾ ਅਤੇ ਭਗਤ ਦੀ ਅੰਤਰ-ਨਿਰਭਰ ਸਾਰਥਕਤਾ ਦਾ ਪ੍ਰਵਚਨ ਸਿਰਜਦੀ ਹੈ। ਇਸ ਵਿਚ ਭਗਤ ਅਤੇ ਪਰਮਾਤਮਾ ਇਕੋ ਅਸਤਿੱਤਵ ਦੇ ਦੋ ਭਾਗ ਹੋ ਨਿਬੜਦੇ ਹਨ। ਭਗਤ ਅਤੇ ਪਰਮਾਤਮਾ ਇਕ-ਦੂਜੇ ਨੂੰ ਅਰਥ ਦਿੰਦੇ ਹਨ। ਇਕ ਦੀ ਗ਼ੈਰਹਾਜ਼ਰੀ ਵਿਚ ਦੂਜਾ ਆਪਣੇ ਅਸਤਿੱਤਵੀ ਅਰਥ ਗੁਆ ਲੈਂਦਾ ਹੈ। ਇਸ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਪਰਮਾਤਮਾ ਨੂੰ ਮੁਖ਼ਾਤਿਬ ਹੋ ਕੇ ਕਹਿੰਦੇ ਹਨ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ।
ਕਨਕ ਕਟਿਕ ਜਲ ਤਰੰਗ ਜੈਸਾ।
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ।
ਪਤਿਤ ਪਾਵਨ ਨਾਮੁ ਕੈਸੇ ਹੁੰਤਾ।9

ਉਪਰੋਕਤ ਪਾਠ ਵਿਚ ਭਗਤ ਤੇ ਪਰਮਾਤਮਾ ਦੀ ਇਕਮਿਕਤਾ ਅਤੇ ਪਰਸਪਰ ਅੰਤਰ-

ਨਿਰਭਰਤਾ ਦਾ ਬੜਾ ਸਪੱਸ਼ਟ ਅਤੇ ਖ਼ੂਬਸੂਰਤ ਚਿੱਤਰਨ ਹੈ। ਭਗਤ ਰਵਿਦਾਸ ਪਰਮਾਤਮਾ ਨੂੰ ਕਹਿੰਦੇ "ਤੇਰੇ ਅਤੇ ਮੇਰੇ ਵਿਚ ਕੀ ਅੰਤਰ ਹੈ? ਇਹੋ ਜਿਹਾ ਜਿਵੇਂ ਸੋਨੇ ਅਤੇ ਉਸ ਤੋਂ ਬਣੇ ਕੜੇ ਵਿਚ ਜਾਂ ਪਾਣੀ ਅਤੇ ਉਸ ਦੀ ਲਹਿਰ ਵਿਚ। ਜੇਕਰ ਮੈਂ ਪਾਪ ਨਾ ਕਰਦਾ ਤਾਂ ਤੇਰਾ ਨਾਮ ਪਾਪੀਆਂ ਨੂੰ ਪਵਿੱਤਰ ਕਰਨ ਵਾਲੇ ਅਰਥ ਕਿਵੇਂ ਗ੍ਰਹਿਣ ਕਰਦਾ? " ਬ੍ਰਹਮ ਅਤੇ ਮਨੁੱਖ ਦੀ ਇਸ ਇਕਮਿਕਤਾ ਦੇ ਪਰਿਪੇਖ ਵਿਚ ਹੀ ਭਗਤ ਮਨੁੱਖੀ ਅਸਤਿੱਤਵ ਦਾ ਬ੍ਰਹਿਮੰਡੀ ਪ੍ਰਵਚਨ ਉਸਾਰਦੇ ਹਨ। ਇਵੇਂ ਭਗਤ ਮਨੁੱਖੀ ਹੋਂਦ ਦੇ ਬ੍ਰਹਿਮੰਡੀ ਪਾਸਾਰਾਂ ਦੀ ਪਛਾਣ ਕਰਦੇ ਹਨ। ਭਗਤ ਪੀਪਾ ਜੀ ਦਾ ਕਥਨ ਹੈ:

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ। 10

ਸੋ ਸਾਧਾਰਨ ਮਨੁੱਖ ਦੇ ਅਸਤਿੱਤਵ ਨੂੰ ਕੇਂਦਰੀ ਮਹੱਤਵ ਪ੍ਰਦਾਨ ਕਰਕੇ ਉਸ ਦੇ ਹੋਂਦਮੂਲਕ ਅਰਥਾਂ ਨੂੰ ਬ੍ਰਹਿਮੰਡ ਅਤੇ ਬ੍ਰਹਮ ਤਕ ਦਾ ਦਾਰਸ਼ਨਿਕ ਫੈਲਾਅ ਪ੍ਰਦਾਨ ਕਰਨਾ ਭਗਤ-ਬਾਣੀ ਦੀ ਅਦੁੱਤੀ ਨਵੀਨਤਾ ਹੈ।

ਭਗਤ-ਬਾਣੀ ਵਿਚ ਪਹਿਲੀ ਵਾਰ ਉਸ ਕਿਰਤ ਦੇ ਪ੍ਰਤੀਕ-ਪ੍ਰਬੰਧ ਨੂੰ ਅਧਿਆਤਮਕ ਪ੍ਰਵਚਨ ਦੀ ਅਭਿਵਿਅਕਤੀ ਦਾ ਮਾਧਿਅਮ ਬਣਾਇਆ ਗਿਆ ਜਿਸ ਕਿਰਤ ਦਾ ਦਰਜਾ ਭਾਰਤੀ ਵਰਣ ਵਿਵਸਥਾ ਵਿਚ ਸਭ ਤੋਂ ਨੀਵਾਂ ਨਿਸ਼ਚਤ ਕੀਤਾ ਗਿਆ ਹੈ। ਭਗਤ-ਬਾਣੀ ਸ਼ੂਦਰ ਦੀ ਕਿਰਤ ਨੂੰ ਬ੍ਰਹਮ-ਅਨੁਭਵ ਦੇ ਸੰਚਾਰ ਦਾ ਮੈਟਾਫ਼ਰ ਬਣਾਉਣ ਵਾਲਾ ਪ੍ਰਥਮ ਪਾਠ ਹੈ। ਭਗਤ ਕਬੀਰ ਜੀ ਨੇ ਜੁਲਾਹੇ ਦੀ ਕਿਰਤ, ਭਗਤ ਰਵਿਦਾਸ ਜੀ ਨੇ ਚਮਾਰ ਦੀ ਕਿਰਤ ਅਤੇ ਭਗਤ ਨਾਮਦੇਵ ਜੀ ਨੇ ਛੀਂਬੇ ਦੀ ਕਿਰਤ ਦੇ ਪ੍ਰਤੀਕ ਸਿਰਜੇ ਹਨ। ਪਰੰਪਰਾਗਤ ਵਰਣ ਵਿਵਸਥਾ ਦੇ ਸਥਾਪਤ ਚਿਹਨ ਸ਼ੂਦਰ ਦਾ ਨਿਖੇਧ ਸਿਰਜਦੇ ਹਨ। ਭਗਤ-ਬਾਣੀ ਸ਼ੂਦਰ ਦੀ ਕਿਰਤ ਦਾ ਅਜਿਹਾ ਨਵਪ੍ਰਤੀਕ-ਪ੍ਰਬੰਧ ਸਿਰਜਦੀ ਹੈ ਜਿਸ ਨਾਲ ਵਰਣ-ਵਿਵਸਥਾ ਦੇ ਸਥਾਪਤ ਪ੍ਰਤੀਕ ਵਿਸਥਾਪਤ ਹੋਣ ਲੱਗਦੇ ਹਨ। ਭਗਤ ਕਬੀਰ ਜੀ ਵਰਣ ਵਿਵਸਥਾ ਦੇ ਬ੍ਰਾਹਮਣ ਕੇਂਦਰਤ ਪ੍ਰਤੀਕਾਂ ਦੇ ਮੁਕਾਬਲੇ ਜੁਲਾਹੇ ਦੀ ਕਿਰਤ ਦੇ ਮੈਟਾਫਰਾਂ ਦਾ ਗੌਰਵ ਸਥਾਪਤ ਕਰਦੇ ਹੋਏ ਕਹਿੰਦੇ ਹਨ ਕਿ ਸਾਡੇ ਘਰ ਵਿਚ ਨਿਤ ਸੂਤ ਦਾ ਤਾਣਾ ਤਣਿਆ ਜਾਂਦਾ ਹੈ ਜਦਕਿ ਬ੍ਰਾਹਮਣ ਦੇ ਗਲ ਵਿਚ ਸੂਤ ਦਾ ਕੇਵਲ ਜਨੇਊ ਮਾਤਰ ਹੁੰਦਾ ਹੈ। ਬ੍ਰਾਹਮਣ ਵੇਦਾਂ ਅਤੇ ਗਾਇਤ੍ਰੀ ਦਾ ਕੇਵਲ ਪਾਠ ਕਰਦਾ ਹੈ ਜਦਕਿ ਗੋਬਿੰਦ ਸਾਡੇ ਹਿਰਦੇ ਵਿਚ ਵੱਸਦਾ ਹੈ। ਮੇਰੀ ਜੀਭ, ਅੱਖਾਂ ਅਤੇ ਦਿਲ ਵਿਚ ਪਰਮਾਤਮਾ ਵੱਸਦਾ ਹੈ। ਜਦੋਂ ਜਮ-ਦੁਆਰ 'ਤੇ ਬ੍ਰਾਹਮਣ ਨੂੰ ਇਹਨਾਂ ਗੱਲਾਂ ਬਾਰੇ ਪੁੱਛਿਆ ਜਾਵੇਗਾ ਤਾਂ ਉਦੋਂ ਉਹ ਕੀ ਜਵਾਬ ਦੇਵੇਗਾ? ਕਬੀਰ ਜੀ ਬ੍ਰਾਹਮਣ ਨੂੰ ਸੰਬੋਧਨ ਕਰਦੇ ਹਨ ਕਿ ਕਈ ਜਨਮਾਂ ਤੋਂ ਤੁਸੀਂ ਲੋਕ ਸਾਡੇ ਰਾਖੇ ਬਣੇ ਆ ਰਹੇ ਹੋ, ਅਸੀਂ ਤੁਹਾਡੀਆਂ ਗਾਈਆਂ ਬਣੇ ਰਹੇ ਅਤੇ ਤੁਸੀਂ ਲੋਕ ਸਾਡੇ ਮਾਲਕ ਗੁਆਲੇ ਬਣੇ ਰਹੇ ਪਰ ਤੁਸੀਂ ਕਦੇ ਵੀ ਸਾਨੂੰ ਨਦੀਓਂ ਪਾਰ ਲੰਘਾ ਕੇ ਨਾ ਚਾਰਿਆ। ਤੂੰ ਕਾਸ਼ੀ ਦਾ ਬ੍ਰਾਹਮਣ ਹੈਂ ਅਤੇ ਮੈ ਜੁਲਾਹਾ ਹਾਂ ਪਰ ਤੂੰ ਮੇਰੇ ਇਸ ਗਿਆਨ ਨੂੰ ਸਮਝਣ ਦਾ ਯਤਨ ਕਰ ਕਿ ਤੁਸੀਂ ਰਾਜਿਆਂ ਅਤੇ ਜ਼ਿਮੀਂਦਾਰਾਂ ਦੇ ਦਰ 'ਤੇ ਮੰਗਦੇ ਫ਼ਿਰਦੇ ਹੋ, ਤੇ ਮੇਰੀ ਸੁਰਤ ਪਰਮਾਤਮਾ ਨਾਲ ਜੁੜੀ ਹੋਈ ਹੈ:

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ।
ਤੁਮ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ।

ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ।
ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ। ਰਹਾਉ।
ਹਮ ਗੋਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ।
ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ।
ਤੂ ਬਾਮਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ।
ਤੁਮ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ।11

ਇਥੋਂ ਤੱਕ ਕਿ ਭਗਤ ਕਬੀਰ ਜੀ ਨੇ ਪਰਮਾਤਮਾ ਲਈ ਵੀ ਜੁਲਾਹੇ ਦਾ ਰੂਪਕ ਵਰਤਿਆ ਹੈ। ਭਗਤ-ਬਾਣੀ ਵਿਚ ਸ਼ੂਦਰ ਦੇ ਸੂਚਕ ਚਿਹਨਾਂ ਦੇ ਅਰਥਾਂ ਦਾ ਪਰਮਾਤਮਾ ਦੇ ਸੰਕਲਪ ਤਕ ਵਿਸਥਾਰ ਸਿਰਜੇ ਜਾਣਾ, ਭਗਤ-ਬਾਣੀ ਰਾਹੀਂ ਭਾਰਤੀ ਧਰਮ ਪਰੰਪਰਾ ਅਤੇ ਸਮਾਜਿਕ ਪ੍ਰਬੰਧ ਵਿਚ ਕ੍ਰਾਂਤੀਕਾਰੀ ਨਵੀਨਤਾ ਦੀ ਸਿਰਜਣਾ ਦਾ ਸੰਕੇਤ ਹੈ। ਇਸ ਪ੍ਰਸੰਗ ਵਿਚ ਭਗਤ ਕਬੀਰ ਜੀ ਦਾ ਕਥਨ ਹੈ ਕਿ ਕਿਸੇ ਨੇ ਉਸ ਜੁਲਾਹੇ (ਪਰਮਾਤਮਾ) ਦਾ ਭੇਦ ਹੀ ਨਹੀਂ ਪਾਇਆ ਜਿਸ ਨੇ ਇਹ ਸਾਰਾ ਜਗਤ ਰੂਪੀ ਤਾਣਾ ਤਣ ਦਿੱਤਾ ਹੈ:

ਕੋਰੀ ਕੋ ਕਾਹੂ ਮਰਮ ਨ ਜਾਨਾ।

ਸਭੁ ਜਗੁ ਆਨਿ ਤਨਾਇਓ ਤਾਨਾ।12

ਕਿਰਤ ਦੇ ਪ੍ਰਤੀਕਾਂ ਨੂੰ ਅਧਿਆਤਮਿਕ ਪ੍ਰਵਚਨ ਦੇ ਸੰਚਾਰ ਹਿਤ ਵਰਤਣਾ ਸਮੁੱਚੀ ਭਗਤ-ਬਾਣੀ ਦੀ ਕਾਵਿਕ ਵਿਆਕਰਨ ਦਾ ਸਾਂਝਾ ਨਿਯਮ ਹੈ।ਇਸੇ ਨਿਯਮ ਦੇ ਤਹਿਤ ਭਗਤ ਨਾਮਦੇਵ ਜੀ ਨੇ ਛੀਂਬੇ ਦੇ ਕਸਬ ਦਾ ਪ੍ਰਤੀਕ ਪ੍ਰਬੰਧ ਅਧਿਆਤਮਿਕ ਪ੍ਰਵਚਨ ਦੇ ਸੰਚਾਰ ਹਿਤ ਵਰਤਿਆ ਹੈ। ਸਮਾਜਿਕ ਵਿਵਸਥਾ ਅਨੁਸਾਰ ਛੀਂਬੇ ਦਾ ਨਿਰਧਾਰਤ ਕਸਬ ਕੱਪੜੇ ਸਿਊਣਾ ਅਤੇ ਰੰਗਣਾ ਹੈ। ਭਗਤ ਨਾਮਦੇਵ ਜੀ ਨੇ ਇਸ ਕਿਰਤ ਨਾਲ ਸਬੰਧਤ ਚਿਹਨਾਂ: ਗਜ਼, ਕੈਂਚੀ, ਮੱਟੀ, ਰੰਗ ਅਤੇ ਸੂਈ ਆਦਿ ਨੂੰ ਆਪਣੀ ਬਾਣੀ ਦੇ ਰੂਪਕੀ ਪ੍ਰਬੰਧ ਦਾ ਹਿੱਸਾ ਬਣਾਇਆ ਹੈ। ਭਗਤ ਨਾਮਦੇਵ ਜੀ ਦਾ ਕਥਨ ਹੈ ਕਿ ਮੇਰਾ ਮਨ ਗਜ਼ ਬਣ ਗਿਆ ਹੈ ਅਤੇ ਮੇਰੀ ਜੀਭ ਕੈਂਚੀ ਬਣ ਗਈ ਹੈ। ਹੁਣ ਮੈਂ ਇਸ ਗਜ਼ ਨਾਲ ਮਾਪ-ਮਾਪ ਕੇ ਜੀਭ ਰੂਪੀ ਕੈਂਚੀ ਨਾਲ ਜਮ ਦੀ ਫ਼ਾਹੀ ਕੱਟ ਰਿਹਾ ਹਾਂ। ਮੈਨੂੰ ਕਿਸੇ ਜਾਤ-ਪਾਤ ਦੀ ਪਰਵਾਹ ਨਹੀਂ। ਮੈਂ ਦਿਨ-ਰਾਤ ਪਰਮਾਤਮਾ ਦਾ ਨਾਮ ਸਿਮਰਦਾ ਹਾਂ:

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ।

ਮਪਿ ਮਪਿ ਕਾਟਉ ਜਮ ਕੀ ਫਾਸੀ।

ਕਹਾ ਕਰਉ ਜਾਤੀ ਕਹ ਕਰਉ ਪਾਤੀ।

ਰਾਮ ਕੋ ਨਾਮੁ ਜਪਉ ਦਿਨ ਰਾਤੀ। ਰਹਾਉ।13

ਭਗਤ-ਬਾਣੀ ਨੇ ਕਿਰਤ ਦਾ ਕੇਵਲ ਪ੍ਰਤੀਕ-ਪ੍ਰਬੰਧ ਹੀ ਨਹੀਂ ਸਿਰਜਿਆ ਬਲਕਿ ਕਿਰਤ ਦਾ ਨਾਇਕਤਵ ਉਸਾਰਿਆ ਹੈ। ਭਗਤ-ਬਾਣੀ ਤੋਂ ਪਹਿਲਾਂ ਭਾਰਤੀ ਧਰਮ ਅਤੇ ਸਾਹਿਤ ਦੀ ਪਰੰਪਰਾ ਵਿਚ ਨਾਇਕਤਵ ਕਿਰਤ ਦੀ ਬਜਾਇ ਕੁਲੀਨਤਾ (ਜਾਤੀਗਤ ਉੱਚਤਾ) ਨਾਲ ਜੁੜਿਆ ਹੈ। ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਨਾਇਕ ਹੋਣ ਲਈ ਕੁਲੀਨਤਾ ਲਾਜ਼ਮੀ ਸ਼ਰਤ ਹੈ। ਇਥੋਂ ਤਕ

ਕਿ ਇਸ ਪਰੰਪਰਾ ਵਿਚ ਸ਼ੂਦਰ ਗਿਆਨ ਅਤੇ ਭਗਤੀ ਦੇ ਅਧਿਕਾਰ ਤੋਂ ਵੀ ਵੰਚਿਤ ਹੈ। 'ਵਾਲਮਮੀਕੀ ਰਾਮਾਇਣ' ਦੇ ਉੱਤਰ ਕਾਂਡ ਵਿਚ ਦਰਜ 'ਸ਼ੰਬੂਕ ਦੀ ਕਥਾ' ਇਸ ਦਾ ਮਹਾਕਾਵਿਕ ਪ੍ਰਮਾਣ ਹੈ। ਇਹ ਬਿਰਤਾਂਤ ਦਰਸਾਉਂਦਾ ਹੈ ਕਿ ਸਮੇਂ ਦੀ ਧਾਰਮਿਕ ਤੇ ਸਮਾਜਿਕ ਵਿਵਸਥਾ ਵਿਚ ਸ਼ੂਦਰ ਲਈ ਭਗਤੀ ਵਿਵਰਜਿਤ ਹੋਣ ਦੇ ਬਾਵਜੂਦ ਸ਼ੂਦਰ ਸ਼ੰਬੂਕ ਭਗਤੀ ਦੇ ਕਰਮ ਵਿਚ ਪ੍ਰਵਿਰਤ ਹੁੰਦਾ ਹੈ। ਇਸ ਦੋਸ਼ ਦੇ ਦੰਡ ਸਰੂਪ ਮਹਾਪ੍ਰਾਕ੍ਰਮੀ ਸ੍ਰੀ ਰਾਮ ਚੰਦਰ ਜੀ ਆਪਣੀ ਚਮਚਮਾਉਂਦੀ ਤਲਵਾਰ ਨਾਲ ਉਸ ਦਾ ਗਲ਼ਾ ਕੱਟ ਦਿੰਦੇ ਹਨ। ਭਗਤ-ਬਾਣੀ ਇਸ ਭਾਂਤ ਦੇ ਜਾਤ-ਪਾਤ ਆਧਾਰਿਤ ਨਾਇਕਤਵ ਦੀਆਂ ਧੱਜੀਆਂ ਉਡਾ ਦਿੰਦੀ ਹੈ। ਭਗਤ-ਬਾਣੀ ਜਦ ਕਿਰਤ ਦਾ ਨਾਇਕਤਵ ਸਿਰਜਦੀ ਹੈ ਤਾਂ ਨਾਇਕ ਹੋਣ ਲਈ ਮਨੁੱਖ ਦੀ ਜਾਤ ਦੀ ਬਜਾਇ ਉਸ ਦਾ ਕਰਮ ਆਧਾਰ ਬਣਦਾ ਹੈ। ਭਗਤ ਕਬੀਰ ਜੀ ਦਾ ਕਥਨ ਹੈ:

ਕਬੀਰ ਸੋਈ ਕੁਲ ਭਲੀ ਜਾ ਕੁਲ ਹਰਿ ਕੋ ਦਾਸੁ।

ਜਿਹ ਕੁਲ ਦਾਸ ਨ ਊਪਜੈ ਸੋ ਕੁਲ ਢਾਕ ਪਲਾਸ। 14

ਕੇਵਲ ਪ੍ਰਾਚੀਨ ਭਾਰਤੀ ਸਾਹਿਤ ਪਰੰਪਰਾ ਦਾ ਨਾਇਕ ਹੀ ਨਹੀਂ ਬਲਕਿ ਪ੍ਰਾਚੀਨ ਯੂਨਾਨੀ ਕਾਵਿ-ਸ਼ਾਸਤਰੀ ਪਰੰਪਰਾ ਦਾ ਨਾਇਕ ਵੀ ਨਸਲੀ ਸੀਮਾਵਾਂ ਵਿਚ ਬੱਝਾ ਹੈ। ਅਰਸਤੂ ਮੰਨਦਾ ਹੈ ਕਿ ਉੱਚ ਕੁਲ ਨਾਲ ਸਬੰਧਤ ਵਿਅਕਤੀ ਹੀ ਤ੍ਰਾਸਦੀ ਦਾ ਨਾਇਕ ਹੋ ਸਕਦਾ ਹੈ। ਅਰਸਤੂ ਅਨੁਸਾਰ:

ਉਹ ਅਤਿਅੰਤ ਮਾਲਦਾਰ, ਸੋਭਾ ਵਾਲਾ ਅਤੇ ਕੁਲੀਨ ਪੁਰਖ ਹੋਣਾ ਚਾਹੀਦਾ ਹੈ। ਲਗਭਗ ਰਾਜ-ਪਰਿਵਾਰ ਜਾਂ ਸਾਮੰਤ ਪਰਿਵਾਰ ਦੇ ਵਿਅਕਤੀ ਹੀ ਤ੍ਰਾਸਦੀ ਨਾਯਕ ਹੋ ਸਕਦੇ ਹਨ। 15

ਇਹਨਾਂ ਕਾਵਿ-ਸ਼ਾਸਤਰੀ ਪਰੰਪਰਾਵਾਂ ਦੇ ਵਿਪਰੀਤ ਭਗਤ-ਬਾਣੀ ਅਜਿਹੀ ਨਿਵੇਕਲੀ ਕਾਵਿ-ਸ਼ਾਸਤਰੀ ਸੰਭਾਵਨਾ ਪੈਦਾ ਕਰਦੀ ਹੈ ਜਿਸ ਵਿਚ ਨਸਲੀ ਅਤੇ ਜਾਤੀਗਤ ਉੱਚਤਾ ਕੋਈ ਸਾਰਥਕਤਾ ਨਹੀਂ ਰੱਖਦੀ। ਇਥੇ ਜਨਮ-ਜਾਤ ਕੁਲੀਨਤਾ ਦੀ ਬਜਾਇ ਮਨੁੱਖ ਦਾ ਕਰਮ ਉਸ ਦੇ ਨਾਇਕਤਵ ਨੂੰ ਨਿਸ਼ਚਤ ਕਰਦਾ ਹੈ। ਭਗਤ-ਬਾਣੀ ਦਾ ਨਾਇਕ ਕੇਵਲ ਭਗਤ ਹੈ। ਕੋਈ ਹੋਰ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਭਗਤ ਰਵਿਦਾਸ ਜੀ ਦਾ ਕਥਨ ਹੈ:

ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ। 16

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ-ਬਾਣੀ ਭਾਰਤੀ ਪਰੰਪਰਾ ਦਾ ਅਜਿਹਾ ਅਦੁੱਤੀ ਪ੍ਰਵਚਨ ਹੈ ਜਿਸ ਨਾਲ ਪਹਿਲੀ ਵਾਰ ਸਾਧਾਰਨ ਮਨੁੱਖ ਮਨੁੱਖ ਲਈ ਧਰਮ ਅਤੇ ਗਿਆਨ ਦੇ ਖੇਤਰ ਦਾ ਪ੍ਰਵੇਸ਼ ਦੁਆਰ ਖੁੱਲ੍ਹਦਾ ਹੈ। ਕਲਾਸਕੀ ਧਰਮ ਪਰੰਪਰਾ ਦਾ ਲੋਕਭਾਸ਼ਾਈ ਕਰਨ ਹੁੰਦਾ ਹੈ। ਧਰਮ ਦਰਸ਼ਨ ਦੀਆਂ ਬੁਨਿਆਦੀ ਸੰਕਲਪਨਾਵਾਂ ਕੁਲੀਨ ਵਰਗ ਦੀ ਥਾਂ ਸਾਧਾਰਨ ਮਨੁੱਖੀ ਅਸਤਿੱਤਵ ਦੇ ਪਰਿਪੇਖ ਵਿਚ ਪੁਨਰ-ਪਰਿਭਾਸ਼ਤ ਹੁੰਦੀਆਂ ਹਨ। ਲੋਕ-ਭਾਸ਼ਾ ਵਿਚ ਅਧਿਆਤਮਿਕ ਪ੍ਰਵਚਨ ਦੇ ਸੰਚਾਰ ਨਾਲ ਮਨੁੱਖ ਅਤੇ ਬ੍ਰਹਮ ਦੇ ਦਰਮਿਆਨ ਖੜ੍ਹਾ ਪੁਰੋਹਿਤ ਵਿਸਥਾਪਤ ਹੁੰਦਾ ਹੈ। ਬ੍ਰਹਮ ਕਲਾਸਕੀ ਭਾਸ਼ਾਵਾਂ ਅਤੇ ਸ੍ਰੇਸ਼ਟ ਵਰਗਾਂ ਦੇ ਦਾਇਰਿਆਂ ਨੂੰ ਪਾਰ ਕਰ ਸਾਧਾਰਨ ਬੰਦੇ ਦਾ ਰੱਬ ਬਣਦਾ ਹੈ। ਭਗਤ-ਬਾਣੀ ਇਕੋ ਵੇਲੇ ਕੁਲੀਨਤਾ ਦੀ ਹਉਮੈ ਦਾ ਭੰਜਨ ਵੀ ਕਰਦੀ ਹੈ ਅਤੇ

ਅਕੁਲੀਨਤਾ ਦੀ ਹੀਨ ਭਾਵਨਾ ਤੋਂ ਮੁਕਤ ਵੀ ਕਰਾਉਂਦੀ ਹੈ। ਭਗਤ-ਬਾਣੀ ਹਰ ਤਰ੍ਹਾਂ ਦੇ ਧਾਰਮਿਕ, ਦਾਰਸ਼ਨਿਕ ਅਤੇ ਸਮਾਜਿਕ ਦਵੰਦਾਂ ਨੂੰ ਖਤਮ ਕਰ ਦਵੰਦਾਂ ਦੇ ਪਾਰ ਮਨੁੱਖੀ ਅਸਤਿੱਤਵ ਦੀ ਸਾਂਝ ਦਾ ਸੂਤਰ ਸਿਰਜਦੀ ਹੈ। ਸਾਂਝ ਦੇ ਇਸ ਸੂਤਰ ਦਾ ਆਧਾਰ ਕੁਲੀਨਤਾ ਜਾਂ ਅਕੁਲੀਨਤਾ ਨਹੀਂ ਬਲਕਿ ਮਨੁੱਖਤਾ ਬਣਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. Tulsidas was a great scholar of Sanskrit. However he wanted the story of Rama to be accessible to the general public, as many Apbhramsa languages had evolved from Sanskrit and at that time few people could understand sanskrit. In order to make the story of Rama as accessible to layman as to the scholar, Tulsidas chose to write in Awadhi language, a dialect of Hindi which was the language of general parlance in large parts of north India at the time. Tradition has it that Tulsidas had to face a lot of criticism from the Sanskrit scholars of Varanasi for being a bhasha (vernacular) poet. However, Tulsidas remained steadfast in his resolve to simplify the knowledge contained in Vedas, the Upanishads and the Puranas to the common people. Subsequently, his work was accepted by all. "Ramcharitmanas", www.wikipedia.org
2. A. L. Basham, **The Wonder That Was India**, Rupa & Co., Calcutta, 1954, 390-391
3. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ. 340
4. ਉਹੀ, ਪੰਨਾ. 658
5. ਉਹੀ, ਪੰਨਾ. 324
6. ਉਹੀ, ਪੰਨਾ. 1377
7. ਉਹੀ, ਪੰਨਾ. 1349
8. ਉਹੀ, ਪੰਨਾ. 658
9. ਉਹੀ ਪੰਨਾ. 93
10. ਉਹੀ, ਪੰਨਾ. 695
11. ਉਹੀ, ਪੰਨਾ. 482
12. ਉਹੀ, ਪੰਨਾ. 484
13. ਉਹੀ, ਪੰਨਾ. 485
14. ਉਹੀ, ਪੰਨਾ.1370
15. ਨਗੇਂਦ੍ਰ, ਅਰਸਤੂ ਦਾ ਕਾਵਿ-ਸ਼ਾਸਤਰ, (ਅਨੁ.) ਹਰਿਭਜਨ ਸਿੰਘ, ਐਸ. ਚੰਦ ਐਂਡ ਕੰਪਨੀ, ਨਵੀਂ ਦਿੱਲੀ, 1964, ਪੰਨਾ. 102
16. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ. 858

□□□

# ਪੜ੍ਹਨਾ ਲਿਖਣ ਤੋਂ ਵੀ ਜ਼ਰੂਰੀ ਹੈ ਲੇਖਕ ਲਈ - ਸਵਰਨਜੀਤ ਸਵੀ

*ਮੁਲਾਕਾਤੀ - ਗੁਰਪ੍ਰੀਤ ਸਿੰਘ*

ਸਵਰਨਜੀਤ ਸਵੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਹੀ ਨਹੀਂ ਬਲਕਿ ਚਿੱਤਰਕਾਰੀ ਦੇ ਖੇਤਰ ਵਿਚ ਵੀ ਇਕ ਵੱਡਾ ਨਾਮ ਹੈ। ਪਿੱਛਲੇ ਲਗਭਗ ਪੈਤੀ ਚਾਲੀ ਸਾਲ ਤੋਂ ਲਗਾਤਾਰ ਕਵਿਤਾ ਅਤੇ ਚਿੱਤਰਕਾਰੀ ਦੇ ਖੇਤਰ ਵਿਚ ਨਿਰੰਤਰ ਯੋਗਦਾਨ ਪਾ ਰਿਹਾ ਹੈ। ਪੰਜਾਬੀ ਵਿਚ ਬਹੁਤ ਘੱਟ ਅਜਿਹੀਆਂ ਸ਼ਖ਼ਸੀਅਤਾਂ ਹਨ ਜਿਨ੍ਹਾਂ ਨੇ ਚਿੱਤਰਕਾਰੀ ਅਤੇ ਸਾਹਿਤਕਾਰੀ ਵਿੱਚ ਇੱਕੋ ਸਮੇਂ ਬਰਾਬਰ ਕੰਮ ਕੀਤਾ ਹੈ/ ਕਰ ਰਹੇ ਹਨ। ਸਵੀ ਨੇ ਚਿੱਤਰਕਾਰੀ ਨੂੰ ਆਪਣੇ ਸ਼ੌਕ ਅਤੇ ਜੀਵਿਕਾ ਦੋਵਾਂ ਤਰ੍ਹਾਂ ਦੇ ਮਾਧਿਅਮ ਵੱਜੋਂ ਚੁਣਿਆ ਪਰ ਕਵਿਤਾਕਾਰੀ ਜਿਵੇਂ ਆਪਮੁਹਾਰੇ ਉਸਨੂੰ ਆ ਘੇਰਦੀ ਹੈ ਅਤੇ ਉਹ ਕਵਿਤਾ ਵਿੱਚ ਉਹ ਕੁਝ ਕਹਿਣ ਲੱਗਦਾ ਹੈ ਜੋ ਹੋਰ ਕਵੀਆਂ ਨੂੰ ਵੀ ਉਸੇ ਤਰ੍ਹਾਂ ਕਹਿਣ ਲਈ ਮਜ਼ਬੂਰ ਕਰਦਾ ਹੈ।

ਵੱਖ ਵੱਖ ਪੰਜਾਬੀ ਕਵੀਆਂ ਦੀਆਂ ਕਾਵਿ ਤੁਕਾਂ ਨੂੰ ਲੈ ਕੇ ਜਿਸ ਤਰ੍ਹਾਂ ਦੇ ਚਿੱਤਰ ਸਵੀ ਨੇ ਬਣਾਏ ਉਹ ਆਉਣ ਵਾਲੇ ਚਿੱਤਰਕਾਰਾਂ ਲਈ ਪ੍ਰੇਰਨਾ ਸ੍ਰੋਤ ਬਣੇ। ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਉਦਾਸੀਆਂ ਸਿਰਲੇਖ ਹੇਠ ਗੁਰੂ ਨਾਨਕ ਦੇਵ ਜੀ ਦੀਆਂ ਸਾਖੀਆਂ 'ਤੇ ਆਧਾਰਿਤ ਜੋ ਸੀਰੀਜ਼ ਸਵੀ ਦੁਆਰਾ ਤਿਆਰ ਕੀਤੀ ਗਈ ਹੈ ਉਹ ਖ਼ਾਸੀ ਚਰਚਾ ਦਾ ਵਿਸ਼ਾ ਬਣੀ ਹੈ। ਸਵੀ ਦੇ ਹੁਣ ਤੱਕ ਨੌ ਮੌਲਿਕ ਕਾਵਿ-ਸੰਗ੍ਰਹਿ ਛਪੇ ਮਿਲਦੇ ਹਨ ਅਤੇ ਇਨ੍ਹਾਂ ਵਿੱਚ ਪ੍ਰਾਪਤ ਕਵਿਤਾਵਾਂ ਨੂੰ ਪੜ੍ਹਦਿਆਂ ਪਾਠਕ ਸਹਿਜੇ ਇਸ ਨਤੀਜੇ 'ਤੇ ਪਹੁੰਚ ਜਾਂਦਾ ਹੈ ਕਿ ਸਵੀ ਕੋਲ ਜ਼ਿੰਦਗੀ ਦਾ ਇਕ ਵਿਸ਼ਾਲ ਅਨੁਭਵ ਹੈ।ਸਵੀ ਨੇ ਆਪਣੇ ਕਾਵਿ ਸਫ਼ਰ ਦਾ ਆਰੰਭ ਦਾਇਰਿਆਂ ਦੀ ਕਬਰ 'ਚੋਂ (1985) ਸੰਕਲਿਤ ਕਾਵਿ ਸੰਗ੍ਰਹਿ ਨਾਲ ਕੀਤਾ। ਉਸ ਤੋਂ ਬਾਅਦ ਹੁਣ ਤੱਕ ਉਹ ਲਗਾਤਾਰ ਕਾਵਿ ਸਿਰਜਣਾ ਨਾਲ ਜੁੜਿਆ ਹੋਇਆ ਹੈ। ਸਵੀ ਦੀ ਕਵਿਤਾ ਉੱਤੇ ਸਰਸਰੀ ਜਿਹੀ ਝਾਤ ਮਾਰਦਿਆਂ ਹੋਇਆਂ, ਪਤਾ ਲੱਗਦਾ ਹੈ ਕਿ ਉਸਦੇ ਰਚੇ ਪਹਿਲੇ ਮੌਲਿਕ ਕਾਵਿ ਸੰਗ੍ਰਹਿ ਅਵੱਗਿਆ (1987) ਵਿਚ ਸਮਕਾਲੀ ਸਮਾਜਕ ਮੁੱਲਾਂ ਪ੍ਰਤਿ ਵਿਦਰੋਹ ਅਤੇ ਉਦਾਸੀ ਦਾ ਬਿੰਬ ਸਿਰਜਿਆ ਮਿਲਦਾ ਹੈ। ਉਸ ਦੂਸਰੀ ਕਾਵਿ ਰਚਨਾ ਦਰਦ ਪਿਆਦੇ

*ਖੋਜਾਰਥੀ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।*

ਹੋਣ ਦਾ (1990) ਵਿਚ ਆਮ ਮਨੁੱਖ ਦੇ ਪੂੰਜੀਵਾਦੀ ਨਿਜ਼ਾਮ ਦੀ ਚਪੇਟ ਵਿਚ ਆ ਕੇ ਪਿਆਦੇ ਹੋਣ ਵਾਲੀ ਸਥਿਤੀ ਦੀ ਤ੍ਰਾਸਦੀ ਨੂੰ ਪੇਸ਼ ਕੀਤਾ ਹੈ। ਤੀਜੇ ਕਾਵਿ ਸੰਗ੍ਰਹਿ ਦੇਹੀ ਨਾਦ (1994) ਵਿਚ ਸਵੀ ਨੇ ਕਾਮ ਅਤੇ ਦੇਹ ਦੇ ਸੰਵੇਦਨਸ਼ੀਲ ਪਲਾਂ ਦਾ ਭਰਵਾਂ ਬਿੰਬ ਉਸਾਰਿਆ ਹੈ। ਉਸ ਤੋਂ ਬਾਅਦ ਕਾਲਾ ਹਾਸ਼ੀਆ ਤੇ ਸੂਹਾ ਗੁਲਾਬ (1998) ਕਾਵਿ ਸੰਗ੍ਰਹਿ ਵਿੱਚ ਉਸ ਦਹਿਸ਼ਤ ਤੇ ਵਹਿਸ਼ਤ ਦੇ ਬਦਲਾਂ ਦੀ ਬਾਤ ਪਾਉਂਦਾ ਹੈ ਜੋ ਉਸ ਸਮੇਂ ਤੋਂ ਪਹਿਲਾਂ ਲਗਭਗ ਡੇਢ ਦਹਾਕੇ ਦੌਰਾਨ ਪੰਜਾਬ ਵਿਚ ਵਾਪਰਿਆ। ਇਸ ਤੋਂ ਬਾਅਦ ਸਵੀ ਦੀ ਲੰਬੀ ਕਾਵਿ ਰਚਨਾ ਕਾਮੇਸ਼ਵਰੀ (1998) ਵਿਚ ਮਨੁੱਖ ਦੇ ਪ੍ਰਕਿਰਤਕ ਆਵੇਸ਼ਾਂ ਨਾਲ ਭਰਪੂਰ ਅਹਿਸਾਸ ਮਿਲਦੇ ਹਨ। ਉਸ ਦੇ ਕਾਵਿ ਸੰਗ੍ਰਹਿ ਆਸ਼ਰਮ (2005) ਵਿਚਲੀਆਂ ਕਵਿਤਾਵਾਂ ਵਿਚ ਸਵੀ ਮਨੁੱਖੀ ਜੀਵਨ ਦੀਆਂ ਉਨ੍ਹਾਂ ਅਵਸਥਾਵਾਂ ਨੂੰ ਦਰਸਾਉਂਦਾ ਹੈ ਜੋ ਜੀਵਨ ਨੂੰ ਨਵੇਂ ਅਰਥਾਂ ਨਾਲ ਜੋੜਦੇ ਹਨ। ਮਾਂ (2007) ਕਾਵਿ ਸੰਗ੍ਰਹਿ ਵਿਚ ਮਾਂ ਦੇ ਵਿਛੋੜੇ ਅਤੇ ਹਰ ਉਸ ਮਾਂ ਦੇ ਯੋਗਦਾਨ ਨੂੰ ਸਲਾਮੀ ਦਿੰਦਿਆਂ ਹੋਇਆਂ ਮਾਂ ਦੀ ਉੱਚੀ-ਸੁੱਚੀ ਸ਼ਖ਼ਸੀਅਤ ਨੂੰ ਸਿਰਜਦਾ ਹੈ। ਇਸ ਤੋਂ ਬਾਅਦ ਉਸ ਦਾ ਕਾਵਿ ਸੰਗ੍ਰਹਿ ਤੇ ਮੈਂ ਆਇਆ ਬੱਸ (2013) ਵਿਚ ਉਹ ਰਾਜਨੀਤਕ, ਧਾਰਮਿਕ, ਨਾਰੀਵਾਦੀ, ਮਾਨਵਵਾਦੀ ਅਤੇ ਤਕਨੀਕੀ ਪਰਿਪੇਖ ਤੋਂ ਮਨੁੱਖੀ ਹੋਂਦ ਦੀ ਤਰਜ਼ਮਾਨੀ ਕਰਦਾ ਹੈ। ਇਸ ਤੋਂ ਇਲਾਵਾ ਸਵੀ ਨੇ ਅਨੁਵਾਦ ਦੇ ਖੇਤਰ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ। ਉਰੀ (2018) ਸਵੀ ਦਾ ਨਵ-ਪ੍ਰਕਾਸ਼ਿਤ ਕਾਵਿ ਸੰਗ੍ਰਹਿ ਹੈ। ਇਹ ਨਵਾਂ ਕਾਵਿ ਇਸ ਸਮੇਂ ਖ਼ਾਸਾ ਚਰਚਾ ਵਿੱਚ ਹੈ। ਕਿਉਂਕਿ ਸਵੀ ਨੇ ਇਸ ਕਾਵਿ ਸੰਗ੍ਰਹਿ ਵਿੱਚ ਸਮਕਾਲੀ ਦੌਰ ਦੀਆਂ ਨਵੀਆਂ ਪੈਦਾ ਹੋ ਰਹੀਆਂ ਸਮੱਸਿਆਵਾਂ ਨੂੰ ਬਹੁਤ ਹੀ ਨਿਰਪੱਖ ਹੋ ਕੇ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕੀਤਾ ਹੈ ਅਤੇ ਪਾਠਕ ਵੀ ਇਨ੍ਹਾਂ ਨੂੰ ਪੜ੍ਹਦਾ ਹੋਇਆ ਅੰਦਰ ਤੱਕ ਹਲੂਣਿਆ ਜਾਂਦਾ ਹੈ।

ਸਾਹਿਤ ਦਾ ਵਿਦਿਆਰਥੀ ਹੋਣ ਕਰਕੇ ਮੈਂ ਜਦੋਂ ਸਵੀ ਦੀ ਕਵਿਤਾ ਨੂੰ ਪੜ੍ਹ ਰਿਹਾ ਸਾਂ ਤਾਂ ਮੇਰੇ ਮਨ ਵਿੱਚ ਉਨ੍ਹਾਂ ਨਾਲ ਗੱਲ ਕਰਨ ਦੀ ਇੱਛਾ ਪੈਦਾ ਹੋਈ। ਉਨ੍ਹਾਂ ਨਾਲ ਗੱਲ ਕਰਦਿਆਂ, ਉਨ੍ਹਾਂ ਨੂੰ ਹੋਰ ਜਾਣਨ ਦੀ ਜਿਗਿਆਸਾ ਹੁੰਦੀ ਗਈ ਜਿਸਦਾ ਨਤੀਜਾ ਇਹ ਹੋਇਆ ਕਿ ਇਹ ਗੱਲਬਾਤ ਇੱਕ ਸਾਹਿਤਕ ਮੁਲਾਕਾਤ ਦਾ ਰੂਪ ਧਾਰ ਗਈ। ਜਿਸਨੂੰ ਤੁਹਾਡੇ ਸਾਹਮਣੇ ਰੱਖ ਰਿਹਾ ਹਾਂ:

1? ਸਵੀ ਜੀ, ਸਭ ਤੋਂ ਪਹਿਲਾਂ ਆਪਣੇ ਪਿਛੋਕੜ ਬਾਰੇ ਜਾਣਕਾਰੀ ਦਿਓ। (ਇਹ ਸਵਾਲ ਪਹਿਲਾਂ ਵੀ ਕਈਆਂ ਨੇ ਤੁਹਾਨੂੰ ਕੀਤਾ ਹੋਵੇਗਾ ਅਤੇ ਤੁਸੀਂ ਇਸ ਬਾਰੇ ਦੱਸਿਆ ਵੀ ਹੋਵੇਗਾ ਪਰ ਮੈਂ ਸਮਝਦਾ ਹਾਂ ਕਿ ਕਿਸੇ ਵੀ ਮੁਲਾਕਾਤ ਵਿੱਚ ਇਸ ਤਰ੍ਹਾਂ ਦਾ ਸਵਾਲ-ਜਵਾਬ ਉਸ ਮੁਲਾਕਾਤ ਦਾ ਮੰਗਲਾਚਰਨ ਹੁੰਦਾ ਹੈ। ਇਸ ਲਈ ਇਹ ਸਵਾਲ ਕਰ ਰਿਹਾ ਹਾਂ)

ਸਵੀ : ਮੇਰਾ ਜਨਮ ਨਾਨਕੇ ਪਿੰਡ ਗਹਿਲਾਂ (ਸੰਗਰੂਰ) 20 ਅਕਤੂਬਰ, 1958 ਨੂੰ ਹੋਇਆ। ਪਿੰਡ ਮੇਰਾ ਜਗਰਾਉਂ ਹੈ। ਪਿਤਾ 1966 ਵਿਚ ਲੁਧਿਆਣੇ ਆ ਗਏ। ਉਦੋਂ ਤੋਂ ਲੁਧਿਆਣੇ ਹਾਂ। ਰਾਮਗੜ੍ਹੀਆ ਪਰਿਵਾਰ 'ਚੋਂ ਹਾਂ।

2? ਬਚਪਨ ਤੋਂ ਜਵਾਨੀ ਤੱਕ ਦੇ ਸਫ਼ਰ ਸਮੇਂ ਘਰ ਦਾ ਮਾਹੌਲ ਕਿਹੋ ਜਿਹਾ ਸੀ।

ਸਵੀ : ਸਖ਼ਤ ਮਿਹਨਤ ਕਰਦੇ ਬਾਪੂ ਤੇ ਫਿਰ ਪਿਤਾ-ਮਾਤਾ ਦੇਖੇ। ਸਾਧਾਰਨ ਹਾਲਤਾਂ ਵਿਚ ਰਿਹਾ। ਪਿਤਾ ਖੁਦ ਨਹੀਂ ਪੜ੍ਹ ਸਕੇ, ਖੁਦ ਅਨਪੜ੍ਹ ਹੋਣ ਕਾਰਨ ਸਾਰੇ ਬੱਚਿਆਂ ਨੂੰ ਪੜ੍ਹਨ

'ਤੇ ਜ਼ੋਰ ਦਿੰਦੇ। ਵੱਡਾ ਪਰਿਵਾਰ ਹੋਣ 'ਤੇ ਵੀ ਮੈਂ ਤੇ ਭੈਣਾਂ ਪੜ੍ਹੀਆਂ।

3? ਤੁਸੀਂ ਜੋ ਮੁਕਾਮ ਹਾਸਲ ਕੀਤਾ ਹੈ ਉਹ ਇੱਕ ਲੰਮੇ ਸੰਘਰਸ਼ ਦਾ ਨਤੀਜਾ ਹੈ। ਕੀ ਘਰੇਲੂ ਮਾਹੌਲ ਨੇ ਤੁਹਾਨੂੰ ਹੁਣ ਵਾਲੇ ਮੁਕਾਮ ਤੱਕ ਪਹੁੰਚਾਉਣ ਵਿੱਚ ਕੋਈ ਮਦਦ ਕੀਤੀ?

ਸਵੀ : ਘਰੇਲੂ ਮਾਹੌਲ 'ਚ ਵਿਆਹ ਤੋਂ ਪਹਿਲਾਂ ਤੱਕ ਪੜ੍ਹਾਈ ਵੱਲ ਧਿਆਨ ਦੇਣ 'ਤੇ ਜ਼ੋਰ ਦਿੱਤਾ ਗਿਆ। ਪਿਤਾ ਨੂੰ ਪੇਂਟਿੰਗ ਕਰਨ 'ਤੇ ਇਤਰਾਜ਼ ਸੀ ਪਰ ਇਸਦੇ ਬਾਵਜੂਦ ਸਭ ਚਲਦਾ ਰਿਹਾ-ਝਿੜਕਾਂ ਸਮੇਤ। ਵਿਆਹ ਤੋਂ ਬਾਅਦ ਪਤਨੀ ਨੇ ਕੋਈ ਉਜਰ ਨਹੀਂ ਕੀਤਾ-ਸਾਥ ਹੀ ਦਿੱਤਾ। ਜੋ ਲਗਾਤਾਰ ਜਾਰੀ ਹੈ-ਹੁਣ ਬੱਚਿਆਂ ਵੱਲੋਂ ਵੀ।

4? ਮੇਰਾ ਖ਼ਿਆਲ ਹੈ ਕਿ ਵੱਡਿਆਂ (ਮਾਪਿਆਂ) ਨੇ ਤੁਹਾਡਾ ਨਾਮ ਸਵਰਨਜੀਤ ਰੱਖਿਆ ਹੋਵੇਗਾ। ਤੁਸੀਂ ਸਵਰਨਜੀਤ ਤੋਂ ਸਵਰਨਜੀਤ ਸਵੀ ਬਣਨ ਦਾ ਫ਼ੈਸਲਾ ਕਦੋਂ ਲਿਆ ਅਤੇ ਕਿਉਂ ਲਿਆ? (ਹੁਣ ਤਾਂ ਤੁਹਾਨੂੰ ਜ਼ਿਆਦਾ ਸਵੀ ਵੱਜੋਂ ਜਾਣਦੇ ਹਨ; ਪੰਜਾਬੀ ਵਿੱਚ ਇੱਕੋ ਇੱਕ ਹੀ ਸਵੀ ਹੈ। ਕਿਉਂਕਿ ਜਦੋਂ ਕੋਈ ਸਵੀ ਕਹਿੰਦਾ ਹੈ ਤਾਂ ਉਸਦਾ ਮਤਲਬ ਸਵਰਨਜੀਤ ਸਵੀ ਹੀ ਹੁੰਦਾ ਹੈ।)

ਸਵੀ : ਮੇਰੀਆਂ ਪਹਿਲੀਆਂ ਰਚਨਾਵਾਂ 'ਸਵਰਨਜੀਤ' ਨਾਮ ਤੋਂ ਹੀ ਛਪੀਆਂ। ਫਿਰ ਦੋਸਤਾਂ ਕਿਹਾ ਕਿ ਪ੍ਰਮਿੰਦਰਜੀਤ, ਮੋਹਨਜੀਤ ਨਾਲੋਂ ਅਲੱਗ ਹੋਵੇ ਤਾਂ ਠੀਕ ਰਹੇਗਾ। ਬਸ ਸਵਰਨਜੀਤ ਨਾਲ 'ਸਵੀ' ਲੱਗ ਗਿਆ।

5? ਤੁਸੀਂ ਚਿੱਤਰਕਾਰ ਵੀ ਹੋ ਅਤੇ ਕਵੀ ਵੀ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਆਪਣੇ ਭਾਵਾਂ ਨੂੰ ਪੇਸ਼ ਕਰਨ ਲਈ ਤੁਸਾਂ ਕਿਸ ਕਲਾ ਰੂਪ ਨੂੰ ਚੁਣਿਆ?

ਸਵੀ : ਮੈਂ ਸਮਝਦਾ ਹਾਂ ਕਿ ਪਹਿਲੀ ਦੂਜੀ 'ਚ ਫੱਟੀ 'ਤੇ ਖੁਸ਼ਖ਼ਤ ਲਿਖਣ ਦੀ ਆਦਤ ਸ਼ੌਕ ਵਿੱਚ ਬਦਲ ਗਈ ਤੇ ਮੈਂ ਲਕੀਰਾਂ ਵਾਹੁੰਦਾ ਵਾਹੁੰਦਾ ਸਕੈੱਚ ਬਣਾਉਣ ਲੱਗਾ ਪੰਜਵੀਂ ਵਿੱਚ ਹੀ। ਕਵਿਤਾ ਤਾਂ ਮੈਂ ਕਾਲਜ ਦੇ ਦਿਨੀਂ ਲਿਖਣੀ ਸ਼ੁਰੂ ਕੀਤੀ।

6? ਕੀ ਕਦੇ ਚਿੱਤਰਕਾਰ ਸਵੀ ਨੇ ਕਵੀ ਸਵੀ ਨੂੰ ਕਵਿਤਾ ਲਿਖਣ ਵਿੱਚ ਮਦਦ ਕੀਤੀ ਹੈ ਜਾਂ ਕੀ ਕਦੇ ਕਵੀ ਸਵੀ ਨੇ ਚਿੱਤਰਕਾਰ ਸਵੀ ਨੂੰ ਚਿੱਤਰ ਬਣਾਉਂਦਿਆਂ ਹੋਇਆਂ ਟੋਕਿਆ ਹੈ ਕਿ ਇਹ ਕਿਹੜਾ ਕੰਮ ਕਰ ਰਿਹਾ ਹੈਂ? ਕੀ ਇਹ ਕਦੀ ਇਕ ਦੂਸਰੇ ਤੋਂ ਖਿੱਝਦੇ ਵੀ ਹਨ?

ਸਵੀ : ਟੋਕਣਾ-ਖਿੱਝਣਾ ਇਨ੍ਹਾਂ ਮਾਧਿਅਮਾਂ ਦਾ ਕੰਮ ਨਹੀਂ ਸਗੋਂ ਊਰਜਾ ਨੂੰ ਭਾਵਾਂ ਨੂੰ ਸਹੀ ਦਿਸ਼ਾ ਵੱਲ ਉਤਸ਼ਾਹਿਤ ਕਰਨਾ ਹੁੰਦਾ ਹੈ ਕਿ ਤੁਹਾਡੇ ਅੰਦਰਲੇ ਉਬਾਲਾਂ ਨੇ ਕਿਸ ਵਹਿਣ 'ਚੋਂ ਲੰਘਣਾ ਤੇ ਪ੍ਰੀਭਾਸ਼ਿਤ ਹੋਣਾ ਹੈ। ਹਾਂ ਇਹ ਕਈ ਵਾਰ ਲੱਗਦਾ ਹੈ ਕਿ ਕਵਿਤਾ ਲਿਖੀ ਹੈ ਤੇ ਕੁਝ ਹੋਰ ਵੀ ਹੋਣਾ ਹੈ ਤੇ ਪੇਂਟਿੰਗ ਵੱਲ ਰੁਚਿਤ ਹੁੰਦਾ ਹਾਂ। ਕਈ ਵੇਰ ਪੇਂਟਿੰਗ ਤੋਂ ਕਵਿਤਾ ਵੱਲ। ਕੁਝ ਵੀ ਨਿਰਧਾਰਤ ਤੇ ਨਿਸ਼ਚਿਤ ਨਹੀਂ।

7? ਕਦੀ ਇਸ ਤਰ੍ਹਾਂ ਹੋਇਆ ਕਿ ਕੋਈ ਵਿਚਾਰ/ਖ਼ਿਆਲ ਤੁਹਾਡੇ ਮਨ ਵਿੱਚ ਆਇਆ ਤੇ ਤੁਸੀਂ ਕਵਿਤਾ ਲਿਖਣ ਲੱਗੇ ਹੋਵੋ ਪਰ ਉਹ ਪੂਰੀ ਨਹੀਂ ਲਿਖੀ ਜਾ ਸਕੀ ਅਤੇ ਫਿਰ ਤੁਸੀਂ ਉਸੇ ਵਿਚਾਰ ਨੂੰ ਚਿੱਤਰ ਵਿੱਚ ਸਿਰਜ ਲਿਆ ਹੋਵੇ।

ਸਵੀ : ਇਹੀ ਗੱਲ ਮੈਂ ਉਪਰਲੇ ਜਵਾਬ 'ਚ ਕਹੀ ਹੈ।

8? ਇੱਕ ਸਿੱਧਾ ਸਵਾਲ ਹੈ ਕਿ ਕਲਾ ਕਿਸ ਨੂੰ ਕਿਹਾ ਜਾਂਦਾ ਹੈ ਅਤੇ ਤੁਸੀਂ ਇਸ ਨੂੰ ਕਿਸ ਰੂਪ ਵਿੱਚ ਦੇਖਦੇ ਹੋ?

ਸਵੀ : 'ਕਲਾ' ਬਾਰੇ ਇਸ ਸੁਆਲ ਦੇ ਜਵਾਬ ਵਿਚ ਇਕ ਕਵਿਤਾ ਹਾਜ਼ਰ ਹੈ:

ਇਹ
ਕਵਿਤਾ ਲਿਖਣਾ
ਚਿੱਤਰਨਾ-ਘੜ੍ਹਨਾ
ਤਰਾਸ਼ਣਾ ਮੂਰਤ
ਕਹਾਣੀਆਂ ਬੁਣਨਾ
ਤਾਂ ਬਾਅਦ ਵਿੱਚ ਸਿਖਿਆ
ਪਹਿਲਾਂ ਤਾਂ ਬੱਸ
ਤੈਨੂੰ ਤੱਕਿਆ
ਹੱਸਦਿਆਂ
ਰੋਂਦਿਆਂ
ਖੇਡਦਿਆਂ...

9? ਹੋਰ ਕਲਾਵਾਂ ਤੋਂ ਕਵਿਤਾ ਨੂੰ ਕਿਵੇਂ ਨਿਖੇੜਦੇ ਹੋ?

ਸਵੀ : ਕਵਿਤਾ, ਪੇਂਟਿੰਗ, ਡਾਂਸ, ਸੰਗੀਤ ਪਾਸਾਰ ਨੇ ਇਕ ਦੂਜੇ ਦਾ ਪਰ ਇਨ੍ਹਾਂ ਦੀ ਭਾਸ਼ਾ ਅਲੱਗ-ਅਲੱਗ ਹੈ ਪਰ ਅਸੀਂ ਸ਼ਬਦ (ਭਾਸ਼ਾ) ਰਾਹੀਂ ਹੀ ਸਭ ਨੂੰ ਸਮਝਣ ਦਾ ਯਤਨ ਕਰਦੇ ਹਾਂ। ਉਂਝ ਪੇਂਟਿੰਗ, ਸੰਗੀਤ, ਨਰਿੱਤ ਦੀ ਭਾਸ਼ਾ ਅਲੱਗ-ਅਲੱਗ ਹੈ। ਸ਼ਾਇਦ ਇਸੇ ਲਈ ਸ਼ਬਦਾਂ ਰਾਹੀਂ ਕਹਿਣ-ਸਮਝਣ ਤੋਂ ਬਾਅਦ ਬਹੁਤ ਕੁਝ ਪਹੁੰਚ ਤੋਂ ਪਰ੍ਹੇ ਰਹਿ ਜਾਂਦਾ ਹੈ:

ਉੱਧੜੀ ਜਾਣਾ
ਇਹੀ ਸਭ ਗੁੰਝਲਦਾਰ ਤਾਣਾ-ਬਾਣਾ
ਕੀ ਹੈਂ ਤੂੰ-
ਤੇ ਕੀ ਹਾਂ ਮੈਂ
ਇਹ ਹਰ ਵਾਰ ਕੁਝ ਨਵਾਂ ਖੁਲ੍ਹਣਾ
ਰਿਐਲਿਟੀ ਕੀ ਹੈ
ਸੱਚ
ਸਿਰਫ਼ ਲੱਭ ਲੈਣਾ

ਜਾਂ ਛੂ ਲੈਣਾ ਹੀ ਨਹੀਂ
ਸਾਬਤ ਕਰਨਾ ਵੀ ਹੈ
ਬੱਸ ਜਿਵੇਂ ਇਹ ਸਭ ਹੈ
ਤੂੰ ਹੈਂ
ਸੋਹਣਾ ਹੈ ਸਭ
ਇਹ ਵੀ ਕੇਹਾ ਝੱਲ
ਕਿ ਸਾਬਤ ਹੀ ਕਰਨਾ ਹੈ
ਤੂੰ ਹਰ ਤਹਿ-ਰੂਪ-ਰੰਗ
ਸੁਗੰਧ-ਅਹਿਸਾਸ
ਦੁੱਖ-ਸੁੱਖ ਕੁੜੱਤਣ-ਮਿਠਾਸ ਵਿੱਚ
ਹਰ ਅੰਦਾਜ਼ ਵਿੱਚ
ਪੂਰਾ ਸੱਚ ਹੀ ਹੈ
ਤੇ ਇਹ ਲਫ਼ਜ਼ 'ਸੱਚ' ਵੀ ਕੀ ਹੈ
ਸੱਚ ਕਹਾਂ ਜਾਂ ਕੁਝ ਹੋਰ
ਕੁਝ ਫਰਕ ਨਹੀਂ ਪੈਂਦਾ
... ... ...
... ... ...
ਮੈਂ
ਜੋ ਕਦੇ ਨਹੀਂ ਸਾਂ
ਹੁਣ ਹਾਂ

10? ਤੁਸੀਂ ਆਪਣੇ ਕਾਵਿ ਸਫ਼ਰ ਦਾ ਮੁੱਖ ਹਾਸਲ ਕੀ ਸਮਝਦੇ ਹੋ?

ਸਵੀ : ਕਾਵਿ-ਸਫ਼ਰ ਨੇ ਮੈਨੂੰ ਆਪਣੇ ਆਪ ਤੇ ਦੁਆਲੇ ਨੂੰ ਸਮਝਣ ਦੀ ਸੋਝੀ ਦਿੱਤੀ। ਕਵਿਤਾ ਕਾਰਨ ਮੈਂ ਹਾਲਾਤ, ਸਮਾਜ, ਸਵੈ, ਰਿਸ਼ਤੇ, ਰੰਗਾਂ ਨੂੰ ਇਕ ਖ਼ਾਸ ਦ੍ਰਿਸ਼ਟੀ ਨਾਲ ਦੇਖ ਸਕਣ ਦੇ ਕਾਬਿਲ ਹੋਇਆ। ਕਵਿਤਾ ਮੈਨੂੰ ਬੋਝ ਮੁਕਤ ਕਰਦੀ ਹੈ। ਜਿਉਣਾ ਵੀ ਸਿਖਾਉਂਦੀ ਹੈ। ਬਾਰੀਕੀਆਂ ਤੇ ਸੂਖ਼ਮਤਾ ਨਾਲ ਨਾਤਾ ਜੋੜਦੀ ਹੈ।

11? ਤੁਹਾਡੇ ਕਾਵਿ ਸੰਗ੍ਰਹਿ ਦਰਦ ਪਿਆਦੇ ਹੋਣ ਦਾ ਤੋਂ ਬਾਅਦ ਜਦੋਂ ਦੇਹੀ ਨਾਦ ਅਤੇ ਕਾਮੇਸ਼ਵਰੀ ਕਾਵਿ ਸੰਗ੍ਰਹਿ ਆਉਂਦੇ ਹਨ ਤਾਂ ਇਨ੍ਹਾਂ ਬਾਰੇ ਕਈ ਆਲੋਚਕਾਂ ਨੇ ਕਾਫ਼ੀ ਕੁਝ ਅਜਿਹਾ ਕਿਹਾ ਜਿਵੇਂ ਕਿ ਇਹ ਵਰਜਿਤ ਸਬੰਧਾਂ ਦੇ ਜ਼ਸ਼ਨ ਦੀ ਕਵਿਤਾ ਹੈ ਜਾਂ ਕਾਵਿ ਦੇ ਪੱਧਰ ਤੋਂ ਨੀਵੀਂ ਗੱਲ ਹੈ। ਉਦੋਂ ਤੁਹਾਡੇ ਉੱਤੇ ਕਈ ਤਰ੍ਹਾਂ ਦੇ ਸਵਾਲ ਕੀਤੇ ਗਏ। ਇਨ੍ਹਾਂ ਰਚਨਾਵਾਂ ਦਾ

ਰਚਨਕਾਲ ਕਾਫ਼ੀ ਸਮਾਂ ਪਹਿਲਾਂ ਦਾ ਹੈ ਅਤੇ ਹੁਣ ਤੁਸੀਂ ਇਹੋ ਜਿਹੀ ਕਵਿਤਾ ਨਹੀਂ ਰਚਦੇ? ਇੰਨੇ ਸਮੇਂ ਬਾਅਦ ਤੁਸੀਂ ਇਨ੍ਹਾਂ ਰਚਨਾਵਾਂ ਨੂੰ ਕਿਵੇਂ ਦੇਖਦੇ ਹੋ?

ਸਵੀ : ਦੇਹੀ ਨਾਦ ਤੇ ਕਾਮੇਸ਼ਵਰੀ ਨੂੰ ਸਮਝਣ ਲਈ ਸਹਿਜਤਾ ਦੀ ਲੋੜ ਸੀ ਜੋ ਉਸ ਸਮੇਂ ਭਾਵ 1994 ਵੇਲੇ ਪੰਜਾਬ ਇਕ ਕਸ਼ਟ ਚੋਂ ਲੰਘ ਰਹੇ ਦੌਰ ਦੇ ਪ੍ਰਛਾਵੇਂ ਵਿਚ ਸੀ ਸੋ ਆਲੋਚਨਾ ਦੇ ਫਰੇਮ ਵਿਚ ਉਹ ਅਸਹਿਜਤਾ ਪਈ ਸੀ ਜੋ ਇਨ੍ਹਾਂ ਕਿਤਾਬਾਂ ਨੂੰ ਸਮਝਣ ਲਈ ਉਚਿੱਤ ਨਹੀਂ ਸੀ ਪਰ ਸਮਾਂ ਬੀਤਣ ਨਾਲ ਹੋਰ ਲੇਖਕਾਂ ਵੱਲੋਂ ਉਸ ਤਰ੍ਹਾਂ ਦੀ ਕਵਿਤਾ ਵੀ ਲਿਖੀ ਗਈ ਤੇ ਉਨ੍ਹਾਂ ਕਿਤਾਬਾਂ ਨੂੰ ਉਸ ਮਸਲੇ ਨੂੰ ਸਮਝਣ ਦੇ ਨਜ਼ਰੀਏ ਵਿਚ ਕੁਝ ਫ਼ਰਕ ਵੀ ਆਇਆ ਪਰ ਮੇਰੀ ਜਾਚੇ ਲੇਖਕ ਨੂੰ ਆਪਣੇ ਕੰਮ 'ਤੇ ਕੇਂਦਰਿਤ ਰਹਿਣਾ ਚਾਹੀਦਾ ਹੈ, ਆਲੋਚਕਾਂ ਨੂੰ ਹੱਕ ਹੈ ਕਿ ਜਿਵੇਂ ਚਾਹੁਣ ਉਸਦੀ ਵਿਆਖਿਆ ਕਰਨ। ਮੈਂ ਉਸ ਕਵਿਤਾ ਨੂੰ ਅੱਜ ਵੀ ਰੈਲੇਵੈਂਟ ਸਮਝਦਾ ਹਾਂ। ਮਨ ਦੀਆਂ ਉਨ੍ਹਾਂ ਸਥਿਤੀਆਂ ਨੂੰ ਉਦੋਂ ਸਹੀ ਸ਼ਬਦ ਮਿਲੇ ਤੇ ਅਸਥੈਟਿਕਸ ਵੀ।

12? ਕਲਾਕਾਰ ਨੂੰ ਪੜ੍ਹਨਾ ਤੁਸੀਂ ਕਿੰਨਾ ਕੁ ਜ਼ਰੂਰੀ ਸਮਝਦੇ ਹੋ ਅਤੇ ਤੁਸੀਂ ਪੜ੍ਹਨ ਲਈ ਕਿੰਨਾ ਕੁ ਸਮਾਂ ਕੱਢਦੇ ਹੋ?

ਸਵੀ : ਪੜ੍ਹਨਾ ਲਿਖਣ ਤੋਂ ਵੀ ਜ਼ਰੂਰੀ ਹੈ ਲੇਖਕ ਲਈ। ਲਗਾਤਾਰ ਤੇ ਵੱਖੋ-ਵੱਖਰਾ ਪੜ੍ਹਦਾ ਹਾਂ ਮੈਂ। ਕਵੀ ਲਈ ਸਿਰਫ਼ ਕਵਿਤਾ ਪੜ੍ਹਨੀ ਜ਼ਰੂਰੀ ਨਹੀਂ ਦੂਸਰੀਆਂ ਵਿਧਾਵਾਂ ਦਾ ਸਾਹਿਤ ਤੇ ਸਾਹਿਤ ਤੋਂ ਬਿਨ੍ਹਾ ਵੀ ਪੜ੍ਹਨਾ ਜ਼ਰੂਰੀ ਹੈ।

13? ਤੁਸੀਂ ਕਿਹੋ ਜਿਹੀ ਕਵਿਤਾ ਪੜ੍ਹਨੀ ਵਧੇਰੇ ਪਸੰਦ ਕਰਦੇ ਹੋ? ਪੰਜਾਬੀ ਤੋਂ ਇਲਾਵਾ ਹੋਰ ਕਿਹੜੇ ਲੇਖਕਾਂ ਨੂੰ ਪੜ੍ਹਦੇ ਹੋ?

ਸਵੀ : ਮੈਂ ਵਿਵਿਧਤਾ ਪਸੰਦ ਹਾਂ। ਹਰ ਤਰ੍ਹਾਂ ਦੀ ਕਵਿਤਾ ਪੜ੍ਹਦਾ ਹਾਂ। ਥਾਟ-ਪ੍ਰੋਵੇਕਿੰਗ ਕਵਿਤਾ ਪੜ੍ਹਦਾ ਹਾਂ। ਪੰਜਾਬੀ ਤੋਂ ਵੱਧ ਦੂਸਰੀਆਂ ਭਾਸ਼ਾਵਾਂ। ਨਾਵਲ, ਲੇਖ, ਜੀਵਨੀ, ਫਿਲਾਸਫ਼ੀ, ਸਾਇੰਸ, ਕਲਾ, ਸੰਗੀਤ, ਇਤਿਹਾਸ, ਮਿਥਿਹਾਸ, ਧਰਮ ਆਦਿ ਸਭ। ਪੜ੍ਹਨ ਦੀ ਚੋਣ ਮੈਂ ਖ਼ੁਦ ਕਰਦਾ ਹਾਂ ਕਿ ਕੀ ਪੜ੍ਹਨਾ ਹੈ ?

14? ਇਹ ਸਵਾਲ ਵੀ ਆਮ ਕੀਤਾ ਜਾਂਦਾ ਹੈ ਕਿ ਤੁਸੀਂ ਕਿਵੇਂ ਲਿਖਦੇ ਹੋ?ਮੇਰਾ ਵੀ ਕੁਝ ਅਜਿਹਾ ਹੀ ਪਰ ਥੋੜ੍ਹਾ ਵੱਖਰਾ ਵੀ ਸਵਾਲ ਹੈ ਕਿ ਤੁਹਾਡੇ ਕੋਲ ਕਵਿਤਾ ਕਿਵੇਂ ਆਉਂਦੀ ਹੈ? ਭਾਵ ਕੋਈ ਖ਼ਾਸ ਸਮੇਂ ਜਾਂ ਮਾਹੌਲ ਵਿੱਚ ਹੀ ਕਵਿਤਾਕਾਰੀ ਹੁੰਦੀ ਹੈ ਜਾਂ ਕਿ ਅਚਨਚੇਤ ਹੀ ਕੁਝ ਪਲ ਵਿੱਚ ਹੀ ਇਹ ਪ੍ਰਗਟ ਹੋ ਜਾਂਦੀ ਹੈ?

ਸਵੀ : ਕਵਿਤਾ ਦੇ ਆਉਣ ਦਾ ਕੋਈ ਸਮਾਂ ਨਹੀਂ ਹੁੰਦਾ। ਜਦੋਂ ਖ਼ਿਆਲ ਮਨ ਵਿੱਚ ਵਲਵਲੇ ਲੈਂਦੇ ਨੇ ਤਾਂ ਕਈ ਵਾਰ ਉਦੋਂ ਹੀ ਲਿਖੀ ਜਾਂਦੀ ਹੈ ਤੇ ਫਿਰ ਉਸਨੂੰ ਫਾਈਨਲ ਕਰਨ ਵੇਲੇ ਕੁੱਝ ਅੱਖਰਾਂ ਦੀ ਤਰਤੀਬ ਵਿੱਚ ਵਾਧ-ਘਾਟ ਜਾਂ ਨਵਾਂ ਐਡ ਹੋ ਜਾਂਦਾ ਹੈ। ਕਈ ਕਵਿਤਾਵਾਂ 'ਚ ਕਾਫ਼ੀ ਤਬਦੀਲੀਆਂ ਵੀ ਹੋ ਜਾਂਦੀਆਂ ਨੇ। ਕੋਈ ਫਿਕਸ ਸਿਸਟਮ ਨਹੀਂ।

ਇਸ ਬਾਰੇ ਮੇਰੀਆਂ ਕਈ ਕਵਿਤਾਵਾਂ ਹਨ। ਅਵੱਗਿਆਂ 'ਚੋਂ ਕੁਝ ਸਤਰਾਂ ਹਨ:

ਨਜ਼ਮ ਜਦੋਂ ਵੀ ਆਉਂਦੀ ਹੈ

ਤਾਂ ਮੇਰੇ ਖੂਨ ਵਿੱਚ
ਆਪਣੇ ਜਿਸਮ ਦਾ ਦੀਵਾ ਜਗਾਉਂਦੀ ਹੈ
ਤੇ ਫਿਰ ਮੱਧਮ ਜਿਹੀ ਲਾਲੀ ਵਿੱਚ
ਮੇਰੀ ਉਦਾਸ ਸੰਧਿਆ ਦੀ ਪਿੱਠ 'ਚੋਂ
ਖੁਭਿਆ ਕੋਈ ਖੰਜਰ ਕੱਢਦੀ ਹੈ
ਫਿਰ ਉਹਦੀਆਂ ਅੱਖਾਂ 'ਚ ਮੱਚਦੇ ਨੇ
ਲੱਖਾਂ ਸਵਾਲ
ਮੇਰੇ ਮਨ ਦੀਆਂ ਪੀੜਾਂ 'ਚੋਂ ਸਿੰਮਦੇ ਨੇ
ਲੱਖਾਂ ਜਵਾਬ...

15? ਕਦੇ ਇਹ ਵੀ ਹੋਇਆ ਹੈ ਕਿ ਤੁਸੀਂ ਹੋਰ ਕਵਿਤਾ ਨਾ ਲਿਖਣ ਦਾ ਫੈਸਲਾ ਲਿਆ ਹੋਵੇ ਪਰ ਫਿਰ ਉਸ ਫੈਸਲੇ ਨੂੰ ਤਿਆਗਣਾ ਪਿਆ ਹੋਵੇ?

ਸਵੀ : ਕਵਿਤਾ ਲਿਖਣਾ ਦੋ-ਧਾਰੀ ਕਿਰਿਆ ਹੈ। ਜਦੋਂ ਭਾਵਾਂ ਦੇ ਸਾਗਰ ਨੇ ਉਛਾਲਾ ਮਾਰਨਾ ਹੈ ਤਾਂ ਲਿਖੋਗੇ। ਲਿਖਣ ਉਪਰੰਤ ਤੁਸੀਂ ਉਸ ਬਾਰੇ ਸੋਚ ਸਕਦੇ ਹੋ। ਅੱਗੇ ਲਿਖਣਾ ਹੈ ਜਾਂ ਨਹੀਂ ਇਸ ਬਾਰੇ ਨਹੀਂ।

16? ਸਵੀ ਜੀ, ਮੈਂ ਤੁਹਾਨੂੰ ਦੱਸਿਆ ਸੀ ਕਿ ਮੈਂ ਕੁਰੂਕਸ਼ੇਤਰ ਯੂਨੀਵਰਸਿਟੀ ਕੁਰੂਕਸ਼ੇਤਰ ਤੋਂ ਸਮਕਾਲੀ ਪੰਜਾਬੀ ਕਵਿਤਾ ਵਿੱਚ ਪਿਆਰ ਦਾ ਸੰਕਲਪ ਵਿਸ਼ੇ ਉੱਤੇ ਪ੍ਰੋਫ਼ੈਸਰ ਹਰਸਿਮਰਨ ਸਿੰਘ ਰੰਧਾਵਾ ਜੀ ਦੀ ਨਿਗਰਾਨੀ ਹੇਠ ਪੀਐਚ.ਡੀ. ਕਰ ਰਿਹਾ ਹਾਂ। ਇਸ ਤਹਿਤ ਮੈਂ ਤੁਹਾਡੀ ਕਵਿਤਾ ਬਾਰੇ ਵੀ ਗੱਲ ਕਰਨੀ ਹੈ। ਇਹ ਆਮ ਕਿਹਾ ਜਾਂਦਾ ਹੈ ਕਿ ਹਰ ਕਵਿਤਾ ਵਿੱਚ ਕੋਈ ਨਾ ਕੋਈ ਮੁਕੰਮਲ ਭਾਵ ਜ਼ਰੂਰ ਉਸਰਿਆ/ਪਿਆ ਹੁੰਦਾ ਹੈ। ਕਵੀ ਕੋਲ ਪਹਿਲੇ ਖ਼ਿਆਲ ਆਉਂਦਾ ਹੈ ਅਤੇ ਉਹ ਉਸ ਨੂੰ ਸ਼ਬਦਾਂ ਦਾ ਜਾਮਾ ਪਵਾ ਕੇ ਇਕ ਬਿੰਬ ਵਿੱਚ ਬੰਨ੍ਹਦਾ ਹੈ? ਜਦੋਂ ਕੋਈ ਪਾਠਕ ਤੁਹਾਡੇ ਨਾਲ ਤੁਹਾਡੀ ਕਿਸੇ ਕਵਿਤਾ ਬਾਰੇ ਗੱਲ ਕਰਦਾ ਹੈ ਜਾਂ ਕੋਈ ਆਲੋਚਕ ਤੁਹਾਡੀ ਕਿਸੇ ਕਵਿਤਾ ਬਾਰੇ ਵਿਚਾਰ ਰੱਖਦਾ ਹੈ ਤਾਂ ਕੀ ਤੁਹਾਨੂੰ ਕਦੇ ਇਹ ਲੱਗਿਆ ਹੈ ਕਿ ਜੋ ਕੁਝ ਤੁਸੀਂ ਉਸ ਕਵਿਤਾ ਵਿੱਚ ਕਿਹਾ ਹੈ ਪਾਠਕ ਜਾਂ ਆਲੋਚਕ ਉਸ ਨੂੰ ਸਮਝ ਸਕਿਆ ਹੈ ਜਾਂ ਉਹ ਪੱਖ ਜੋ ਪਾਠਕ ਜਾਂ ਆਲੋਚਕ ਰੱਖ ਰਿਹਾ ਹੈ ਉਹ ਵੀ ਤੁਹਾਨੂੰ ਆਪਣੀ ਕਵਿਤਾ ਵਿੱਚੋਂ ਨਜ਼ਰ ਆਉਣ ਲੱਗਦਾ ਹੈ? ਜੇ ਇਸ ਤਰ੍ਹਾਂ ਹੋਇਆ ਹੈ ਤਾਂ ਕੋਈ ਮਿਸਾਲ ਦੇ ਕੇ ਸਮਝਾਉ।

ਸਵੀ : ਕਵਿਤਾ ਵਿਚ ਕੁਝ ਅਣ-ਕਿਹਾ ਰਹਿੰਦਾ ਹੈ। ਇਹ ਅਣ-ਕਿਹਾ ਹੀ ਆਲੋਚਕ ਨੂੰ ਕਹਿਣ ਲਈ ਉਤੇਜਿਤ ਕਰਦਾ ਹੈ ਤੇ ਕਵਿਤਾ ਦੀ ਇਕ ਹੀ ਵਿਆਖਿਆ ਨਹੀਂ ਹੁੰਦੀ। ਨਾ ਹੀ ਅੰਤਿਮ ਹੁੰਦੀ ਹੈ। ਕਵਿਤਾ ਨੂੰ ਵੱਖ-ਵੱਖ ਸਮੇਂ ਵਿਚ ਵੱਖ-ਵੱਖ ਨਜ਼ਰੀਏ ਨਾਲ ਪੜ੍ਹਿਆ ਤੇ ਸਮਝਿਆ ਜਾਂਦਾ ਹੈ। ਉਸਦੀ ਵਿਆਖਿਆ ਬਦਲਦੀ ਰਹਿੰਦੀ ਹੈ। ਤਾਂ ਹੀ ਉਹ ਕਵਿਤਾ ਹੈ।

17? ਤੁਹਾਡੇ ਅਨੁਸਾਰ ਪਿਆਰ ਦੀ ਕੀ ਮੁਕੰਮਲ ਪਰਿਭਾਸ਼ਾ ਹੋ ਸਕਦੀ ਹੈ?

ਸਵੀ : ਪਿਆਰ ਦੀ ਕੋਈ ਫਿਕਸ ਪਰਿਭਾਸ਼ਾ ਨਹੀਂ ਹੁੰਦੀ। ਇਹ ਲਾਈਨਾਂ ਪਿਆਰ ਨੂੰ ਸੰਬੋਧਿਤ ਹਨ ਜਿਸ ਨੂੰ ਕਾਮੇਸ਼ਵਰੀ ਵਿੱਚ ਕਿਹਾ ਹੈ:

ਕਾਮੇਸ਼ਵਰੀ
ਤੂੰ ਇੰਜ ਦਾ ਆਰਕੈਸਟਰਾ
ਜਿੱਥੇ ਨਾ ਕੋਈ ਵਾਦਕ ਨਾ ਕੋਈ ਸਾਧਕ
ਆਪੇਂ ਸੋਚੇਂ-ਆਪੇ ਵਜੇਂ
ਧੁਨਾਂ-ਰਾਗ ਸੁਰ ਸਾਜ
ਚੁਣੇ ਤੂੰ ਆਪੇਂ
ਮੈਂ ਤਾਂ ਤੇਰੇ ਵਾਦਕ ਸਮੂਹ ਦਾ
ਨਿਊਰੌਨ ਹਾਂ ਬਸ
ਕਿਸੇ ਤੋਂ ਪੁੱਛਦਾ-ਦੱਸਦਾ ਕਿਸੇ ਨੂੰ-
ਧੁਨ ਸਿਰਜਦਾ
ਤੇ ਆਪ ਹੀ ਸਿਰਜਿਆ ਜਾਂਦਾ ਹਰ ਪਲ
ਤੂੰ ਨਿਉਰੋਲੌਜੀਕਲ ਆਰਕੈਸਟਰਾ
-ਇਸ ਅਸਲੀ ਤੋਂ ਵੱਖ
ਤੂੰ ਨਾ ਵਜਾਵੇਂ ਕੋਈ ਦਿੱਤੀ ਹੋਈ ਧੁਨ
ਸਗੋਂ ਹਰ ਪਲ ਬਦਲੇਂ ਸੋਚੇਂ ਤੇ ਕੰਪੋਜ਼ ਕਰੇਂ
ਕੋਈ ਅਜਬ ਧੁਨ
-ਅਣਸੋਚੀ-ਅਣਕਿਆਸੀ, ਅਜਿਹੀ ਸਿਫੰਨੀ
ਜੋ ਸ਼ੁਰੂ ਹੋਵੇ ਮੇਰੇ ਬਚਪਨ ਤੋਂ
ਤੇ ਵਜਦੀ ਮੌਤ ਤੱਕ ਨਾਲ ਨਾਲ
ਮੈਂ ਤਾਂ ਐਸਾ ਵਜੰਦੀ ਤੇਰਾ
ਜੋ ਨਾ ਹਾਜ਼ਰ ਨਾ ਗ਼ੈਰਹਾਜ਼ਰ
ਬਸ ਤੇਰੇ ਇੰਜ ਦੇ ਆਰਕੈਸਟਰਾ ਵਿੱਚ
ਵੰਡਿਆ-ਬੁਣਿਆ ਹਰ ਥਾਂ
ਤੇ ਸ਼ਾਇਦ ਫਿਰ ਕਿਸੇ ਨਹੀਂ ਮੈਂ
ਕਾਮੇਸ਼ਵਰੀ ਤੂੰ ਇੰਜ ਦਾ ਆਰਕੈਸਟਰਾ...
... ... ...

... ... ...

18? ਤੁਸਾਂ ਪਿਆਰ ਸੰਕਲਪ ਨੂੰ ਲੈ ਕੇ ਖ਼ਾਸੀ ਕਵਿਤਾ ਲਿਖੀ ਹੈ? ਤੁਸੀਂ ਪਿਆਰ ਨੂੰ ਕਿਹੜੇ ਕਿਹੜੇ ਰੂਪ ਮੰਨਦੇ ਹੋ?

ਸਵੀ : ਪਿਆਰ ਅਨੇਕਾਂ ਰੂਪਾਂ 'ਚ ਵਿਦਮਾਨ ਹੈ। ਇਸ ਲਈ ਇਕ ਕਵਿਤਾ ਪੇਸ਼ ਹੈ:

ਟੁੱਥ ਪੇਸਟ ਕਰਦਿਆਂ ਚਾਂਦੀ
ਚਾਂਦੀ ਰੰਗੀ ਮੁਸਕਾਨ ਨਾਲ ਖਿੜ ਉੱਠਣਾ
ਨਹਾਉਂਦਿਆਂ
ਆਪਣੇ ਆਪ ਨੂੰ ਨਿਹਾਰਨਾ
ਕਿਸੇ ਬੱਚੇ ਦੀਆਂ ਤੋਤਲੀਆਂ ਤੇ ਰੀਝ ਜਾਣਾ
ਕਿਸੇ ਸ਼ਬਦ ਦੇ ਮੋਹ ਵੱਸ ਹੋ ਜਾਣਾ
ਕੁਝ ਦਾ ਕੁਝ ਲਿਖ ਜਾਣਾ
ਗੂੜ੍ਹੇ ਨੀਲੇ ਅਸਮਾਨ ਤੇ
ਚਿੱਟੀ ਬਦਲੋਟੀ ਤੇ ਸਵਾਰ ਹੋ ਜਾਣਾ
ਡਿੱਗ ਪਏ ਫੁੱਲ ਨੂੰ ਚੁੱਕਣਾ
ਤੇ ਕਿਆਸਣਾ ਉਹ ਬੂਟਾ ਜਿਥੋਂ ਉਹ ਟੁੱਟਿਆ
ਸਭ ਪਿਆਰ ਹੀ ਤਾਂ ਹੈ
ਤੈਨੂੰ ਚਾਹੁਣ ਵਰਗਾ
ਪਹਾੜਾਂ 'ਚ ਕਿਸੇ ਪੰਛੀ ਦੀ ਆਵਾਜ਼ ਦਾ ਪਿੱਛਾ ਕਰਦਿਆਂ
ਤਿਲਕਣੋਂ ਬਚਣਾ
ਕਿਸੇ ਗੀਤ ਦੀਆਂ ਸਤਰਾਂ ਨਾਲ
ਅੱਖਾਂ ਦੇ ਕੋਰਾਂ ਦਾ ਨਮ ਹੋ ਜਾਣਾ
ਖਿਲਰੀਆਂ ਕਿਤਾਬਾਂ ਨੂੰ ਤਰਤੀਬ ਦਿੰਦਿਆਂ
ਉਨ੍ਹਾਂ ਦੇ ਪਾਤਰਾਂ ਨਾਲ ਗੱਲਾਂ ਕਰਨੀ
ਬਾਰਿਸ਼ 'ਚ ਭਿੱਜਦੇ ਭਿੱਜਦੇ ਮਸਤ ਤੁਰਨਾ
ਅੱਖਾਂ ਮੀਚ ਕੇ
ਹਨੇਰੇ 'ਚ ਟਿਮਕਦੇ ਜੁੰਗਨੂੰਆਂ ਤਾਰਿਆਂ ਸੰਗ
ਯਾਤਰਾ ਕਰਨਾ
ਸਭ ਪਿਆਰ ਹੀ ਤਾਂ ਹੈ

19? ਕੀ ਹੁਣ ਪਿਆਰ ਦਾ ਮੂਲ ਸਰੂਪ ਬਦਲ ਗਿਆ ਹੈ?

ਸਵੀ : ਪਿਆਰ ਦਾ ਮੂਲ ਸਰੂਪ ਤਾਂ ਇਕ ਬਿੰਦੂ ਹੈ ਤੇ ਉਥੋਂ ਫੈਲਦਾ ਅਨੇਕਾਂ ਰੂਪਾਂ 'ਚ ਪਰਿਵਰਤਤ ਹੁੰਦਾ ਹੈ। ਅਸੀਂ ਸਰੀਰਕ ਤੇ ਰੂਹਾਨੀ ਦੋਵਾਂ ਰੂਪਾਂ ਦੇ ਅਨੇਕਾਂ ਰੂਪਾਂਕਾਰਾਂ ਦੇ ਸਨਮੁਖ ਹੁੰਦੇ ਹਾਂ।

20? ਤੁਹਾਡੀਆਂ ਕਈ ਕਵਿਤਾਵਾਂ ਵਿੱਚ 'ਮੈਂ' ਤੇ 'ਤੂੰ' ਦੇ ਸੰਵਾਦ ਵਿੱਚੋਂ ਪਿਆਰ ਪਲਾਂ ਦੇ ਬੜੇ ਭਰਵੇਂ ਬਿੰਬ ਉਜਾਗਰ ਹੁੰਦੇ ਹਨ? ਅਜਿਹੀਆਂ ਕਵਿਤਾਵਾਂ ਨੂੰ ਸਿਰਜਣ ਦਾ ਤੁਹਾਡਾ ਮਕਸਦ ਕੀ ਹੈ?

ਸਵੀ : 'ਮੈਂ' ਤੇ 'ਤੂੰ' ਵਿਕੇਂਦਰਿਤ ਕਰਨ ਲਈ ਨੇ, ਉਹ ਪਲ ਕਿਸੇ ਵਿਸ਼ੇਸ ਦਾ ਨਹੀਂ। ਸਭ ਦਾ ਹੈ। ਮੇਰਾ ਵੀ ਹੈ। ਸਮਾਜ ਇਕਾਈਆਂ ਦਾ ਜੋੜ ਵੀ ਹੈ ਅਤੇ ਇਕਾਈ ਦੀ ਹੋਂਦ ਵੀ।

21? ਪਿਆਰ ਤੇ ਕਾਮ ਵਿੱਚ ਨਿਖੇੜ ਕਿਵੇਂ ਕਰਦੇ ਹੋ?

ਸਵੀ : 'ਪਿਆਰ ਤੇ ਕਾਮ' ਕਾਮੇਸ਼ਵਰੀ ਵਿਚ ਕਈ ਥਾਂਵਾਂ 'ਤੇ ਇਸ ਸਵਾਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ - ਕੁੱਝ ਅੰਸ਼ ਪੇਸ਼ ਹਨ:

ਮੁਹੱਬਤ ਕਰਦਿਆਂ
ਭੁੱਲ ਜਾਂਦਾ ਸਭ
ਭੇਦ
ਦਿਨ-ਰਾਤ
ਕਲਾ-ਕਾਵਿ
ਤੇ ਮੁਹੱਬਤ 'ਚ ਹੀ
ਪਹਿਚਾਣ ਹੁੰਦੀ ਹੈ ਇਸ ਸਭ ਦੀ
ਸੁੰਦਰਤਾ ਦਾ ਅਲੌਕਿਕ ਉਤਸਵ
... ... ...
... ... ...
ਇਹ ਕਾਮ ਹੈ
-ਜੋ ਤੇਰੇ ਨੇੜੇ ਲੈ ਜਾਂਦਾ ਹੈ
-ਤੇਰੇ ਬਾਰੇ ਸੋਚਦਾ ਹੈ
-ਤੈਨੂੰ ਫਰੇਮ ਕਰਦਾ ਹੈ
ਜਾਂ ਤੂੰ ਹੈਂ
-ਜਿਸ ਕਰਨ ਕਾਮ ਹੈ
ਉਬਲਦੀ ਤੇਜ਼ ਹਵਾ

ਕੀ ਹੈਂ?
ਪਹਿਲਾਂ ਤੂੰ ਹੈ
ਕਾਮ ਹੈ
ਜਾਂ ਤੇਰੀ ਛੂਹ...?
ਮੁਹੱਬਤ ਪਸੰਦ ਤੇ ਹੈ
ਕਾਮ -ਹੁੰਗਾਰਾ

... ... ...

ਇੰਦਰੀਆਂ ਦੀ ਹਾਜ਼ਰੀ ਤੋਂ ਬਿਨਾ
ਪਿਆਰ
ਨਾ ਕੋਈ ਆਤਮ
ਤੂੰ ਨਾ ਮੈਂ
ਸ਼ਰੀਰ ਨਾ ਆਤਮਾ

... ... ...

ਜੇ ਸਰੀਰ ਹੈ
ਤਾਂ ਆਤਮਾ ਹੈ
ਜੇ ਕਾਮੁਕਤਾ ਹੈ ਤਾਂ ਮੁਹੱਬਤ ਹੈ
ਮੁਹੱਬਤ
ਮੁਕਦੀ ਨਹੀਂ ਇੱਥੇ
ਤੁਰਦੀ... ਪਾਰ ਕਰਦੀ
ਸਭ ਰਾਹ ਤੇ ਸਰੀਰ

... ... ...

22? ਪਿਆਰ ਦਾ ਅੰਤਿਮ ਨਿਸ਼ਾਨਾ ਕੀ ਹੁੰਦਾ ਹੈ?

ਸਵੀ : ਪਿਆਰ ਟ੍ਰਾਂਸਫਾਰਮੇਸ਼ਨ ਕਰਦਾ ਹੈ ਤੁਹਾਡੇ 'ਚ। ਤੁਸੀਂ ਜੋ ਪਹਿਲਾਂ ਹੋ ਬਾਅਦ ਵਿਚ ਵੱਖਰੇ ਹੁੰਦੇ ਹੋ। ਪਿਆਰ ਤੁਹਾਡੀ ਦ੍ਰਿਸ਼ਟੀ ਵਿਚ ਵਿਸ਼ਾਲਤਾ ਵੀ ਲਿਆਉਂਦਾ ਹੈ। ਇਕਾਈ ਤੋਂ ਸਮਾਜ-ਰਿਸ਼ਤਿਆਂ ਦੀ ਵਿਵਧਤਾ ਨੂੰ ਸਮਝਣ ਦਾ ਸਾਧਨ ਵੀ ਹੈ ਪਿਆਰ।

ਮੈਂ ਤੈਨੂੰ ਇੰਝ ਵੀ ਜਾਣਦਾਂ
ਜਿਵੇਂ ਸੁਪਨਿਆਂ ਨੂੰ ਜਾਣੀਦੈਂ
ਤੈਨੂੰ ਛੂਹਣਾ

ਜਿਵੇਂ ਸੁਪਨਿਆਂ ਵਿੱਚ ਕਰੀਦੈ ਸਫ਼ਰ
ਉਡਦੇ ਜਿਹੇ ਪੱਬਾਂ ਨਾਲ
ਛੂਹ ਲਈਦਾ ਜਿਵੇਂ
ਕਿਸੇ ਦੇ ਵਿੱਚੀਂ ਹਵਾ ਵਾਂਗ ਲੰਘ ਕੇ
ਆਰ-ਪਾਰ
ਜਿਵੇਂ ਘੂਕ ਨੀਂਦ ਤੋਂ ਬਾਅਦ
ਮੈਨੂੰ ਪਤਾ ਲੱਗ ਜਾਂਦੈ
ਕਿ ਘੂਕ ਸੁੱਤਾ ਸਾਂ
ਮੈਂ ਇੰਜ ਵੀ ਜਾਣਦਾ ਹਾਂ ਤੈਨੂੰ
ਮੇਰੇ ਅੰਦਰ ਬਾਹਰ
ਤੇਰੀ ਇਹ " ਦੀ ਭਾਵਨਾ ਦਾ
ਪਾਸਾਰ ਹੀ ਤੂੰ ਹੈਂ
ਮਨ-ਤਨ ਭਾਸ਼ਾ ਸੁਪਨਿਆਂ ਵਿਚੀਂ
ਗੁਜ਼ਰਦੀ ਸਰਸਰਾਹਟ ਵਰਗਾ

... ... ...

23? ਕੀ ਤੁਸੀਂ ਸ਼ਖ਼ਸੀ ਪਿਆਰ ਤੇ ਗ਼ੈਰ-ਸ਼ਖ਼ਸੀ ਪਿਆਰ ਵਿੱਚ ਅੰਤਰ ਨੂੰ ਸਵੀਕਾਰ ਕਰਦੇ ਹੋ?ਜੇ ਕਰਦੇ ਹੋ ਤਾਂ ਇਨ੍ਹਾਂ ਵਿੱਚੋਂ ਤੁਹਾਡਾ ਪਹਿਲਾ ਪਿਆਰ ਕਿਹੜਾ ਹੈ?

ਸਵੀ : ਪਿਆਰ ਪਾਸਾਰ ਹੈ। ਮੈਂ ਤੋਂ ਸ਼ੁਰੂ ਹੋ ਕੇ ਬ੍ਰਹਿਮੰਡ ਤੱਕ ਨੂੰ ਸਮਝਣ ਦਾ।

24? ਤੁਹਾਨੂੰ ਆਪਣੀ ਕਿਹੜੀ ਕਵਿਤਾ ਵਿਚ ਪਿਆਰ ਭਾਵ ਦੀ ਵਧੇਰੇ ਚੰਗੀ ਤਰ੍ਹਾਂ ਉਸਾਰੀ ਨਜ਼ਰ ਹੋਈ ਆਉਂਦੀ ਹੈ?

ਸਵੀ : ਪਿਆਰ ਮੇਰੀਆਂ ਸਾਰੀਆਂ ਕਿਤਾਬਾਂ 'ਚ ਵਿਦਮਾਨ ਹੈ। ਦੇਹੀ ਨਾਦ ਵਿਚ ਸਿਰਫ਼ 'ਤੂੰ' ਨੂੰ ਔਰਤ ਹੀ ਸਮਝ ਲਿਆ ਗਿਆ। ਉਸ ਵਿਚ ਕਿਤਾਬ, ਖੰਡਰ, ਬਾਂਸੁਰੀ ਤੋਂ ਇਲਾਵਾ ਇਹ ਕਵਿਤਾ ਦੇਖੋ ਜੋ ਪਹਿਲੀ ਕਵਿਤਾ ਹੈ:

ਤੂੰ ਜੋ ਵੀ ਹੈਂ
ਦੇਹ, ਆਕਾਰ, ਨਿਰਾਕਾਰ
ਆਦਮੀ, ਇਮਾਰਤ, ਖਿਡੌਣਾ, ਖ਼ੁਦਾ
ਖ਼ਾਕ ਖੰਡਰ, ਧਰਤ, ਅਸਮਾਨ
ਸ਼ਬਦ, ਧੁਨੀ, ਲੀਕ
ਤੂੰ ਜੋ ਵੀ ਹੈਂ

ਪੰਛੀ, ਸੂਰਜ, ਲਾਲੀ
ਸਵੇਰ-ਸ਼ਾਮ
ਖ਼ੁਸ਼ੀ-ਉਦਾਸੀ
ਉੱਡਾਣ-ਚੁੱਭੀ
ਤੂੰ ਜੋ ਵੀ ਹੈਂ
ਹਰਕਤ, ਹਨੇਰ, ਰੋਸ਼ਨ
ਸੂਖਮ-ਸਥੂਲ
ਜੋ ਵੀ ਹੈਂ
ਮੇਰੀਆਂ ਅੱਖਾਂ ਰਾਹੀਂ ਉੱਤਰਦਾ
ਮੇਰੇ ਦਿਮਾਗ ਦਾ ਸਿਰਜਿਆ
ਅਕਸ ਹੈਂ ਮਾਤਰ
ਤੇ ਮੈਂ ਜੋ ਵੀ ਹਾਂ
ਤੇਰੇ ਵਿਚੋਂ ਬਣਿਆ ਉਣਿਆ ਉਗਮਿਆਂ
ਅਕਸ ਹਾਂ ਤੇਰਾ

25? ਤੁਹਾਡੀ ਕਵਿਤਾ ਵਿੱਚ ਮਾਨਵੀ ਰਿਸ਼ਤਿਆਂ ਦੇ ਵਿਭਿੰਨ ਰੰਗ ਪੇਸ਼ ਹੋਏ ਨਜ਼ਰ ਆਉਂਦੇ ਹਨ। ਕੀ ਇਨ੍ਹਾਂ ਕਵਿਤਾਵਾਂ ਨੂੰ ਸਿਰਜਨ ਦਾ ਕਾਰਨ ਇਨ੍ਹਾਂ ਰਿਸ਼ਤਿਆਂ ਦੇ ਸੁੱਚ-ਸੱਚ ਨੂੰ ਪੇਸ਼ ਕਰਨਾ ਸੀ ਜਾਂ ਕੁਝ ਹੋਰ?

ਸਵੀ : ਕਵਿਤਾ ਰਾਹੀਂ ਅਸੀਂ ਮਾਨਵੀ ਰਿਸ਼ਤਿਆਂ ਦੇ ਨਿੱਜ ਤੋਂ ਤੁਰਦੇ ਹਾਂ ਪਰ ਪਰਵਾਜ ਪੂਰੇ ਸਮਾਜ ਨੂੰ ਕਲਾਵੇ ਵਿਚ ਲੈ ਲੈਂਦੀ ਹੈ। ਰਿਸ਼ਤਿਆਂ ਦਾ ਸੱਚ ਤੇ ਸੁੱਚ ਕੋਈ ਅੰਤਿਮ ਤੇ ਨਿਰਣਾਇਕ ਬਿੰਦੂ ਬਿਲਕੁਲ ਨਹੀਂ। ਅੰਤਿਮ ਸੱਚ ਕੁਝ ਨਹੀਂ ਹੁੰਦਾ।

26? ਤੁਸਾਂ ਭਾਰਤੀ ਪਰੰਪਰਾ ਵਿੱਚੋਂ ਕਈ ਮਿੱਥਾਂ ਦੇ ਹਵਾਲੇ ਨਾਲ ਕਈ ਕਵਿਤਾਵਾਂ ਲਿਖੀਆਂ ਹਨ?ਇਸ ਪਿੱਛੇ ਕੀ ਸੋਚ ਕੰਮ ਕਰਦੀ ਹੈ?ਕੀ ਤੁਸੀਂ ਮਿੱਥਾਂ ਦੀ ਪੁਨਰ-ਸਿਰਜਣਾ ਕਰਦੇ ਹੋ ਜਾਂ ਉਨ੍ਹਾਂ ਨੂੰ ਰੂਪਾਂਤਰਿਤ ਕਰਕੇ ਕੋਈ ਨਵੇਂ ਅਰਥ ਦੇ ਰਹੇ ਹੁੰਦੇ ਹੋ?

ਸਵੀ : ਮੇਰੀ ਕਵਿਤਾ ਵਿਚ ਭਾਰਤੀ ਤੇ ਯੂਨਾਨੀ ਮਿੱਥ ਨਾਲ ਸੰਬੰਧਿਤ ਬਹੁਤ ਕਿਤਾਬਾਂ ਹਨ। ਮਿੱਥ ਨੂੰ ਇਕ 'ਮੀਲ ਪੱਥਰ' ਵਾਂਗ ਨਹੀਂ ਸਗੋਂ ਉਸ ਹਾਲਾਤ ਵਿਚ ਹੁੰਦਿਆਂ ਜਿਸ ਵਿਚੋਂ ਕਵਿਤਾ ਆਈ ਹੈ -ਨਾਲ ਉਸ ਮਿੱਥ ਦਾ ਸੰਕਪਰਕ/ਸੰਵਾਦ/ਅਰਥ/ਸਿਰਜਣਾ ਨਾਲ ਸੰਬੰਧ ਰੱਖਦਾ ਹੈ ਮਿੱਥ ਦਾ ਆਉਣਾ। ਉਸਦੀ ਨਵੀਆਂ ਸਥਿਤੀਆਂ ਵਿਚ ਵਿਆਖਿਆ/ਪੁਨਰ ਸਿਰਜਣਾ ਹੈ।

ਕਿਹਾ ਜਾਂਦਾ ਹੈ ਕਿ ਮਿੱਥ ਬਲੈਕ ਹੋਲ ਵਾਂਗ ਹੈ। ਸਭ ਉਸੇ 'ਚ ਸਮਾ ਜਾਂਦਾ ਹੈ - ਪਰ ਕਵਿਤਾ ਅਕਸਰ ਉਸਨੂੰ ਨਵੇਂ ਪ੍ਰਸੰਗ ਵਿਚ ਇਸਤੇਮਾਲ ਵੀ ਕਰਦੀ ਹੈ।

27? ਤੁਹਾਡੀ ਇੱਕ ਕਵਿਤਾ ਹੈ 'ਤੇਰਾ ਚਿਹਰਾ', ਜਿਹੜੀ ਕਿ ਤੁਹਾਡੇ ਕਾਵਿ ਸੰਗ੍ਰਹਿ

...ਤੇ ਮੈਂ ਆਇਆ ਬੱਸ ਵਿੱਚ ਦਰਜ਼ ਹੈ, ਇਸ ਵਿੱਚ ਤੁਸੀਂ ਇਸਤਰੀ ਦੇ ਵਿਭਿੰਨ ਅੰਗਾਂ ਦਾ ਇੱਕ ਕਾਵਿਕ ਬਿੰਬ ਉਸਾਰਿਆ ਹੈ? ਇਹ ਕਿਹੜੇ ਪਲਾ ਵਿੱਚ ਲਿਖੀ ਗਈ ਕਵਿਤਾ ਹੈ ਅਤੇ ਇਸ ਰਾਹੀਂ ਤੁਸੀਂ ਕੀ ਕਹਿਣਾ ਚਾਹਿਆ ਹੈ?

ਸਵੀ : 'ਤੇਰਾ ਚਿਹਰਾ' ਮਨੁੱਖੀ ਇਤਿਹਾਸ ਵਿਚ ਔਰਤ ਦੀ ਹੋਂਦ ਤੇ ਯਾਤਰਾ ਦਾ ਮਰਦ ਵੱਲੋਂ ਸਿਰਜਿਆ ਅਕਸ ਵੀ ਹੈ। ਤੇ ਮਰਦ ਵੱਲੋਂ ਇਹ ਅਹਿਸਾਸ ਵੀ ਕੀਤਾ ਗਿਆ ਹੈ ਕਿ ਉਸਨੇ ਔਰਤ ਨਾਲ ਬਹੁਤ ਵਧੀਕੀਆਂ/ਜ਼ੁਲਮ ਕੀਤੇ ਹਨ। ਉਹ ਉਸ ਲੰਬੀ ਯਾਤਰਾ ਵਿਚ ਉਸਨੂੰ ਦੇਖਦਿਆਂ, ਆਪਣੇ (ਮਰਦ ਪ੍ਰਧਾਨ ਸਮਾਜ) ਵਿਚ ਉਸ ਨਾਲ ਹੋਈਆਂ ਵਧੀਕੀਆਂ ਦੇ ਨਾਲ ਨਾਲ ਬਾਜ਼ਾਰ ਉਸ ਨੂੰ ਕਿਵੇਂ ਇਸਤੇਮਾਲ ਕਰ ਰਿਹਾ ਹੈ, ਇਸ ਸਭ ਨੂੰ ਸਮਝਦਾ ਹੈ ਤੇ ਅੰਤ ਉਸ ਨੂੰ (ਔਰਤ) ਜਿਵੇਂ ਉਹ ਹੈ ਉਵੇਂ ਸੋਹਣੀ ਸਮਝਦਾ ਹੈ ਤੇ ਆਪਣੀਆਂ ਵਧੀਕੀਆਂ ਤੇ ਪਛਤਾ ਰਿਹਾ ਹੈ ਤੇ ਚਾਹੁੰਦਾ ਹੈ ਕਿ ਹੁਣ ਔਰਤ ਆਪਣੀ ਮਰਜ਼ੀ ਦੀ ਉਡਾਣ ਉੱਡੇ। ਇਕ ਤਰ੍ਹਾਂ ਨਾਲ ਸ਼ੁਭਚਿੰਤਨ ਚਾਹੁੰਦਾ ਹੈ। ਇਸ ਕਵਿਤਾ ਵਿਚ ਦੋਵਾਂ ਦੀ ਇਤਿਹਾਸਕਤਾ ਦੀ ਯਾਰਤਾ ਨਾਲ ਨਾਲ ਚੱਲਦੀ ਹੈ। ਇਹ ਕਨਫੈਸ਼ਨ ਹੈ ਮਰਦ ਮਨ ਦਾ...।

ਲੱਖਾਂ ਸਾਲ ਤੋਂ ਚੱਲਦੇ ਚੱਲਦੇ
ਆ ਪਹੁੰਚੇ ਹਾਂ ਏਥੇ
ਮੇਰੇ ਮਨ ਨੇ
ਤਨ ਤੇਰੇ ਤੇ
ਜ਼ੁਲਮ ਕੀਤੇ ਨੇ ਭਾਰੇ
ਤੇਰੀ ਦੇਹ ਨੂੰ ਕਸ਼ਟ ਮੈਂ ਦਿੱਤੇ
ਮਨ ਤੇ ਵੀ ਚੜ੍ਹ ਬੈਠਾ
ਵਾਂਗ ਗੁਲਾਮਾਂ ਰੱਖਿਆ
ਡਰ ਸ਼ੰਕੇ ਘੱਟੀਆਪਨ ਆਪਣਾ
ਤੇਰੇ ਤੇ ਹੀ ਲੱਦਿਆ
ਆਪਣੇ ਸਵਾਰਥ
ਸੁਆਰਥ ਲਈ ਵੀ
ਤੇਰੇ ਜਿਸਮ ਨੂੰ ਡੰਗਿਆ
ਆਖਾਂ ਤੂੰ ਇੰਜ ਸੋਹਣੀ ਲੱਗੇਂ
ਅੰਦਰ ਹੋਰ ਕਹਾਣੀ
ਜਿੱਥੇ ਦਿੱਲ ਕੀਤਾ ਮੈਂ ਵਿੰਨ੍ਹਿਆਂ
ਜਿਸਮ ਤੇਰੇ ਨੂੰ ਕੋਹਿਆ
ਤਾਕਤ ਹਵਸ ਦੇ ਲੋਭ 'ਚ ਤੇਰੀ

ਦੇਹ ਹੀ ਦਾਅ ਤੇ ਲਾਂਤੀ
ਦਿੱਲ ਕਰਦਾ ਹੁਣ ਜ਼ੁਲਮਾਂ ਦੀ
ਇਹ ਹੋਜੇ
ਖ਼ਤਮ ਕਹਾਣੀ
ਤੂੰ ਜੋ ਚਾਹੇਂ ਓਹੀ ਹੋਵੇ
ਖਾਵੇਂ ਪਹਿਨੇਂ ਓਹੀ
ਤਨ ਮਨ ਤੋਂ ਆਜ਼ਾਦ ਤੂੰ ਵਿੱਚਰੇਂ
ਰਹੇ ਬਰਾਬਰ ਤਾਲ ਹਮੇਸ਼ਾ ਨਾਲ
ਤੂੰ ਕੁਦਰਤ ਦੀ ਸਿਰਜੀ
ਸਭ ਤੋਂ ਸੁੰਦਰ ਦੇਹੀ...

28? ਊਰੀ ਕਾਵਿ ਸੰਗ੍ਰਹਿ ਤੁਹਾਡਾ ਪਿੱਛੇ ਜਿਹੇ ਪ੍ਰਕਾਸ਼ਿਤ ਹੋਇਆ ਹੈ ਅਤੇ ਇਸ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਪੰਜਾਬੀ ਸਭਿਆਚਾਰ ਵਿੱਚ ਪਏ ਵਿਭਿੰਨ ਸੰਕਲਪਾਂ ਵਿੱਚੋਂ ਰੂਪ ਧਾਰਦੀਆਂ ਨਜ਼ਰ ਆਉਂਦੀਆਂ ਹਨ। ਅਜਿਹੀਆਂ ਕਵਿਤਾਵਾਂ ਤੁਸੀਂ ਕਿਸ ਮਕਸਦ ਨਾਲ ਲਿਖੀਆਂ ਹਨ?

ਸਵੀ : ਊਰੀ ਵਿਚ ਕਈ ਪਹਿਲੂ ਹਨ ਕਵਿਤਾ ਦੇ। ਸਾਡਾ ਸਮਾਜ, ਮਨੁੱਖੀ ਮਨ ਦੀ ਪਰਵਾਜ਼, ਮਨੁੱਖ ਦੀ ਜਗਿਆਸਾ 'ਚ ਉਪਜਿਆ ਆਰਟੀਫੀਸ਼ੀਅਲ ਇੰਟੈਲੀਜੈਂਸ ਦਾ ਨੈੱਟਵਰਕ, ਐਲਗੋਰਿਦਮ ਦਾ ਸੰਸਾਰ, ਰੋਬੋਟ, ਮਸ਼ੀਨ ਲਰਨਿੰਗ ਆਦਿ ਨਾਲ ਬਦਲਦੇ ਹਾਲਾਤ ਇਕ ਹਿੱਸੇ 'ਚ ਹਨ। ਪੰਜਾਬ ਦਾ ਅਜੋਕਾ ਦ੍ਰਿਸ਼ ਤੇ ਆਮ ਆਦਮੀ ਦੀ ਦੁਰਦਸ਼ਾ ਦੂਜੇ ਪਾਸੇ ਸਭਿਆਚਾਰ - ਅਕਾਦਮਿਕਤਾ ਨਾਲ ਜੁੜੇ ਬਹੁਤ ਸੁਆਲਾਂ ਨਾਲ ਜੁੜੀਆਂ ਕਵਿਤਾਵਾਂ, ਕਲਾ, ਸ਼ਬਦ ਤੇ ਹੋਂਦ ਨਾਲ ਜੁੜੀਆਂ ਕਵਿਤਾਵਾਂ ਹਨ। ਊਰੀ ਅਧੂਰੇਪਣ ਦੀ ਤੇ ਘੁੰਮਦੇ ਰਹਿਣ ਦੀ ਊਰਜਾ ਦੇ ਬਿੰਬ ਨੂੰ ਸਿਰਜਦੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ।

29? ਕਵਿਤਾ ਜ਼ਿਆਦਾਤਰ 'ਮੈਂ' ਰੂਪ ਵਿੱਚ ਲਿਖੀ ਜਾਂਦੀ ਹੈ। ਇਹ ਦੱਸੋ ਕਿ ਕਵੀ ਆਪਣੀ ਕਵਿਤਾ ਵਿੱਚ ਨਿੱਜ ਦੀ ਹੀ ਗੱਲ ਕਰਦਾ ਹੈ ਜਾਂ 'ਮੈਂ' ਨੂੰ ਮਾਧਿਅਮ/ਜੁਗਤ ਬਣਾ ਕੇ ਗੱਲ ਕੁਝ ਹੋਰ ਕਹਿਣਾ ਚਾਹੁੰਦਾ ਹੁੰਦਾ ਹੈ?

ਸਵੀ : 'ਮੈਂ' ਨਿੱਜ ਵੀ ਹੈ ਤੇ ਜੁਗਤ ਵੀ। ਸਮਾਜਕ ਤਾਣੇ ਬਾਣੇ ਦਾ ਹਿੱਸਾ ਵੀ, ਪਾਸਾਰ ਵੀ। 'ਮੈਂ' ਕਨਫੈਸ਼ਨ ਦੀ ਜ਼ੁਅੱਰਤ ਵੀ ਹੈ। ਸਮਾਜ ਦੀ ਇਕਾਈ ਦਾ ਪ੍ਰਚੰਡ ਰੂਪ ਵੀ।

30? ਤੁਹਾਡੀ ਕਵਿਤਾ ਬਾਰੇ ਕਾਫ਼ੀ ਆਲੋਚਕਾਂ ਨੇ ਚਰਚਾ ਕੀਤੀ ਹੈ। ਕੀ ਤੁਸੀਂ ਉਸਨੂੰ ਪੜ੍ਹਿਆ ਹੈ? ਜੇ ਪੜ੍ਹਿਆ ਹੈ ਤਾਂ ਤੁਸੀਂ ਉਸ ਆਲੋਚਨਾ ਤੋਂ ਸੰਤੁਸ਼ਟ ਹੋ?

ਸਵੀ : ਮੈਂ ਸਮਝਦਾ ਹਾਂ ਜੇ ਲੇਖਕ ਦਾ ਕੰਮ ਸਿਰਜਣਾ ਹੈ ਤਾਂ ਆਲੋਚਕ ਦਾ ਕੰਮ ਉਸਨੂੰ ਸਮਝਣਾ/ਪਰਖਣਾ ਹੈ ਤੇ ਉਸਨੂੰ ਪੂਰਾ ਹੱਕ ਹੈ ਆਪਣੇ ਨਜ਼ਰੀਏ ਤੋਂ ਵਾਚਣ ਦਾ। ਬਸ ਉਸਦੀ ਕੋਸ਼ਿਸ਼ ਕਵਿਤਾ ਅੰਦਰ ਉੱਤਰ ਕੇ ਸਮਝਣ ਦੀ ਹੋਣੀ ਚਾਹੀਦੀ ਹੈ। ਦੂਰੋਂ ਹੀ ਫਤਵੇ

ਦੇਣਾ ਨਹੀਂ ਹੋਣੀ ਚਾਹੀਦੀ। ਮੇਰੀ ਕਵਿਤਾ ਬਾਰੇ ਬਹੁਤ ਆਲੋਚਨਾ/ਸਮੀਖਿਆ/ਸੰਵਾਦ ਹੋਇਆ ਹੈ ਤੇ ਹੋ ਰਿਹਾ ਹੈ। ਤਿੰਨ ਪੁਸਤਕਾਂ ਤਾਂ ਬਲਦੇਵ ਧਾਲੀਵਾਲ, ਡਾ. ਹਰਜੋਧ ਸਿੰਘ ਤੇ ਡਾ. ਯੋਗਰਾਜ ਹੁਰਾਂ ਐਡਿਟ ਕੀਤੀਆਂ ਤੇ ਪ੍ਰਕਾਸ਼ਿਤ ਹੋਈਆਂ ਹਨ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰੀ ਕਵਿਤਾ ਨਾਲ ਬਹੁਪੱਖੀ/ਗਹਿਰਾ ਸੰਵਾਦ ਰਚਾਇਆ ਹੈ ਆਲੋਚਕਾਂ ਨੇ।

31? ਤੁਹਾਡੀ ਕਵਿਤਾ ਬਾਰੇ ਕਿਸ ਵਿਦਵਾਨ ਦਾ ਕੰਮ ਤੁਹਾਨੂੰ ਸਭ ਤੋਂ ਵੱਧ ਤਸੱਲੀਬਖ਼ਸ਼ ਜਾਪਦਾ ਹੈ ਅਤੇ ਕਿਉਂ?

ਸਵੀ : ਅੰਮ੍ਰਿਤਾ ਪ੍ਰੀਤਮ, ਡਾ. ਹਰਿਭਜਨ ਸਿੰਘ ਤੋਂ ਲੈ ਕੇ ਯੋਗਰਾਜ ਤੱਕ ਅਨੇਕਾਂ ਵਿਦਵਾਨਾਂ ਨੇ ਲਿਖਿਆ ਆਪੋ ਆਪਣੇ ਨਜ਼ਰੀਏ ਤੋਂ। ਮੇਰੇ ਲਈ ਸਭ ਕੀਮਤੀ ਤੇ ਊਰਜਾ ਦੇਣ ਵਾਲਾ ਹੈ।

32? ਤੁਹਾਡੇ ਪਰਿਵਾਰ ਵਿੱਚ ਕੀ ਤੁਹਾਡੇ ਤੋਂ ਅਗਲੀ ਪੀੜ੍ਹੀ ਤੁਹਾਡੇ ਵਾਂਗ ਕਲਾ ਦੇ ਖੇਤਰ ਵਿੱਚ ਆ ਰਹੀ ਹੈ ਜਾਂ ਉਨ੍ਹਾਂ ਨੇ ਵੱਖਰਾ ਰਾਹ ਚੁਣਿਆ ਹੈ?

ਸਵੀ : ਮੇਰੇ ਪਰਿਵਾਰ ਵਿਚ ਕਲਾ ਤੇ ਕਵਿਤਾ ਦੀ ਰਸਾਈ ਗਹਿਰੀ ਹੈ। ਪਤਨੀ ਤੇ ਬੇਟੀ ਟੀਚਰ ਹਨ, ਉਨ੍ਹਾਂ ਦੀ ਪੜ੍ਹਾਉਣ ਦੀ ਵਿਧੀ ਵਿਚ ਕਲਾ ਦਾ ਦਖ਼ਲ ਹੈ। ਬੇਟਾ ਆਈ.ਟੀ. ਖੇਤਰ ਵਿਚ ਹੁੰਦਿਆਂ ਵੀ ਸੰਗੀਤ ਨਾਲ ਜੁੜਿਆ ਹੈ, ਕੰਪੋਜ਼ ਕਰਦਾ ਹੈ। ਮੇਰੀ ਦੋਹਤੀ ਅਜ੍ਹੇ 4 ਸਾਲਾ ਦੀ ਹੈ। ਉਹ ਪੇਂਟਿੰਗ ਵਿੱਚ ਬਹੁਤ ਰੁਚੀ ਦਿਖਾਉਂਦੀ ਹੈ। ਹਰ ਵੇਲੇ ਕੁਝ ਸਿਰਜਦੀ ਹੈ। ਮੇਰੇ ਲਈ ਵੀ ਉਤਸ਼ਾਹ ਦਾ ਵਾਇਸ ਹੈ।

33? ਭਵਿੱਖ ਵਿੱਚ ਹੋਰ ਕਿਹੜਾ ਪ੍ਰਜੈਕਟ ਕਰ ਰਹੇ ਹੋ?

ਸਵੀ : ਕਵਿਤਾ ਦੀ ਕਿਤਾਬ ਜਲਦੀ ਆਵੇਗੀ ਨਵੀਂ। ਪੇਂਟਿੰਗ ਵਿਚ ਗੁਰੂ ਨਾਨਕ ਦੀਆਂ 'ਉਦਾਸੀਆਂ' ਤੇ ਚਿੱਤਰ ਲੜੀ ਕਰ ਰਿਹਾ ਹਾਂ।

34? ਕੀ ਤੁਸੀਂ ਆਪਣੀ ਹੁਣ ਤੱਕ ਦੀ ਪ੍ਰਾਪਤੀ ਤੋਂ ਸੰਤੁਸ਼ਟ ਹੋ ਜਾਂ ਅਜੇ ਕੁਝ ਹੋਰ ਵੀ ਕਰ ਦਿਖਾਉਣ ਦੀ ਇੱਛਾ ਬਾਕੀ ਹੈ?

ਸਵੀ : ਮੁਸਾਫ਼ਰ ਦਾ ਚਲਦੇ ਰਹਿਣਾ, ਯਾਤਰਾ ਲਈ ਤਿਆਰ ਬਰ ਤਿਆਰ ਰਹਿਣਾ, ਹਰ ਨਵੇਂ ਪਲ ਦੀ ਖ਼ੂਬਸੂਰਤੀ ਨੂੰ ਹੈਰਾਨ ਹੋ ਕੇ ਵੇਖਣਾ/ਨੀਝਣਾ/ਲਿਖਣਾ ਹੀ ਉਸਦਾ ਕਰਮ ਹੈ। ਯਾਤਰਾ ਜਾਰੀ ਹੈ ਪੂਰੀ ਸ਼ਿੱਦਤ ਨਾਲ...

35? ਆਖ਼ਰੀ ਸਵਾਲ ਕਲਾ ਦਾ ਮਨੋਰਥ ਅਨੰਦ ਪ੍ਰਦਾਨ ਕਰਨਾ ਹੁੰਦਾ ਹੈ ਜਾਂ ਗਿਆਨ ਦੇਣਾ ਜਾਂ ਕਿ ਦੋਵੇਂ ਹੀ?ਆਪਣੀ ਕਿਸੇ ਰਚਨਾ ਦੇ ਹਵਾਲੇ ਨਾਲ ਸਪੱਸ਼ਟ ਕਰਿਓ?

ਸਵੀ : 'ਕਲਾ' ਜ਼ਿੰਦਗੀ ਦੀ ਸਤਰੰਗੀ ਨੂੰ ਸਮਝਣ ਤੇ ਆਨੰਦਿਤ ਹੋਣਾ ਹੈ। ਗਿਆਨ ਦੇਣ ਨਾਲੋਂ ਗਿਆਨ ਗ੍ਰਹਿਣ ਕਰਨਾ ਜ਼ਿਆਦਾ। ਮਨੁੱਖ ਦੇ ਹੋਣ-ਥੀਣ ਦੇ ਸੁਆਲਾਂ ਦੀਆਂ ਸੁਆਵਾਂ ਦੇ ਸਨਮੁੱਖ ਹੋਣਾ ਹੈ ਕਲਾ।

□□□

# ਬਰਜਿੰਦਰ ਚੌਹਾਨ : ਆਧੁਨਿਕ ਚੇਤਨਾ ਦਾ ਗ਼ਜ਼ਲਗੋਅ

*ਡਾ. ਹਰਪ੍ਰੀਤ ਸਿੰਘ*

ਸਮਕਾਲੀ ਪੰਜਾਬੀ ਗ਼ਜ਼ਲ ਰਵਾਇਤੀ ਬੰਦਸ਼ਾਂ ਤੇ ਸਾਰ ਵਾਲੀ ਗ਼ਜ਼ਲ ਤੋਂ ਵਿੱਥ ਥਾਪ ਚੁੱਕੀ ਹੈ। ਇਹ ਉਰਦੂ/ਫ਼ਾਰਸੀ ਗ਼ਜ਼ਲ ਪਰੰਪਰਾ ਦੀ ਪੈੜ ਤੋਂ ਵੱਖ ਪੈਰ ਧਰ ਰਹੀ ਹੈ, ਜਿਸ ਦਾ ਆਪਣਾ ਮੌਲਿਕ ਵਜੂਦ ਅਤੇ ਭਾਸ਼ਾ ਹੈ। ਰੁਮਾਨੀਅਤ, ਇਸ਼ਕੀਅਤ ਜਾਂ ਪਰਾਸਰੀਰਕ ਕਥਨਾਂ ਵਾਲੇ ਸਰੋਕਾਰਾਂ ਤੋਂ ਭਿੰਨ ਮਨੁੱਖੀ ਹੋਣੀ ਦੇ ਸਾਰਥਕ ਦ੍ਰਿਸ਼ ਪੰਜਾਬੀ ਗ਼ਜ਼ਲ ਵਿੱਚ ਉੱਭਰ ਰਹੇ ਹਨ। ਇਸ ਕਰਕੇ ਮਨੁੱਖੀ ਸ਼ਖ਼ਸੀਅਤ ਦੇ ਆਂਤਰਿਕ ਸੰਸਾਰ ਦੀ ਪੇਸ਼ਕਾਰੀ ਤੋਂ ਲੈ ਕੇ ਵਿਸ਼ਵੀ ਅਰਥ ਵਿਵਸਥਾ,ਮੰਡੀ ਪ੍ਰਬੰਧਾਂ ਅਤੇ ਨਵ-ਸਰਮਾਏਦਾਰੀ ਦੇ ਅੰਤਰ-ਵਿਰੋਧ ਸਮਕਾਲੀ ਪੰਜਾਬੀ ਗ਼ਜ਼ਲ ਨੂੰ ਨਵੀਨਤਾ ਤੇ ਆਧੁਨਿਕਤਾ ਬਖ਼ਸ਼ਦੇ ਹਨ। ਜਟਿਲ ਵਰਤਾਰਿਆਂ ਦੀ ਵਿਆਕਰਨ ਨੂੰ, ਰਾਜਸੀ-ਆਰਥਿਕ ਅਸਮਾਨਤਾ ਨੂੰ, ਦਮਿਤ, ਹਾਸ਼ੀਆਗਤ ਅਵਾਜ਼ਾਂ ਨੂੰ ਬਹਿਰ 'ਚ ਪੇਸ਼ ਕਰਦਿਆਂ ਸਮਕਾਲੀ ਗ਼ਜ਼ਲ ਨਵਾਂ ਗ਼ਜ਼ਲ-ਸ਼ਾਸਤਰ ਵੀ ਘੜਦੀ ਹੈ ਕਿਉਂਕਿ ਆਪਣੇ ਦੌਰ ਦੀਆਂ ਗੁੰਝਲਦਾਰ ਹੋਣੀਆਂ ਦੇ ਆਂਤਰਿਕ ਜਗਤ ਦੇ ਤਣਾਅ ਨੂੰ ਬਹੁ-ਧਰਾਤਲੀ ਅਤੇ ਬਹੁਪਰਤੀ ਪਰਿਪੇਖ 'ਚ ਪੇਸ਼ ਕਰਦਿਆਂ ਸਮਕਾਲੀ ਪੰਜਾਬੀ ਗ਼ਜ਼ਲ ਆਧੁਨਿਕ ਚੇਤਨਾ ਦੇ ਬੋਧ ਨੂੰ ਉਸਾਰਦੀ ਹੈ। ਇਸ ਆਧੁਨਿਕ ਚੇਤਨਾ ਦੇ ਬੋਧ ਅਤੇ ਸਮਕਾਲੀ ਪੰਜਾਬੀ ਗ਼ਜ਼ਲ ਨੂੰ ਨਿਵੇਕਲੀ ਦਿੱਖ ਦੇਣ ਵਾਲੇ ਪ੍ਰਮੁੱਖ ਗ਼ਜ਼ਲਗੋਆਂ ਵਿੱਚ ਬਰਜਿੰਦਰ ਚੌਹਾਨ ਦਾ ਮੌਲਿਕ ਸਥਾਨ ਹੈ। ਜਿਸ ਦੇ ਹਰ ਸ਼ਿਅਰ 'ਤੇ ਪੌਣਾਂ ਦਸਤਖ਼ਤ ਕਰਦੀਆਂ ਹਨ ਅਤੇ ਹਰ ਗ਼ਜ਼ਲ ਉਸ ਦੇ ਸਫ਼ਰ ਦੀ ਖ਼ੁਸ਼ਬੋ ਬਿਆਨਦੀ ਹੈ। ਉਸ ਦੇ ਹੁਣ ਤੱਕ ਦੋ ਗ਼ਜ਼ਲ-ਸੰਗ੍ਰਹਿ 'ਪੌਣਾਂ ਉੱਤੇ ਦਸਤਖ਼ਤ' (1995), ਅਤੇ 'ਸਫ਼ਰ ਦੀ ਖ਼ੁਸ਼ਬੋ' (2016), ਛਪ ਚੁੱਕੇ ਹਨ। ਘੱਟ ਲਿਖਣ ਵਾਲੇ ਇਸ ਸ਼ਾਇਰ ਨੇ ਦੋ ਗ਼ਜ਼ਲ-ਕਿਤਾਬਾਂ ਨਾਲ ਹੀ ਪੰਜਾਬੀ ਗ਼ਜ਼ਲ ਦੀ ਚਿੰਤਨੀ ਧਾਰਾ ਵਿੱਚ ਵਿਸ਼ੇਸ਼ ਮੁਕਾਮ ਹਾਸਲ ਕੀਤਾ ਹੈ। ਕਿਉਂਕਿ ਗੁਣਾਤਮਕ ਕਿਰਤਾਂ ਨੂੰ ਦੌੜ ਦੀ ਨਹੀਂ ਬਲਕਿ ਸਹਿਜਤਾ ਦੀ ਲੋੜ ਹੁੰਦੀ ਹੈ। ਇਹ ਸਹਿਜਤਾ ਬਰਜਿੰਦਰ ਚੌਹਾਨ ਦੀ ਸ਼ਖ਼ਸੀਅਤ ਅਤੇ ਸਿਰਜਣਾ ਦਾ ਅਭਿੰਨ ਅੰਗ ਬਣੀ ਹੋਈ ਹੈ। ਉਸਤਾਦ ਗ਼ਜ਼ਲਗੋਅ ਜਨਾਬ ਕੰਵਰ ਚੌਹਾਨ,

*ਡਾ. ਹਰਪ੍ਰੀਤ ਸਿੰਘ, ਐਸ. ਬੀ. ਬੀ. ਐਸ. ਯੂਨੀਵਰਸਿਟੀ, ਜਲੰਧਰ। 94643-15244*

ਬਰਜਿੰਦਰ ਚੌਹਾਨ ਦੇ ਪਿਤਾ ਹਨ, ਇਸ ਤਰ੍ਹਾਂ ਗ਼ਜ਼ਲ ਦੀ ਪਰੰਪਰਾ ਉਹਨਾਂ ਦੀ ਵਿਰਾਸਤ ਵੀ ਹੈ ਅਤੇ ਪੈਤਰਿਕ ਵਿਧਾ ਵੀ। ਬਰਜਿੰਦਰ ਚੌਹਾਨ ਨੇ ਗ਼ਜ਼ਲ ਨੂੰ ਵਿਰਾਸਤ ਵਿੱਚ ਅਨੁਭਵ ਵਜੋਂ ਹੀ ਪ੍ਰਾਪਤ ਨਹੀਂ ਕੀਤਾ ਸਗੋਂ ਗ਼ਜ਼ਲ ਦੀ ਵਿਧਾ ਉੱਪਰ ਪੀਐਚ-ਡੀ. 'ਪੰਜਾਬੀ ਗ਼ਜ਼ਲ: ਬਦਲਦੇ ਪਰਿਪੇਖ' ਵਿਸ਼ੇ ਉੱਪਰ ਕਰਕੇ ਇਸ ਦੇ ਸਿਧਾਂਤਕ, ਵਿਧਾਗਤ, ਇਤਿਹਾਸਕ ਪ੍ਰਕਰਨਾਂ ਨੂੰ ਵੀ ਸਮਝਿਆ। ਇਸੇ ਕਰਕੇ ਗ਼ਜ਼ਲ ਦੀ ਵਿਧਾ ਬਾਬਤ ਉਹਨਾਂ ਦੀ ਸਿਧਾਂਤਕ ਚੇਤਨਾ ਬਾਕਮਾਲ ਹੈ, "ਅਸਲ ਵਿੱਚ ਗ਼ਜ਼ਲ ਸਿਰਲੇਖ ਹੇਠ ਲਿਖੀਆਂ ਜਾ ਰਹੀਆਂ ਬਹੁਤੀਆਂ ਰਚਨਾਵਾਂ ਸਿਰਫ਼ ਗ਼ਜ਼ਲ ਵਰਗੀਆਂ ਹੀ ਹਨ ਪਰ ਇਹਨਾਂ ਵਿੱਚੋਂ ਗ਼ਜ਼ਲ ਦੀ ਰੂਹ ਗਾਇਬ ਹੁੰਦੀ ਹੈ। ਗ਼ਜ਼ਲ ਦੀ ਜ਼ੁਬਾਨ ਵਿੱਚ ਅਸੀਂ ਇਸਨੂੰ 'ਤਗ਼ੱਜ਼ੁਲ' ਦੀ ਘਾਟ ਵੀ ਕਹਿ ਸਕਦੇ ਹਾਂ। 'ਤਗੱਜ਼ੁਲ' ਦਾ ਸੰਬੰਧ ਸ਼ਬਦਾਂ ਦੀ ਚੋਣ ਤੇ ਤਰਤੀਬ ਨਾਲ ਹੈ, ਜਿਸ ਨਾਲ ਸ਼ਿਅਰ ਵਿੱਚ ਤਲਿਸਮ, ਸੁਹਜ ਤੇ ਸੰਗੀਤ ਪੈਦਾ ਹੁੰਦਾ ਹੈ।"(ਸਫ਼ਰ ਦੀ ਖੁਸ਼ਬੋ,12) ਉਹਨਾਂ ਦਾ ਮੰਨਣਾ ਹੈ ਕਿ ਗ਼ਜ਼ਲ ਸੰਖੇਪਤਾ ਤੇ ਸੂਖ਼ਮਤਾ ਨੂੰ ਉਸ ਦੀਆਂ ਵਿਭਿੰਨ ਸ਼ੇਡਜ਼ ਨੂੰ ਪਾਠਕਾਂ ਨੇ ਖੋਲ੍ਹਣਾ, ਮਾਨਣਾ ਤੇ ਵਿਸਥਾਰਨਾ ਹੁੰਦਾ ਹੈ। ਇਸ ਕਰਕੇ ਗ਼ਜ਼ਲ ਦਾ ਪਾਠਕ ਗ਼ਜ਼ਲ ਦੀ ਗਹਿਰਾਈ ਨੂੰ 'ਜ਼ੋਕ, ਸ਼ੌਕ ਅਤੇ ਅਨੁਭਵ' ਨਾਲ ਮਾਪ ਸਕਦਾ ਹੈ।

ਸੁਲਘਦੇ ਦੌਰ ਵਿੱਚ ਖ਼ਿਜ਼ਾ ਦਾ ਸਿਤਮ, ਨੰਗੇ ਬਿਰਖ਼, ਸਵਾਲਾਂ ਦੀ ਭਰਮਾਰ, ਲੂੰਹਦੀਆਂ ਧੁੱਪਾਂ, ਸੱਖਣੇ ਗੁਲਦਾਨ ਦੀ ਸੰਵੇਦਨਸ਼ੀਲਤਾ ਗ੍ਰਹਿਣ ਕਰਨ ਵਾਲਾ ਸ਼ਾਇਰ ਪੀੜ ਅਤੇ ਉਦਾਸੀ ਨੂੰ ਸਿਰਜਣਾ ਵਿੱਚ ਟ੍ਰਾਂਸਫ਼ਾਰਮ ਕਰਦਾ ਹੈ। ਇਸ ਟ੍ਰਾਂਸਫ਼ਾਰਮੇਸ਼ਨ ਨੂੰ ਉਹ ਕਈ ਵਿਧੀਆਂ ਅਤੇ ਪੜਾਵਾਂ ਨਾਲ ਪ੍ਰਗਟ ਕਰਦਾ ਹੈ। ਕਿਤੇ ਵਿਚਾਰਧਾਰਕ ਚੇਤਨਾ ਨਾਲ, ਕਿਤੇ ਉਦਾਸੀ, ਗ਼ਮ ਤੇ ਪੀੜਾ ਨਾਲ, ਕਿਤੇ ਤਲਾਸ਼ ਨਾਲ, ਕਿਤੇ ਚਿੰਤਨ ਤੇ ਬੋਧ ਨਾਲ, ਕਿਤੇ ਸੂਖ਼ਮਤਾ/ਸੰਵੇਦਨਾ ਨਾਲ ਅਤੇ ਕਿਤੇ ਬਗ਼ਾਵਤੀ ਸੁਰ/ਇਨਕਲਾਬੀ ਜੈਸਚਰ ਨਾਲ। ਇਸ ਕਰਕੇ ਬਰਜਿੰਦਰ ਚੌਹਾਨ ਦੀ ਸ਼ਾਇਰੀ ਆਪਣੇ ਸਮਕਾਲੀ ਭਾਰਤੀ ਸਮਾਜ, ਮਨੁੱਖ ਅਤੇ ਵਿਵਸਥਾ ਦੇ ਅੰਤਰ-ਵਿਰੋਧਾਂ ਦੀ ਸ਼ਨਾਖ਼ਤ ਸਹਿਜਤਾ ਨਾਲ ਕਰ ਲੈਂਦੀ ਹੈ। ਕਿਉਂਕਿ ਸਾਡਾ ਸਮਕਾਲ ਪੂੰਜੀ ਦੇ ਵਿਸ਼ਵੀਕ੍ਰਿਤ ਹੋਣ ਦਾ ਦੌਰ ਹੈ। ਜਿਸ ਵਿੱਚ ਮਨੁੱਖੀ ਇਕਾਈ ਤੋਂ ਲੈ ਕੇ ਸਮਾਜਿਕ,ਧਾਰਮਿਕ, ਸਭਿਆਚਾਰਕ ਅਤੇ ਸਿਆਸੀ-ਪ੍ਰਬੰਧ ਪੂੰਜੀ ਅਧਾਰਿਤ ਚੇਤਨਾ ਨਾਲ ਗ੍ਰਸੇ ਗਏ ਹਨ। ਇਸ ਦੌਰ ਨੂੰ ਸ਼ਾਇਰ ਪਤਝੜ, ਸਿਵਿਆਂ, ਮੌਤ, ਹਨੇਰੀ ਰਾਤ, ਸੁਲਘਦੇ ਜੰਗਲ, ਮਾਰੂਥਲ, ਸਿਖ਼ਰ ਦੁਪਹਿਰ, ਹਾਦਸੇ ਆਦਿ ਮੈਟਾਫ਼ਰਾਂ ਦੀ ਜਾਨਿਬ ਪੇਸ਼ ਕਰਦਾ ਹੈ-

1. ਥਾਂ ਥਾਂ ਉੱਤੇ ਸੁੱਕੇ ਪੱਤੇ ਵਿਛ ਜਾਂਦੇ ਨੇ, ਪਤਝੜ ਅੰਦਰ
ਜੰਗਲ ਵਿੱਚੋਂ ਪੈਰ ਬਚਾ ਕੇ ਲੰਘਣਾ ਮੁਸ਼ਕਿਲ ਹੋ ਜਾਂਦਾ ਹੈ

2. ਸਾਰਾ ਜੰਗਲ ਕੰਬ ਉੱਠਦਾ ਹੈ ਜੇ ਪੱਤਾ ਵੀ ਡਿੱਗੇ ਤਾਂ
ਸੱਨਾਟੇ ਨੇ ਚਾਰ ਚੁਫ਼ੇਰੇ ਏਦਾਂ ਖੰਭ ਖਿਲਾਰੇ ਨੇ

3. ਰਾਤ ਹਨੇਰੀ, ਸੰਘਣਾ ਜੰਗਲ,ਵਰਤੀ ਸੁੰਨ-ਸਰਾਂ
ਅੱਗੇ ਕੋਈ ਰਾਹ ਦਿਸਦਾ ਨਾ ਪਿੱਛੇ ਕੋਈ ਗਰਾਂ

4. ਇਹ ਜਦੋਂ ਜੰਗਲ ਦੇ ਅੰਦਰ ਸੀ ਉਦੋਂ ਤੱਕ ਬਿਰਖ ਸੀ

ਖੋ ਗਈ ਬਾਜ਼ਾਰ ਵਿੱਚ ਆ ਕੇ ਸ਼ਨਾਖ਼ਤ ਬਿਰਖ ਦੀ

5. ਕਾਲਖ਼ਾਂ ਵਿੱਚ ਘਿਰ ਗਏ ਹਾਂ ਰੌਸ਼ਨੀ ਨੂੰ ਭਾਲ਼ਦੇ
ਖੋ ਗਏ ਰਾਹਾਂ 'ਚ ਕਿੰਨੇ ਹੀ ਮੁਸਾਫ਼ਰ ਨਾਲ਼ ਦੇ

ਇਤਿਹਾਸਕ ਚੇਤਨਾ ਵਾਲੇ ਸਿਰਜਕਾਂ ਨੂੰ ਇਤਿਹਾਸ ਦੇ ਅਰਥ ਮਾਲੂਮ ਹੁੰਦੇ ਹਨ। ਈ. ਐਚ. ਕਾਰ ਦੇ ਆਖਣ ਵਾਂਗ ਕਿ ਇਤਿਹਾਸ ਅਤੀਤ ਅਤੇ ਭਵਿੱਖ ਵਿਚਕਾਰ ਪੁਲ ਹੈ' ਦੀ ਧਾਰਨਾ ਮੁਤਾਬਕ ਚੇਤਨ ਸ਼ਾਇਰ ਆਪਣੇ ਦੌਰ ਦੀ ਪੜ੍ਹਤ ਨੂੰ ਤਿੰਨੋਂ ਕਾਲਾਂ ਵਿੱਚ ਫੈਲਾ ਦਿੰਦੇ ਹਨ। ਦਮਨ, ਹਿੰਸਾ, ਤਸ਼ੱਦਦ, ਸਿਰਜਣਾ, ਹਕੂਮਤ ਅਤੇ ਬਗ਼ਾਵਤ ਦਾ ਕ੍ਰਮ ਇਕਹਿਰਾ ਨਹੀਂ ਰਹਿੰਦਾ। ਉਹ ਮਿਥਿਹਾਸ, ਇਤਿਹਾਸ, ਆਧੁਨਿਕ ਚਿੰਤਨ ਅਤੇ ਗਲੋਬਲੀ ਪਰਿਸਥਿਤੀਆਂ ਦੇ ਨਾਲ ਸੰਵਾਦ ਸਿਰਜਦਾ ਹੈ। ਜਿਸ ਨਾਲ ਉਸ ਸ਼ਾਇਰ ਦੀ ਕਾਵਿਕ-ਸਮਰੱਥਾ ਬਹੁਪਰਤੀ,ਬਹੁਨਾਦੀ ਤੇ ਬਹੁਕਾਲੀ ਹੋ ਜਾਂਦੀ ਹੈ। ਉਸ ਸ਼ਾਇਰ ਦੀ ਸੰਭਾਵਨਾ ਅਤੇ ਸਾਕਾਰਾਤਮਕਤਾ ਹਥਿਆਰ ਬਣ ਜਾਂਦੀ ਹੈ ਕਿਉਂਕਿ ਉਸ ਨੂੰ ਉੱਡਦੀ ਹੋਈ ਗਰਦ, ਧੂੜ, ਹਿੰਸਾ, ਦਮਨ, ਗ਼ੈਰ-ਮਨੁੱਖਤਾ ਅਤੇ ਨਾ ਬਰਾਬਰੀ ਨੂੰ ਖ਼ਤਮ ਕਰਨ ਲਈ ਸੋਚ, ਚਿੰਤਨ, ਸਿਧਾਂਤਕੀ ਅਤੇ ਵਿਚਾਰਧਾਰਾ ਦੇ ਸਮੁੰਦਰ ਵਿੱਚ ਉਤਰਨਾ ਆਉਂਦਾ ਹੁੰਦਾ ਹੈ। ਬਰਜਿੰਦਰ ਚੌਹਾਨ ਇਸੇ ਕੋਟੀ ਦਾ ਸ਼ਾਇਰ ਹੈ। ਇਸ ਕਰਕੇ ਸਤਿੰਦਰ ਸਿੰਘ ਨੂਰ ਲਿਖਦਾ ਹੈ ਕਿ 'ਬਰਜਿੰਦਰ ਚੌਹਾਨ ਦੀਆਂ ਗ਼ਜ਼ਲਾਂ ਵਿੱਚ ਸਮਾਂ ਕੇਵਲ ਵਰਤਮਾਨ ਦੇ ਰੂਪ ਵਿੱਚ ਨਹੀਂ, ਸਗੋਂ ਅਤੀਤ ਤੋਂ ਭਵਿੱਖ ਤੱਕ ਫੈਲਿਆ ਹੋਇਆ ਹੈ। ਭਵਿੱਖ ਦਾ ਸੰਬੰਧ ਚੇਤਨਾ ਤੇ ਸੰਭਾਵਨਾਵਾਂ ਨਾਲ ਹੁੰਦਾ ਹੈ। ਇਹ ਚੇਤਨਾ ਤੇ ਸੰਭਾਵਨਾ ਗ਼ਜ਼ਲ ਵਿੱਚ ਵਿਚਾਰਧਾਰਕ ਅਵਚੇਤਨ ਤੋਂ ਆਉਂਦੀਆਂ ਹਨ। ਕਾਲ ਦੀ ਇਹ ਸੋਝੀ ਗ਼ਜ਼ਲ ਦੀ ਬੌਧਿਕ ਡੂੰਘਾਈ ਨੂੰ ਕਾਵਿਕ ਕਰਦੀ ਹੈ।' (ਪੌਣਾਂ ਉੱਤੇ ਦਸਤਖ਼ਤ, 15)

ਬਰਜਿੰਦਰ ਚੌਹਾਨ ਦੀ ਗ਼ਜ਼ਲ ਪ੍ਰਪੱਕ ਹੁਨਰ ਦੀ ਸ਼ਾਹਦੀ ਭਰਦੀ ਹੈ। ਸੁਹਜ, ਸੰਵੇਦਨਾ ਅਤੇ ਸਰੋਕਾਰਾਂ ਦੀ ਹਾਜ਼ਰੀ ਨਾਲ ਉਸ ਦੀ ਸ਼ਾਇਰੀ ਸਮਕਾਲੀ ਵਾਸਤਵਿਕਤਾ ਨੂੰ ਭਵਿੱਖਮੁਖੀ ਚੇਤਨਾ ਨਾਲ ਸਿਰਜਣਾ 'ਚ ਢਾਲ਼ਦੀ ਹੈ। ਇਹ ਵਾਸਤਵਿਕਤਾ ਮੰਡੀ ਪ੍ਰਵਚਨਾਂ, ਖਪਤਮੁਖੀ ਸਰੋਕਾਰਾਂ, ਨਵ-ਪੂੰਜੀਵਾਦੀ ਅਰਥਚਾਰੇ ਅਤੇ ਉੱਤਰ ਆਧੁਨਿਕ ਸਿਧਾਂਤਕੀ ਨਾਲ ਟਕਰਾਉਂਦੀ ਹੈ ਅਤੇ ਨਵ-ਅਰਥਾਂ ਦੀ ਸਿਰਜਣਾ ਕਰਦੀ ਹੈ। ਇਹ ਨਵ-ਅਰਥ ਤਿੜਕਦੇ ਸੁਪਨਿਆਂ ਵਾਲ਼ੀਆਂ ਅੱਖਾਂ ਨੂੰ ਕੱਜਲ ਬਖ਼ਸ਼ਣ ਦਾ ਕਾਵਿ-ਪ੍ਰਵਚਨ ਉਸਾਰਦੇ ਹਨ। ਕਿਧਰੇ ਜ਼ਮੀਰਾਂ ਦਾ ਵਿਕਣਾ ਸੰਵੇਦਨਸ਼ੀਲਤਾ ਦਾ ਖੁਰਨਾ ਹੈ ਅਤੇ ਕਿਧਰੇ ਚਿਰਾਗ਼ਾਂ ਦਾ ਹਵਾਵਾਂ ਸਾਂਹਵੇਂ ਬੁੱਝ ਜਾਣਾ ਸਭ ਤੋਂ ਵੱਧ ਖ਼ਤਰਨਾਕ। ਬਰਜਿੰਦਰ ਦੀਆਂ ਗ਼ਜ਼ਲਾਂ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਉਹ ਹਰ ਸ਼ਿਅਰ ਦੇ ਸੁਤੰਤਰ ਅਰਥਾਂ ਨੂੰ ਉਪਜਣ-ਫੈਲਣ ਦਿੰਦਾ ਹੈ। ਉਸ ਦੀ ਕਾਵਿ-ਭਾਸ਼ਾ ਦੀ ਬਹੁਪਰਤੀ ਪਹੁੰਚ ਤੇ ਸੂਖ਼ਮਤਾ ਦੇ ਕੋਡ ਨਿਵੇਕਲੀ ਭਾਸ਼ਾ ਨੂੰ ਸਿਰਜਦੇ ਹਨ। ਇਸ ਕਰਕੇ ਉਸ ਦੀ ਸ਼ਾਇਰੀ ਰਵਾਇਤੀ ਕਾਵਿ-ਭਾਸ਼ਾ ਨੂੰ ਤਿਲਾਂਜਲੀ ਦੇ ਕੇ ਨਵ-ਅਰਥਾਂ ਦਾ ਉਤਪਾਦਨ ਕਰਦੀ ਹੈ:

1. ਜੇ ਦਿਲਾਂ ਅੰਦਰ ਜਗਾ ਸਕਦੀ ਕੋਈ ਹਲਚਲ ਨਹੀਂ
ਸ਼ਾਇਰੀ ਦਾ ਫਿਰ ਕੋਈ ਮਤਲਬ ਕੋਈ ਹਾਸਲ ਨਹੀਂ

2. ਜ਼ਮੀਰਾਂ ਵੇਚ ਕੇ ਕਿੰਨੇ ਸੁਖਾਲ਼ੇ ਨੇ ਕਈ ਲੋਕੀਂ

ਦਲੀਲਾਂ ਐਸੀਆਂ ਦੇਵੇ ਤੇ ਉਕਸਾਏ ਬਦੀ ਮੈਨੂੰ

3. ਚਿਰਾਗਾਂ ਨੂੰ ਹਵਾ ਦਾ ਜਿਸ ਜਗ੍ਹਾ ਹੋਵੇ ਨਾ ਡਰ ਕੋਈ
ਨਹੀਂ ਦੁਨੀਆ ਦੇ ਨਕਸ਼ੇ ਵਿੱਚ ਕਿਤੇ ਐਸਾ ਨਗਰ ਕੋਈ

4. ਇਸ ਨਗਰ ਵਿੱਚ ਹਨ ਸਲੀਬਾਂ ਦੇ ਜ਼ਖ਼ੀਰੇ
ਹੈ ਨਿਆਮਤ ਇਹ ਨਗਰ ਪੈਗੰਬਰਾਂ ਨੂੰ

5. ਅੰਨ੍ਹੀ 'ਨ੍ਹੇਰੀ ਕਰ ਗਈ ਰੁੱਖਾਂ ਦਾ ਕੀ ਹਾਲ
ਪੱਤਾ ਹਿਲਦਾ ਦੇਖ ਕੇ ਡਰਦੇ ਨੇ ਹੁਣ ਤੀਕ

ਜਦੋਂ ਸਥਾਪਤੀ ਦਾ ਸੁਹਜ-ਸ਼ਾਸਤਰ ਸਭਿਆਚਾਰਕ ਕੋਡ-ਪ੍ਰਬੰਧ ਨਾਲ ਪੂੰਜੀ ਲਈ ਕਾਰਜ ਕਰਦਾ ਹੈ ਉਦੋਂ ਸੱਤਾ ਦੇ ਬੌਧਿਕ ਸਾਮਰਾਜਵਾਦ ਨੂੰ ਬਹੁਤ ਤਾਕਤ ਮਿਲਦੀ ਹੈ। ਸਾਹਿਤ, ਕਲਾ, ਭਾਸ਼ਾ, ਸਭਿਆਚਾਰ ਅਤੇ ਸਮਾਜਿਕ ਚੇਤਨਾ ਦੇ ਹੋਰ ਰੂਪ ਸਥਾਪਤੀ ਦੇ ਸ਼ਾਸਤਰ ਮੁਤਾਬਿਕ ਢਲ਼ਣ ਲੱਗਦੇ ਹਨ। ਗਿਆਨ ਦਾ ਪ੍ਰਵਚਨ ਸੱਤਾ ਦਾ ਹੁਨਰੀ ਸੰਦ ਬਣ ਜਾਂਦਾ ਹੈ। ਪ੍ਰਤੀਰੋਧ ਦੇ ਵਿਖੰਡਤ ਨਕਸ਼ ਧੁੰਧਲੇ ਹੋਣ ਲੱਗਦੇ ਹਨ। ਵਿਚਾਰਧਾਰਾ ਅਤੇ ਦਮਨ ਦੇ ਸੰਦਾਂ ਰਾਹੀਂ ਨਿਜ਼ਾਮ ਹਕੂਮਤੀ ਹੈਜਮਨੀ ਲਈ ਹਰ ਕਾਊਂਟਰ ਧੁਨੀ/ਆਵਾਜ਼ ਨੂੰ ਮੱਧਮ/ਵਿਕ੍ਰਿਤ ਕਰ ਦਿੰਦਾ ਹੈ। ਸਾਡੇ ਸਾਹਮਣੇ ਸਾਮਰਾਜਵਾਦ ਅਤੇ ਸਾਮੰਤਵਾਦ ਨਵੇਂ ਢੰਗ ਨਾਲ ਉੱਭਰ ਰਿਹਾ ਹੈ। ਚਿੰਤਕ ਇਸ ਨੂੰ ਸਭਿਆਚਾਰਕ ਰਾਸ਼ਟਰਵਾਦ ਜਾਂ ਸਭਿਆਚਾਰਕ ਸਾਮਰਾਜਵਾਦ ਵੀ ਕਹਿੰਦੇ ਹਨ। ਫਾਸੀਵਾਦੀ ਤਾਕਤਾਂ ਦਿੱਲੀ ਦੇ ਪ੍ਰਬੰਧ ਜ਼ਰੀਏ ਨੈਤਿਕਤਾ, ਧਰਮ, ਰਾਸ਼ਟਰਵਾਦ, ਪਵਿੱਤਰਤਾ ਦਾ ਨਵਾਂ ਪਾਠ ਪੜ੍ਹਾ ਰਹੀਆਂ ਹਨ। ਸਾਡੇ ਕੋਲ ਰੋਹਿਤ ਵੇਮੁਲਾ, ਨਰੇਂਦਰ ਦਾਭੋਲਕਰ, ਗੌਰੀ ਲੰਕੇਸ਼ ਦੇ ਉਦਾਹਰਨ ਤਾਂ ਹਨ ਹੀ। ਬਰਜਿੰਦਰ ਦੀ ਸ਼ਾਇਰੀ ਇਸ ਫਾਸੀਵਾਦੀ ਮਾਹੌਲ ਦੀ ਅੰਤਰ-ਧੁਨੀ ਨੂੰ ਫੜ੍ਹਦੀ ਹੈ ਅਤੇ ਨਿਸ਼ਾਨਦੇਹੀ ਕਰਦੀ ਹੈ ਕਿ 'ਦਿੱਲੀ' ਦੇ ਗਲਿਆਰੇ ਜੁਗਨੂੰਆਂ ਤੋਂ ਤ੍ਰਭਕਦੇ ਹਨ। ਚਾਨਣ ਦਾ ਕਤਲ ਕਰਦੇ ਹਨ:

1. ਕਿਸ ਤਰ੍ਹਾਂ ਹੋਠਾਂ 'ਤੇ ਆਵੇ ਦੋਸਤੋ ਸੂਰਜ ਦਾ ਨਾਮ
ਇਸ ਜਗ੍ਹਾ ਤਾਂ ਜੁਗਨੂੰਆਂ ਦੀ ਗੱਲ ਕਰਨੀ ਵੀ ਹਰਾਮ

2. ਕੁਝ ਤਾਂ ਤੇਰੇ ਸ਼ਹਿਰ ਦੇ ਆਦਾਬ ਹੀ ਆਏ ਨਾ ਰਾਸ
ਕੁਝ ਕੁ ਅਪਣੀ ਵੀ ਤਬੀਅਤ ਵਿੱਚ ਬਗ਼ਾਵਤ ਸੀ ਜ਼ਰਾ

3. ਚਿਰਾਗ ਹੀ ਸੀ ਮੈਂ ਇਸ ਹਨੇਰ ਵਿੱਚ ਯਾ ਰੱਬ
ਤੂੰ ਬਲ਼ਦਾ ਰਹਿਣ ਦੇ ਜਦ ਤੀਕ ਨਾ ਮਸ਼ਾਲ ਆਏ

4. ਰਾਤ ਨੂੰ ਮੈਂ ਰਾਤ ਆਖਾਂ ਇਹ ਨਹੀਂ ਉਸ ਨੂੰ ਕਬੂਲ
ਰਾਤ ਨੂੰ ਦਿਨ ਕਹਿਣ ਦਾ ਮੈਨੂੰ ਹੁਨਰ ਆਉਂਦਾ ਨਹੀਂ

5. ਉੱਜਲੇ ਵਰਕੇ 'ਤੇ ਸਿਆਹੀ ਡੁੱਲ ਜਾਂਦੀ ਹੈ ਜਿਵੇਂ

ਦੌਰ ਸਾਡਾ ਵੀ ਅਜੇਹਾ ਦਾਗ਼ ਹੈ ਇਤਿਹਾਸ 'ਤੇ

ਬਰਜਿੰਦਰ ਚੌਹਾਨ ਦੇ ਦੋਵੇਂ ਗ਼ਜ਼ਲ-ਸੰਗ੍ਰਹਿ ਜੜ੍ਹਤਾ ਅਤੇ ਖੜੋਤ 'ਚ ਜੀਅ ਰਹੇ ਭਾਰਤੀ ਸਮਾਜ, ਮਨੁੱਖ ਅਤੇ ਪ੍ਰਬੰਧ ਨੂੰ ਹਲੂਣਦੇ ਹਨ। ਇਸ ਕਰਕੇ ਉਸ ਦੀਆਂ ਇਨ੍ਹਾਂ ਪੁਸਤਕਾਂ ਦੇ ਸਿਰਲੇਖ ਵਿਸ਼ੇਸ਼ ਧਿਆਨ ਖਿੱਚਦੇ ਹਨ। ਪੌਣਾਂ ਅਤੇ ਸਫ਼ਰ ਦਾ ਮੈਟਾਫ਼ਰ ਕਾਵਿ-ਅਵਚੇਤਨ ਦੇ ਗਤੀਸ਼ੀਲ ਭਵਿੱਖਮੁਖੀ ਚੇਤਨਾ ਦੇ ਇਤਿਹਾਸਕ ਪ੍ਰਸੰਗਾਂ ਵਿਚੋਂ ਉੱਭਰ ਰਿਹਾ ਹੈ। ਨਿਸ਼ਚਤਾਵਾਦੀ ਵਿਚਾਰਧਾਰਕ/ਇਤਿਹਾਸਕ ਮਾਡਲਾਂ ਅਤੇ ਉੱਤਰ ਆਧੁਨਿਕੀ ਸਿਧਾਂਤਕਾਰੀ ਜੋ ਇਤਿਹਾਸ, ਮਨੁੱਖ ਅਤੇ ਵਿਚਾਰਧਾਰਾ ਦੇ ਖ਼ਤਮ ਹੋਣ ਦੀ ਗੱਲ ਕਰਦੀ ਹੈ ਤੋਂ ਅਗਾਂਹ ਇਹ ਸ਼ਾਇਰ ਆਲੋਚਨਾਤਮਕ ਕਾਵਿ-ਸ਼ੈਲੀ ਧਾਰਨ ਕਰਦਾ ਇਨ੍ਹਾਂ ਮਾਡਲਾਂ ਨੂੰ ਵਿਸਥਾਪਿਤ ਕਰਦਾ ਹੈ। ਇਸ ਵਿਸਥਾਪਨਾ ਦੀ ਵਿਧੀ ਕਾਰਨ ਹੀ ਉਹ ਜੜ੍ਹਤਾ ਨੂੰ ਤੋੜਦਾ ਹੈ ਤੇ ਹਰੇਕ ਤਰ੍ਹਾਂ ਦੀ ਖੜੋਤ ਵਿੱਚ ਪੱਥਰ ਮਾਰਦਾ ਹੈ। ਇਸ ਖੜੋਤ ਨੂੰ ਉਹ ਹਵਾਵਾਂ, ਪਾਣੀ ਦੇ ਵਹਿਣ ਅਤੇ ਸਫ਼ਰ ਦੇ ਮੈਟਾਫ਼ਰ ਰਾਹੀਂ ਤੋੜਦਾ ਆ ਰਿਹਾ ਹੈ। ਇਸ ਵਿਸਥਾਪਨਾ ਨੂੰ ਉਹ ਦਵੰਦਾਤਮਕ ਜੁਗਤਾਂ ਤੇ ਵਿਰੋਧਾਭਾਸ ਦੀ ਤਕਨੀਕ ਅਤੇ ਵਿਅੰਗ ਰਾਹੀਂ ਪ੍ਰਗਟ ਕਰਦਾ ਹੈ:

1. ਉਮਰ ਭਰ ਹੀ ਰਿਹਾ ਸਫ਼ਰ 'ਚ ਕੋਈ
ਤੇ ਕੋਈ ਉਮਰ ਭਰ ਦਰਾਂ ਅੰਦਰ
2. ਲੁਕੋ ਕੇ ਦਾਮਨ 'ਚ ਅਪਣੇ ਮੰਜ਼ਰ ਤਰ੍ਹਾਂ ਤਰ੍ਹਾਂ ਦੇ
ਸਫ਼ਰ ਦੀ ਖ਼ੁਸ਼ਬੋ ਵੀ ਨਾਲ ਮੇਰੇ ਹੈ ਘਰ 'ਚ ਆਈ
3. ਰਾਹ ਦਿਆਂ ਰੁੱਖਾਂ ਲਈ ਸਤਿਕਾਰ ਤਾਂ ਚਾਹੀਦਾ ਹੈ
ਪਰ ਉਨ੍ਹਾਂ ਦਾ ਮੋਹ ਨਹੀਂ ਚੰਗਾ ਮੁਸਾਫ਼ਰ ਵਾਸਤੇ
4. ਖੜ੍ਹੇ ਪਾਣੀ 'ਚ ਫਿਰ ਜਗਾ ਦਿੱਤੀ ਹੈ ਉਸਨੇ ਹਲਚਲ
ਉਹ ਫਿਰ ਆਇਆ ਹੈ ਇਕ ਸੁਫ਼ਨੇ ਨੂੰ ਮੇਰੇ ਪਾਸ ਲੈ ਕੇ
5. ਚਿਰਾਂ ਤੱਕ ਝੂਮਦੇ ਨੇ ਯਾਦ ਕਰਕੇ ਬਿਰਖ਼ ਰਾਹਾਂ ਦੇ
ਚਲਾ ਜਾਂਦਾ ਹੈ ਖ਼ੁਸ਼ਬੋ ਦੀ ਤਰ੍ਹਾਂ ਕਰਕੇ ਸਫ਼ਰ ਕੋਈ
6. ਕੁਝ ਫੁੱਲ ਸੁੱਕੇ ਰਹਿ ਗਏ ਗੁਲਦਾਨ ਵਿਚ ਸਜੇ
ਖ਼ੁਸ਼ਬੋ ਕਦੋਂ ਦੀ ਪਰ ਖ਼ਲਾਅ ਤੋਂ ਪਾਰ ਹੋ ਗਈ

ਸਮਕਾਲੀ ਪੰਜਾਬੀ ਕਵਿਤਾ ਅਤੇ ਗ਼ਜ਼ਲ ਵਿੱਚ ਕਵਿਤਾ ਦੀ ਪਰਿਭਾਸ਼ਾ, ਅਰਥ, ਹੋਂਦ-ਵਿਧੀ, ਕਾਵਿ-ਸ਼ਾਸਤਰੀ ਪੈਮਾਨੇ, ਸੁਹਜ ਆਦਿ ਬਾਰੇ ਸਿਰਜਣਾ ਵੀ ਦੇਖਣ ਨੂੰ ਮਿਲਦੀ ਹੈ। ਸ਼ਾਇਰ ਸਿਰਜਣਕਾਰੀ ਨੂੰ ਕਿਤਾਬਕਾਰੀ ਦੇ ਉਪਭੋਗੀ ਮੰਡਲਾਂ ਵਿਚੋਂ ਕੱਢ ਕੇ ਪੀੜ/ਦਰਦ ਅਤੇ ਸੰਵੇਦਨਾ ਦੇ ਵਿਚਾਰਧਾਰਕ ਨੁਕਤੇ ਤੋਂ ਉਭਾਰਦੇ ਪ੍ਰਤੀਤ ਹੁੰਦੇ ਹਨ। ਇਸ ਤਰ੍ਹਾਂ ਕਰਨ ਪਿੱਛੇ ਕਵਿਤਾ ਜਾਂ ਗ਼ਜ਼ਲ ਦੇ ਸਨਾਤਨੀ/ਮੰਡੀ ਪ੍ਰਵਚਨਾਂ ਤੋਂ ਪ੍ਰਮਾਣਿਤ ਅਰਥਾਂ ਨੂੰ ਵਿਸਥਾਪਤ ਕਰਨਾ ਹੈ। ਉਹ ਅਰਥ ਜਿਹੜੇ ਸਿਰਜਣਾ ਨੂੰ ਇਕਹਿਰਾ, ਵਿਅਕਤੀਗਤ, ਰੁਮਾਂਸ, ਲਕੀਰੀ, ਆਨੰਦ, ਕੁਲੀਨ ਸੁਹਜ, ਖਪਤ

ਦੇ ਡਿਸਕੋਰਸ ਵਜੋਂ ਪ੍ਰਵਾਨਿਤ ਕਰਦੇ ਹਨ। ਬਰਜਿੰਦਰ ਦੀ ਸਿਰਜਣ-ਸ਼ਕਤੀ ਸਿਰਜਣਾ ਦੇ ਵਿਭਿੰਨ ਪੱਖਾਂ/ਪਰਤਾਂ ਨੂੰ ਡੀਕੋਡ ਕਰਦੀ ਹੈ। ਇਸ ਵਿਚ ਸ਼ਿਅਰ, ਸ਼ਾਇਰੀ ਅਤੇ ਸਿਰਜਣਾਤਮਕ ਅਮਲ ਹੋਂਦ ਦੀ ਜੰਗ 'ਚ ਬਦਲ ਜਾਂਦਾ ਹੈ। ਉਹ ਜੰਗ ਜੋ ਹਰ ਕਿਸਮ ਦੀ ਸਥਾਪਤੀ ਦੇ ਪ੍ਰਵਚਨਾਂ ਨੂੰ ਪ੍ਰਸ਼ਨ ਕਰਦੀ ਹੈ। ਸਿਰਜਣਾ ਜੋ ਵਿਸਥਾਪਿਤ ਕਰਦੀ ਹੈ ਤਾਂ ਉਹ ਸ਼ਾਇਰ ਨੂੰ ਸਿਰਜਣਾਤਮਕ ਨਿੱਘ ਰਾਹੀਂ ਹੋਂਦ/ਹਸਤੀ/ਅਸਤਿਤਵਕ ਪਛਾਣ ਵੀ ਦਿੰਦੀ ਹੈ:

1. ਮੈਂ ਤਨਹਾਈ ਦੇ 'ਨ੍ਹੇਰੇ ਵਿੱਚ ਖੋ ਜਾਣਾ ਸੀ
   ਜੇ ਨਾ ਹੁੰਦਾ ਮੇਰੇ ਕੋਲ ਗ਼ਜ਼ਲ ਦਾ ਸੂਰਜ
2. ਨਹੀਂ ਹੈ ਸੇਕ ਤਾਂ 'ਪਾਤਰ' ਜਾਂ 'ਸ਼ਿਵ' ਜਿਹਾ ਭਾਵੇਂ
   ਹੈ ਕੁਝ ਜ਼ਰੂਰ ਜੋ ਸੀਨੇ 'ਚ ਮੇਰੇ ਬਲ਼ਦਾ ਹੈ

3. ਜੇ ਉਹ ਪੱਥਰ ਨਹੀਂ ਪਿਘਲਿਆ ਤਾਂ ਕੋਈ
   ਐਬ ਸ਼ਾਇਦ ਮੇਰੇ ਹੀ ਹੁਨਰ ਵਿਚ ਰਿਹਾ
4. ਲੋਕੀਂ ਐਵੇਂ ਸ਼ਾਇਰ ਕਹਿ ਦਿੰਦੇ ਨੇ ਮੈਨੂੰ
   ਰੂਹ ਦੇ ਜ਼ਖ਼ਮਾਂ ਦਾ ਹੀ ਬਸ ਅਨੁਵਾਦ ਕਰਾਂ ਮੈਂ
5. ਮੈਂ ਵੀ ਹੁਣ ਤੱਕ ਹੋ ਜਾਣਾ ਸੀ ਰਾਜ-ਕਵੀ
   ਚਾਰ ਕਸੀਦੇ ਲਿਖਦਾ ਜੇ ਦਰਬਾਰ ਲਈ
6. ਏਸੇ ਕਰਕੇ ਹੀ ਗ਼ਜ਼ਲਾਂ ਨੂੰ ਅਪਣਾ ਦੁੱਖ ਸੁਣਾਵਾਂ ਮੈਂ
   ਕੁਝ ਤਾਂ ਭਾਰ ਘਟੇ ਮਨ ਉੱਤੋਂ ਕੁਝ ਤਾਂ ਇਹ ਪੱਥਰ ਸਰਕੇ

ਬਰਜਿੰਦਰ ਚੌਹਾਨ ਕਾਵਿ-ਦ੍ਰਿਸ਼ਟੀ ਨੂੰ ਆਨੰਦ-ਦ੍ਰਿਸ਼ਟੀ ਤੱਕ ਸੀਮਿਤ ਨਹੀਂ ਕਰਦਾ ਸਗੋਂ ਵਿਚਾਰਧਾਰਕ ਚੇਤਨਾ ਨੂੰ ਤਿਖਾ ਕਰਨ ਲਈ ਪਾਠਕ ਦੀ ਪੜ੍ਹਤ ਵਿਧੀ ਅਤੇ ਵਿਚਾਰਧਾਰਕ ਪਹੁੰਚ ਨੂੰ ਚੀਰਦਾ ਹੈ ਪਰ ਉਸਦੀ ਕਾਵਿ-ਸ਼ੈਲੀ ਅਤੇ ਕਾਵਿ-ਭਾਸ਼ਾ ਜਟਿਲ ਗੁੰਝਲਦਾਰ ਵਰਤਾਰੇ ਨੂੰ ਸਹਿਜਤਾ ਨਾਲ, ਨਫ਼ਾਸਤ ਨਾਲ ਬਿਆਨ ਕਰਦੀ ਹੈ।

ਬਰਜਿੰਦਰ ਚੌਹਾਨ ਦਾ ਰਚਨਾ-ਸੰਸਾਰ ਸਮਾਜਕ-ਸਭਿਆਚਾਰਕ ਸੰਰਚਨਾ ਅੰਦਰ ਫੈਲੇ ਅੰਤਰ-ਵਿਰੋਧਾਂ,ਦਵੰਦਾਂ,ਤਣਾਅ ਅਤੇ ਘੁਟਣ ਨੂੰ ਤਨਜ਼ੀਆ ਸ਼ੈਲੀ ਵਿੱਚ ਪ੍ਰਗਟ ਕਰਦਾ ਹੈ। ਸ਼ਿਅਰ ਦੀ ਸੰਖੇਪਤਾ ਤੇ ਸੰਜਮਤਾ ਵਿੱਚ ਇਸ ਤਣਾਅ ਭਰੇ ਵਰਤਾਰੇ ਨੂੰ ਪੇਸ਼ ਕਰਨਾ ਕਠਿਨ ਕਾਰਜ ਹੁੰਦਾ ਹੈ। ਮਨੁੱਖੀ ਰਿਸ਼ਤਿਆਂ ਦਾ ਸੰਕਟ ,ਭਾਵੁਕ ਪਰਤਾਂ ਦਾ ਉਧੜਨਾ, ਸੁੰਗੜ ਰਹੇ ਚੇਤਨ-ਆਪੇ, ਮਰ ਰਹੇ ਜਜ਼ਬਿਆਂ ਦੀ ਭਾਸ਼ਾ,ਪਰਵਾਸ, ਰੋਜ਼ੀ-ਰੋਟੀ ਦਾ ਸੰਕਟ, ਦਿੱਲੀ ਦੀ ਸੱਤਾ ਤੇ ਤਾਕਤ , ਪ੍ਰਗਤੀਸ਼ੀਲ ਆਵਾਜ਼ਾਂ ਦਾ ਦਮਨ, ਸਮਾਜਕ ਸੰਸਥਾਵਾਂ ਦੀ ਗਿਰਾਵਟ, ਮੁਹੱਬਤੀ ਪ੍ਰਵਚਨਾਂ ਦਾ ਮੰਡੀਕਰਨ, ਬਿਰਹਾ, ਵਿਯੋਗ ਅਤੇ ਗ਼ਮ ਦਾ ਕਲਾਤਮਕ ਮਾਹੌਲ ਬਰਜਿੰਦਰ ਚੌਹਾਨ ਦੀਆਂ ਗ਼ਜਲਾਂ ਦੇ ਸਰੋਕਾਰ ਵਜੋਂ ਹੀ ਨਹੀਂ ਉੱਭਰਦੇ ਸਗੋਂ ਸਮਕਾਲੀ ਯਥਾਰਥ ਦੇ ਬਹੁਆਯਾਮੀ ਨਕਸ਼ ਵੀ ਉੱਭਰਦੇ

ਹਨ। ਉਸ ਕੋਲ ਦਾਰਸ਼ਨਿਕ ਸੂਝ ਤੇ ਡੂੰਘਾਈ ਹੋਣ ਕਰਕੇ ਵਸਤੂ-ਵੇਰਵੇ ਵਾਸਤਵਿਕਤਾ ਦੀ ਦ੍ਰਿਸ਼ਟੀ ਨਾਲ ਸੰਪੰਨ ਹੁੰਦੇ ਹਨ। ਉਹ ਬੇਲਿਹਾਜ਼ ਵੀ ਲੱਗਦਾ ਹੈ ਤੇ ਕੋਮਲ-ਭਾਵੀ ਵੀ। ਉਸ ਦੇ ਕੋਲ 'ਘਰ' ਦਾ ਜੋ ਮੈਟਾਫ਼ਰ ਹੈ ਉਹ ਬਹੁਤ ਸਿਰਜਣਾਤਮਕ ਵੀ ਹੈ ਅਤੇ ਵਿਰੋਧਾਤਮਕ ਵੀ। 'ਘਰ' ਦੇ ਮੈਟਾਫ਼ਰ ਜ਼ਰੀਏ ਉਹ ਸਮਾਜਕ-ਸਭਿਆਚਾਰਕ ਵਿਵਸਥਾ ਅਤੇ ਸੰਸਥਾਵਾਂ ਨੂੰ ਮੁਖ਼ਾਤਿਬ ਵੀ ਹੁੰਦਾ ਹੈ ਅਤੇ ਘਰ ਨਿੱਘ, ਅਪਣੱਤ ਅਤੇ ਕਲਾਵੇ ਦਾ ਚਿਹਨਤ ਵੀ ਉਸਾਰਦਾ ਹੈ:

1. ਆਪਣੇ ਘਰ ਦੇ ਵਿਹੜੇ ਵਿਚਲਾ ਰੁੱਖ ਜਦ ਮੈਂ ਯਾਦ ਕਰਾਂ
ਸੌਖੇ ਹੋ ਜਾਂਦੇ ਨੇ ਪੈਂਡੇ ਤਪਦੇ ਰੇਗਿਸਤਾਨਾਂ ਦੇ

2. ਕੋਈ ਰਸਤਾ ਹਮੇਸ਼ਾ ਨਜ਼ਰ ਵਿੱਚ ਰਿਹਾ
ਘਰ 'ਚ ਹੋ ਕੇ ਵੀ ਮੈਂ ਤਾਂ ਸਫ਼ਰ ਵਿੱਚ ਰਿਹਾ

3. ਦਿਸਿਆ ਨਾ ਅੰਤ ਕੋਈ ਕਿਧਰੇ ਵੀ ਜਦ ਸਫ਼ਰ ਦਾ
ਭਟਕੇ ਮੁਸਾਫ਼ਰਾਂ ਨੂੰ ਆਇਆ ਖ਼ਿਆਲ ਘਰ ਦਾ

4. ਇੱਕ ਮੁੱਦਤ ਤੋਂ ਦਫ਼ਨ ਹੈ ਇਸ ਵਿੱਚ ਮੇਰੀ ਲਾਸ਼
ਘਰ ਨਾ ਸਮਝੋ ਏਸ ਨੂੰ, ਇਹ ਹੈ ਇੱਕ ਮਜ਼ਾਰ

5. ਦਿਲਾਂ ਵਿੱਚ ਧੜਕਦੇ ਰਹਿੰਦੇ ਨੇ ਫਿਰ ਵੀ ਘਰ ਹਮੇਸ਼ਾ
ਸਦਾ ਗੌਤਮ ਨਹੀਂ ਬਣਦਾ ਕੋਈ ਸੰਨਿਆਸ ਲੈ ਕੇ

ਬਰਜਿੰਦਰ ਚੌਹਾਨ ਜ਼ਿੰਦਗੀ ਨਾਲ ਪ੍ਰਤਿਬੱਧ ਸ਼ਾਇਰ ਹੈ। ਉਸ ਅੰਦਰ ਆਸ਼ਾ ਅਤੇ ਆਸ ਹੈ। ਇਸ ਕਰਕੇ ਗ਼ਜ਼ਲ ਨੂੰ ਉਹ ਸ਼ਾਸਤਰੀ ਬੰਧੇਜ ਜਾਂ ਸੁਹਜ ਨਿਯਮਾਂ ਤੱਕ ਸੀਮਿਤ ਨਹੀਂ ਹੋਣ ਦਿੰਦਾ। ਸਗੋਂ ਉਹ ਕਹਿੰਦਾ ਹੈ:

ਗ਼ਜ਼ਲ ਕਹਾਂਗੇ ਅਸੀਂ ਤਾਂ ਸਦਾ ਹੀ ਬਹਿਰ ਅੰਦਰ
ਕਮਾਲ ਇਹ ਵੀ ਕਿ ਸ਼ਿਅਰਾਂ 'ਚੋਂ ਰੱਤ ਚੋਏਗੀ।

□□□

# ਖ਼ੁਦ ਨੂੰ ਸਮਝੇ ਸਾਨ੍ਹ ਜੋ

## *ਜੋਗੇ ਭੰਗਲ*

ਸਵਾ ਛੇ ਫੁੱਟ ਕੱਦ, ਭਰਵਾਂ ਸਰੀਰ, ਮੁੱਛਾਂ ਖੜ੍ਹੀਆਂ, ਅੱਖਾਂ ਚੜ੍ਹੀਆਂ, ਠੋਕ ਕੇ ਬੰਨ੍ਹੀ ਪੱਗ ਵਾਲੇ ਪੁਲਸੀਏ ਨੇ ਜਿਉਂ ਹੀ ਡਾਕਟਰ ਦੇ ਕਲੀਨਿਕ 'ਚ ਪ੍ਰਵੇਸ਼ ਕਰਿਆ;ਉਦੋਂ ਹੀ ਇਕ ਸੋਹਣੇ ਸੁਨੱਖੇ ਜਿਹੇ ਜਵਾਨ ਜੋੜੇ ਨੇ ਬਾਹਰ ਨਿਕਲਣ ਲਈ ਪੱਬ ਧਰਿਆ। ਜ਼ਨਾਨੀ ਵੱਲ ਵੇਖਦਾ ਪੁਲਸ ਵਾਲਾ ਅੱਖਾਂ ਝਪਕਣੀਆਂ ਭੁੱਲ ਗਿਆ। ਉਹਨੇ ਅੱਖਾਂ ਅੱਡ ਕੇ ਅੰਦਰ ਵੱਲ ਝਾਕਿਆ, ਹੋਰ ਕੋਈ ਮਰੀਜ਼ ਨਾ ਦੇਖ ਕੇ ਉਹਨੂੰ ਤਸੱਲੀ ਜਿਹੀ ਹੋਈ।

"ਯਾਰ ਡਾਕਟਰ! ਆਹ ਤਾਂ ਚੱਕਣ ਆਲੀ ਪੱਠ ਏ। ਬਾਹਲੀ ਸੈਕਸੀ ਲਗਦੀ ਆ।" ਪੁਲਸੀਆ ਸ਼ੇਰ ਸਿੰਘ ਬੇਝਿਝਕ ਕਹਿੰਦਾ ਹੱਸ ਪਿਆ।

ਡਾਕਟਰ ਹੱਸਿਆ ਪਰ ਸੀਰੀਅਸ ਜਿਹਾ। "ਨਾਲ ਬੰਦਾ ਵੀ ਦੇਖਿਆ! ਉਹਦੀ ਪਰਸਨੈਲਟੀ ਕਿਤੇ ਘੱਟ ਏ? ਬਰਾਬਰ ਦੀ ਟੱਕਰ ਆ। ਨਾਲੇ ਥੁਆਡਾ ਧਿਆਨ ਬੰਦੇ ਵੱਲ ਘੱਟ ਹੁੰਦੈ ਤੇ ਜ਼ਨਾਨੀ ਵੱਲ..." ਡਾਕਟਰ ਵਿਅੰਗਮਈ ਜਿਹਾ ਫੇਰ ਹੱਸਿਆ।

"ਡਾਕਟਰਾ ਹੱਟ ਜਾ;ਇਹ ਸਭ ਪਰਦੇ ਆ। ਜਿੱਥੇ ਕਿਹੇ ਦਾ ਦਾਅ ਲਗਦਾ,ਘੱਟ ਕੋਈ ਨਈਂ ਕਰਦਾ;ਪੁਲਸੀਏ ਤਾਂ ਊਈਂ ਤੁਹੀਂ ਬਦਨਾਮ ਕੀਤੇ ਵੇ।" ਪੁਲਸ ਵਾਲਾ ਮੁੱਛ ਨੂੰ ਤਾਅ ਦਿੰਦਾ ਮੁਸਕਣੀਏ ਂ ਹੱਸਿਆ।

"ਦੁਖੀ ਏ ਵਿਚਾਰੀ। ਮੇਰੇ ਕੋਲ਼ ਕਈ ਵਾਰ ਆਪਣੇ ਦੁੱਖੜੇ ਫੋਲ ਚੁੱਕੀ ਏ। ਪੰਜ ਸਾਲ ਹੋ ਗਏ ਵਿਆਹ ਨੂੰ; ਨਿਆਣਾ ਨਈਂ ਹੁੰਦਾ ਪਿਆ। ਸੱਸ,ਨਣਾਨਾਂ ਨੇ ਅੱਲਗ ਜੀਣਾ ਹਰਾਮ ਕੀਤਾ ਹੋਇਆ। ਉਹ ਇਹਦੇ ਹਸਬੈਂਡ ਨੂੰ ਕਹਿੰਦਿਆਂ ਕਿ ਤੂੰ ਇਹਨੂੰ ਤਲਾਕ ਦੇਹ, ਤੇਰਾ ਹੋਰ ਵਿਆਹ ਕਰੀਏ। ਘਰਵਾਲਾ ਊਂ ਇਹਦੇ ਨਾਲ ਖੜ੍ਹਾ ਪਰ ਦੂਜੇ ਪਾਸੇ ਮਾਪੇ,ਭੈਣ ਏ। ਜੇ ਕਹਿੰਦਾ ਤਾਂ ਘਰ 'ਚ ਕਲੇਸ ਪੈਂਦਾ। ਵਾਹਲੀਉ ਦੁਖੀ ਆ ਵਿਚਾਰੀ।" ਡਾਕਟਰ ਨੇ ਅਫ਼ਸੋਸਿਆ ਜਿਹਾ ਮੂੰਹ ਬਣਾਇਆ।

"ਨਾ ਤੁਸੀਂ ਡਾਕਟਰ ਟੱਟੂ ਦੇ ਉਂ ਫੇਰ ਨੁਕਸ ਕਿਹਦੇ 'ਚ

*ਮੋ-94659-52938*

ਆ?"

"ਨੁਕਸ ਮੈਨੂੰ ਕਿਸੇ 'ਚ ਨਈਂ ਲਗਦਾ। ਇਕ ਵਾਰ ਨਿਆਣਾ ਠਹਿਰਿਆ; ਤਿੰਨੀਂ ਕੁ ਮਹੀਨੀਂ ਆਬਰਸ਼ਨ ਹੋ ਗਿਆ ਤੇ ਮੁੜ ਕੇ ਹੋਇਆ ਨਈਂ। ਜਾਂ ਤਾਂ ਕੋਈ ਨੁਕਸ ਬਹਿ ਗਿਆ; ਰੱਬ ਜਾਣੇ। ਮੈਂ ਤਾਂ ਹੁਣ ਕਿਸੇ ਸਪੈਸ਼ਲਿਸਟ ਲੇਡੀ ਡਾਕਟਰ ਤੋਂ ਚੈਕ ਕਰਾਉਣ ਦੀ ਸਲਾਹ ਦਿੱਤੀ ਏ।"

"ਪਰ ਮੈਨੂੰ ਤਾਂ ਐਵੇਂ ਨਾਲ ਵਾਲਾ ਬੰਦਾ ਲੋਲ੍ਹੜ ਲਗਦੈ। ਊਂ ਬੇਸ਼ਕ ਦੇਖਣ ਨੂੰ ਠੀਕ ਏ। ਯਾਦ ਰੱਖੀਂ ਡਾਕਟਰ! ਸਾਡੀ ਪੁਲਸ-ਅੱਖ ਧੋਖਾ ਨਈਂ ਖਾਂਦੀ। ਅਸੀਂ ਤਾਂ ਉੱਡਦੇ ਪਰਿੰਦਿਆ ਦੇ ਪਰ ਗਿਣ ਲਈਦੇ ਆ। ਲੈ ਏਦਾਂ ਦੀ ਜ਼ਨਾਨੀ ਸਾਡੇ ਪੈੜੇ ਚੜ੍ਹੀ ਹੁੰਦੀ ਤਾਂ ਹੁਣ ਤੱਕ ਨਿਆਣਿਆਂ ਦੀ ਲਾਈਨ ਲਾ ਦਿੰਦੇ।"

"ਜਾਣ ਦਿਉ ਜਨਾਬ! ਥੋੜ੍ਹਾ ਪਰਿਵਾਰ ਨਿਯੋਜਨ ਦਾ ਵੀ ਖਿਆਲ ਕਰੋ।" ਡਾਕਟਰ ਨੇ ਹੱਸਦਿਆਂ ਹੱਥ ਜੋੜੇ।

"ਲੈ ਹੋਰ ਸੁਣ ਡਾਕਟਰ! ਭੇਜ ਇਸ ਰੰਨ ਨੂੰ ਮੇਰੇ ਕੋਲ਼।________.ਕਰਨਾ-ਕਰਾਉਣਾ ਆਪਾਂ ਕੱਖ਼ ਨਈਂ। ਬੱਸ ਸਾਡੇ ਸੁੱਕਣੇ ਪਾਏ ਕੱਛੇ ਨਾਲ ਖਹਿ ਕੇ ਲੰਘ ਜਾਏ______..ਬੱਚਾ ਨਾ ਹੋਇਆ ਤਾਂ ਨਾਂ ਵਟਾ ਦੇਈਂ।" ਨਾਲੇ ਤਾੜੀ ਮਾਰ ਕੇ ਉਹ ਮੁੱਛ ਨੂੰ ਵੱਟ ਦਿੰਦਾ ਖ਼ਚਰਾ ਜਿਹਾ ਹੱਸ ਪਿਆ।

'ਦੇਖਿਉ ਮਾਰਾਜ਼! ਮਾਵਾਂ-ਭੈਣਾਂ ਵੀ ਵਿਹੜੇ 'ਚ ਘੁੰਮਦੀਆਂ ਹੁੰਦੀਆਂ,ਕਿਤੇ ਭੁੱਲ-ਭੁਲੇਖੇ ਖਹਿ ਗਈਆਂ ਤਾਂ________।' ਡਾਕਟਰ ਮਨ 'ਚ ਕਹਿਣ ਲਈ ਸੋਚਦਾ ਮਸਾਂ ਸੰਭਲਿਆ ਕਿ ਕਿਤੇ ਗਲ਼ ਨਾ ਪੈ ਜਏ;ਆਪ ਤਾਂ ਇਹ ਜੋ ਮਰਜ਼ੀ ਕਹਿ ਲੈਣ।

ਪੁਲਸ ਵਾਲੇ ਨੇ ਇਧਰ-ਉਧਰ ਦੇਖਿਆ। ਕਈ ਮਰੀਜ਼ ਇਕੱਠੇ ਹੀ ਅੰਦਰ ਲੰਘ ਆਏ ਸਨ। "ਮੈਂ ਵੀ ਇਕ ਮਾੜੀ ਜਿਹੀ ਦਵਾ ਲੈਣੀ ਸੀ। ਮੈਂ ਜ਼ਰਾ ਕਾਹਲੀ 'ਚ ਆਂ;ਫੇ ਸਹੀ।" ਕਹਿ ਕੇ ਉਹ ਚਲਦਾ ਬਣਿਆਂ।

'ਮੇਰੇ ਮਾਮੇ ਦਾ ਮੁੰਡਾ ਵੀ ਪੁਲਸ 'ਚ ਏ ਪਰ ਉਹਨੇ ਕਦੀ ਇੱਦਾਂ ਦੀਆਂ ਲੁੱਚੀਆਂ,ਕਮੀਨੀਆਂ ਗੱਲਾਂ ਨਈਂ ਕੀਤੀਆਂ।' ਡਾਕਟਰ ਮਨ ਹੀ ਮਨ ਸੋਚਦਾ ਮਰੀਜ਼ ਚੈਕ ਕਰਨ ਲੱਗ ਪਿਆ। ਅੱਧੇ ਕੁ ਘੰਟੇ 'ਚ ਉਹਨੇ ਸਾਰੇ ਮਰੀਜ਼ ਭੁਗਤਾ ਲਏ।

ਇੰਨੇ ਨੂੰ ਇਕ ਲੰਮੀ-ਝੰਮੀ,ਸੁਨੱਖੀ ਜ਼ਨਾਨੀ ਚੁਪਕੇ ਜਿਹੇ ਡਰਦੀ-ਡਰਦੀ ਅੰਦਰ ਵੜੀ ਜਿਵੇਂ ਉਹਦਾ ਕੋਈ ਪਿੱਛਾ ਕਰ ਰਿਹਾ ਹੋਵੇ। ਡਾਕਟਰ ਨੇ ਮੁਸਕਰਾ ਕੇ ਸਿਰ ਹਿਲਾਉਂਦਿਆਂ ਬਹਿਣ ਦਾ ਇਸ਼ਾਰਾ ਕੀਤਾ। "ਹਾਂ ਜੀ ਮੈਡਮ!........ਦੱਸੋ ?"

ਉਹਨੇ ਇਕ ਲੰਬਾ ਹਉਕਾ ਲਿਆ। "ਡਾਕਟਰ ਸਾਬ੍ਹ! ________।" ਇਸ ਤੋਂ ਅੱਗੇ ਉਹਤੋਂ ਬੋਲਿਆ ਨਾ ਗਿਆ। ਉਹਨੇ ਸਹਿਮੀ-ਸਹਿਮੀ ਨੇ ਇਧਰ-ਉਧਰ ਦੇਖਿਆ। ਕੋਈ ਅੰਦਰਲਾ ਡਰ ਉਹਨੂੰ ਟਿਕਣ ਨਹੀਂ ਸੀ ਦੇ ਰਿਹਾ।

"ਮੇਰੀ-ਤੁਹਾਡੀ ਗੱਲ ਮੇਰੇ-ਤੇਰੇ 'ਚ ਏ। ਡਾਕਟਰ ਦਾ ਰਿਸ਼ਤਾ ਮਰੀਜ਼ ਨਾਲ ਮਾਵਾਂ-ਧੀਆਂ

ਵਾਲਾ ਹੁੰਦਾ। ਤੁਸੀਂ ਖੁੱਲ੍ਹ ਕੇ ਦੱਸੋ।" ਡਾਕਟਰ ਨੇ ਉਹਨੂੰ ਹੌਸਲਾ ਦਿੱਤਾ।........ਨਾਲੇ ਆਪਾਂ ਦਵਾ ਦਿੰਨੇ ਆਂ, ਦਰਦ ਨਈਂ।" ਉਹਦੀ ਹਾਲਤ ਨੂੰ ਦੇਖਦਿਆਂ ਡਾਕਟਰ ਨੇ ਪਾਣੀ ਪਿਲਾ ਕੇ ਉਹਨੂੰ ਕਾਇਮ ਜਿਹਾ ਕੀਤਾ।

"ਡਾਕਟਰ ਸਾਬ੍ਹ! ਕੀ ਦੱਸਾਂ। ......ਮੈਂ ਬਹੁਤ ਦੁਖੀ ਆਂ!" ਕਹਿ ਕੇ ਉਹ ਫਿਸ ਹੀ ਗਈ, "ਆਪਣਿਆਂ, ਗੁਆਂਢਣਾਂ, ਰਿਸ਼ਤੇਦਾਰਾਂ ਦੇ ਤਾਨ੍ਹੇ-ਮਿਹਣੇ ਜੀਣ ਨਈਂ ਦਿੰਦੇ।......ਸੱਤ ਸਾਲ ਹੋ ਗਏ ਵਿਆਹ ਨੂੰ ਪਰ ਬੱਚਾ ਨਈਂ......। ਮੈਂ ਡਰਦੀ ਆਂ ਕਿ ਸੱਸ,ਨਣਾਨਾਂ ਕਿਤੇ ਤਲਾਕ ਈ ਨਾ ਕਰਾ ਦੇਣ।"

"ਹਸਬੈਂਡ........।"

"ਪਲੀਜ਼ ਡਾਕਟਰ ਸਾਬ੍ਹ! ਮੈਂ ਉਹਨਾਂ ਬਾਰੇ ਕੁਝ ਨਈਂ ਕਹਿਣਾ।" ਉਹ ਆਲੇ-ਦੁਆਲੇ ਦੇਖਦੀ ਕੰਬੀ ਜਾ ਰਹੀ ਸੀ।

"ਬੀਬੀ! ਫਿਰ ਸਮੱਸਿਆ ਕਿਵੇਂ ਹੱਲ ਹੋਊ? ਉਹ ਵੀ ਨਾਲ ਹੋਵੇ ਨਾ। ਨੁਕਸ ਦਾ ਕਿਵੇਂ ਪਤਾ ਲੱਗੂ?" ਉਹਦੇ ਹਟਕੋਰੇ ਸੁਣ ਕੇ ਡਾਕਟਰ ਦਾ ਵੀ ਹਉਕਾ ਜਿਹਾ ਨਿਕਲ ਗਿਆ। ਉਹਨੇ ਖ਼ੁਦ ਹੀ ਮਹਿਸੂਸ ਕੀਤਾ ਕਿ ਜ਼ਰੂਰ ਇਹਦੇ ਲਈ ਇਹਦਾ ਪਤੀ ਜ਼ਿੰਮੇਵਾਰ ਹੋਣੈ। ਸ਼ਾਇਦ ਆਪਣੀ ਕਿਸੇ ਕਮਜ਼ੋਰੀ ਕਰਕੇ ਉਹਨੇ ਇਹਨੂੰ ਬਹੁਤ ਡਰਾਇਆ ਹੋਇਆ। ......"ਹਾਂ,ਸੱਚ ਉਹ ਕੰਮ ਕੀ ਕਰਦੇ ਨੇ?" ਡਾਕਟਰ ਨੇ ਸ਼ਾਇਦ ਕੋਈ ਹੋਰ ਰਾਹ ਲੱਭਣਾ ਚਾਹਿਆ।

"ਪਲੀਜ਼ ਡਾਕਟਰ ਸਾਬ੍ਹ!" ਉਹਨੇ ਹੱਥ ਜੋੜੇ। ਉਹ ਦੱਸਣੋਂ ਵੀ ਡਰਦੀ ਸੀ।

"ਅੱਛਾ,ਜੇ ਮੈਂ ਖਾਣ ਲਈ ਦੁਆਈ ਦਿਆਂ, ਤਾਂ ਉਹਨੂੰ ਦੁੱਧ 'ਚ ਪਾ ਕੇ ਦੇ ਸਕਦੀ ਏਂ? .....ਕੋਈ ਖਾਸ ਨਈਂ ; ਮਾਮੂਲੀ, ਸਾਧਾਰਨ ਏ।" ਡਾਕਟਰ ਨੇ ਇਕ ਹੋਰ ਪੱਤਾ ਖੇਡਿਆ।

"ਨਈਂ ......ਹਾਂ, ਕੋਸ਼ਿਸ਼ ਕਰ ਲਾਂਗੀ।" ਆਖ਼ਿਰ ਉਹ ਕਿਸੇ ਤਾਂ ਗੱਲ 'ਤੇ ਖੜ੍ਹੀ ਸੀ। ਡਾਕਟਰ ਲਈ ਇੰਨਾ ਬਹੁਤ ਸੀ।

ਦੁਆਈ ਲੈ ਕੇ ਸਹਿਮੀ ਜਿਹੀ ਆਲੇ-ਦੁਆਲੇ ਦੇਖਦੀ ਨੇ ਉਹਨੇ ਕੰਬਦੇ ਹੱਥਾਂ ਨਾਲ ਕਲੀਨਿਕ ਦਾ ਦਰਵਾਜ਼ਾ ਖੋਲ੍ਹਿਆ ਅਤੇ ਚੁੰਨੀ ਦਾ ਪੱਲਾ ਥੋੜ੍ਹਾ ਮੂੰਹ ਵੱਲ ਸਰਕਾ ਕੇ,ਨੀਵੀਂ ਜਿਹੀ ਪਾਈ ਦਬੇ ਪੈਰੀਂ, ਲੜਖੜ੍ਹਾਉਂਦੀ ਜਿਹੀ ਸੜਕ ਤੋਂ ਭੀੜੀ ਜਿਹੀ ਗਲੀ ਵੱਲ ਨੂੰ ਮੁੜ ਗਈ। 'ਮਰੀਜ਼ ਕੋਈ ਹੋਰ ਏ ਤੇ ਬਣਿਆਂ ਕੋਈ ਹੋਰ ਫਿਰਦਾ। ਮਰੀਜ਼ ਨਾਲੇ ਚੋਰ ਨਾਲੇ ਚਤੁਰ।........ ਪੁੱਠੇ -ਸਿੱਧੇ ਕੰਮ ਕਰਦਿਆਂ ਹੋ ਸਕਦਾ ਕੋਈ ਸੈਕਸੁਅਲ ਪਰਾਬਲਮ ਮਰਦ ਨੂੰ ਹੋਵੇ। ਬਦਨਾਮ ਵਿਚਾਰੀ ਇਹ ਜ਼ਨਾਨੀ।' ਡਾਕਟਰ ਮਨ ਹੀ ਮਨ ਸੋਚਦਾ ਰਿਹਾ।

ਮੁੜ ਉਹ ਜ਼ਨਾਨੀ ਕਦੇ ਕਲੀਨਿਕ 'ਤੇ ਨਾ ਆਈ ਅਤੇ ਨਾ ਹੀ ਡਾਕਟਰ ਨੇ ਉਹਨੂੰ ਕਦੇ ਸੜਕ-ਗਲੀ ਲੰਘਦੇ ਦੇਖਿਆ ਪਰ ਡੇਢ ਕੁ ਸਾਲ ਬਾਅਦ ਅਚਾਨਕ ਉਹ ਇਕ ਦਿਨ ਕਲੀਨਿਕ 'ਤੇ ਡਾਕਟਰ ਦੇ ਸਾਹਮਣੇ ਖਿੜਖਿੜਾਉਂਦੀ ਆ ਖੜ੍ਹੀ ਹੋਈ। ਡਾਕਟਰ ਨੂੰ ਦੇਖ ਕੇ ਬੜਾ ਅਚੰਭਾ ਹੋਇਆ। ਜ਼ਨਾਨੀ ਦਾ ਚਿਹਰਾ ਨੂਰੋਨੂਰ ਸੀ। ਕੁੱਛੜ ਗੋਲ-ਮਟੋਲ ਜਿਹਾ ਬਾਲ ਮੁਸਕਰਾ ਰਿਹਾ ਸੀ।

"ਵਾਹ! ਵਧਾਈਆਂ।" ਡਾਕਟਰ ਨੂੰ ਦੇਖ ਕੇ ਬੜੀ ਖੁਸ਼ੀ ਹੋਈ।

"ਡਾਕਟਰ ਸਾਬ੍ਹ! ਮੈਂ ਆਪਣੀ ਭੈਣ ਤੋਂ ਗੋਦ ਲਿਆ। ਉਹਨਾਂ ਦੇ ਪਹਿਲੋਂ ਦੋ ਬੱਚੇ ਸਨ ਤੇ ਇਹ ਉਹਨਾਂ_______।"

"ਸਮਝ ਗਿਆ,ਸਮਝ ਗਿਆ।_____.ਪਰ ਉਹ ਦਵਾਈ_______..!"

"ਉਹ ਛੱਡੋ ਡਾਕਟਰ ਸਾਬ੍ਹ! ਉਂਝ ਮੈਂ ਹੁਣ ਬਹੁਤ ਖੁਸ਼ ਆਂ ਤੇ ਸਾਰੇ ਮੇਰਾ ਬਹੁਤ ਕਰਦੇ ਨੇ। ਬੱਸ ਹੋਰ ਮੈਨੂੰ ਕੁਛ ਨਈਂ ਚਾਹੀਦਾ।" ਕਹਿੰਦਿਆਂ ਉਹ ਬੱਚੇ ਵੱਲ ਵੇਖਦੀ ਮੁਸਕਰਾ ਪਈ।

ਡਾਕਟਰ ਨੇ ਹੋਰ ਜ਼ਿਆਦਾ ਖੋਜ ਪੁੱਟਣੀ ਠੀਕ ਨਾ ਸਮਝੀ ਅਤੇ ਉਹ ਮਠਿਆਈ ਦਾ ਡੱਬਾ ਦੇ ਕੇ ਚਲਦੀ ਬਣੀ। ਉਹਨੂੰ ਛਣ-ਛਣ ਕਰਦੀ ਨੂੰ ਤੁਰੇ ਜਾਂਦਿਆਂ ਦੇਖ ਕੇ ਡਾਕਟਰ ਨੂੰ ਵੀ ਵਧੀਆ ਲੱਗਿਆ।

ਪਰ ਇਕ ਦਿਨ ਕਿਤੇ ਸਵੇਰੇ-ਸਾਝ੍ਹਰੇ ਡਾਕਟਰ ਆਪਣੀ ਭੈਣ ਅਤੇ ਉਹਦੇ ਬੱਚੇ ਨੂੰ ਬੱਸੇ ਚਾੜ੍ਹਨ ਲਈ ਬੱਸ ਸਟੈਂਡ ਗਿਆ।_____.ਪਰ ਜਦ ਉਹਨੇ ਵਾਪਸ ਆਉਣ ਲਈ ਮੋਟਰ-ਸਾਈਕਲ ਘੁੰਮਾਇਆ ਤਾਂ ਦੇਖ ਕੇ ਖੜ੍ਹੇ ਦਾ ਖੜ੍ਹਾ ਰਹਿ ਗਿਆ। ਓਹੀ ਲੰਮਾ-ਝੰਮਾ ਸਰਦਾਰ,ਮੁੱਛਾਂ ਖੜ੍ਹੀਆਂ,ਠੋਕ ਕੇ ਬੱਝੀ ਪੱਗ,ਅੱਖਾਂ ਚੜ੍ਹੀਆਂ;ਕੁੱਛੜ ਗੋਦ ਲਿਆ ਓਹੀ ਬੱਚਾ ਜੋ ਜ਼ਨਾਨੀ ਕਲੀਨਿਕ 'ਤੇ ਲੈ ਕੇ ਆਈ ਸੀ। ਉਸੇ ਸੋਹਣੀ-ਸੁਨੱਖੀ ਜ਼ਨਾਨੀ ਮਤਲਬ ਆਪਣੀ ਪਤਨੀ ਦੇ ਮੋਢ੍ਹੇ-ਮੋਢ੍ਹੇ ਮਿੰਨ੍ਹਾ-ਮਿੰਨ੍ਹਾ ਮੁਸਕਰਾਉਂਦਾ,ਨੀਵੀਂ ਜਿਹੀ ਪਾਈ ਤੁਰਿਆ ਜਾਵੇ। 'ਹੈਂ! ਇਹ ਤਾਂ ਉਹੀ ਵੱਡਾ 'ਸਾਨ੍ਹ' ਏ,ਜਿਹੜਾ ਕਹਿੰਦਾ ਸੀ ਕਿ ਉਹਦੇ ਸੁੱਕਣੇ ਪਾਏ ਕੱਛੇ ਨਾਲ_______.?' ਡਾਕਟਰ ਨੇ ਆਪਣੇ ਅੰਦਰ ਦੀ ਕਚਿਆਣ ਜਿਹੀ ਥੁੱਕਦਿਆਂ, ਝੱਟ ਮੋਟਰਸਾਈਕਲ ਦੂਜੀ ਸਾਈਡ ਨੂੰ ਘੁੰਮਾ ਕੇ ਮੂੰਹ ਫੇਰ ਲਿਆ।

□□□

# ਭਾਈ ਵੀਰ ਸਿੰਘ ਸਾਹਿਤ ਵਿਚ ਨਾਰੀ-ਬਿੰਬ

*ਡਾ. ਕੁਲਦੀਪ ਕੌਰ ਪਾਹਵਾ*

*ਪੰਜਾਬੀ ਵਿਭਾਗ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ*

ਭਾਈ ਵੀਰ ਸਿੰਘ ਦੇ ਸਮੁੱਚੇ ਸਾਹਿਤ ਵਿਚੋਂ ਜਿਹੜੀ ਗੱਲ ਸਪਸ਼ਟ ਰੂਪ ਵਿਚ ਪ੍ਰਤੀਪਾਦਿਤ ਹੁੰਦੀ ਹੈ ; ਉਹ ਹੈ ਕਿ ਭਾਈ ਵੀਰ ਸਿੰਘ ਇਕ ਵਿਸ਼ੇਸ਼ ਉਦੇਸ਼ ਹਿਤ ਆਪਣੇ ਵਿਚਾਰਾਂ ਦਾ ਸੰਚਾਰ ਕਰਦੇ ਹਨ। ਆਪ ਦੀ ਸਮੁੱਚੀ ਰਚਨਾ ਗੁਰਮਤਿ ਵਿਚਾਰਧਾਰਾ ਪ੍ਰਤੀ ਪੂਰੀ ਤਰ੍ਹਾਂ ਪ੍ਰਤੀਬੱਧ ਹੈ ਇਸ ਕਰ ਕੇ ਆਪ ਦਾ ਸਮੁੱਚਾ ਸਾਹਿਤ ਗੁਰਮਤਿ ਦੀ ਫਿਲਾਸਫ਼ੀ, ਸਿੱਖ ਸਿਧਾਂਤਾਂ, ਸਿੱਖ ਇਤਿਹਾਸ ਅਤੇ ਸਿੱਖ-ਧਰਮ ਦੇ ਅਧਿਆਤਮਕ ਅਤੇ ਰਹੱਸਵਾਦੀ ਭਾਵਾਂ ਵਿਚੋਂ ਆਪਣੀ ਹੋਂਦ ਧਾਰਦਾ ਹੈ। ਹੱਥਲੇ ਲੇਖ ਵਿਚ ਜਦੋਂ ਅਸੀਂ ਆਪ ਦੇ ਸਾਹਿਤ ਵਿਚੋਂ ਨਾਰੀ-ਬਿੰਬ ਦੀ ਤਲਾਸ਼ ਕਰਨੀ ਹੈ ਤਾਂ ਉਸ ਲਈ ਸਾਨੂੰ ਗੁਰਮਤਿ ਵਿਚ ਪੇਸ਼ ਨਾਰੀ ਦੇ ਸੰਕਲਪ ਨੂੰ ਧਿਆਨ ਵਿਚ ਰੱਖਣਾ ਪਵੇਗਾ। ਗੁਰਬਾਣੀ ਵਿਚ ਔਰਤ ਨੂੰ ਇਕ ਇਨਸਾਨੀ-ਹੋਂਦ-ਮੂਲਕ ਸਥਾਨ ਪ੍ਰਾਪਤ ਹੋਇਆ ਹੈ ਕਿਉਂਕਿ ਹੁਣ ਤਕ ਦੇ ਸਾਰੇ ਅਧਿਐਨ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਵਿਸ਼ਵ-ਪੱਧਰ ਉਤੇ ਔਰਤ ਨੂੰ ਇਕ ਮਾਨਵੀ ਹੋਂਦ ਦੇ ਤੌਰ 'ਤੇ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਪੇਸ਼ ਕੀਤਾ ਜਦ ਕਿ ਅੱਜ ਵੀ ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਨਾਰੀ ਪ੍ਰਤੀ ਚੇਤੰਨਤਾ ਨਿਰੋਲ ਪੱਛਮੀ ਗਿਆਨ ਦੀ ਹੀ ਉਪਜ ਹੈ। ਗੁਰਮਤਿ ਵਿਚਾਰਧਾਰਾ ਆਪਣੇ ਤੋਂ ਪੂਰਬਲੇ ਗਿਆਨ ਸ਼ਾਸਤਰਾਂ ਨਾਲ ਚੇਤੰਨ ਤੌਰ 'ਤੇ ਰਚਾਏ ਸੰਵਾਦ ਵਿਚੋਂ ਹੋਂਦ ਧਾਰਦੀ ਹੈ ਜਿਸ ਵਿਚ ਪ੍ਰਾਚੀਨ ਭਾਰਤੀ ਪਰੰਪਰਾ ਦੇ ਸਨਾਤਨੀ ਰੂਪ ਤੋਂ ਬਿਨਾ ਬੁੱਧ-ਮੱਤ, ਜੈਨ ਮੱਤ, ਸਿੱਧ ਮੱਤ ਅਤੇ ਨਾਥ-ਜੋਗੀਆਂ ਦਾ ਮੱਤ ਵਿਸ਼ੇਸ਼ ਤੌਰ 'ਤੇ ਉਲੇਖ ਕਰਨ ਯੋਗ ਹੈ। ਆਪਣੀ ਸੰਵਾਦੀ ਬਿਰਤੀ ਅਤੇ ਵਿਵੇਕਸ਼ੀਲ ਗਿਆਨ ਸਦਕਾ ਸਿੱਖ-ਧਰਮ ਔਰਤ ਪ੍ਰਤੀ ਵੀ ਬੜੀ ਕ੍ਰਾਂਤੀਕਾਰੀ, ਨਵੀਨ ਅਤੇ ਵਿਲੱਖਣ ਚੇਤਨਾ ਦਾ ਧਾਰਨੀ ਬਣਦਾ ਹੈ। ਇਸ ਪੂਰੇ ਪ੍ਰਕਰਨ ਵਿਚ ਨਾਰੀ ਦਲਿਤ, ਪਸ਼ੂ-ਤੁੱਲ ਅਤੇ ਵਸਤੂਪਰਕ ਹੋਂਦ ਮੰਨੀ ਜਾਣ ਕਰਕੇ ਪੂਰੀ ਤਰ੍ਹਾਂ ਦਮਿਤ ਅਤੇ ਮਰਦ ਨਾਲੋਂ ਨੀਵੇਂ ਦਰਜੇ ਦੀ ਪ੍ਰਾਣੀ ਮੰਨੀ ਜਾਂਦੀ ਰਹੀ ਹੈ ਜੋ ਪੂਰੀ ਤਰ੍ਹਾਂ ਭੋਗ ਦਾ ਉਪਕਰਨ ਬਣੀ ਰਹੀ। ਵਿਸ਼ਵ-ਪੱਧਰ ਉੱਤੇ ਪੱਛਮੀ ਸਭਿਆਚਾਰ ਵਿਚ ਵੀ ਨਾਰੀ ਦੀ

ਹੋਂਦਮੂਲਕ ਸਥਿਤੀ ਸਦਾ ਦੁਜੈਲੀ, ਤ੍ਰਿਸਕ੍ਰਿਤ ਅਤੇ ਅਮਾਨਵੀ ਪੱਧਰ ਵਾਲੀ ਹੀ ਰਹੀ ਹੈ। ਸੁਕਰਾਤ ਅਤੇ ਅਰਸਤੂ ਵਰਗੇ ਗ੍ਰੀਕ ਫਿਲਾਸਫ਼ਰ ਵੀ ਔਰਤ ਨੂੰ ਕਮਜ਼ੋਰ ਇੱਛਾ-ਸ਼ਕਤੀ ਵਾਲੀ ਮੰਨਦੇ ਹੋਏ ਸੁਤੰਤਰ ਹੋਂਦ ਦੀ ਹੱਕਦਾਰ ਨਹੀਂ ਮੰਨਦੇ ਸਨ। ਈਸਾਈਅਤ ਵਿਚ ਵੀ ਨਾਰੀ ਨੂੰ ਨਾਬਰਾਬਰੀ ਵਾਲਾ ਦਰਜ਼ਾ ਮਿਲਿਆ ਹੈ ਅਤੇ ਇਸਲਾਮ ਵਿਚ ਤਾਂ ਔਰਤ ਨੂੰ ਹਰ ਤਰ੍ਹਾਂ ਦੀ ਗੁਲਾਮੀ (ਸਰੀਰਕ ਅਤੇ ਮਾਨਸਿਕ) ਕਰਨੀ ਉਸ ਦੀ ਮਿਥੀ ਹੋਈ ਹੋਣੀ ਸੀ ਜੋ ਅੱਜ ਤਕ ਬਰਕਰਾਰ ਹੈ ਪਰ ਇਸ ਪੂਰੇ ਮਹਾਂਦ੍ਰਿਸ਼ ਵਿਚ ਗੁਰੂ ਨਾਨਕ ਦੇਵ ਨੇ ਔਰਤ ਦੇ ਪ੍ਰਤੀ ਅਣਮਨੁੱਖੀ ਵਤੀਰੇ ਵਿਰੁੱਧ ਆਵਾਜ਼ ਵੀ ਉਠਾਈ ਅਤੇ ਮਾਨਵੀ ਅਸਤਿਤਵ ਕਰਕੇ ਸਨਮਾਨ-ਜਨਕ ਸਥਾਨ ਦੁਆਉਣ ਦੀ ਪਹਿਲ ਵੀ ਕੀਤੀ। ਗਰੂ ਸਾਹਬ ਨੇ ਨਾਰੀ ਨੂੰ ਨਿਆਂਪਰਕ ਦ੍ਰਿਸ਼ਟੀ ਤੋਂ ਮਾਨਵੀ ਸਭਿਆਚਾਰ ਦੀ ਸਿਰਜਕ, ਸੰਚਾਲਕ ਅਤੇ ਪਾਲਕ ਮੰਨਦਿਆਂ ਇਕ ਨਵਾਂ ਸਭਿਆਚਾਰਕ ਕੋਡ ਸਥਾਪਿਤ ਕੀਤਾ। ਗੁਰਮਤਿ ਬ੍ਰਹਿਮੰਡੀ ਸੋਚ ਅਤੇ ਸੰਕਲਪ ਵਾਲੀ ਵਿਚਾਰਧਾਰਾ ਹੋਣ ਕਰਕੇ ਔਰਤ ਨੂੰ ਲਿੰਗਕ ਵਖਰੇਵਿਆਂ ਤੋਂ ਉੱਪਰ ਉਠ ਕੇ ਬ੍ਰਹਿਮੰਡੀ ਚਰਿੱਤਰ ਪ੍ਰਦਾਨ ਕਰਦਿਆਂ ਹੋਇਆਂ ਇਹ ਸਿੱਧ ਕਰਦੀ ਹੈ ਕਿ ਪਰਮ-ਤੱਤ ਹੀ ਕੇਵਲ ਪੁਰਖ ਹੈ ਬਾਕੀ ਪੂਰੀ ਸ੍ਰਿਸ਼ਟੀ ਅਤੇ ਮਾਨਵੀ ਹੋਂਦ ਨਾਰੀ-ਤੱਤ ਹੀ ਹੈ।

> ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ
>
> (ਗੁਰੂ ਗ੍ਰੰਥ ਸਾਹਿਬ, ਅੰਗ, 591)

ਗੁਰਮਤਿ ਅਨੁਸਾਰ ਗੁਰੂ ਸਾਹਿਬਾਨ ਦਾ ਸਪਸ਼ਟ ਨਿਰਦੇਸ਼ ਹੈ ਕਿ :

> ਧਰਣਿ ਗਗਨ ਨਹ ਦੇਖਉ ਦੋਇ, ਨਾਰੀ ਪੁਰਖ ਸਬਾਈ ਲੋਇ
>
> (ਗੁਰੂ ਗ੍ਰੰਥ ਸਾਹਿਬ, ਅੰਗ, 223)

ਉਪਰੋਕਤ ਵਿਚਾਰਧਾਰਾ ਤੋਂ ਪ੍ਰੇਰਿਤ ਭਾਈ ਵੀਰ ਸਿੰਘ ਦੁਆਰਾ ਆਪਣੇ ਸਾਹਿਤ ਵਿਚ ਔਰਤ ਨੂੰ ਸਨਮਾਨ ਅਤੇ ਸਵੈਮਾਨ ਦੇ ਤੇਜਵੰਤ ਰੂਪ ਨਾਲ ਬਿਆਨ ਕੀਤਾ ਗਿਆ ਹੈ। ਆਪਣੀ ਸਮੁੱਚੀ ਸਾਹਿਤ ਰਚਨਾ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦਾ ਸਿੱਖੀ ਸਰੂਪ ਝਲਕਦਾ ਹੈ। ਜੇ ਆਪ ਦੀ ਕਵਿਤਾ ਵਿਚੋਂ ਗੁਰਮਤਿ ਰਹੱਸ ਅਤੇ ਅਧਿਆਤਮਕ-ਗਿਆਨ ਦੇ ਝਲਕਾਰੇ ਮਿਲਦੇ ਹਨ ਤਾਂ ਆਪ ਦੇ ਨਾਵਲਾਂ ਵਿਚੋਂ ਸਿੱਖ ਬੀਬੀਆਂ ਦੇ ਤੇਜੱਸਵੀ ਅਤੇ ਜਤੀ ਰੂਪ ਦੇ ਦੀਦਾਰ ਹੁੰਦੇ ਹਨ।

ਜੇ ਅਸੀਂ ਆਪ ਦੀ ਕਵਿਤਾ ਦੀ ਗੱਲ ਕਰੀਏ ਤਾਂ ਗੁਰਮਤਿ ਤੋਂ ਪ੍ਰਭਾਵਿਤ ਵਿਚਾਰਾਂ ਕਰਕੇ ਕੁਦਰਤ ਅਤੇ ਕਾਦਰ ਦੇ ਆਪਸੀ ਸਬੰਧਾਂ ਬਾਰੇ ਆਪ ਦੀ ਕਾਵਿ-ਅਭਿਵਿਅਕਤੀ ਵਿਚ ਨਾਰੀ ਦਾ ਬਿੰਬ ਕਰਤਾਰੀ ਅੰਸ਼ ਵਜੋਂ ਪ੍ਰਸਤੁਤ ਹੁੰਦਾ ਹੈ। ਇਸ ਵਿਚ ਨਾਰੀ-ਰੂਪ ਬ੍ਰਹਿਮੰਡੀ ਚਰਿੱਤਰ ਦਾ ਧਾਰਨੀ ਹੋਇਆ ਪੇਸ਼ ਹੁੰਦਾ ਹੈ ਜੋ ਗੁਰਮਤਿ ਵਿਚਾਰਧਾਰਾ ਦੀ ਅਭਿਵਿਅਕਤੀ ਦੇ ਤੌਰ 'ਤੇ ਗੁਰੂ ਸਾਹਿਬਾਨ ਦੁਆਰਾ ਬ੍ਰਹਮ ਅਤੇ ਮਨੁੱਖ ਨੂੰ ਪੁਰਖ ਅਤੇ ਨਾਰ ਦੇ ਰੂਪ ਵਿਚ ਪੇਸ਼ ਕਰਦਾ ਹੈ। ਕਿਉਂਕਿ ਗੁਰੂ ਸਾਹਬ "ਏਕਾ ਪੁਰਖ ਸਬਾਈ ਨਾਰ" ਦੀ ਧਾਰਨਾ ਅਨੁਸਾਰ ਸੰਪੂਰਨ ਮਾਨਵ-ਜਾਤੀ ਨੂੰ ਲਿੰਗਕ ਵਖਰੇਵਿਆਂ ਤੋਂ ਪਰੇ ਮੰਨਦੇ ਹਨ ਇਸੇ ਲਈ ਨਾਰੀ-ਰੂਪਕ ਸਿਰਜ ਕੇ ਨਾਰੀ ਹੋਂਦ ਨੂੰ ਭੌਤਿਕ ਅਤੇ ਪਰਾਭੌਤਿਕ ਸੁਮੇਲ ਦੀ ਦ੍ਰਿਸ਼ਟੀ ਨਾਲ ਇਕੋ ਵੇਲੇ ਦੁਨਿਆਵੀ ਅਤੇ ਅਧਿਆਤਮਕ ਸਰੂਪ ਪ੍ਰਦਾਨ ਕਰਦੇ ਹਨ। ਭਾਈ ਵੀਰ ਸਿੰਘ ਵੀ ਆਪਣੀਆਂ ਕਵਿਤਾਵਾਂ ਵਿਚ ਆਪਣੀ ਕਾਵਿ-

ਮੈਂ ਨੂੰ ਇਸਤਰੀ-ਭਾਵੀ ਰੂਪ ਨਾਲ ਹੀ ਅਭਿਵਿਅਕਤ ਕਰਦੇ ਹਨ ; ਬਿਲਕੁਲ ਉਵੇਂ, ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ 'ਬਾਰਾਮਾਹ' (ਮਾਝ ਅਤੇ ਤੁਖਾਰੀ) ਵਿਚ ਨਾਰੀ ਰੂਪੀ ਜੀਵਾਤਮਾ ਦੇ ਅੰਤਰਮਨ ਵਿਚ ਪਰਮਾਤਮਾ (ਪੁਰਖ) ਦੇ ਵਿਯੋਗ ਵਿਚੋਂ ਉਪਜੇ ਤਰਲ ਭਾਵਾਂ ਦੀ ਅਭਿਵਿਅਕਤੀ ਹੋਈ ਮਿਲਦੀ ਹੈ। "ਕੰਤ ਮਹੇਲੀ ਬਾਰਾਮਾਹ" ਆਪ ਲਿਖਦੇ ਹਨ :

ਹਾਏ ਚੇਤਰ ਮਹੀਨੇ
ਕੰਤੇ ਕੀਤੀ ਤਿਆਰੀ ;
ਲੀਤੇ ਤਰਲੇ ਬਥੇਰੇ
ਪੇਸ਼ ਕੋਈ ਨਾ ਗਈਆ

(ਕੰਤ ਮਹੇਲੀ, ਪੰਨਾ 4)

ਇਸੇ ਤਰ੍ਹਾਂ ਹੀ 'ਮੇਰੇ ਸਾਈਆਂ ਜੀਓ' ਕਾਵਿ-ਸੰਗ੍ਰਹਿ ਵਿਚਲੀਆਂ ਬਹੁਤੀਆਂ ਕਵਿਤਾਵਾਂ ਵਿਚ ਮਨੁੱਖ ਅਤੇ ਬ੍ਰਹਮ ਲਈ ਪਤੀ-ਪਤਨੀ ਦੇ ਮੈਟਾਫ਼ਰ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ; ਜੋ ਕਿ ਗੁਰਮਤਿ ਵਿਚ ਪੂਰਨ ਰੂਪ ਵਿਚ ਸਥਾਪਿਤ ਅਤੇ ਪਰਵਾਨਿਤ ਹੈ। ਗੁਰੂ ਸਾਹਬ ਸਮਾਜਕ-ਸਭਿਆਚਾਰਕ ਨੈਤਿਕ-ਵਿਧਾਨ ਦੇ ਤਹਿਤ ਪ੍ਰੇਮ ਦਾ ਸਮਾਜ-ਪਰਵਾਨਿਤ ਰੂਪ; ਪਤੀ-ਪਤਨੀ ਦੇ ਪ੍ਰੇਮ ਦੇ ਤੌਰ 'ਤੇ ਪੇਸ਼ ਕਰਦੇ ਹਨ ਅਤੇ ਭਾਈ ਵੀਰ ਸਿੰਘ ਜੀ ਵੀ ਉਸੇ ਹੀ ਧਾਰਨਾ ਨੂੰ ਅੱਗੇ ਤੋਰਦੇ ਹਨ। ਉਦਾਹਰਨ ਦੇ ਤੌਰ 'ਤੇ ਆਪ ਦੇ ਸੰਗ੍ਰਹਿ "ਮੇਰੇ ਸਾਈਆਂ ਜੀਓ" ਦੀ ਕਵਿਤਾ 'ਲੜ ਲੱਗੀ' ਨੂੰ ਉਲੇਖਿਤ ਕੀਤਾ ਜਾ ਸਕਦਾ ਹੈ:

'ਸਾਈਆਂ' 'ਸਾਈਆਂ' ਕੂਕ ਪੁਕਾਰਾਂ
ਤੇਰੀ ਤੇਰੀ ਦਿਆਂ ਦੁਹਾਈਆਂ
'ਆ ਮਿਲ' 'ਆ ਮਿਲ' ਲਿੱਲਾਂ ਦੇਵਾਂ;
ਵਾਰ ਵਾਰ ਏ ਦਿਆਂ ਦੁਹਾਈਆਂ।
ਤੱਕ ਨਾ ਸਾਈਆਂ ਮੇਰੀਆਂ ਕਮੀਆਂ।
ਅਮਿਤ ਵਡਾਈਆਂ ਆਪਣੀਆਂ ਖਾਤਰ,
ਚਾਹੋ ਕਿਸੇ ਪਿਆਰੇ ਸਦਕੇ,
ਕਰ ਦੇ ਮਿਹਰ ਮਿਹਰ ਦੇ ਮਾਲਕ !
ਸਾਗਰ ਵਾਂਙ ਵੇਖ ਵਰਿਆਈਆਂ
ਤੂੰ ਆਪਣੀਆਂ, ਤੂੰ ਆਪਣੀਆਂ ਸਾਈਆਂ

(ਮੇਰੇ ਸਾਈਆਂ ਜੀਓ, ਪੰਨਾ 40)

ਇਸੇ ਪ੍ਰਕਾਰ ਹੀ ਆਪ ਦੀ ਕਵਿਤਾ 'ਯਾਦ' ਦੀ ਉਦਾਹਰਨ ਵੀ ਲਈ ਜਾ ਸਕਦੀ ਹੈ :

ਯਾਦ ਸਜਣ ਦੀ ਹਰਦਮ ਰਹਿੰਦੀ
ਲਹਿ ਗਈ ਡੂੰਘੇ ਥਾਂਈ,
ਵਾਂਗ ਸੰਗੀਤ ਲਹਿਰਦੀ ਅੰਦਰ
ਬਣ ਗਈ ਰਾਗ ਇਲਾਹੀ ।

(ਲਹਿਰਾਂ ਦੇ ਹਾਰ, ਪੰਨਾ 22)

ਆਪ ਦੇ ਕਾਵਿ-ਸੰਗ੍ਰਹਿ ''ਕੰਬਦੀ ਕਲਾਈ'' ਵਿਚ ਵੀ ਇਸ ਦ੍ਰਿਸ਼ਟੀ ਤੋਂ ਬਹੁਤ ਸਾਰੀਆਂ ਮਿਸਾਲਾਂ ਲਈਆਂ ਜਾ ਸਕਦੀਆਂ ਹਨ ਜਿਸ ਵਿਚ ਆਪ ਨੇ ਨਾਰੀ-ਭਾਵ ਅਭਿਵਿਅਕਤੀ ਲਈ ਗੁਰਬਾਣੀ ਦੀਆਂ ਵਿਧੀਆਂ ਦਾ ਹੀ ਅਨੁਸਰਨ ਕੀਤਾ ਹੈ। ਇਸ ਕਾਵਿ-ਸੰਗ੍ਰਹਿ ਵਿਚ ਉਹ ਗੀਤ ਹਨ ਜੋ ਆਪ ਨੇ ਵੱਖ-ਵੱਖ ਗੁਰਪੁਰਬਾਂ ਦੇ ਸਮੇਂ ਲਿਖੇ। ਭਾਵੇਂ ਇਹਨਾਂ ਗੀਤਾਂ ਵਿਚ ਗੁਰੂ ਉਸਤਤ ਕੀਤੀ ਗਈ ਹੈ ਅਤੇ ਜਨਮਸਾਖੀਆਂ ਅਤੇ ਹੋਰ ਇਤਿਹਾਸ ਵਿਚ ਜੋ ਗੁਰੂ ਦਾ ਅਕਸ ਸਿੱਖ ਲੋਕਮਾਨਸ ਵਿਚ ਅੰਕਤ ਕੀਤਾ ਸੀ ਉਸਨੂੰ ਪੇਸ਼ ਕੀਤਾ ਗਿਆ ਪਰ ਨਾਰੀ-ਭਾਵ-ਬਿਹਬਲਤਾ ਕਰਕੇ ਨਾਰੀ-ਬਿੰਬ ਅੰਕਤ ਹੋਇਆ ਮਿਲਦਾ ਹੈ। ਕਾਵਿ-ਸਿਰਜਣਾ ਵਿਚ ਗੋਦਾਵਰੀ ਨਦੀ ਦੇ ਮਾਨਵੀਕਰਨ ਨਾਲ ਗੁਰੂ ਗੋਬਿੰਦ ਸਿੰਘ ਦੀ ਚਰਨ ਛੁਹ ਨਾਲ ਆਨੰਦਿਤ ਹੋਈ ਗੋਦਾਵਰੀ ਦੇ ਪ੍ਰਗੀਤਮਈ ਪ੍ਰਤੀਕਰਮ ਦੀ ਸੁੰਦਰ ਕਾਵਿ-ਅਭਿਵਿਅੰਜਨਾ ਹੋਈ ਵੇਖੀ ਜਾ ਸਕਦੀ ਹੈ :

ਨੀ ਮੈਂ ਚਰਨ ਪਰਸ ਬਉਰਾਨੀ।
ਥਰਰ ਥਰਰ ਕੁਈ ਛਿੜੀ ਖਿਰਨ ਹੈ ਲਰਜ਼ ਗਏ ਮੇਰੇ ਮਾਨੀ ।
ਝਰਨ ਝਰਨ ਰਸ ਭਿੰਨੜੀ ਛੁ ਪਈ ਕੰਬ ਉਠੀ ਜਿਉਂ ਕਾਨੀ।
ਚਮਕ ਚਮਕ ਲਹਿਰਾਂ ਵਿਚ ਲਿਸ਼ਕੀ ਬਿਜਲੀ ਜਿਉਂ ਬਰਾਨੀ।
ਮਸਤ ਅਲਮਸਤੀ ਝੂਮਨ ਝੂੰਮੀ ਪ੍ਰੇਮ ਲਟਕ ਲਟਕਾਨੀ ।
ਜੋਗੀ ਜਤੀ ਤਪੀ ਸਿਧ ਪਰਸੇ ਪਰਸ ਪਰਸ ਪਛੁਤਾਨੀ ।
ਪਰਸ ਚਰਨ ਨਿਤ ਖੁਸ਼ਕ ਰਹੀ ਮੈਂ ਰਸ ਬਿਨ ਉਮਰ ਬਿਹਾਨੀ ।
ਕਉਣ ਸਖੀ ਅਜ ਛੁਹ ਗਿਆ ਸਾਨੂੰ ਜੀਅ ਦਾਨ ਦਾ ਦਾਨੀ ।

(ਕੰਬਦੀ ਕਲਾਈ, ਪੰਨਾ 12)

ਗੁਰੂ ਗ੍ਰੰਥ ਸਾਹਿਬ ਵਿਚ ਸੁਚੱਜੀ, ਕੁਚੱਜੀ (ਗੁਰੂ ਨਾਨਕ ਦੇਵ ਦੁਆਰਾ ਸੂਹੀ ਰਾਗ ਵਿਚ ਰਚੀ ਬਾਣੀ) ਅਤੇ ਗੁਣਵੰਤੀ (ਗੁਰੂ ਅਰਜਨ ਦੇਵ ਜੀ ਦੁਆਰਾ ਸੂਹੀ ਰਾਗ ਵਿਚ ਰਚੀ ਬਾਣੀ) ਵਰਗੇ ਸਿਰਲੇਖਾਂ ਨਾਲ ਜੋ ਜੀਵਾਤਮਾ ਨੂੰ ਨਾਰੀ ਸਰੂਪ ਪ੍ਰਦਾਨ ਕੀਤਾ ਗਿਆ ਹੈ; ਭਾਈ ਵੀਰ ਸਿੰਘ ਜੀ ਦੀ ਕਵਿਤਾ ਵਿਚ ਕਈ ਥਾਂਈਂ ਰਹੱਸਾਤਮਕ ਅਤੇ ਅਧਿਆਤਮਕ ਭਾਵਾਂ ਦੀ ਪੇਸ਼ਕਾਰੀ ਗੁਰਮਤਿ ਦੇ ਨਾਰੀ-ਭਾਵ ਦੇ ਉਪਰੋਕਤ ਮਾਡਲ ਦੀ ਤਰਜਮਾਨੀ ਹੋਈ ਮਿਲਦੀ ਹੈ ।

ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ ।

ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ ।
...............................
..............................
ਤੁਸੀਂ ਉਚੇ ਅਸੀਂ ਨੀਵੇਂ ਸਾਂ, ਸਾਡੀ ਪੇਸ਼ ਨਾ ਗਈਆ ਕਾਈ ।
ਫਿਰ ਲੜ ਫੜਨੇ ਨੂੰ ਉਠ ਦੌੜੇ, ਹਾਇ ਲੜ ਓ ਬਿਜਲੀ ਲਹਿਰਾ ।
ਉਡਦਾ ਜਾਂਦਾ ਪਰ ਉਹ ਆਪਣੀ ਛੁਹ ਸਾਨੂੰ ਗਿਆ ਲਾਈ ।
ਮਿੱਟੀ ਚਮਕ ਪਈ ਇਹ ਮੋਈ ਤੇ ਤੁਸੀਂ ਲੂਆਂ ਵਿਚ ਲਿਸ਼ਕੇ
ਬਿਜਲੀ ਕੂੰਦ ਗਈ ਥਰਰਾਂਦੀ, ਹੁਣ ਚਕਾਚੂੰਧ ਹੈ ਛਾਈ ।

(ਕੰਬਦੀ ਕਲਾਈ, ਪੰਨਾ ੯)

ਇਥੇ "ਤੁਸੀਂ ਉਚੇ ਅਸੀਂ ਨੀਵੇਂ ਸਾਂ, ਸਾਡੀ ਪੇਸ਼ ਨਾ ਗਈਆ ਕਾਈ" ਸਤਰ ਗੁਰਬਾਣੀ ਵਿਚਲੇ ਉਸ ਸਿਧਾਂਤ ਦਾ ਨਿਰੂਪਣ ਕਰਦੀ ਹੈ ਜਿਸ ਵਿਚ ਆਤਮਾ-ਪਰਮਾਤਮਾ ਦੇ ਰਿਸ਼ਤੇ ਨੂੰ ਪਤੀ-ਪਤਨੀ ਦੇ ਰੂਪਕ ਦੁਆਰਾ ਅਭਿਵਿਅਕਤ ਕੀਤਾ ਗਿਆ ਹੈ ਅਤੇ ਜਿਸ ਵਿਚ ਪ੍ਰੇਮ ਦੀ ਪਰਵਾਨਗੀ ਪਤੀ-ਪਤਨੀ ਦੇ ਵਿਆਹੁਤਾ ਜੀਵਨ ਵਿਚੋਂ ਹੀ ਹੋਈ ਮਿਲਦੀ ਹੈ। ਉਸ ਵੇਲੇ ਸਮਕਾਲੀ ਸਮਾਜ ਵਿਚ ਪਤੀ-ਪਤਨੀ ਦਾ ਰਿਸ਼ਤਾ ਸਭਿਆਚਾਰਕ ਦ੍ਰਿਸ਼ਟੀ ਤੋਂ ਨਾਬਰਾਬਰੀ ਵਾਲਾ ਸੀ ਕਿ ਪਤੀ (ਪਰਮੇਸ਼ਵਰ) ਉੱਚਾ ਹੈ ਅਤੇ ਪਤਨੀ (ਜੀਵਾਤਮਾ) ਨੀਵੀਂ ਪਰ ਇਸਦੇ ਗਹਿਰੇ ਅਰਥਾਂ ਤੱਕ ਪੁੱਜ ਕੇ ਪਤਾ ਲੱਗਦਾ ਹੈ ਕਿ ਗੁਰਬਾਣੀ ਲਿੰਗਕ ਵਖਰੇਵਿਆਂ ਨੂੰ ਰੱਦ ਕਰਕੇ ਪੂਰੀ ਮਨੁੱਖ ਜਾਤੀ ਨੂੰ ਨਾਰੀ ਰੂਪ ਵਿਚ ਕਬੂਲਦੀ ਹੈ ਅਤੇ ਪੁਰਖ ਸਿਰਫ ਪਰਮਾਤਮਾ ਨੂੰ ਹੀ ਮੰਨਦੀ ਹੈ। ਭਾਈ ਵੀਰ ਸਿੰਘ ਦੁਆਰਾ ਰਚਿਤ ਮਹਾਕਾਵਿ/ਲੰਮੀ ਬਿਰਤਾਂਤਕ ਕਾਵਿ-ਰਚਨਾ "ਰਾਣਾ ਸੂਰਤ ਸਿੰਘ" ਵਿਚ ਵੀ ਇਹ ਗੱਲ ਸਪਸ਼ਟਤਾ ਨਾਲ ਉਜਾਗਰ ਹੁੰਦੀ ਹੈ ਕਿ ਭਾਈ ਵੀਰ ਸਿੰਘ ਸਾਹਿਤ ਵਿਚਲਾ ਨਾਰੀ-ਬਿੰਬ ਗੁਰਬਾਣੀ ਅਨੁਸਾਰੀ ਜੀਵਾਤਮਾ ਅਤੇ ਪਰਮਾਤਮਾ ਵਾਲਾ ਹੈ। ਰਚਨਾ ਦੇ ਆਰੰਭ ਵਿਚ ਰਾਣਾ ਸੂਰਤ ਸਿੰਘ ਦੀ ਮੌਤ ਦਾ ਜ਼ਿਕਰ ਆਉਂਦਾ ਹੈ; ਜਿੱਥੇ ਉਸਦੀ ਪਤਨੀ ਰਾਜ ਕੌਰ ਪਤੀ ਦੇ ਵਿਯੋਗ ਵਿਚ ਵਿਰਲਾਪ ਕਰਦੀ ਨਜ਼ਰ ਆਉਂਦੀ ਹੈ ਪਰ ਅੰਤ ਵਿਚ ਉਹ ਬ੍ਰਹਮ-ਗਿਆਨ ਦੀ ਅਵਸਥਾ ਤਕ ਪੁੱਜ ਕੇ ਗੁਰਮਤਿ ਦੇ ਅਨੁਰੂਪ ਜੀਵਾਤਮਾ ਦੇ ਤੌਰ 'ਤੇ ਪਰਮਾਤਮਾ ਵਿਚ ਲੀਨ ਹੋਣ ਦੀ ਅਵਸਥਾ ਵਿਚ ਪੁੱਜ ਜਾਂਦੀ ਹੈ ਜਿਸ ਨੂੰ ਭਾਈ ਵੀਰ ਸਿੰਘ ਵੀ ਗੁਰਮਤਿ ਵਾਲੇ ਬ੍ਰਹਮੀ ਕੋਡ ਵਿਚ ਇਉਂ ਅਭਿਵਿਅਕਤ ਕਰਦੇ ਹਨ :

ਆਤਮ ਅਮਰ ਸਦੀਵ-ਆਤਮ ਨ ਮਰੇ
ਪ੍ਰੇਮ ਸੁ ਆਤਮ ਸੰਗ ਉਹ ਬੀ ਜੀਂਵਦਾ,
ਰਹੇ ਆਤਮ ਨਾਲ ਮਰਦਾ ਨਾ ਕਦੀਂ,
ਸਮਾਂ ਜੁ ਕਰੇ ਇਲਾਜ ਕਾਰੀ ਨ ਪਵੇ।

ਇਸ ਪ੍ਰਕਾਰ ਭਾਈ ਵੀਰ ਸਿੰਘ ਦੀ ਰਚਨਾ ਵਿਚਲਾ ਨਾਰੀ-ਬਿੰਬ ਗੁਰਮਤਿ ਅਨੁਸਾਰੀ ਹੋ ਕੇ ਆਤਮਾ ਦੀ ਪਰਮਾਤਮਾ ਵਿਚ ਲੀਨਤਾ ਦਾ ਸੂਚਕ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਸਿੱਖ-ਸੰਕਲਪਾਂ ਦਾ ਭੌਤਿਕ ਰੂਪ ਪੇਸ਼ ਹੋਇਆ ਹੈ। ਗੁਰੂ ਗੋਬਿੰਦ ਸਿੰਘ ਤਕ ਪਹੁੰਚ ਕੇ ਸਿੱਖ-ਸਿਧਾਂਤਾਂ ਦਾ ਰੂਪਾਂਤਰਨ ਹੁੰਦਾ ਹੈ ਜਿਸ ਵਿਚ ਸਿੱਖੀ ਦਾ ਮਾਨਵਵਾਦੀ ਚਰਿੱਤਰ ਤੇਜੱਸਵੀ ਰੂਪ ਅਖ਼ਤਿਆਰ ਕਰ ਕੇ ਜੁਝਾਰੂ ਪ੍ਰਵਿਰਤੀ ਧਾਰਨ ਕਰ ਲੈਂਦਾ ਹੈ। ਇਸ ਪੂਰੇ ਮਹਾਦ੍ਰਿਸ਼ ਵਿਚ ਜੰਗਜੂ-ਕ੍ਰਾਂਤੀ ਵਾਪਰਦੀ ਹੈ ਜਿਸ ਵਿਚ ਨਾਰੀ-ਬਿੰਬ ਵੀ ਤੇਜੱਸਵੀ ਰੂਪ ਅਖ਼ਤਿਆਰ ਕਰ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਦੇ ਵੇਲੇ ਮਾਤਾ ਸਾਹਿਬ ਕੌਰ ਅਤੇ ਮਾਤਾ ਭਾਗੋ ਵਰਗੀਆਂ ਜੁਝਾਰੂ ਬੀਬੀਆਂ ਦਾ ਵਿਅਕਤਿੱਤਵ ਸਿੱਖੀ ਇਤਿਹਾਸ ਦੇ ਗੌਰਵ ਵਿਚ ਤੇਜਵੰਤ ਨਾਰੀ-ਬਿੰਬ ਦਾ ਸਮਾਵੇਸ਼ ਕਰਾਉਂਦਾ ਹੈ। ਭਾਈ ਵੀਰ ਸਿੰਘ ਦੇ ਨਾਵਲਾਂ ; ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ ਅਤੇ ਬਾਬਾ ਨੌਧ ਸਿੰਘ ਵਿਚ ਔਰਤ ਨੂੰ ਇਸੇ ਦ੍ਰਿਸ਼ਟੀ ਤੋਂ ਬਿਆਨ ਕਰਨ ਦੀ ਰੁਚੀ ਜ਼ਾਹਰ ਹੁੰਦੀ ਹੈ।

ਭਾਈ ਵੀਰ ਸਿੰਘ ਦਾ ਸਮਾਂ ਪੁਨਰ-ਸੁਰਜੀਤੀ ਦਾ ਕਾਲ ਸੀ। ਜਿਸ ਵਿਚ "ਸਿੰਘ ਸਭਾ ਲਹਿਰ" ਦੀ ਧਰਮ-ਸੁਧਾਰਕ ਅਤੇ ਪ੍ਰਚਾਰਕ ਨੀਤੀ ਦੀ ਧਾਰਨਾ ਮੌਜੂਦ ਸੀ ਇਸ ਲਈ ਆਪ ਦੇ ਨਾਵਲਾਂ ਵਿਚ ਪੇਸ਼ ਨਾਰੀ-ਬਿੰਬ ਵਿਚੋਂ ਧਾਰਮਿਕ ਪੱਖੋਂ ਸੁਧਾਰਵਾਦੀ ਅਤੇ ਆਦਰਸ਼ਵਾਦੀ ਰਚਨਾ-ਦ੍ਰਿਸ਼ਟੀ ਉਜਾਗਰ ਹੁੰਦੀ ਹੈ। ਭਾਈ ਵੀਰ ਸਿੰਘ ਆਪਣੇ ਸਾਹਿਤ ਵਿਚ ਸਿੱਖੀ ਦੇ ਮੂਲ ਸੰਕਲਪਾਂ ਨੂੰ ਆਧੁਨਿਕ ਭਾਸ਼ਾ ਅਤੇ ਬਿਰਤਾਂਤਕ-ਸ਼ੈਲੀ ਵਿਚ ਪੇਸ਼ ਕਰਦੇ ਹੋਏ ਆਦਰਸ਼ ਸਿੱਖ (ਔਰਤ ਅਤੇ ਮਰਦ) ਦੀ ਧਾਰਨਾ ਨੂੰ ਪਰਪੱਕ ਕਰਦੇ ਹੋਏ ਨਜ਼ਰੀਂ ਆਉਂਦੇ ਹਨ। ਆਪ ਆਪਣੇ ਨਾਵਲਾਂ ਰਾਹੀਂ ਇਕ ਸਭਿਆਚਾਰਕ ਸੰਵਾਦ ਰਚਾ ਕੇ ਪੰਜਾਬੀ ਨਾਰੀ-ਬਿੰਬ ਨੂੰ ਆਦਰਸ਼ ਰੂਪ ਵਿਚ ਪ੍ਰਸਤੁਤ ਕਰਦੇ ਹਨ। ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਪਹਿਲੀ ਵਾਰੀਂ ਸਿੱਖ-ਨਾਰੀ ਦੇ ਬਿੰਬ ਨੂੰ ਪਰਾਭੌਤਿਕ ਸੰਕਲਪ ਤੋਂ ਭੌਤਿਕ ਅਕਸ ਵਿਚ ਰੂਪਾਂਤਰਨ ਕੀਤਾ ਗਿਆ ਮਿਲਦਾ ਹੈ ਪਰ ਨਾਰੀ ਦਾ ਆਦਰਸ਼ਕ ਰੂਪ, ਸਮਾਜਕ, ਸਭਿਆਚਾਰਕ ਪ੍ਰਸੰਗ ਵਿਚ ਨੈਤਿਕਤਾ ਅਤੇ ਅਧਿਆਤਮਕਤਾ ਦੇ ਸੁਮੇਲ ਵਿਚੋਂ ਹੀ ਆਪਣਾ ਰੂਪ ਧਾਰਨ ਕਰਦਾ ਹੈ ਜਿਸ ਕਰਕੇ ਆਪ ਦੇ ਗਲਪੀ-ਜਗਤ ਵਿਚ ਕਲਾਤਮਕਤਾ ਤੋਂ ਵੱਧ ਸਿੱਖ ਧਰਮ ਦੇ ਸੰਪਰਦਾਈ ਰੂਪ ਨੂੰ ਤਰਜੀਹ ਦਿੱਤੀ ਗਈ ਮਿਲਦੀ ਹੈ। ਭਾਈ ਸਾਹਿਬ ਸਮਕਾਲੀ-ਸਮਾਜਕ-ਯਥਾਰਥ ਅਤੇ ਅਤੀਤਕਾਲੀ-ਇਤਿਹਾਸਕ-ਯਥਾਰਥ ਦੇ ਸੁਮੇਲ ਵਿਚੋਂ ਇਕ ਆਦਰਸ਼ ਨਾਰੀ-ਬਿੰਬ ਦੀ ਸਿਰਜਣਾ ਕਰਦੇ ਹਨ। ਭਾਵੇਂ ਸੁੰਦਰੀ ਹੋਵੇ, ਸਤਵੰਤ ਕੌਰ, ਸੁਸ਼ੀਲ ਕੌਰ ਜਾਂ ਸੁਭਾਗ ਹੀ ਹੋਵੇ ਪਰ ਅੰਤ ਵਿਚ ਆਪ ਇਹਨਾਂ ਨਾਰੀ-ਪਾਤਰਾਂ ਨੂੰ ਸਿੱਖੀ ਦੇ ਉੱਚਤਮ ਮਾਡਲ ਦੇ ਮੇਚ ਦੀਆਂ ਬਣਾਕੇ ਪ੍ਰਸਤੁਤ ਕਰਦੇ ਹਨ। 'ਸੁੰਦਰੀ' ਨਾਵਲ ਵਿਚ ਇਕ ਅਜਿਹੀ ਹਿੰਦੂ ਘਰਾਣੇ ਦੀ ਲੜਕੀ ਸੁਰਸਤੀ ਦੀ ਕਹਾਣੀ ਹੈ ਜੋ ਆਪਣੇ ਭਰਾ ਬਲਵੰਤ ਸਿੰਘ ਦੇ ਸਿੰਘ-ਸਜਣ ਤੋਂ ਪ੍ਰਭਾਵਿਤ ਹੋ ਕੇ ਅੰਮ੍ਰਿਤ-ਪਾਨ ਕਰਕੇ ਸਿੰਘਣੀ ਸੱਜਦੀ ਹੈ, ਹਾਲਾਂਕਿ ਇਸ ਪ੍ਰਕਰਨ ਵਿਚ ਕਥਾਨਕ ਦੀਆਂ ਉਹਨਾਂ ਘਟਨਾਵਾਂ ਦਾ ਯੋਗਦਾਨ ਹੈ ਜਿਸ ਵਿਚ ਸੁਰਸਤੀ ਨੂੰ ਮੁਗ਼ਲਾਂ ਦੁਆਰਾ ਉਧਾਲ ਲਏ ਜਾਣ ਉਪਰੰਤ ਭਰਾ ਬਲਵੰਤ ਸਿੰਘ ਦੁਆਰਾ ਸੂਰਬੀਰਤਾ ਨਾਲ ਛੁਡਾ ਲਏ ਜਾਣ ਦਾ ਜ਼ਿਕਰ ਹੈ। ਜਦੋਂ ਬਲਵੰਤ ਸਿੰਘ ਭੈਣ ਸੁਰਸਤੀ ਨੂੰ ਛੁਡਾ ਕੇ ਸ਼ਾਮ ਸਿੰਘ ਦੇ ਜੱਥੇ ਵਿਚ ਸ਼ਾਮਿਲ ਹੋਣ ਜਾ ਰਿਹਾ ਹੁੰਦਾ ਹੈ ਤਾਂ ਮੁਗ਼ਲਾਂ ਦੇ ਕਾਬੂ ਆ ਜਾਂਦਾ ਹੈ। ਕਿਉਂਕਿ ਮੁਗ਼ਲ ਹਾਕਮ ਸੁਰਸਤੀ ਨਾਲ ਨਿਕਾਹ ਕਰਵਾਉਣ

ਦੀਆਂ ਤਿਆਰੀਆਂ ਕਰ ਰਿਹਾ ਹੈ ਪਰ ਇਕ ਵਾਰੀ ਫਿਰ ਭੈਣ-ਭਰਾ ਮੁਗ਼ਲਾਂ ਦੇ ਚੁੰਗਲ ਵਿਚੋਂ ਨਿਕਲਣ ਵਿਚ ਕਾਮਯਾਬ ਹੋ ਜਾਂਦੇ ਹਨ। ਇਥੋਂ ਭਾਈ ਵੀਰ ਸਿੰਘ ਸਿੰਘਣੀ ਬਣੀ ਸੁੰਦਰੀ ਦਾ ਖ਼ਾਲਸਾਈ ਨਾਰੀ-ਬਿੰਬ ਉਸਾਰਦਾ ਹੈ ਜਿਸ ਵਿਚ ਪਹਿਲਾਂ ਉਹ ਮੁਗ਼ਲ ਨੂੰ ਤਲਵਾਰ ਨਾਲ ਮਾਰ ਦਿੰਦੀ ਹੈ ਅਤੇ ਫਿਰ ਅਬਦਾਲੀ ਵਿਰੁੱਧ ਜੰਗ ਵਿਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੀ ਹੈ। ਨਾਵਲ "ਸਤਵੰਤ ਕੌਰ" ਵਿਚ ਵੀ ਸਤਵੰਤ ਕੌਰ ਦਾ ਆਦਰਸ਼ ਖ਼ਾਲਸਾਈ ਨਾਰੀ-ਬਿੰਬ ਸਿਰਜਿਆ ਗਿਆ ਹੈ ਜਦੋਂ ਉਹ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸਮੇਂ ਖੂਹ ਵਿਚ ਡਿੱਗੇ ਇਕ ਅਫ਼ਸਰ ਨੂੰ ਬਾਹਰ ਕਢਵਾ ਕੇ ਉਸ ਦਾ ਇਲਾਜ ਕਰਦੀ ਹੈ ਪਰ ਮਗਰੋਂ ਉਹੀ ਅਫ਼ਸਰ ਉਸ ਨੂੰ ਚੁੱਕ ਕੇ ਲੈ ਜਾਂਦਾ ਹੈ। ਇਥੋਂ ਉਸ ਦੀਆਂ ਦੁਸ਼ਵਾਰੀਆਂ ਅਤੇ ਬਿਖ਼ਮ ਸਥਿਤੀਆਂ, ਜਿਸ ਵਿਚ ਉਸ ਦਾ ਕਈ ਥਾਈਂ ਵਿਕਣਾ ਵੀ ਸ਼ਾਮਿਲ ਹੈ ਦਾ ਲੰਮਾ ਸਿਲਸਿਲਾ ਜਾਰੀ ਰਹਿੰਦਾ ਹੈ ਪਰ ਉਹ ਆਪਣੇ ਸਿੱਖੀ ਆਦਰਸ਼ ਤੋਂ ਡੋਲਦੀ ਨਹੀਂ। "ਬਾਬਾ ਨੌਧ ਸਿੰਘ" ਨਾਵਲ ਵਿਚ ਇਕ ਵਿਧਵਾ ਔਰਤ ਜਮਨਾ ਆਪਣੇ ਪਤੀ ਦੇ ਵਿਛੋੜੇ ਨਾਲ ਦੁਖੀ ਹੋ ਕੇ ਕਈ ਤਰ੍ਹਾਂ ਦੀਆਂ ਦੁਸ਼ਵਾਰੀਆਂ ਦਾ ਸਾਹਮਣਾ ਕਰਦੀ ਹੋਈ ਕਈ ਪਾਖੰਡੀਆਂ ਅਤੇ ਠੱਗਾਂ ਦੇ ਹੱਥੇ ਚੜ੍ਹਦੀ ਹੈ। ਫਿਰ ਜਮਨਾ ਸੰਤ ਬਾਬਾ ਨੌਧ ਸਿੰਘ ਜੀ ਦੇ ਸੰਪਰਕ ਵਿਚ ਆਉਣ ਨਾਲ 'ਸੁਭਾਗ ਜੀ' ਦੇ ਨਾਮ ਨਾਲ ਜਾਣੀ ਜਾਣ ਲੱਗਦੀ ਹੈ। ਇਸ ਦਾ ਸੁਧਾਰ ਬਾਬਾ ਨੌਧ ਸਿੰਘ ਦੇ ਸਿੱਖੀ-ਪ੍ਰੇਰਿਤ ਉਪਦੇਸ਼ਾਂ ਦੇ ਪ੍ਰਭਾਵ ਨਾਲ ਹੁੰਦਾ ਹੈ ਅਤੇ ਉਹ ਅੰਤ ਤਕ ਆਪਣੇ ਸਿੱਖੀ ਅਸੂਲਾਂ ਵਿਚ ਪੱਕੀ ਰਹਿੰਦੀ ਹੈ। ਇਸੇ ਪ੍ਰਕਾਰ ਹੀ ਭਾਈ ਵੀਰ ਸਿੰਘ ਦੇ ਨਾਵਲ "ਬਿਜੈ ਸਿੰਘ" ਵਿਚ ਵੀ ਅਠਾਰਵੀਂ ਸਦੀ ਦੇ ਸਿੱਖੀ ਜੀਵਨ ਦੇ ਹਵਾਲਿਆਂ ਵਿਚੋਂ ਸਿੱਖ-ਜੀਵਨ-ਜਾਚ ਨੂੰ ਸਭ ਤੋਂ ਉੱਤਮ ਮੰਨਿਆ ਅਤੇ ਦਰਸਾਇਆ ਗਿਆ ਹੈ। ਇਕ ਹਿੰਦੂ ਧਨਾਢ ਦੀਵਾਨ ਚੂਹੜ ਮੱਲ ਦਾ ਸਭ ਤੋਂ ਛੋਟਾ ਪੁੱਤਰ ਸਿੱਖੀ ਜੀਵਨ ਤੋਂ ਪ੍ਰਭਾਵਿਤ ਹੋ ਕੇ ਸਿੰਘ ਸਜ ਜਾਂਦਾ ਹੈ। ਦੀਵਾਨ ਚੂਹੜ ਮੱਲ ਆਪਣੇ ਪੁੱਤਰ ਰਾਮ ਲਾਲ ਨੂੰ, ਜੋ ਕਿ ਸਿੰਘ ਸਜ ਕੇ ਬਿਜੈ ਸਿੰਘ ਬਣ ਚੁਕਾ ਹੈ; ਉਸ ਦੀ ਪਤਨੀ ਸ਼ੀਲ ਕੌਰ ਅਤੇ ਛੇ ਵਰ੍ਹੇ ਦੇ ਬੱਚੇ ਵਰਿਆਮ ਸਿੰਘ ਸਮੇਤ ਘਰੋਂ ਕੱਢ ਦਿੰਦਾ ਹੈ ਪਰ ਸਿੰਘ ਸਜਿਆ ਪੂਰਾ ਪਰਿਵਾਰ ਆਪਣੇ ਅਕੀਦੇ ਤੋਂ ਡੋਲਦਾ ਨਹੀਂ। ਇਸ ਵਿਚ ਸ਼ੀਲ ਕੌਰ ਦੇ ਸਿੱਖੀ-ਸ਼ੀਲ-ਚਰਿੱਤਰ ਸਦਕਾ ਉਸ ਦਾ ਨਾਰੀ-ਬਿੰਬ ਉਪਰੋਕਤ ਸੰਦਰਭ ਵਿਚ ਸਟੀਕ ਸਿੱਧ ਹੁੰਦਾ ਹੈ।

ਉਪਰੋਕਤ ਸਾਰੀ ਚਰਚਾ ਤੋਂ ਅਸੀਂ ਸਮਝ ਸਕਦੇ ਹਾਂ ਕਿ ਭਾਈ ਵੀਰ ਸਿੰਘ ਆਪਣੇ ਬਿਰਤਾਂਤਕ ਸਾਹਿਤ, ਨਾਵਲੀ-ਜਗਤ ਵਿਚ ਵੀ ਧਾਰਮਕ ਪੁਨਰ-ਸੁਰਜੀਤੀ ਦੀ ਮਨੋਰਥ ਪੂਰਤੀ ਹਿਤ ਸਿੱਖ ਧਰਮ ਦੀ ਸਦਾਚਾਰਕ ਨਿਆਂਸ਼ੀਲਤਾ ਅਤੇ ਗੌਰਵਸ਼ੀਲ ਸਵੈਮਾਨ ਦੇ ਪ੍ਰਸੰਗ ਵਿਚੋਂ ਆਪਣੇ ਅਰਥ ਗ੍ਰਹਿਣ ਕਰਦਾ ਹੈ। ਇਸ ਵਿਚ ਜੋ ਨਾਰੀ-ਬਿੰਬ ਉੱਸਰਦਾ ਹੈ ਉਹ ਸਿੱਖੀ ਵਿਚਾਰਧਾਰਾ, ਸਦਾਚਾਰ ਅਤੇ ਸਭਿਆਚਰਕ-ਸਮਾਜਿਕ ਸਥਿਤੀਆਂ ਦੀ ਉੱਤਮਤਾ ਨੂੰ ਦਰਸਾਉਂਦਾ ਹੈ। ਨਾਵਲੀ-ਜਗਤ ਵਿਚ ਸਿੱਖੀ ਦੇ ਅਨੁਰੂਪ ਸਦਾਚਾਰ ਅਤੇ ਧਾਰਮਿਕ ਉੱਤਮਤਾ ਦੇ ਦ੍ਰਿਸ਼ਟਾਂਤਾਂ ਨਾਲ ਇਕ ਆਦਰਸ਼ਕ ਸਿੱਖ ਨਾਰੀ-ਬਿੰਬ ਦੀ ਸਿਰਜਣਾ ਕੀਤੀ ਮਿਲਦੀ ਹੈ।ਨਾਇਕ-ਸੂਰਬੀਰਤਾ ਦੇ ਨਾਲ ਹੀ ਨਾਇਕਾ ਦਾ ਵੀ ਸੂਰਬੀਰਤਾ ਵਾਲਾ ਬਿੰਬ ਮੌਜੂਦ ਹੈ। ਭਾਵੇਂ ਭਾਈ ਵੀਰ ਸਿੰਘ ਦੇ ਨਾਵਲਾਂ ਵਿਚ ਰੋਮਾਂਸ ਅਤੇ ਅਣਯਥਾਰਥਕ ਸਥਿਤੀਆਂ ਦੇ ਵਰਣਨ ਦੀ ਭਰਮਾਰ ਹੈ ਜੋ ਕਿ ਨਾਵਲੀ-ਵਿਧਾ ਦੇ ਮਾਪਦੰਡਾਂ ਤੇ ਪੂਰੇ ਨਹੀਂ ਉਤਰਦੇ ਪਰ ਭਾਈ ਵੀਰ ਸਿੰਘ ਦੀ ਸਮੁੱਚੀ ਸਾਹਿਤ-ਰਚਨਾ ਸਿੱਖ-ਸਿਧਾਂਤ,

ਸਿੱਖ-ਵਿਚਾਰਧਾਰਾ ਅਤੇ ਫਲਸਫ਼ੇ ਪ੍ਰਤੀ ਪੂਰੀ ਤਰ੍ਹਾਂ ਪ੍ਰਤੀਬੱਧ ਹੈ ਇਸ ਲਈ ਭਾਈ ਵੀਰ ਸਿੰਘ ਸਾਹਿਤ ਵਿਚ ਗੁਰੂ ਨਾਨਕ ਦੇਵ ਦੇ ਨਾਰੀ ਪ੍ਰਤੀ ਉੱਤਮ ਵਿਚਾਰਾਂ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਤਕ ਨਾਰੀ ਦੇ ਤੇਜਵੰਤ ਅਤੇ ਜੁਝਾਰੂ ਸਰੂਪ ਦੀ ਸੰਪੂਰਨ ਅਭੀਵਿਅਕਤੀ ਹੋਈ ਮਿਲਦੀ ਹੈ।

## ਸਹਾਇਕ ਪੁਸਤਕਾਂ


1. ਗੁਰੂ ਗ੍ਰੰਥ ਸਾਹਿਬ,( -)
2. ਬ੍ਰਹਮਜਗਦੀਸ਼ ਸਿੰਘ, ਭਾਈ ਵੀਰ ਸਿੰਘ ਜੀਵਨ ਤੇ ਰਚਨਾ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2004
3. ਭਾਈ ਵੀਰ ਸਿੰਘ: ਕੰਤ ਮਹੇਲੀ, ਬਾਰਾਮਾਹ, "ਖ਼ਾਲਸਾ ਸਮਾਚਾਰ", ਅੰਮ੍ਰਿਤਸਰ, 1971
4 .________________________, ਲਹਿਰਾਂ ਦੇ ਹਾਰ, ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2013
5. ________________________, ਰਾਣਾ ਸੂਰਤ ਸਿੰਘ, "ਖ਼ਾਲਸਾ ਸਮਾਚਾਰ", ਅੰਮ੍ਰਿਤਸਰ, 1967
6. ________________________, ਕੰਬਦੀ ਕਲਾਈ, ਵਜ਼ੀਰੇ ਹਿੰਦ ਪ੍ਰੈਸ, ਅੰਮ੍ਰਿਤਸਾਰ, 1950


□□□

# ਲੋਕ ਨਾਟ ਪਰੰਪਰਾ : ਸਮਕਾਲ ਦੇ ਪ੍ਰਸੰਗ ਵਿਚ

*ਮਨਜੀਤ ਕੌਰ*

ਕਿਸੇ ਵੀ ਸਭਿਆਚਾਰ ਦੀਆਂ ਲੋਕ ਕਲਾਵਾਂ ਉਸ ਦੇ ਲੋਕਧਾਰਾਈ ਆਧਾਰ 'ਤੇ ਹੀ ਉਸਰਦੀਆਂ ਹਨ। ਆਦਿ ਕਾਲ ਤੋਂ ਹੀ ਮਨੁੱਖੀ ਸੁਭਾ ਵਿਚ ਆਪਣੇ ਆਲੇ-ਦੁਆਲੇ ਨੂੰ ਜਾਨਣ ਦੀ ਪ੍ਰਵਿਰਤੀ ਮੌਜੂਦ ਰਹੀ ਹੈ ਅਤੇ ਇਸੇ ਪ੍ਰਵਿਰਤੀ ਨੇ ਪ੍ਰਾਕਿਰਤ ਕਸ਼ਕਤੀਆਂ ਦੇ ਵਿਰੁਧ ਮਨੁੱਖ ਨੂੰ ਕਾਰਜਸ਼ੀਲ ਕੀਤਾ ਹੈ। ਹੌਲੀ-ਹੌਲੀ ਆਪਣੇ ਆਪ ਦਾ ਕਲਾਮਈ ਢੰਗ ਨਾਲ ਪ੍ਰਗਟਾਵਾ ਕਰਦਾ ਹੋਇਆ ਮਨੁੱਖ ਸਹਿਜੇਹੀ ਇਸ ਸੰਸਾਰਕ ਮੰਚ ਦਾ ਇਕ ਪਾਤਰ ਬਣ ਗਿਆ। ਮਨੁੱਖ ਦੀ ਇਸੇਅੰਦਰੂਨੀ ਸਿਰਜਣਾਤਮਕ ਪ੍ਰਵਿਰਤੀ ਵਿਚੋਂ ਅਨੇਕਾਂ ਕਲਾਵਾਂ ਨੇ ਰੂਪ ਧਾਰਿਆ। ਜਿਨ੍ਹਾਂ ਵਿਚ ਨਾਟ, ਨਾਚ, ਸੰਗੀਤ ਅਤੇ ਚਿੱਤਰਕਲਾ ਆਦਿ ਪ੍ਰਮੁੱਖ ਹਨ। ਲੋਕ ਕਲਾਵਾਂ ਦੀ ਉਤਪਤੀ ਬਾਰੇ ਵੱਖ-ਵੱਖ ਵਿਦਵਾਨਾਂ ਵਲੋਂ ਵਖ-ਵਖ ਸਿਧਾਂਤ ਪੇਸ਼ ਕੀਤੇ ਗਏ। ਇਕ ਵਿਚਾਰ ਅਨੁਸਾਰ ਮਨੁੱਖੀ ਜਨਮ ਨਾਲ ਹੀ ਕਿਰਤ ਦਾ ਜਨਮ ਵੀ ਹੋਇਆ ਅਤੇ ਕਿਰਤ ਲਈ ਮਨੁੱਖ ਨੂੰ ਸੰਦਾਂ ਦੀ ਲੋੜ ਪਈ। ਅੰਤ ਇਨ੍ਹਾਂ ਸੰਦਾਂ ਨੂੰ ਵਰਤਣ ਲਈ ਭਾਸ਼ਾਈ ਸੰਚਾਰ ਦੀ ਜ਼ਰੂਰਤ ਮਹਿਸੂਸ ਹੋਈ ਅਤੇ ਭਾਸ਼ਾ ਦਾ ਜਨਮ ਹੋਇਆ।

ਦੁਨੀਆ ਭਰ ਵਿਚ ਲੋਕ ਨਾਟਕ ਅਤੇ ਸ਼ਾਸਤਰੀ ਨਾਟਕ ਦਾ ਵਿਕਾਸ ਸਮਾਨਾਂਤਰ ਵੇਖਿਆ ਜਾ ਸਕਦਾ ਹੈ। ਜੇ ਗਹੁ ਨਾਲ ਵੇਖੀਏ ਤਾਂ ਸ਼ਾਸਤਰੀ ਨਾਟਕ ਨੂੰ ਸਾਹਿਤ ਵਿਚ ਜੋ ਸਨਮਾਨਤ ਦਰਜਾ ਹਾਸਿਲ ਹੋਇਆ ਹੈ। ਪਰੰਤੂ ਵਿਸ਼ਿਸ਼ਟ ਸਾਹਿਤ ਦੀ ਜਨਮਦਾਤੀ ਲੋਕਧਾਰਾ ਹੈ। ਇਸ ਲਈ ਲੋਕ ਨਾਟਕ ਨੂੰ ਸ਼ਾਸਤਰੀ ਨਾਟਕ ਦੀ ਪਿੱਠ ਭੂਮੀ ਵਿਚ ਸ਼ਾਮਲ ਹੋਇਆ ਮੰਨਣਾ ਪਏਗਾ। ਲੋਕ ਨਾਟਕ ਦੇ ਆਰੰਭਕ ਕਾਲ ਬਾਰੇ ਮਨੂ ਸਮ੍ਰਿਤੀ ਅੰਦਰ 'ਨਟ' 'ਨਟੀਆਂ' ਦਾ ਜ਼ਿਕਰ ਕੀਤਾ ਗਿਆ ਹੈ ਅਤੇ ਔਰਤ ਦੀ ਹੋਂਦ ਬਾਰੇ ਇਕ ਨਕਾਰਾਤਮਕ ਰਵੱਈਆ ਪੇਸ਼ ਕੀਤਾ ਗਿਆ ਹੈ। ਇਸ ਨੂੰ ਪਹਿਲਾਂ ਪਾਣਿਨੀ ਦੇ ਅਸ਼ਟਾਧਿਆਈ ਅੰਦਰ ਵੀ ਨਟਾਂ ਬਾਰੇ ਸੂਤਰਾਂ ਦੀ ਰਚਨਾ ਹੋਈ ਮਿਲਦੀ ਹੈ।

ਭਰਤ ਮੁਨੀ ਦੇ ਨਾਟ ਸ਼ਾਸਤਰ ਦੀ ਰਚਨਾ ਤੋਂ ਪਹਿਲਾਂ

*ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਕਾਮਰਸ, ਪੀਤਮਪੁਰਾ, ਨਵੀ ਦਿੱਲੀ।*
*ਫੋਨ : 9871648494*

ਭਾਰਤ ਵਿਚ ਇਕ ਨਿਸ਼ਚਿਤ ਨਾਟ ਪੰਰਪਰਾ ਪਹਿਲਾਂ ਹੀ ਮੌਜੂਦ ਸੀ। ਵਿਦਵਾਨਾਂ ਅਨੁਸਾਰ ਭਰਤ ਮੁਨੀ ਦਾ ਕਾਲ ਲਗਭਗ 100 ਸਾਲ ਈ. ਪੂ. ਮੰਨਿਆ ਗਿਆ ਹੈ। ਇਸ ਤੋਂ ਵੀ ਪਹਿਲਾਂ ਪਾਣਿਨੀ (500 ਈ.ਪੂ.) ਅਤੇ ਕੌਟਿਲਯ (400 ਈ. ਪੂ) ਨੇ ਆਪਣੇ ਸੂਤਰਾਂ ਵਿਚ ਨਾਟਕਾਂ ਬਾਰੇ ਟਿਪਣੀਆਂ ਕੀਤੀਆਂ ਹਨ। ਲਗਭਗ 100 ਈ. ਪੂ. ਭਰਤਮੁਨੀ ਦਾ ਨਾਟਯ ਸ਼ਾਸਤਰ ਹੋਂਦ ਵਿਚ ਆਇਆ ਜਿਸ ਨੂੰ ਪੰਜਵੇ ਵੇਦ ਵਜੋਂ ਜਾਣਿਆ ਜਾਂਦਾ ਹੈ। ਅਤੇ ਦੁਨੀਆਂ ਦੀਆਂ ਨਾਟ ਕਲਾਵਾਂ ਦਾ ਥੰਮ ਮੰਨਿਆ ਜਾਂਦਾ ਹੈ। ਇਸ ਨਾਟਯਸ਼ਾਸਤਰ ਵਿਚ ਨਾਟ ਕਲਾ ਦੀ ਬਰੀਕ ਤੋਂ ਬਰੀਕ ਗੱਲ ਦਾ ਵੀ ਵਰਣਨ ਕੀਤਾ ਗਿਆ ਹੈ। ਜਿਵੇਂ ਨਾਟ ਘਰਾਂ ਦੀ ਸਥਾਪਨਾ ਇਨ੍ਹਾਂ ਦੀ ਰੱਖਿਆ, ਦਰਸ਼ਕਾਂ ਦੇ ਬੈਠਣ ਦਾ ਪ੍ਰਬੰਧ ਤੋਂ ਲੈ ਕੇ ਨ੍ਰਿਤ ਕਲਾ, ਵੇਸ਼ ਭੂਸ਼ਾ ਨਾਟਕ ਨੂੰ ਕਿਸ ਤਰ੍ਹਾਂ ਖੇਡਿਆ ਜਾਣਾ ਚਾਹੀਦਾ ਹੈ ਆਦਿ ਬਾਰੇ ਵਿਸਥਾਰ ਨਾਲ ਵਰਣਨ ਕੀਤਾ। ਸੰਸਾਰ ਦੀ ਨਾਟ ਕਲਾ ਦੇ ਇਤਿਹਾਸ ਵਿਚ ਪ੍ਰਾਪਤ ਨਾਟ ਚਿੰਤਨ ਦੀਆਂ ਦੋ ਹੀ ਨਾਟ ਪਰੰਪਰਾਵਾਂ ਮੌਜੂਦ ਹਨ : ਯੂਨਾਨੀ ਨਾਟ ਪੰਰਪਰਾ ਅਤੇ ਭਾਰਤੀ ਨਾਟ ਪਰੰਪਰਾ (ਕਾਲੀਦਾਸ)। ਯੂਨਾਨੀ ਨਾਟ ਪਰੰਪਰਾ ਅਤੇ ਭਾਰਤੀ ਨਾਟ ਪਰੰਪਰਾ ਨਾਲੋ ਨਾਲ ਵਿਕਸਿਤ ਹੁੰਦੀਆਂ ਰਹੀਆਂ ਹਨ।

ਭਰਤ ਮੁਨੀ ਆਪਣੇ ਨਾਟਯ ਸ਼ਾਸਤ੍ਰ ਵਿਚ ਲੋਕ ਚਿਤ ਨੂੰ ਨਾਟਕ ਦੀ ਵਾਸਤਵਿਕ ਪ੍ਰੇਰਣਾ ਭੂਮੀ ਅਤੇ ਕਸੱਵਟੀ ਮੰਨਿਆ ਹੈ। ਨਾਟ ਪ੍ਰਯੋਗ ਵਿਚ ਲੋਕ ਨੂੰ ਹੀ ਸਭ ਤੋਂ ਵੱਡਾ ਪ੍ਰਮਾਣ ਮੰਨਦਿਆ ਉਸਨੇ ਕਿਹਾ ਕਿ ਨਾਟਕ ਚਾਹੇ ਵੇਦ ਹੋਵੇ ਜਾਂ ਅਧਿਆਤਮ ਤੋਂ ਉਤਪੰਨ ਹੋਇਆ ਹੋਵੇ ਇਸ ਦਾ ਲੋਕ ਸਿੱਧ ਹੋਣਾ ਜ਼ਰੂਰੀ ਹੈ। ਨਾਟਕ ਲੋਕ ਸਭਾ ਤੋਂ ਉਤਪੰਨ ਹੁੰਦਾ ਹੈ। ਇਸੇ ਤਰ੍ਹਾਂ ਪੱਛਮ ਵਿਚ ਅਰਸਤੂ ਤੋਂ ਪਹਿਲਾਂ ਪਲੈਟੋ ਨੇ ਕਾਵਿ ਸਿਧਾਂਤਾਂ ਦੀ ਗੱਲ ਕੀਤੀ ਪਰ ਜੋ ਮਹਾਨਤਾ ਅਰਸਤੂ ਦੇ ਕਾਵਿ ਸ਼ਾਸਤਰ ਨੂੰ ਮਿਲੀ ਉਹ ਕਿਸੇ ਹੋਰ ਨੂੰ ਨਹੀਂ ਮਿਲੀ। ਪਰੰਤੂ ਇਸ ਸਮੇਂ ਦਾ ਸੰਸਕ੍ਰਿਤ ਨਾਟਕ ਸਾਨੂੰ ਕਿਸੇ ਲਿਖਿਤ ਰੂਪ ਵਿਚ ਪ੍ਰਾਪਤ ਨਹੀਂ ਸੀ। ਪਹਿਲੀਆਂ ਅੱਠ-ਨੌ ਸਦੀਆਂ ਸੰਸਕ੍ਰਿਤ ਨਾਟਕ ਦਾ ਸੁਨਹਿਰੀ ਕਾਲ ਮੰਨਿਆ ਜਾ ਸਕਦਾ ਹੈ। ਜਿਥੇ ਭਰਤ ਮੁਨੀ ਦਾ ਨਾਟਯ ਸ਼ਾਸਤਰ ਸਾਰੇ ਵਰਗਾਂ ਨੂੰ ਧਿਆਨ ਵਿਚ ਰੱਖ ਕੇ ਰਚਿਆ ਗਿਆ ਸੀ ਉਥੇ ਸੰਸਕ੍ਰਿਤ ਨਾਟਕ, ਰਾਜਿਆਂ ਮਹਾਰਾਜਾਂ ਬ੍ਰਾਹਮਣ ਘਰਾਣਿਆਂ ਤਕ ਹੀ ਸੀਮਿਤ ਰਹਿ ਗਿਆ। ਇਸ ਦੇ ਕਾਰਨ ਸੰਸਕ੍ਰਿਤ ਭਾਸ਼ਾ ਦਿਨੋਂ ਦਿਨ ਘੱਟ ਹੁੰਦੀ ਗਈ ਤੇ ਉਸ ਦੀ ਥਾਂ 'ਤੇ ਦੇਸੀ ਭਾਸ਼ਾਵਾਂ ਸਮਾਨਾਂਤਰ ਵਿਕਾਸ ਕਰਦੀਆਂ ਗਈਆਂ। ਨੌਵੀਂ-ਦਸਵੀਂ ਸਦੀ ਤੱਕ ਆਉਂਦੇ-ਆਉਂਦੇ ਸੰਸਕ੍ਰਿਤ ਨਾਟਕ ਭਾਰਤੀ ਮੰਚ ਤੋਂ ਲਗਭਗ ਅਲੋਪ ਹੀ ਹੋ ਗਿਆ ਅਤੇ ਦੇਸੀ ਵਰਗ ਦੀਆਂ ਦੇਸੀ ਭਾਸ਼ਾਵਾਂ (ਪ੍ਰਾਕ੍ਰਿਤਾ) ਵਿਚ ਜਨ ਸਾਧਾਰਣ ਜਾਂ ਆਮ ਵਰਗ ਦੀ ਅਭਿਵਿਅਕਤੀ ਕਰਦਾ ਲੋਕ ਨਾਟਕ ਵਿਕਸਿਤ ਹੁੰਦਾ ਗਿਆ। ਇਹ ਹੀ ਮੁੱਢਲਾ ਲੋਕ ਨਾਟਕ ਸੀ। ਡਾ. ਕਰਨੈਲ ਸਿੰਘ ਥਿੰਦ ਲੋਕ ਨਾਟਕ ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ

"ਜਨ ਸਾਧਾਰਣ ਦੇ ਅਜਿਹੇ ਸਮੂਹ ਨੂੰ ਲੋਕ ਕਿਹਾ ਜਾਵੇਗਾ ਜਿਸ ਕੋਲ ਵਿਰਸੇ ਵਿਚ ਮਿਲੀਆਂ ਸਾਂਝੀਆਂ ਪਰੰਪਰਾਵਾਂ ਦਾ ਭੰਡਾਰ ਹੋਵੇ। ਇਹ ਲੋਕਯਾਨ ਸਮੁੱਚੇ ਰਾਸ਼ਟਰ ਦਾ ਵੀ ਹੋ ਸਕਦਾ ਹੈ ਤੇ ਪ੍ਰਪਾਤ ਕਬੀਲੇ ਜਾ ਜਾਤੀ ਦੇ ਇਕ ਵਰਗ ਦਾ ਵੀ। ਉਹਨਾਂ ਅਨੁਸਾਰ ਲੋਕ ਦੀ ਪਰਿਭਾਸ਼ਾ ਇਤਨੀ ਵਿਆਪਕ ਹੈ ਕਿ ਇਸ ਵਿਚ ਸਿਖਿਅਤ ਅਤੇ ਅਸਿਖਿਅਤ, ਪੇਂਡੂ ਅਤੇ ਸ਼ਹਿਰੀ, ਸਭਿਅ ਅਤੇ ਅਸਭਿਅ ਹਰ ਵਰਗ ਦੇ ਲੋਕ ਸ਼ਾਮਿਲ ਕੀਤੇ ਜਾ ਸਕਦੇ ਹਨ।"

ਇਸ ਤਰ੍ਹਾਂ ਲੋਕ ਵਿਆਪਕ ਅਰਥ ਰਖਦਾ ਹੈ।ਅਸੀਂ ਇਹ ਕਹਿ ਸਕਦੇ ਹਾਂ ਕਿ ਦੋ ਜਾਂ ਦੋ ਤੋਂ ਵਧੇਰੇ ਉਨ੍ਹਾਂ ਸਾਰੇ ਮਨੁੱਖਾਂ ਨੂੰ ਲੋਕ ਕਿਹਾ ਜਾ ਸਕਦਾ ਹੈ ਜਿਹੜੇ ਇਕੋ ਭਾਸ਼ਾਈ, ਧਾਰਮਕ, ਜਾਤੀ ਅਤੇ ਖੇਤਰੀ ਪਰੰਪਰਾਵਾਂ ਵਿਚ ਬੱਝੇ ਹੋਏ ਹਨ। ਉਹ ਕਿਸੇ ਵੀ ਵਰਗ ਨਾਲ ਸੰਬੰਧਿਤ ਹੋ ਸਕਦੇ ਹਨ। ਵਿਸ਼ਵ ਹਿੰਦੀ ਕੋਸ਼ ਵਿਚ 'ਨਾਟਯ' ਨ੍ਰਿਤ, ਨਾਟਕ, ਨਿਰਤਕਲਾ, ਅਭਿਨੈ ਕਲਾ, ਵੇਸ਼ ਭੂਸ਼ਾ ਅਤੇ ਅਭਿਨੇਤਾ ਦਾ ਸੂਚਕ ਹੈ।

ਲੋਕ ਸ਼ਬਦ ਵਾਂਗ ਨਾਟਕ ਸ਼ਬਦ ਵੀ ਵਿਆਪਕ ਅਰਥਾਂ ਦਾ ਧਾਰਣੀ ਹੈ ਅਤੇ ਇਹ ਸੰਸਕ੍ਰਿਤ ਸ਼ਬਦ ਨਾਟਯ ਦਾ ਸਮਾਨਾਰਥੀ ਹੈ। ਨਾਟਕ ਨਿਰਤ, ਅਭਿਨੇ, ਅਭਿਨੇਤਾ, ਵੇਸ਼ ਭੂਸ਼ਾ ਆਦਿ ਦਾ ਲਖਾਇਕ ਹੈ। ਇਸ ਦੇ ਅਰਥ ਨ੍ਰਿਤ ਮੁਖੀ ਹੋਣ ਕਾਰਣ ਇਹ ਗੱਲ ਸਪੱਸ਼ਟ ਹੈ ਕਿ ਨਾਟਕ ਨਾਚ ਤੋਂ ਵਜ਼ੂਦ ਵਿਚ ਆਇਆ ਹੈ। ਇਨ੍ਹਾਂ ਦੋਹਾਂ ਦਾ ਆਪਸੀ ਸੰਬੰਧ ਭਰਤ ਮੁਨੀ ਆਪਣੇ ਨਾਟਯ ਸ਼ਾਸਤਰ ਵਿਚ ਕਰ ਚੁਕਾ ਸੀ। ਬਾਅਦ ਵਿਚ ਆਉਂਦੇ-ਆਉਂਦੇ ਇਸ ਵਿਚ ਅਦਾਕਾਰੀ, ਗੀਤ, ਸੰਗੀਤ, ਕਥਾ ਵਰਗ ਵੀ ਸ਼ਾਮਲ ਹੋ ਗਏ ਅਤੇ ਨਾਟਕ ਦੇ ਸਾਰੇ ਤੱਤ ਇਸ ਵਿਚ ਆ ਰਲੇ। ਭਾਵੇਂ ਪੁਰਾਤਨ ਭਾਰਤੀ ਨਾਟਕ ਸਮਾਜ ਦੇ ਉਚ ਵਰਗ ਨਾਲ ਸੰਬੰਧਤ ਸੀ ਪਰੰਤੂ ਇਸ ਦਾ ਇਹ ਅਰਥ ਹਰਗਿਜ਼ ਨਹੀਂ ਕਿ ਨਿਮਨ ਵਰਗ ਵਿਚ ਨਾਟ ਕਲਾ ਦਾ ਅਭਾਵ ਸੀ। ਇਨ੍ਹਾਂ ਲੋਕਾਂ ਵਿਚ ਕਲਾ ਦਾ ਆਪਣਾ ਇਕ ਅਲਗ ਰੂਪ ਸੀ ਅਤੇ ਇਨ੍ਹਾਂ ਦੇ ਮਨੋਰੰਜਨ ਸਾਧਨ ਵੀ ਵਖਰੇ ਸਨ। ਭਾਵੇਂ ਉਚ ਵਰਗ ਵਿਚ, ਨਿਮਨ ਵਰਗ ਲਈ ਕੋਈ ਥਾਂ ਨਹੀਂ ਸੀ ਪਰ ਇਸ ਵਰਗ ਵਿਚ ਇਕ ਵੱਖਰੀ ਤਰ੍ਹਾਂ ਦੀ ਕਲਾ ਦਾ ਪ੍ਰਵਾਹ ਨਿਰੰਤਰ ਚਲਦਾ ਰਿਹਾ ਸੀ। ਅਜਿਹੇ ਲੋਕ ਨਾਟਕ ਵਿਚ ਲੋਕ ਮਨ ਦੀ ਅਭਿਵਿਅਕਤੀ ਦਾ ਅਹਿਮ ਰੋਲ ਸੀ।

ਲੋਕ ਮਨ ਦੀ ਅਭਿਵਿਅਕਤੀ ਹਰ ਸਾਹਿਤਕ ਵਿਧਾ ਦਾ ਇਕ ਮਹੱਤਵਪੂਰਨ ਆਧਾਰ ਰਿਹਾ ਹੈ। ਕਿਸੇ ਵੀ ਸਾਹਿਤਕ ਰੂਪ ਦੀਆਂ ਜੜ੍ਹਾਂ ਉਸ ਦੇ ਅਤੀਤ ਵਿਚੋਂ ਹੀ ਸਹਿਜੇ ਹੀ ਲਭੀਆਂ ਜਾ ਸਕਦੀਆਂ ਹਨ। ਇਸੇ ਲਈ ਜਦੋਂ ਅਸੀਂ ਲੋਕ ਨਾਟਕ ਦੀ ਗੱਲ ਕਰੀਏ ਤਾਂ ਇਹ ਵੀ ਕਹਿ ਸਕਦੇ ਹਾਂ ਕਿ ਲੋਕ ਨਾਟਕ, ਪੰਜਾਬੀ ਨਾਟਕ ਦੇ ਜਨਮ ਦਾ ਆਧਾਰ ਬਣਿਆ ਹੈ ਜਾਂ ਪੰਜਾਬੀ ਨਾਟਕ ਨੇ ਲੋਕ ਨਾਟਕੀ ਰਹਿਤਲ ਵਿਚੋਂ ਹੋਂਦ ਗ੍ਰਹਿਣ ਕੀਤੀ। ਕਿਉਂਕਿ ਹਰ ਨਾਟਕ ਦਾ ਜਨਮ ਆਪ ਮੁਹਾਰੇ ਨਹੀਂ ਹੁੰਦਾ ਸਗੋਂ ਉਸ ਦੇ ਪਿਛੋਕੜ ਵਿਚ ਕੋਈ ਨਾ ਕੋਈ ਲੋਕ ਨਾਟਕੀ ਪਰੰਪਰਾ ਕਾਰਜਸ਼ੀਲ ਹੁੰਦੀ ਹੈ ਅਤੇ ਸੁਹਿਰ ਦਦਰਸ਼ਕ/ਪਾਠਕ ਹੀ ਇਸ ਨੂੰ ਮਹਿਸੂਸ ਕਰ ਸਕਦੇ ਹਨ। ਲੋਕ ਨਾਟਕ ਤਾਂ ਇਨਸਾਨ ਦੇ ਜਨਮ ਦੇ ਨਾਲ ਹੀ ਜਨਮ ਦਾ ਹੈ। ਬਲਵੰਤ ਗਾਰਗੀ ਲੋਕ ਨਾਟਕ ਨੂੰ ਨਿਝਕ, ਆਪ ਮੁਹਾਰਾ ਤੇ ਅੱਖੜ ਆਖਦਾ ਹੈ। ਭੱਦਰ ਪੁਰਸ਼ ਜਿਸ ਤੋਂ ਕਤਰਾਉਂਦੇ ਹਨ। ਲੋਕ ਨਾਟਕ ਵਿਚ ਭੋਲਾਪਨ ਹੈ, ਤੁਰੰਤ ਗੱਲ ਘੜ ਕੇ ਮੌਕੇ ਉਤੇ ਘਟਾ ਦੇਣ ਦਾ ਰਸ ਹੈ ਅਤੇ ਇਸ ਦੇ ਖੇਡਣ ਦਾ ਢੰਗ ਖੁਲ੍ਹਾ ਡੁਲ੍ਹਾ ਹੈ।

ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਫੋਕ ਲੋਰ/ਲੋਕ ਧਾਰਾ ਨੂੰ ਵੀ ਇਕ ਵਿਲੱਖਣ ਅਤੇ ਖੁਦ ਮੁਖਤਿਆਰ ਵਰਤਾਰੇ ਵਜੋਂ ਸਥਾਪਿਤ ਕਰਨ ਵਿਚ ਡਾ. ਕਰਨੈਲ ਸਿੰਘ ਥਿੰਦ ਦਾ ਵੱਡਮੁੱਲਾ ਯੋਗਦਾਨ ਹੈ। ਇਸ ਨੂੰ ਇਕ ਵਿਸ਼ੇ ਦੇ ਤੌਰ 'ਤੇ ਉਚੇਰੀ ਸਿਖਿਆ ਦਾ ਦਰਜਾ ਡਾ. ਥਿੰਦ ਨੇ ਦੁਆਇਆ ਹੈ। ਉਥੇ ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ, ਦਵਿੰਦਰ ਸਤਿਆਰਥੀ ਵਰਗੇ ਵਿਦਵਾਨਾਂ ਨੇ ਲੋਕ ਧਾਰਾ ਦੇ ਸਿਧਾਂਤਕ ਰੂਪ ਨੂੰ ਨਿਸ਼ਚਿਤ ਕਰਨ ਨਾਲੋਂ ਇਸ ਦੀ ਪਹਿਚਾਣ

ਬਣਾਉਣ ਵਿਚ ਇਕ ਸੰਸਥਾ ਜਿੰਨਾ ਕਾਰਜ ਕਰ ਵਿਖਾਇਆ। ਉਨ੍ਹਾਂ ਲੋਕ ਧਾਰਾ ਦੇ ਖੇਤਰ ਵਿਚ ਇਕ ਰਿਸ਼ੀ ਵਾਂਗੂ ਸਾਧਨਾ ਕੀਤੀ ਹੈ। ਲੋਕ ਧਾਰਾ ਦੇ ਰੂਪ ਨੂੰ ਜਿਸ ਤਰੀਕੇ ਨਾਲ ਡਾ. ਵਣਜਾਰਾ ਬੇਦੀ ਨੇ ਸਥਾਪਿਤ ਕੀਤਾ ਹੈ ਉਹ ਆਪਣੀ ਪਹਿਚਾਣ ਖੁਦ ਹੈ। ਇਸ ਤੋਂ ਵੀ ਅਗਲਾ ਇਕ ਕਦ ਮਹੋਰ ਉਹ ਅੱਗੇ ਲੋਕ ਧਾਰਾ ਵਿਸ਼ਵ ਕੋਸ਼ ਨੂੰ ਕਈ ਜਿਲਦਾਂ ਵਿਚ ਤਿਆਰ ਕਰ ਕੇ ਪੁੱਟਦੇ ਹਨ, ਜਿਸ ਦਾ ਅੱਜ ਤੱਕ ਕੋਈ ਸਾਨ੍ਹੀ ਨਹੀਂ ਹੈ। ਲੋਕ ਧਾਰਾ ਨੂੰ ਸਿਧਾਂਤਕ ਦ੍ਰਿਸ਼ਟੀ ਕੋਣ ਤੋਂ ਵਿਚਾਰਨ ਵਾਲੇ ਡਾ. ਕਰਨਜੀਤ ਨੇ ਵੀ ਆਪਣਾ ਸੀਰ ਪਾਇਆ ਹੈ, ਪੰਜਾਬੀ ਦੀ ਲੋਕ ਧਾਰਾ ਤੇ ਪੰਜਾਬੀ ਜੀਵਨ (1988) ਵਿਚ ਖੋਜ-ਕਾਰਜ ਲਿਖ ਕੇ। ਜਿਸ ਵਿਚ ਉਨ੍ਹਾਂ ਨੇ ਲੋਕ ਧਾਰਾ ਨੂੰ ਸਮਾਜਕ-ਆਰਥਕ ਪਰਿਪੇਖ ਦੇ ਸੰਦਰਭ ਵਿਚ ਇਕ ਗਤੀਸ਼ੀਲਤਾ ਵਜੋਂ ਵਿਚਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਖੇਤਰ ਵਿਚ ਹੋਰ ਵੀ ਨਾਮ ਲਏ ਜਾ ਸਕਦੇ ਹਨ। ਮਿਸਾਲ ਵਜੋਂ ਬਖਸ਼ੀਸ਼ ਸਿੰਘ, ਬਲਵੰਤ ਗਾਰਗੀ, ਅਜਮੇਰ ਔਲਖ, ਡਾ. ਰਵੇਲ ਸਿੰਘ ਆਦਿ। ਇਸ ਤੋਂ ਅੱਗੇ ਲੋਕ ਧਾਰਾ ਖੋਜ ਦਾ ਵਿਸ਼ਾ ਵੀ ਬਣੀ ਹੈ। 'ਡਾ. ਰਵੇਲ ਸਿੰਘ ਨੂੰ ਪੰਜਾਬੀ ਤੇ ਭਾਰਤੀ ਸਾਹਿਤ ਤੁਲਨਾ ਤੋਂ ਸੰਵਾਦ ਤੱਕ ਪੁਸਤਕ ਵਿਚ ਭਾਰਤੀ ਤੇ ਲੋਕ ਨਾਟਕ ਵਿਚ ਇਕ ਸੰਵਾਦ ਵਾਪਰਦਾ ਹੁੰਦਾ ਕੀਤਾ ਹੈ।

ਲੋਕ ਸਾਹਿਤ ਵਾਂਗ ਲੋਕ ਨਾਟਕ ਵੀ ਸਹਿਜ ਸਰਲ ਤੇ ਸਪੱਸ਼ਟ ਹੁੰਦਾ ਹੈ। ਜਿਥੇ ਵਿਸ਼ਿਸ਼ਟ ਨਾਟਕ ਨਿਯਮਬੱਧ ਹੁੰਦਾ ਹੈ ਉਥੇ ਲੋਕ ਨਾਟਕ ਇਨ੍ਹਾਂ ਨਿਯਮਾਂ ਤੋਂ ਪਰੇ ਲੋਕ ਮਨ, ਉਨ੍ਹਾਂ ਦੇ ਰੀਤੀ-ਰਿਵਾਜ਼, ਲੋਕ ਭਾਸ਼ਾਵਾਂ, ਲੋਕ ਭਾਵਨਾਵਾਂ ਅਤੇ ਲੋਕ ਸੰਸਕ੍ਰਿਤੀ ਦੇ ਵਧੇਰੇ ਨੇੜ੍ਹੇਹੁੰਦਾ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਹ ਆਪਣੇ ਨਿਯਮਾਂ ਦਾ ਖੁਦ ਹੀ ਘਾੜਾ ਹੁੰਦਾ ਹੈ। ਲੋਕ ਨਾਟਕ ਵਿਚ ਉਸ ਵਿਸ਼ੇ ਨਾਲ ਜੁੜੇ ਹੋਏ ਖਿੱਤੇ ਦਾ ਜਨ ਜੀਵਨ, ਪ੍ਰਕਿਰਤੀ ਅਤੇ ਉਥੋਂ ਦਾ ਲੋਕ ਸਾਹਿਤ ਵੀ ਸਹਾਇਕ ਹੁੰਦਾ ਹੈ। ਵਿਸ਼ਿਸ਼ਟ ਨਾਟਕ ਵਿਚ ਜਿਥੇ ਨਾਟਕਕਾਰ ਦੀ ਸੋਚ ਅਤੇ ਉਸਦੀ ਨਾਟਕੀ ਸ਼ੈਲੀ ਮਹਤਵਪੂਰਨ ਭੂਮਿਕਾ ਨਿਭਾਉਂਦੀ ਹੈ। ਉਥੇ ਦੂਜੇ ਪਾਸੇ ਲੋਕ ਨਾਟਕ ਲੋਕ ਭਾਵਨਾਵਾਂ ਅਤੇ ਲੋਕ ਮਨੋਰੰਜਨ ਨੂੰ ਕੇਂਦਰ ਵਿਚ ਰੱਖ ਕੇ ਪੇਸ਼ ਕੀਤਾ ਜਾਂਦਾ ਹੈ। ਲੋਕ ਨਾਟਕ ਬਿਨਾਂ ਕਿਸੇ ਜਤਨ ਦੇ ਸਹਿਵਨ ਹੀ ਦਰਸ਼ਕਾਂ ਨਾਲ ਨਾਤਾ ਜੋੜ ਲੈਂਦਾ ਹੈ ਕਿਉਂਕਿ ਲੋਕ ਨਾਟਕ, ਲੋਕ ਜੀਵਨ ਨੂੰ ਹੀ ਅਮਲੀ ਰੂਪ ਦੇਂਦਾ ਹੈ ਅਤੇ ਸਮਾਜਕ ਪੇਸ਼ਕਾਰੀ ਦਾ ਸਾਧਨ ਵੀ ਹੁੰਦਾ ਹੈ। ਲੋਕ ਨਾਟਕ ਦੇ ਪਾਤਰ ਸਾਧਾਰਨ ਲੋਕ ਹੁੰਦੇ ਹਨ ਅਤੇ ਆਮ ਜਾਂ ਸਾਧਾਰਨ ਲੋਕਾਂ ਦੀਆਂ ਮਨੋ-ਭਾਵਨਾਵਾਂ ਨੂੰ ਹੀ ਪੇਸ਼ ਕਰਦੇ ਹਨ। ਪਾਤਰ ਕਥਾਨਕ ਅਨੁਸਾਰ ਹੀ ਚੁਣੇ ਜਾਂਦੇ ਹਨ। ਅਗਰ ਕਥਾਨਕ ਧਾਰਮਕ ਹੈ ਤੇ ਪਾਤਰ ਵੀ ਧਾਰਮਕ ਨਾਇਕ ਹੁੰਦੇ ਹਨ ਜਿਵੇਂ ਰਾਮ ਲੀਲਾ ਵਿਚ ਰਾਮ, ਸੀਤਾ, ਹਨੂੰਮਾਨ ਅਤੇ ਰਾਸਲੀਲਾ ਵਿਚ ਕ੍ਰਿਸ਼ਨ, ਰਾਧਾ ਆਦਿ ਕੇਂਦਰੀ/ਮੂਲ ਪਾਤਰ ਆਉਂਦੇ ਹਨ ਅਤੇ ਇਤਿਹਾਸਕ ਕਥਾਨਕ ਦੇ ਪਾਤਰ ਵੀ ਯੋਧੇ, ਦੇਸ਼ ਭਗਤ ਆਦਿ ਹੁੰਦੇ ਹਨ। ਭਾਰਤੀ ਲੋਕ ਨਾਟ ਜ਼ਿਆਦਾਤਰ ਪੇਸ਼ੇਵਰ ਮੰਡਲੀਆਂ ਦੁਆਰਾ ਖੇਡੇ ਜਾਂਦੇ ਹਨ, ਇਹ ਰਾਸਧਾਰੀਏ ਮੁੱਢ ਤੋਂ ਹੀ ਦੇਸ਼ ਦੇ ਕੋਨੇ ਕੋਨੇ ਵਿਚ ਜਾ ਕੇ ਲੋਕ ਨਾਟਕ ਖੇਡਦੇ ਆ ਰਹੇ ਹਨ। ਭਾਰਤ ਦੇ ਬਹੁਤੇ ਲੋਕ ਨਾਟਕ ਮੇਲੇ ਤਿਉਹਾਰਾਂ, ਰਸਮੋ ਰਿਵਾਜ਼ਾਂ, ਰੀਤਾਂ ਨਾਲ ਜੁੜੇ ਹੋਏ ਹਨ। ਲੋਕ ਨਾਟਕ ਦੀ ਵਿਧਾ ਇਹੋ ਜਿਹੀ ਹੈ ਜਿਸ ਨੂੰ ਖੁਲ੍ਹੇ ਵਾਯੂਮੰਡਲ ਵਿਚ ਹੀ ਖੇਡਿਆ ਜਾ ਸਕਦਾ ਹੈ। ਕੁਝ ਕੁ ਧਾਰਮਕ ਨਾਟਾਂ ਜਿਵੇਂ ਰਾਮਲੀਲ੍ਹਾ, ਰਾਸਲੀਲ੍ਹਾ, ਆਦਿ ਨੂੰ ਛੱਡ ਕੇ ਬਾਕੀ ਸਾਰੇ ਰੂਪ ਸਾਧਾਰਨ ਪੇਂਡੂ ਤੀਰਕਮਾਨੀ ਪਿੜ, ਘੱਗਰੀ ਪਿੜ, ਬੜਾ ਪਿੜ, ਟੋਭ ਪਿੜ ਜਾਂ ਕਿਸੇ ਚੁਰਾਹੇ ਵਿਚ ਖੇਡਿਆ ਜਾ ਸਕਦਾ ਹੈ। ਨਾਚ ਅਤੇ ਸੰਗੀਤ ਲੋਕ

ਨਾਟਕ ਦਾ ਅਹਿਮ ਅੰਗ ਹੁੰਦੇ ਹਨ ਇਸੇ ਕਰਕੇ ਇਨ੍ਹਾਂ ਨੂੰ ਖੇਡਣ ਵਾਲੇ ਪਾਤਰ ਵੀ ਸੰਗੀਤ-ਨਾਚ ਦੇ ਮਾਹਿਰ ਹੁੰਦੇ ਹਨ। ਬਹੁਤੇ ਲੋਕ ਨਾਟਕਾਂ ਵਿਚ ਕੁੜੀਆਂ ਵਾਲੇ ਰੋਲ ਸੁਹਣੇ ਮੁੰਡੇ ਹੀ ਅਦਾ ਕਰਦੇ ਸਨ। ਇਨ੍ਹਾਂ ਲੋਕ ਨਾਟਕਾਂ ਦੀ ਭਾਸ਼ਾ ਲੋਕ ਭਾਸ਼ਾ ਹੁੰਦੀ ਹੈ ਇਸ ਲਈ ਦਰਸ਼ਕ ਇਨ੍ਹਾਂ ਨਾਟਕਾਂ ਨੂੰ ਬਹੁਤ ਪਸੰਦ ਕਰਦੇ ਹਨ।

ਲੋਕ ਨਾਟਕ ਲੋਕ ਸਮੂਹ (ਪਿੜ) ਵਿਚ ਪੇਸ਼ ਕੀਤੇਜਾਣ ਵਾਲੀਅ ਜਿਹੀ ਪਰੰਪਰਕ ਵੰਨਗੀ ਹੈ ਜਿਹੜੀ ਨਿੱਕੀਆਂ ਨਿੱਕੀਆਂ ਝਲਕੀਆਂ ਰਾਹੀਂ ਇਕ ਵੱਡਾ ਸੰਦੇਸ਼ ਲੋਕਾਂ ਤੱਕ ਪੰਹੁਚਾਉਣ ਦੀ ਸਮਰੱਥਾ ਰਖਦੀ ਹੈ। ਇਸ ਦੀ ਹੋਂਦ ਕਿਸੇ ਲੋਕ ਸਮੂਹ ਦੀਆਂ ਰੂੜੀਆਂ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਅਤੇ ਉਸ ਲੋਕ ਸਮੂਹ ਦੀਆਂ ਲੋਕ ਰੂੜੀਆਂ ਨੂੰ ਅਪਨਾਉਂਦੀ ਹੈ। ਇਨ੍ਹਾਂ ਲੋਕ ਨਾਟਕਾਂ ਵਿਚ ਵੀਰ, ਯੋਧੇ, ਡਾਕੂ, (ਦੁਲ੍ਹਾ ਭੱਟੀ, ਜੱਗਾ ਡਾਕੂ), ਧਾਰਮਕ ਅਤੇ ਇਤਿਹਾਸਕ ਨਾਇਕ ਅਤੇ ਪ੍ਰੇਮ ਕਥਾਵਾਂ ਹੁੰਦੀਆਂ ਹਨ ਜਿਨ੍ਹਾਂ ਵਿਚ ਪਰੰਪਰਾ ਦੇ ਅੰਸ਼ ਸਹਿਜੇ ਹੀ ਮੌਜੂਦ ਹੁੰਦੇ ਹਨ। ਪ੍ਰੋ. ਮੋਹਨ ਸਿੰਘ ਨੇ 'ਗੱਜਣ ਸਿੰਘ ਦੀ ਵਾਰ' ਨੂੰ ਪ੍ਰਸਿਧ ਪੰਜਾਬੀ ਲੋਕ ਗੀਤ "ਜੱਗਾ ਜੰਮਿਆ ਤੇ ਮਿਲਣ ਵਧਾਈਆ" ਵਾਲੇ ਰੂਪ ਵਿਚ ਢਾਲਿਆ ਹੈ ਅਤੇ ਲੋਕ ਰੂੜੀ ਦੀ ਵਰਤੋਂ ਕੀਤੀ ਹੈ।

ਡਾ. ਅਜੀਤ ਸਿੰਘ ਔਲਖ ਨੇ ਵੀ ਇਹ ਮੰਨਿਆ ਹੈ ਕਿ :

"ਲੋਕ ਨਾਟਕ ਲੋਕਯਾਨ ਦਾ ਇਕ ਅਜਿਹਾ ਰੂਪ ਹੈ ਜੋ ਲੋਕ ਪਰੰਪਰਾ ਅਨੁਸਾਰ ਲੋਕ ਸ਼ੈਲੀ ਰਾਹੀਂ ਲੋਕ ਪਿੜ ਵਿਚ ਖੇਡਿਆ ਜਾਂਦਾ ਹੈ।_____ਇਸ ਵਿਚ ਰਾਸ ਲੀਲ੍ਹਾ, ਰਾਮ ਲੀਲ੍ਹਾਂ, ਨਕਲਾਂ, ਸਾਂਗ ਆਦਿ ਸ਼ਾਮਲ ਕੀਤੇ ਜਾ ਸਕਦੇ ਹਨ।"

ਇਸ ਤਰ੍ਹਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਉਹ ਨਾਟਕ ਹੀ ਲੋਕ ਨਾਟਕ ਅਖਵਾਉਂਦਾ ਹੈ ਜਿਹੜਾ ਕਿਸੇ ਚਲੀ ਆ ਰਹੀ ਲੋਕ ਰੂੜੀ/ਪਰੰਪਰਾਵਾਂ ਰਾਹੀਂ ਖੇਡਿਆ ਜਾਵੇ। ਜਿਵੇਂ ਅਗਰ ਹੀਰ ਰਾਂਝੇ ਦੀ ਪ੍ਰੇਮ ਕਥਾ ਨੂੰ ਸਾਧਾਰਣ ਸਟੇਜ ਤੇ ਸਾਧਾਰਣ ਵਾਰਤਾਲਾਪ ਦੁਆਰਾ ਖੇਡਿਆ ਜਾਵੇਂਤਾਂ ਉਹ ਨਾਟਕ ਤਾਂ ਅਖਵਾਏਗਾ ਪਰ ਉਹ ਲੋਕ ਨਾਟਕ ਤਾਂ ਹੀ ਬਣੇਗਾ ਜੇਕਰ ਉਹ ਇਸੇ ਕਹਾਣੀ ਨੂੰ ਸਾਂਗ ਵਿਧੀ ਦੁਆਰਾ ਉਚੀ-ਉਚੀ ਹੇਕ ਲਾ ਕੇ ਸਾਧਾਰਣ ਤੀਰਕਮਾਨੀ ਪਿੜ ਵਿਚ ਖੇਡਿਆ ਜਾਵੇ। ਲੋਕ ਨਾਟਕ ਦੇ ਪਿੜ ਜਾਂ ਰੰਗਮੰਚ ਸੰਬੰਧੀ ਬਲਵੰਤ ਗਾਰਗੀ ਦਾ ਵੀ ਇਹ ਕਹਿਣਾ ਹੈ ਕਿ :

"ਲੋਕ ਨਾਟਕ ਦੇ ਮੰਚ ਕਈ ਵਿਧੀਆਂ ਦੇ ਹਨ ਜਿਨ੍ਹਾਂ ਤੇ ਨਾਟਕ ਖੇਡਿਆ ਜਾਂਦਾ ਹੈ। ਗੋਲ ਪਿੜ, ਚੌਰਸ ਪਿੜ, ਲੰਮਾ ਇਕ ਪਾਸਿਓਂ ਬੰਦ, ਤਿੰਨ ਪਾਸਿਓ ਖੁਲ੍ਹਾਂ, ਬਹੁ ਪੱਧਰਾਂ ਆਦਿ। ਮੰਚ ਚੁਫੇਰਿਓ ਘਿਰਿਆ ਹੁੰਦਾ ਹੈ। ਕੋਈ ਪਰਦਾ ਨਹੀਂ ਹੁੰਦਾ। ਇਸ ਲਈ ਨਿੱਕਾ ਜਿਹਾ ਮੰਚ ਸਥਾਨ ਸੀਮਤ ਤੇ ਅਸੀਮਤ ਹੋ ਜਾਂਦਾ ਹੈ।"

ਸੋ ਇਸ ਤਰ੍ਹਾਂ ਲੋਕ ਨਾਟਕ ਸਾਹਿਤ ਦੀਆਂ ਹੋਰ ਸਾਹਿਤਕ ਵਿਧਾਵਾਂ ਦੀ ਤਰ੍ਹਾਂ ਸਿਰਫ ਮਨੋਰੰਜਨ ਹੀ ਨਹੀਂ ਕਰਦਾ ਸਗੋਂ ਕਿਸੇ ਸਮਾਜ ਨੂੰ ਸਹੀ ਦਿਸ਼ਾ ਪ੍ਰਦਾਨ ਕਰਨਾ, ਤਰੱਕੀ ਦੇਣ ਦਾ ਕਾਰਜ ਵੀ ਕਰਦਾ ਹੈ। ਇਹ ਹੀ ਕਾਰਣ ਹੈ ਕਿ ਭਾਰਤ ਦੀਆਂ ਪ੍ਰਦੇਸੀ ਸਰਕਾਰਾਂ ਆਪਣੇਜਨ-ਸੰਪਰਕ ਵਿਭਾਗਾਂ ਦੀ ਸਹਾਇਤਾ ਨਾਲ ਅਤੇ ਸਮਾਜ ਦੀ ਭਲਾਈ ਹਿੱਤ ਕੁਝ ਸਮਾਜਕ ਕੁਰੀਤੀਆਂ ਜਿਵੇਂ ਭਰੂਣ ਹੱਤਿਆ, ਦਹੇਜ ਪ੍ਰਥਾ, ਬਾਲ ਵਿਆਹ, ਨਸ਼ਾ ਖੋਰੀ, ਭ੍ਰਿਸ਼ਟਾਚਾਰ ਆਦਿ ਵਿਰੁਧ ਜਨ-

ਸਾਧਾਰਨ ਨੂੰ ਜਾਗ੍ਰਿਤ ਕਰਨ ਦਾ ਕਾਰਜ ਵੀ ਕਰਦੀਆਂ ਹਨ। ਅਸੀਂ ਇਹ ਵੀ ਕਹਿ ਸਕਦੇਹਾਂ ਕਿ ਆਪਣੇ ਹਾਸਮਈ ਅੰਦਾਜ਼ ਵਿਚ ਲੋਕ ਨਾਟਕ ਕਿਸੇ ਸਮਾਜ ਦੇ ਖੋਖਲੇਪਨ ਨੂੰ ਵੀ ਨੰਗਾ ਕਰਦਾ ਹੈ ਅਤੇ ਇਕ ਸੁਚੱਜੇ ਅਤੇ ਸਾਫ ਸਮਾਜ ਦੀ ਸਿਰਜਣ ਪ੍ਰਕ੍ਰਿਆ ਵਿਚ ਵੀ ਆਪਣਾ ਯੋਗਦਾਨ ਪਾਉਂਦਾ ਹੈ।

ਇਸ ਤੋਂ ਮਗਰੋਂ ਪੰਜਾਬੀ ਸਾਹਿਤ ਅਧਿਐਨ ਦੀ ਪੜ੍ਹਨ ਪਾਠਨ ਦੀ ਪਰੰਪਰਾ ਵਿਚ ਲੋਕ ਨਾਟਕ ਨੇ ਕਿਹੜੇ ਕਿਹੜੇ ਪੜਾਅ ਤੈਅ ਕੀਤੇ ਹਨ, ਉਸ ਬਾਰੇ ਵੀ ਚਰਚਾ ਕਰਨਾ ਲਾਜ਼ਮੀ ਜਾਪਦਾ ਹੈ। ਭਾਰਤ ਦੇ ਵੱਖੋ-ਵੱਖਰੇ ਸੂਬਿਆਂ ਤੇ ਸਭਿਆਚਾਰਾਂ ਵਿਚ ਖੇਡੇ ਜਾਣ ਵਾਲੇ ਲੋਕ ਨਾਟਕੀ ਰੂਪਾਂ ਨੂੰ ਜਦੋਂ ਅਸੀਂ ਦੇਖਦੇ ਹਾਂ ਤਾਂ ਉੱਤਰ ਪ੍ਰਦੇਸ਼, ਪੰਜਾਬ ਤੇ ਰਾਜਸਥਾਨ ਦੀ ਨੌਟੰਕੀ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਹੈ। ਇਸ ਦੇ ਮੁੱਢਲੇ ਰੂਪ ਨੂੰ ਸਾਂਗੀਤ ਆਖਦੇ ਹਨ। ਉਨੀਵੀਂ ਸਦੀ ਦੇ ਮੱਧ ਵਿਚ ਇਕ ਸਾਂਗੀਤ 'ਸ਼ਹਜ਼ਾਦੀ ਨੋਟੰਕੀ' ਇਤਨਾ ਪ੍ਰਸਿੱਧ ਹੋਇਆ ਕਿ ਲੋਕਾਂ ਨੇ ਇਸ ਪ੍ਰਕਾਰ ਦੇ ਰੀਤੀ ਨਾਟਕ ਨੂੰ ਨੌਟੰਕੀ ਆਖਣਾ ਸ਼ੁਰੂ ਕਰ ਦਿੱਤਾ। ਇਹ ਪੰਜਾਬ ਦੀ ਇਕ ਅਜਿਹੀ ਨਾਟ ਸ਼ੈਲੀ ਹੈ ਜਿਸ ਵਿਚ ਧਾਰਮਕ ਸਮਾਜਕ ਅਤੇ ਇਤਿਹਾਸਕ ਸਾਰੇ ਤਰ੍ਹਾਂ ਦੇ **'ਸਾਂਗ'** ਖੇਡੇ ਜਾਂਦੇ ਹਨ। **'ਜਾਤ੍ਰਾ'** ਬੰਗਾਲ ਪ੍ਰਦੇਸ਼ ਨਾਲ ਸੰਬੰਧਤ ਨਾਟ ਹੈ। ਇਸ ਦੀ ਸ਼ੁਰੂਆਤ ਵੈਸ਼ਨਵ ਮੱਤ ਦੇ ਭਗਤਾਂ ਦੀ ਜਾਤ੍ਰ ਤੋਂ ਹੋਈ। 19ਵੀਂ ਸਦੀ ਦੇ ਆਰੰਭ ਵਿਚ ਇਹ ਜਾਤ੍ਰਾ ਧਾਰਮਿਕਤਾ ਦੇ ਘੇਰੇ ਤੋਂ ਨਿਕਲ ਕੇ ਲੌਕਿਕ ਪ੍ਰਵਾਹ ਵਿਚ ਬਦਲ ਗਈ ਅਤੇ ਆਜ਼ਾਦੀ ਅੰਦੋਲਨ ਤਕ ਆਉਂਦੇ ਆਉਂਦੇ ਇਸ ਵਿਚ ਦੇਸ਼ ਭਗਤੀ ਦੇ ਭਾਵ ਵੀ ਪੈਦਾ ਹੋ ਗਏ ਤੇ ਇਸ ਨੂੰ ਅੰਗ੍ਰੇਜ਼ੀ ਹਕੂਮਤ ਦੇ ਖਿਲਾਫ ਇਕ ਪ੍ਰਚਾਰ ਮਾਧਿਅਮ ਦੇ ਤੌਰ ਤੇ ਵੀ ਵਰਤਿਆ ਜਾਣ ਲਗ ਪਿਆ। ਇਸੇ ਲੜੀ ਵਿਚ ਗੁਜਰਾਤ ਦੇ ਲੋਕ ਨਾਟ **'ਭਵਾਈ'** ਨੂੰ ਵੇਖਿਆ ਜਾ ਸਕਦਾ ਹੈ। ਇਹ ਜ਼ਿਆਦਾਤਰ ਨਵਰਾਤਿਆਂ ਵਿਚ ਮਾਤਾ ਅੰਬਾ ਦੇ ਮੰਦਰਾਂ ਵਿਚ ਖੇਡਿਆ ਜਾਂਦਾ ਹੈ। ਸ਼ੁਰਆਤੀ ਦੌਰ ਵਿਚ ਇਹ ਇਕ ਨਿਰੋਲ ਧਾਰਮਕ ਲੋਕ ਨਾਟ ਸੀ ਪਰ ਹੌਲੀ-ਹੌਲੀ ਇਸ ਵਿਚ ਕਾਫੀ ਤਰ੍ਹਾਂ ਦੇ ਰਲੇਵੇ ਆ ਗਏ। ਉਚ ਸ਼੍ਰੇਣੀ ਨਾਲ ਸੰਬੰਧਤ ਬ੍ਰਾਹਮਣਾਂ ਤੇ ਪੜੇ ਲਿਖੇ ਬੁਧੀਜੀਵੀ ਵਰਗ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਪਰੰਤੂ ਹੁਣ ਵਰਤਮਾਨ ਸਰਕਾਰਾਂ ਨੇ ਇਨ੍ਹਾਂ ਨਾਟ ਮੰਡਲੀਆਂ ਦੀ ਪਹਿਚਾਣ ਕਰ ਕੇ ਉਨ੍ਹਾਂ ਨੂੰ ਫਿਰ ਤੋਂ ਉਤਸਾਹਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ ਕਰਨਾਟਕ ਦਾ ਧਾਰਮਿਕ ਨਾਟਕ ਯਕਸ਼ਗਾਣ ਵੀ ਹੈ ਜਿਸ ਬਾਰੇ ਬਲਵੰਤ ਗਾਰਗੀ ਲਿਖਦਾ ਹੈ :-

ਇਸ ਦੇ ਵਿਸ਼ੇ ਰਮਾਇਣ, ਮਹਾਂਭਾਰਤ ਅਤੇ ਪੁਰਾਣਾਂ ਵਿਚੋਂ ਲਏ ਜਾਂਦੇ ਹਨ।_____ ਮਹਾਂਭਾਰਤ ਤੇ ਰਮਾਇਣ ਵਿਚਲੀਆਂ ਸਾਰੀਆਂ ਦੀਆਂ ਸਾਰੀਆਂ ਲੜਾਈਆਂ ਯਕਸ਼ਗਾਣ ਦੇ ਨਾਟ ਭੰਡਾਰ ਦਾ ਹਿੱਸਾ ਬਣ ਗਈਆਂਹਨ।

ਇਹ ਇਕ ਇਹੋ ਜਿਹਾ ਨਾਟਰੂਪ ਹੈ ਜਿਹੜਾ ਰੋਟੀ ਪਾਣੀ ਖਾਣ ਤੋਂ ਬਾਅਦ ਸ਼ੁਰੂ ਹੁੰਦਾ ਹੈ ਅਤੇ ਸਵੇਰ ਤਕ ਚਲਦਾ ਰਹਿੰਦਾ ਹੈ। ਇਸ ਦਾ ਮੰਚ ਚਾਰੇ ਪਾਸੇ ਬਾਂਸ ਗੱਡ ਕੇਬਣਾਇਆ ਜਾਂਦਾ ਹੈ ਤਾਂ ਉਨ੍ਹਾਂ ਨਾਲ ਕੇਲੇ ਦੇ ਬੂਟੇ ਬੰਨ ਦਿੱਤੇ ਜਾਂਦੇ ਹਨ। ਪਹਿਲਾਂ ਮਰਦ ਹੀ ਔਰਤਾਂ ਦਾ ਕਿਰਦਾਰ ਨਿਭਾਉਂਦੇ ਸਨ ਪਰ ਹੁਣ ਔਰਤਾਂ ਹੀ ਆਪਣਾ ਕਿਰਦਾਰ ਖੁਦ ਨਿਭਾਉਣ ਲਗ ਪਈਆਂ ਹਨ।

ਤਮਾਸ਼ਾ ਮਹਾਰਾਸ਼ਟਰ ਦਾ ਲੋਕ ਨਾਟ ਹੈ। ਪਰੰਤੂ ਇਸ ਵਿਚ ਉਤਰ ਪ੍ਰਦੇਸ਼ ਭਾਰਤ ਦੀ

ਕਲਾ ਦਾ ਮਿਲਵਾ ਜੁਲਵਾਂ ਰੂਪ ਹੈ। ਸ਼ੁਰੂ ਸ਼ੁਰੂ ਵਿਚ ਇਸ ਕਲਾ ਵਿਚ ਸ਼ਿੰਗਾਰ ਰਸ ਪ੍ਰਧਾਨ ਸੀ। ਪਰ ਹੌਲੀ ਹੌਲੀ ਇਸ ਵਿਚ ਸਥਾਨਕਤਾ, ਦਾਰਸ਼ਨਿਕਤਾ ਅਤੇ ਧਾਰਮਿਕਤਾ ਸ਼ਾਮਲ ਹੋ ਗਈ। ਤਮਾਸ਼ੇ ਦੇ ਮੰਚ ਨੂੰ ਫੜ੍ਹ ਕਿਹਾ ਜਾਂਦਾ ਹੈ। ਇਹ ਨਾਟ ਰੂਪ ਪੰਜਾਬ ਹਰਿਆਣਾ ਵਿਚ ਵੀ ਬਾਅਦ ਵਿਚ ਵੇਖਣ ਨੂੰ ਮਿਲਿਆ। ਧਾਰਮਿਕ ਲੋਕ ਨਾਟ ਵਿਚ ਤਮਿਲਨਾਡੂ ਦੇ 'ਤੀਰਕੂਟ' ਨੂੰ ਵੀ ਲਿਆ ਜਾ ਸਕਦਾ ਹੈ। ਇਹ ਦੱਖਣੀ ਭਾਰਤ ਵਿਚ ਕਰਨਾਟਕਾ ਦੇ ਯਕਸ਼ਗਾਣ ਤੋਂ ਬਾਅਦ ਤੀਰਕੂਟ ਹੀ ਇਕ ਅਜਿਹਾ ਲੋਕ ਨਾਟ ਹੋ ਜਿਹੜਾ ਅੱਜ ਵੀ ਆਪਣੀ ਹੋਂਦ ਬਚਾ ਕੇ ਲੋਕਾਂ ਦਾ ਮਨੋਰੰਜਨ ਕਰ ਰਿਹਾ ਹੈ। ਇਹ ਜ਼ਿਆਦਾਤਰ ਮੰਦਰਾਂ ਵਿਚ ਖੇਡਿਆ ਜਾਂਦਾ ਹੈ ਅਤੇ ਇਸ ਦੇ ਮੁੱਖ ਵਿਸ਼ੇ ਰਮਾਇਣ, ਮਹਾਂਭਾਰਤ ਪੁਰਾਣ ਤੇ ਲੋਕ ਕਥਾਵਾਂ ਹੁੰਦੇ ਹਨ। ਇਨ੍ਹਾਂ ਧਾਰਮਿਕ ਨਾਟ ਲੜੀ ਤੋਂ ਬਾਅਦ ਜਿਹੜੇ ਲੋਕ ਨਾਟ ਸਾਡਾ ਧਿਆਨ ਖਿੱਚਦੇ ਹਨ ਉਹ ਹਨ ਲੀਲਾ ਨਾਟਕ, ਸਾਂਗ/ਸੁਆਂਗ, ਨਕਲਾਂ, ਗਿੱਧਾ ਨਾਟਕ।

**ਲੀਲਾਨਾਟਕ :** ਲੀਲਾ ਅਕਸਰ ਕਿਸੇ ਮਹਾਂਪੁਰਖ ਦੇ ਜੀਵਨ ਚਰਿੱਤਰ ਨੂੰ ਪਰਦਰਸ਼ਿਤ ਕਰਦਾ ਲੋਕ ਨਾਟਕ ਹੁੰਦਾ ਹੈ। ਇਸ ਵਿਚ ਲੋਕ-ਨਾਟਕ ਦੇ ਸਾਰੇ ਗੁਣ-ਲੱਛਣ ਪਾਏ ਜਾਂਦੇ ਹਨ। ਪੰਜਾਬ ਵਿਚ ਰਾਮ ਲੀਲਾ, ਰਾਸ ਲੀਲਾ, ਰਵਿਦਾਸ ਲੀਲਾ, ਪਰਲ੍ਹਾਦ ਲੀਲਾ, ਬਾਲਮੀਕ ਲੀਲਾ, ਪੂਰਨ ਭਗਤ ਲੀਲਾ ਅਤੇ ਬਾਬਾ ਬਾਲਕ ਨਾਥ ਲੀਲਾਵਾਂ ਖੇਡੀਆਂ ਜਾਂਦੀਆਂ ਹਨ। ਰਾਮ ਲੀਲਾ ਸ੍ਰੀ ਰਾਮਚੰਦਰ ਜੀ ਦੇ ਜੀਵਨ ਨਾਲ ਸੰਬੰਧਤ ਲੋਕ-ਨਾਟਕ ਹੈ ਤੇ ਰਾਸ ਲੀਲਾ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਚਰਿੱਤਰ ਨੂੰ ਪੇਸ਼ ਕਰਦਾਹੈ। ਇਸੇ ਤਰ੍ਹਾਂ ਵੱਖ-ਵੱਖ ਨਾਵਾਂ ਅਨੁਸਾਰ ਇਹ ਲੀਲਾਵਾਂ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਲੀਲਾ ਨਾਟਕਾਂ ਨੇ ਪੰਜਾਬੀ ਨਾਟਕਕਾਰਾਂ ਨੂੰ ਨਾਟਕ ਉਸਾਰਨ, ਨਾਟਕ ਵਿਚ ਰਸ ਸਿਰਜਣ ਤੇ ਪ੍ਰਦਰਸ਼ਨ ਦੀਆਂ ਵਿਧੀਆਂ ਦੱਸੀਆਂ ਹਨ। ਰਾਮ ਲੀਲਾ ਸਮੇਂ ਦੇ ਨਾਲ ਨਾਲ ਵਿਕਸਿਤ ਹੋ ਰਹੀ ਹੈ। ਦਰਸ਼ਕ ਅਜੇ ਵੀ ਇਸ ਦੇ ਮੌਜੂਦਾ ਸਰੂਪ ਨੂੰ ਉਤਨਾ ਪਸੰਦ ਕਰਦੇਹਨ ਜਿਤਨਾ ਉਹ ਪਹਿਲਾਂ ਕਰਦੇ ਸਨ। ਕਿਉਕਿ ਰਾਮ ਲੀਲਾ ਨਾਟਕ ਨੇ ਸਮਾਜ ਵਿਚ ਆਈ ਤਬਦੀਲੀ ਨੂੰ ਸਵੀਕਾਰ ਕਰ ਕੇ ਉਸ ਨੂੰ ਅਪਨਾਇਆ ਵੀ ਹੈ। ਅੱਜ ਦੀ ਰਾਮ ਲੀਲਾ ਹਾਈਟੈਕ ਹੁੰਦੀ ਹੈ। ਜਿਸ ਵਿਚ ਲਾਈਟ ਐਂਡ ਸਾਊਂਡ ਸਿਸਟਮ ਦੇ ਨਾਲ-ਨਾਲ ਹੋਰ ਤਕਨਾਲੋਜੀ ਦੀ ਵੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਅੱਜ ਵੀ ਲੋਕਾਂ ਵਿਚ ਇਸ ਨੂੰ ਵੇਖਣ ਦਾ ਉਤਸ਼ਾਹ ਬਰਕਰਾਰ ਹੈ।

**ਸਾਂਗ/ਸੁਆਂਗ :** ਸਾਂਗ ਦਾ ਅਰਥ ਹੁੰਦਾ ਹੈ ਕਿਸੇ ਹੋਰ ਦਾ ਰੂਪ ਧਾਰਨਾ। ਸਾਂਗ ਇਕ ਅਜਿਹਾ ਲੋਕ ਨਾਟਕ ਦਾ ਰੂਪ ਹੈ ਜਿਸ ਵਿਚ ਕਿੱਤਾਕਾਰ/ਕਲਾਕਾਰ, ਨ੍ਰਿਤ, ਸੰਗੀਤ ਅਤੇ ਛੰਦਮਈ ਵਾਰਤਾਲਾਪ ਰਾਹੀਂ ਕਿਸੇ ਅਸਾਧਾਰਣ ਵਿਅਕਤੀ ਦਾ ਰੂਪ ਧਾਰ ਕੇ ਉਨ੍ਹਾਂ ਦੇ ਜੀਵਨ-ਚਰਿੱਤਰ ਨੂੰ ਪੇਸ਼ ਕੀਤਾ ਜਾਂਦਾ ਹੈ। ਪੰਜਾਬ ਵਿਚ ਦੋ ਸਾਂਗ ਪਰੰਪਰਾਵਾਂ ਹੋਂਦ ਵਿਚ ਆਈਆਂ ਹਨ। ਰਾਸਧਾਰੀ ਸਾਂਗ ਪਰੰਪਰਾ ਅਤੇ ਨੌਟੰਕੀ ਸਾਂਗ ਪਰੰਪਰਾ। ਰਾਸਧਾਰੀ ਸਾਂਗ ਵਿਚ ਕੇਵਲ ਧਾਰਮਿਕ ਜਾਂ ਸਦਾਚਾਰਕ ਨਾਟਕ ਖੇਡੇ ਜਾਂਦੇ ਹਨ ਜਦਕਿ ਨੌਟੰਕੀ ਸਾਂਗ ਪਰੰਪਰਾ ਲੌਕਿਕ ਹੈ ਅਤੇ ਇਸ ਵਿਚ ਹਰ ਭਾਂਤ ਦਾ ਨਾਟਕ ਖੇਡਿਆ ਜਾਂਦਾ ਹੈ। ਸਾਂਗ ਦਾ ਵਾਤਾਵਰਣ ਗੰਭੀਰ ਹੁੰਦਾ ਹੈ ਜਦਕਿ ਨੌਟੰਕੀ ਵਿਚ ਹਾਸਰਸ ਵਧੇਰੇ ਹੁੰਦਾ ਹੈ।

**ਨਕਲਾਂ** :- ਹਸਣਾ ਖੇਡਣਾ ਪੰਜਾਬੀ ਜਨਜੀਵਨ ਦਾ ਇਕ ਅਹਿਮ ਭਾਗ ਹੈ। ਟਿੱਚਰਾਂ ਪੰਜਾਬੀਆਂ ਦੇ ਸੁਭਾਅ ਦੀ ਖਾਸੀਅਤ ਹੈ। ਇਸ ਦਾ ਕਾਰਨ ਹੈ ਪੰਜਾਬ ਦਾ ਖੁਲ੍ਹਾਂ-ਡੁਲ੍ਹਾ ਵਾਤਾਵਰਨ,

ਸਾਫ-ਸੁਥਰੀ ਪੌਣ-ਪਾਣੀ ਅਤੇ ਖੁਸ਼ਹਾਲ ਜੀਵਨ। ਪੰਜਾਬ ਦਾ ਇਹ ਜੀਵਨ ਲੋਕਧਾਰਾ ਵਿਚ ਵੀ ਝਲਕਾਰੇ ਮਾਰਦਾ ਹੈ। ਇਸੇ ਸੰਦਰਭ ਵਿਚ ਨਕਲਾਂ ਸਭ ਤੋਂ ਪ੍ਰਸਿਧ ਲੋਕ ਨਾਟ ਰੂਪ ਹੈ। ਇਸ ਨੂੰ ਭੰਡਾਂ ਦਾ ਤਮਾਸ਼ਾ ਵੀ ਕਿਹਾ ਜਾਂਦਾ ਹੈ। ਮਰਾਸੀ ਜਾਤ ਵਲੋਂ ਇਸ ਕਲਾ ਨੂੰ ਪੇਸ਼ ਕਰਨ ਕਰ ਕੇ ਇਨ੍ਹਾਂ ਨੂੰ ਮਰਾਸੀਪੁਣਾ ਜਾਂ ਮਰਾਸੀਆਂ ਦੀ ਕਲਾ ਵੀ ਕਿਹਾ ਜਾਂਦਾ ਹੈ। ਨਕਲਾਂ ਪੰਜਾਬ ਦੇ ਜਨਜੀਵਨ ਦੀ ਖੂਬਸੂਰਤ ਅਤੇ ਜਾਨਦਾਰ ਪੇਸ਼ਕਾਰੀ ਕਰਦੀਆਂ ਹਨ। ਪੰਜਾਬ ਦੇ ਚਰਚਿਤ 'ਕਾਮੇਡੀ ਆਰਟਿਸਟ' ਮੂਲ-ਰੂਪ ਵਿਚ ਨਕਲਾਂ ਦੀ ਜੁਗਤ ਨੂੰ ਹੀ ਵਰਤਦੇ ਹਨ।

**ਗਿੱਧਾ-ਨਾਟਕ** : ਗਿੱਧਾ ਨਾਟਕ ਵੀ ਪਰੰਪਰਾਗਤ ਲੋਕ-ਨਾਟਕ ਦੇ ਤੱਤ ਨਾਲ ਲਬਰੇਜ਼ ਨਾਟਕ ਹੈ। ਇਹ ਤਾਲੀ, ਨਾਚ ਤੇ ਬੋਲੀ ਦਾ ਸੁੰਦਰ ਸੁਮੇਲ ਪੇਸ਼ ਕਰਦਾ ਹੈ। ਗਿੱਧਾ ਲੋਕ-ਨਾਟਕ ਦੀ ਅਜਿਹੀ ਵੰਨਗੀ ਹੈ ਜਿਸ ਵਿਚ ਸਾਂਗ, ਨ੍ਰਿਤ, ਸੰਗੀਤ-ਕਾਵਿ ਦਾ ਮਿਸ਼ਰਣ ਹੁੰਦਾ ਹੈ। ਇਸ ਵਿਚ ਘੱਗਰੀ ਪਿੜ ਦੀ ਜ਼ਰੂਰਤ ਹੁੰਦੀ ਹੈ। ਇਹ ਗਿੱਧੇ ਦੀ ਤਾਲ ਨਾਲ ਕਥਾਨਕ ਵਿਚ ਮੋੜ ਲੈ ਕੇ ਆਉਂਦੇ ਹਨ। ਇਸ ਵਿਚ ਕਵਿਤਾ, ਗੀਤ, ਨਾਟਕੀ ਸੈਨਤਾਂ, ਭਖਦਾ ਕਾਰਜ ਅਤੇ ਤਿੱਖੀ ਵਿਅੰਗਾਤਮਕ ਚੋਟ ਹੁੰਦੀ ਹੈ।

ਸੋ ਸਪੱਸ਼ਟ ਹੈ ਕਿ ਪੰਜਾਬੀ ਲੋਕ ਨਾਟਕ ਆਪਣੇ ਪਰੰਪਰਾਗਤ ਰੂਪ ਵਿਚ ਅਤਿਅੰਤ ਬਲਸ਼ਾਲੀ ਅਤੇ ਵੰਨ-ਸੁਵੰਨਤਾ ਭਰਪੂਰ ਰਿਹਾ ਹੈ। ਇਹ ਕੁਦਰਤ ਦੇ ਖੁਲ੍ਹੇ ਵਾਯੂਮੰਡਲ ਵਿਚ ਜਨਮਿਆ ਅਤੇ ਪੇਂਡੂ ਰਹਿਤਲਾਂ ਵਿਚ ਇਸਨੇ ਵਿਕਾਸ ਕੀਤਾ। ਆਪਸੀ ਮੇਲ-ਜੋਲ, ਧਾਰਮਕ ਵਿਸ਼ਵਾਸ, ਮੇਲੇ ਤਿਉਹਾਰ ਅਜਿਹੇ ਮੌਕੇ ਹਨ ਜਿਨ੍ਹਾਂ ਤੋਂ ਲੋਕ ਨਾਟਕ ਰੂਪ ਧਾਰਦਾ ਹੈ। ਲੋਕ ਨਾਟਕ ਸਾਡਾ ਇਕ ਅਜਿਹਾ ਵਿਰਸਾ ਹੈ ਜਿਸ ਵਿਚ ਕਲਾਕਾਰ, ਸਿਰਜਕ, ਪੇਸ਼ਕਾਰ ਅਤੇ ਪਾਠਕ/ਦਰਸ਼ਕ ਵਿਚਕਾਰ ਵਕਫੇ ਦੀ ਕੋਈ ਦੀਵਾਰ ਨਹੀਂ ਹੁੰਦੀ। ਪਿੰਡਾਂ ਦੇ ਮਰਾਸੀਆਂ, ਭੰਡਾ, ਭੁਗਤੀਏ ਅਤੇ ਰਾਸਧਾਰੀਆਂ ਨੇ ਸਦੀਆਂ ਤੱਕ ਇਸ ਨੂੰ ਜੀਵੰਤ ਰਖਿਆ ਹੈ। ਅਜੋਕੇ ਸਮੇਂ ਮੌਜੂਦਾ ਦੌਰ ਵਿਚ ਟੈਲੀਵਿਜ਼ਨ, ਰੇਡੀਓ, ਕੈਮਰੇ ਟੇਪਰਿਕਾਰਡ, ਇੰਟਰਨੈੱਟ ਆਦਿ ਨੇ ਨਾਲ ਅਸੀਂ ਇਸ ਅਮੀਰ ਪਰੰਪਰਾ ਨੂੰ ਸੰਭਾਲ ਸਕਦੇ ਹਾਂ। ਇਹੋ ਤੱਤ ਇਸ ਦੀ ਗਤੀਸ਼ੀਲਤਾ ਦਾ ਜਾਮਨ ਹੈ।

ਇਹ ਵੀ ਠੀਕ ਹੈ ਕਿ ਪਰਿਵਰਤਨ ਜੀਵਨ ਦਾ ਨਿਯਮ ਹੈ। ਸੋ ਨਵੇਂ ਮਾਹੌਲ ਵਿਚ ਆਪਣੀ ਇਸ ਵਿਰਾਸਤ ਨੂੰ ਨਵੇਂ ਢੰਗ ਨਾਲ ਸਹਿਜਿਆ ਅਤੇ ਸੰਚਾਰਿਆ ਜਾ ਸਕਦਾ ਹੈ। ਜੇ ਮਨੋਰੰਜਨ/ਸੰਚਾਰ ਦੇ ਦਰੁਸਤ ਸਾਧਨਾ ਨੂੰ ਸੰਤੁਲਿਤ ਵਿਧੀ ਤੋਂ ਅਪਨਾਈਏ ਤਾਂ ਇਹੀ ਤਕਨਾਲੋਜੀ ਲੋਕਧਾਰਾ ਦੇ ਸੰਚਾਰਨ ਵਿਚ ਤੇਜ ਗਤੀ ਲਿਆ ਸਕਦੀ ਹੈ। ਸੰਚਾਰ ਦੀਆਂ ਇਨ੍ਹਾਂ ਨਵੀਆਂ ਜੁਗਤਾਂ ਰਾਹੀਂ ਲੋਕ ਨਾਟਕ ਨੂੰ ਵੀ ਸੰਭਾਲਿਆ ਜਾ ਸਕਦਾ ਹੈ ਅਤੇ ਅਗਲੀ ਪਨੀਰੀ ਤੱਕ ਪਹੁੰਚਾਇਆ ਜਾ ਸਕਦਾ ਹੈ। ਤਕਨਾਲੋਜੀ ਨਾਲ ਜੁੜੇ ਵਸੀਲੇ ਇਸ ਸੰਦਰਭ ਵਿਚ ਤਕੜੇ ਪ੍ਰੇਰਕ ਸਾਬਿਤ ਹੋ ਸਕਦੇ ਹਨ। ਇਹ ਗੱਲ ਵੀ ਸਰਵ ਪ੍ਰਵਾਨਿਤ ਹੈ ਕਿ ਪਰੰਪਰਾ ਦੇ ਇਨ੍ਹਾਂ ਰੂਪਾਂ ਨੂੰ ਅਜੋਕੇ ਸੰਦਰਭ ਵਿਚ ਇਸਤੇਮਾਲ ਕਰਨਾ ਨਾ ਸਿਰਫ ਮਕਬੂਲ ਹੋਇਆ ਹੈ ਸਗੋਂ ਵਪਾਰਕ ਦ੍ਰਿਸ਼ਟੀ ਤੋਂ ਵੀ ਮੁੱਲਵਾਨ ਸਾਬਿਤ ਹੋਇਆ ਹੈ। ਲੋੜ ਹੈ ਕਿ ਬਦਲਦੇ ਸਮੇਂ ਵਿਚ ਅਜਿਹਾ ਵਾਤਾਵਰਣ ਸਿਰਜਿਆ ਜਾਏ ਜਿਸ ਵਿਚ ਇਨ੍ਹਾਂ ਲੋਕ ਨਾਟਕਾਂ ਦੀ ਸਜੀਵਤਾ ਬਣੀ ਰਹੇ ਅਤੇ ਇਨ੍ਹਾਂ ਦਾ ਵਿਕਾਸ ਵੀ ਸੰਭਵ ਹੋ ਸਕੇ। ਆਧੁਨਿਕ ਨਾਟਕਕਾਰਾਂ ਵਾਂਗ, ਇਲੈਕਟ੍ਰਾਨਿਕ ਮੀਡੀਆ ਦੀ ਮਦਦ ਨਾਲ ਲੋਕ ਨਾਟਕਾਂ ਨੂੰ ਵੀ ਨਵੇਂ ਸਿਰਿਓਂ ਪੇਸ਼ ਕੀਤਾ ਜਾ ਰਿਹਾ ਹੈ। ਇਨ੍ਹਾਂ ਲੋਕ ਨਾਟਕੀ ਰੂਪਾਂ ਦਾ ਪੁਨਰ ਰੂਪਾਂਤਰਨ ਕੀਤਾ

ਜਾ ਰਿਹਾ ਹੈ।

ਸਪੱਸ਼ਟ ਤੌਰ 'ਤੇ, ਲੋਕ ਨਾਟਕ, ਸਮੂਹ ਦੀਆਂ ਲੋੜਾਂ ਅਤੇ ਪ੍ਰੇਰਨਾਵਾਂ ਦੇ ਕਾਰਨ ਜਨਤਾ ਦੇ ਨੇੜੇ ਹਨ। ਇਸ ਲਈ ਜੇਕਰ ਰਾਮਲੀਲਾ ਵਾਂਗ ਹੋਰ ਲੋਕ ਨਾਟਕਾਂ ਲਈ ਵੀ ਅਜਿਹੀ ਕੁਝ ਤਕਨੀਕਾਂ ਅਪਨਾਈਆਂ ਜਾਣ ਜਾਂ ਲੋਕ ਤੱਤ ਨੂੰ ਉਨ੍ਹਾ ਵਿਚ ਬਣਾਈ ਰਖ ਕੇ, ਉਨ੍ਹਾਂ ਨੂੰ ਨਵੇਂ ਸਿਰਿਓਂ ਵਿਚਾਰਿਆ ਅਤੇ ਪੇਸ਼ ਕੀਤਾ ਜਾਏ ਤਾਂ ਇਸ ਬਹੁਮੁੱਲੇ ਵਿਰਸੇ ਨੂੰ ਨਵੀਂ ਪੀੜ੍ਹੀ ਤੱਕ ਲੈ ਜਾਇਆ ਜਾ ਸਕਦਾ ਹੈ। ਹਾਲਾਂਕਿ ਅੱਜ ਬਹੁਤ ਸਾਰੇ ਸਭਿਆਚਾਰਕ ਅਦਾਰੇ, ਵਿਦਿਅਕ ਸੰਸਥਾਵਾਂ, ਯੂਨੀਵਰਸਿਟੀ ਅਤੇ ਕਾਲਜਾਂ ਵਲੋਂ ਇਸ ਦੀ ਸਾਂਭ-ਸੰਭਾਲ ਲਈ ਉਪਰਾਲੇ ਕੀਤੇ ਜਾ ਰਹੇ ਹਨ। ਬਹੁਤ ਸਾਰਾ ਲੋਕ ਨਾਟ ਵਿਸ਼ਿਸ਼ਟ ਰੰਗਮੰਚ, ਟੀ.ਵੀ ਅਤੇ ਫਿਲਮਾਂ ਵਿਚ ਵੀ ਪੇਸ਼ ਹੋ ਰਿਹਾ ਹੈ। ਪੰਜਾਬ ਦੇ ਕਈ ਨਾਟਕਕਾਰਾਂ ਨੇ ਇਨ੍ਹਾਂ ਲੋਕ ਨਾਟ ਵੰਨਗੀਆਂ ਨੂੰ ਆਪਣੇ ਨਾਟਕਾਂ ਵਿਚ ਪੇਸ਼ ਕੀਤਾ ਹੈ। ਸਾਡੀ ਇਸ ਪਰਪੰਰਾ ਨੂੰ ਸਹੇਜਣ ਵਿਚ ਤਕਨਾਲੋਜੀ ਮਦਦਗਾਰ ਸਿੱਧ ਹੋ ਰਹੀ ਹੈ।

ਇਸ ਤਰ੍ਹਾਂ ਲੋਕ ਨਾਟਕ ਨੂੰ ਜਦੋਂ ਅਸੀਂ ਸਮਕਾਲ ਵਿਚ ਰੱਖ ਕੇ ਵੇਖਦੇ ਹਾਂ ਤਾਂ ਇਹ ਗੱਲ ਸਹਿਜੇ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਭਾਵੇਂ ਉਤਰ ਤੋਂ ਲੈ ਕੇਦੱਖਣ ਤੱਕ ਪੂਰਬ ਤੋਂ ਪੱਛਮ ਤੱਕ ਇਹ ਲੋਕ ਨਾਟਕ ਵੱਖਰੇ-ਵੱਖਰੇ ਰੂਪਾਂ ਅਤੇ ਵੱਖਰੇ-ਵੱਖਰੇ ਅੰਦਾਜ਼ ਵਿਚ ਵੇਖਣ ਨੂੰ ਮਿਲਦੇ ਹਨ। ਪਰ ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਇਨ੍ਹਾਂ ਵਿਚ ਅੰਤਰ ਸੰਵਾਦੀ ਰਿਸ਼ਤਾ ਵੇਖਣ ਨੂੰ ਮਿਲਦਾ ਹੈ। ਚਾਹੇ ਉਹ ਉਨ੍ਹਾਂ ਦਾ ਵਿਸ਼ਾ ਪੱਖ ਹੋਵੇ ਜਾਂ ਪੇਸ਼ਕਾਰੀ ਹੋਵੇ। ਪੂਰੇ ਵਿਸ਼ਵ ਵਿਚ ਇਹ ਵਰਤਾਰਾ ਹੈ ਕਿ ਜਿਹੜਾ ਵੀ ਵਿਸ਼ਿਸ਼ਟ ਸਾਹਿਤ ਹੈ ਉਸ ਪਿਛੇ ਚਲ ਰਹੀ ਪਰੰਪਰਾ/ਲੋਕ ਰੂੜੀਆਂ ਸਾਂਝੀਆਂ ਹਨ। ਜਿਵੇਂ ਇਨ੍ਹਾਂ ਦੇ ਪੇਸ਼ਕਾਰੀ ਵੱਖ ਨੂੰ ਹੀਲਿਆ ਜਾਵੇ ਤਾਂ ਭਾਵੇਂ ਇਨ੍ਹਾਂ ਵਿਚ ਵਰਤੇ ਹੋਏ ਸਾਜ਼-ਧੁਨਾਂ ਵੱਖਰੇ ਵੱਖਰੇ ਹਨ ਪਰ ਜਦੋਂ ਉਨ੍ਹਾਂ ਦੀ ਰਿਦਮ ਲੈਅ ਨੂੰ ਵੇਖਦੇ ਹਾਂ ਤਾਂ ਉਨ੍ਹਾਂ ਵਿਚ ਇਕ ਤਾਲਮੇਲ ਵੇਖਣ ਨੂੰ ਮਿਲਦਾ ਹੈ ਜਾਂ ਕਿਹਾ ਜਾ ਸਕਦਾ ਹੈ ਕਿ ਅਮਲੀ ਰੂਪ ਵਿਚ ਉਨ੍ਹਾਂ ਵਿਚ ਇਕ ਅਦਾਨ-ਪ੍ਰਦਾਨ ਦੀ ਪ੍ਰਕਿਰਿਆ ਸਹਿਜੇ ਹੀ ਵੇਖੀ ਜਾ ਸਕਦੀ ਹੈ। ਜੋ ਇਨ੍ਹਾਂ ਵਿਚਲੇ ਅੰਤਰ-ਸੰਵਾਦੀ ਰਿਸ਼ਤੇ ਦੀ ਪ੍ਰੋੜਤਾ ਕਰਦੀ ਹੈ। ਮਿਸਾਲ ਦੇ ਤੌਰ 'ਤੇ ਅੱਜ ਵੱਡੇ ਤੋਂ ਵੱਡੇ ਕਲਾ ਸਟੇਜ 'ਤੇ ਵੱਖੋ ਵੱਖਰੇ ਲੋਕ ਨਾਟ ਰੰਗਾਂ ਦੀ ਪੇਸ਼ਕਾਰੀ ਇਕੋ ਵੇਲੇ ਕੀਤੀ ਜਾਂਦੀ ਹੈ। ਸਾਜ਼ ਭਾਵੇਂ ਆਪਣੀ ਦਿੱਖ ਵਿਚ ਅਲਿਹਦਾ ਹੁੰਦੇ ਹਨ ਪਰ ਉਨ੍ਹਾਂ ਵਿਚਕਾਰਲੀ ਲੈਅ, ਇਨ੍ਹਾਂ ਵਿਲੱਖਣ ਰੰਗਾਂ ਨੂੰ ਇਕ ਸੁਰ ਦੇ ਧਾਗੇ ਵਿਚ ਪਰੋਣ ਦੇ ਸਮਰੱਥ ਹੁੰਦੀ ਹੈ। ਇਥੇਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚਕਾਰ ਇਕ ਅੰਤਰ ਸੰਵਾਦੀ ਨਾਤੇਦਾਰੀ ਹੈ ਜੋ ਪ੍ਰਤੱਖ ਰੂਪ ਵਿਚ ਸਰੋਤਿਆਂ ਅਤੇ ਦਰਸ਼ਕਾਂ ਦੇ ਮਨ-ਮਾਨਸਿਕਤਾ ਵਿਚ ਸਥਾਪਿਤ ਹੁੰਦੀ ਹੈ।

 ਮੋਹਨ ਲਾਲ ਸ਼ਰਮਾ, ਮਨੂੰ ਸਿਮਰਤੀ, ਭਾਸ਼ਾ ਵਿਭਾਗ, ਪੰਜਾਬ, 1989

ਇਹ ਵੀ ਕਹਿ ਸਕਦੇ ਹਾਂ ਕਿ ਭਾਰਤ ਦੀ ਮੂਲ ਸਭਿਅਤਾ ਦੇ ਕੇਂਦਰੀ ਸਾਂਝੇ ਤੇ ਸਮੂਹਿਕ ਵਿਰਾਸਤੀ ਖਾਸੇ ਕਰ ਕੇ ਸਮਾਨਤਾ ਦਾ ਰੰਗ ਹੋਣਾ ਲਾਜ਼ਮੀ ਹੈ ਪਰ ਨਾਲ ਹੀ ਨਿੱਖੜਵੀਂ, ਇਲਾਕਾਈ ਰੰਗਤ ਕਾਰਨ ਇਸ ਵਿਚ ਇਕੋ ਵੇਲੇ ਸਾਂਝ ਨਾਲੋਂ 'ਸੰਵਾਦ' ਦੀ ਸੰਭਾਵਨਾ ਵੀ ਬਰਕਰਾਰ ਰਹਿੰਦੀ ਹੈ। ਆਪਸੀ ਸੰਵਾਦ ਤੇ ਆਦਾਨ-ਪ੍ਰਦਾਨ ਕਾਰਨ ਇਥੋਂ ਦੇ ਲੋਕ ਨਾਟਕਾਂ ਵਿਚ ਸਮਾਨੰਤਰਤਾ ਹੋਣੀ ਵੀ ਕੁਦਰਤੀ ਹੈ।'

# ਵਸੂਲੀ
# ਪ੍ਰਵਾਸੀ ਅਮਰੀਕੀ ਹਿੰਦੀ ਕਹਾਣੀ

### *ਮੂਲ : ਸੁਧਾ ਓਮ ਢੀਂਗਰਾ*
### *ਅਨੁ : ਪ੍ਰੋ. ਨਵ ਸੰਗੀਤ ਸਿੰਘ*

ਫਾਈਲ ਉਹਦੇ ਮੂਹਰੇ ਖੁੱਲ੍ਹੀ ਪਈ ਹੈ। ਵਕੀਲ ਨੇ ਉਹਨੂੰ ਦਸਤਖਤ ਕਰਨ ਲਈ ਸਿਆਹੀ ਨਾਲ ਮਾਰਕ ਕੀਤੀ ਹੋਈ ਥਾਂ ਦੱਸ ਦਿੱਤੀ ਹੈ ਪਰ ਉਹ ਚੁੱਪਚਾਪ ਬੈਠਾ ਉਸ ਫਾਈਲ ਨੂੰ ਵੇਖ ਰਿਹਾ ਹੈ। ਉਸ 'ਤੇ ਲਿਖੇ ਅੱਖਰ ਉਹਨੂੰ ਵਿਖਾਈ ਨਹੀਂ ਦੇ ਰਹੇ। ਵਰ੍ਹਿਆਂ ਤੋਂ ਅੰਦਰ ਦੱਬੀਆਂ- ਘੁੱਟੀਆਂ ਸਿਮਟੀਆਂ ਭਾਵਨਾਵਾਂ ਦੀ ਨਮੀ ਅੱਖਾਂ ਵਿੱਚ ਫੈਲ ਗਈ ਹੈ। ਉਹਦੀਆਂ ਅੱਖਾਂ ਧੁੰਦਲਾ ਗਈਆਂ ਹਨ। ਉਹਨੂੰ ਕੋਈ ਰਾਹ ਨਹੀਂ ਸੁੱਝ ਰਿਹਾ। ਆਪਣੇ ਭਰਾ ਨੂੰ ਕਿਵੇਂ ਸਮਝਾਵੇ ਕਿ ਉਹ ਆਪਣਾ ਇਰਾਦਾ ਬਦਲ ਲਵੇ। ਉਹਦੀਆਂ ਸਭ ਕੋਸ਼ਿਸ਼ਾਂ ਬੇਕਾਰ ਹੋ ਗਈਆਂ ਹਨ। ਭਰਾ ਜ਼ਿੱਦੀ ਤਾਂ ਬਚਪਨ ਤੋਂ ਹੀ ਸੀ ਪਰ ਹੁਣ ਉਹਦੀ ਜ਼ਿੱਦ ਕਿੰਨਿਆਂ ਨੂੰ ਚੋਟ ਪਹੁੰਚਾ ਰਹੀ ਹੈ, ਉਸਦਾ ਭਰਾ ਇਹ ਸੋਚ ਵੀ ਨਹੀਂ ਰਿਹਾ। ਕੀ ਹੋ ਗਿਆ ਹੈ ਉਸਦੇ ਭਰਾ ਨੂੰ!

ਇਹ ਉਹੀ ਭਰਾ ਹੈ, ਜੋ ਉਹਦੀ ਉਂਗਲ ਫੜ ਕੇ ਸਕੂਲ ਲੈ ਕੇ ਗਿਆ ਸੀ। ਉਸ ਤੋਂ ਤਿੰਨ ਸਾਲ ਵੱਡਾ ਹੈ। ਉਹਨੂੰ ਉਹ ਪਲ ਅੱਜ ਵੀ ਯਾਦ ਹਨ। ਭਰਾ ਅੱਠ ਸਾਲ ਦਾ ਹੈ ਅਤੇ ਉਹ ਪੰਜ ਸਾਲ ਦਾ। ਸਕੂਲ ਦੇ ਪਹਿਲੇ ਹੀ ਦਿਨ ਉਹਨੂੰ ਮਹਿਸੂਸ ਹੋਇਆ, ਉਸ ਵਿਚ ਅਤੇ ਬਾਕੀ ਬੱਚਿਆਂ ਵਿਚ ਫਰਕ ਹੈ। ਹਾਲਾਂਕਿ ਉਹਦੇ ਕੱਪੜੇ ਧੋਤੇ ਹੋਏ ਅਤੇ ਸਾਫ਼ ਸੁਥਰੇ ਹਨ। ਪੈਰਾਂ ਵਿੱਚ ਚੱਪਲ, ਹੱਥ ਵਿਚ ਬਸਤਾ ਅਤੇ ਤੇਲ ਨਾਲ ਚੋਪੜੇ ਵਾਲ ਢੰਗ ਨਾਲ ਵਾਹੇ ਹੋਏ ਹਨ। ਅਧਿਆਪਕ ਨੇ ਭੈੜੀਆਂ ਨਜ਼ਰਾਂ ਨਾਲ ਵੇਂਹਦਿਆਂ ਉਹਨੂੰ ਕੋਨੇ ਵਿੱਚ ਬਿਠਾ ਦਿੱਤਾ।

ਕੁਝ ਦਿਨਾਂ ਤੱਕ ਇਹੀ ਸਿਲਸਿਲਾ ਚੱਲਦਾ ਰਿਹਾ। ਇਕ ਦਿਨ ਉਹਨੇ ਭਰਾ ਨੂੰ ਰੋਂਦੇ ਹੋਏ ਆਖਿਆ-

''ਵੀਰੇ, ਮੈਂ ਸਕੂਲ ਨਹੀਂ ਜਾਣਾ...'' ਅਤੇ ਉਹ ਡੁਸਕਦਾ ਰਿਹਾ...।

*ਅਨੁ: ਪ੍ਰੋ. ਨਵ ਸੰਗੀਤ ਸਿੰਘ, ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ) 9417692015.*

ਭਰਾ ਇੱਕਦਮ ਸਮਝ ਗਿਆ। ਉਹਨੇ ਬੜੇ ਪਿਆਰ ਨਾਲ ਕਿਹਾ' "ਹਰੀ, ਆਪਾਂ ਗਰੀਬ ਲੋਕ ਹਾਂ। ਇਸ ਲਈ ਸਾਡੇ ਨਾਲ ਅਜਿਹਾ ਸਲੂਕ ਕੀਤਾ ਜਾਂਦਾ ਹੈ। ਮੇਰੇ ਵਾਂਗ ਪੜ੍ਹਾਈ- ਲਿਖਾਈ ਵਿੱਚ ਅੱਵਲ ਆਵੇਂਗਾ ਤਾਂ ਸਾਰਿਆਂ ਦਾ ਵਿਹਾਰ ਬਦਲ ਜਾਏਗਾ।"

ਉਹਨੇ ਸ਼ੰਕਰ ਦੇਵ, ਆਪਣੇ ਭਰਾ ਦੀ ਗੱਲ ਮੰਨ ਲਈ। ਘਰ ਦੇ ਹਾਲਾਤ ਨੇ ਉਨ੍ਹਾਂ ਨੂੰ ਸਮੇਂ ਤੋਂ ਪਹਿਲਾਂ ਹੀ ਵੱਡਾ ਕਰ ਦਿੱਤਾ, ਨਹੀਂ ਤਾਂ ਪੰਜ ਅਤੇ ਅੱਠ ਸਾਲ ਦੀ ਕੀ ਉਮਰ ਹੁੰਦੀ ਹੈ!

ਯਾਦਾਂ ਨੇ ਉਹਦੇ ਦਿਮਾਗ਼ ਵਿੱਚ ਇੱਕ ਜਾਲਾ ਜਿਹਾ ਬੁਣਿਆ ਹੋਇਆ ਹੈ। ਉਹ ਉਹਦੀ ਇੱਕ- ਇੱਕ ਤਾਰ ਨੂੰ ਪਛਾਣਦਾ ਹੈ, ਸ਼ਾਇਦ ਉਹ ਬਚਪਨ ਅਤੇ ਕਿਸ਼ੋਰ- ਉਮਰ ਦੀਆਂ ਯਾਦਾਂ ਨੂੰ ਛੱਡਣਾ ਹੀ ਨਹੀਂ ਚਾਹੁੰਦਾ। ਅੰਦਰ ਕਿਤੇ ਡੂੰਘਾਈ ਵਿੱਚ ਉਹਨੇ ਉਨ੍ਹਾਂ ਨੂੰ ਫੜਿਆ ਹੋਇਆ ਹੈ। ਕਦੇ ਕਦੇ ਉਹਨੂੰ ਲੱਗਦਾ ਹੈ ਕਿ ਉਹ ਖ਼ੁਦ ਇੱਕ ਮੱਕੜੀ ਬਣ ਚੁੱਕਿਆ ਹੈ, ਜੋ ਉਨ੍ਹਾਂ ਯਾਦਾਂ ਦਾ ਜਾਲਾ ਵਾਰ- ਵਾਰ ਬੁਣਦਾ ਹੈ, ਉਹਨੂੰ ਟੁੱਟਣ ਹੀ ਨਹੀਂ ਦਿੰਦਾ, ਇਸੇ ਲਈ ਤਾਂ ਇੱਕ- ਇੱਕ ਤਾਰ ਦੀ ਯਾਦ ਅਜੇ ਵੀ ਤਾਜ਼ਾ ਹੈ।

ਉਹ ਵੀ ਕੀ ਕਰਦਾ ? ਜਿਸ ਪਰਿਵਾਰ ਵਿੱਚ ਉਹਦਾ ਜਨਮ ਹੋਇਆ ਸੀ, ਉਹਦੇ ਹਾਲਾਤ ਨੇ ਬਚਪਨ ਤੋਂ ਹੀ ਉਸ 'ਤੇ ਇੰਨਾ ਡੂੰਘਾ ਅਸਰ ਪਾਇਆ ਕਿ ਉਹ ਅੱਜ ਤੱਕ ਵੀ ਉਨ੍ਹਾਂ ਤੋਂ ਮੁਕਤ ਨਹੀਂ ਹੋ ਸਕਿਆ। ਉਹ ਹੈਰਾਨ ਹੈ, ਭਰਾ ਕਿਵੇਂ ਭੁੱਲ ਗਿਆ? ਕਿਵੇਂ ਇੰਨਾ ਸਵਾਰਥੀ ਹੋ ਗਿਆ? ਮਾਂ ਅਤੇ ਭੈਣ-ਭਰਾ ਉਹਨੂੰ ਵਿਖਾਈ ਨਹੀਂ ਦੇ ਰਹੇ, ਜਿਨ੍ਹਾਂ ਦੀ ਖ਼ਾਤਰ ਉਨ੍ਹਾਂ ਦੋਹਾਂ ਨੇ ਮਿਲ ਕੇ ਦਿਨ- ਰਾਤ ਮਿਹਨਤ ਕੀਤੀ ਸੀ।

ਡਰਾਇੰਗ ਰੂਮ ਵਿੱਚ ਸਾਰਾ ਮਹਿਰਾ ਪਰਿਵਾਰ ਇਕੱਠਾ ਹੋਇਆ ਬੈਠਾ ਹੈ। ਮਾਂ- ਪਿਓ, ਤਿੰਨ ਬੇਟੇ, ਬਹੂ ਅਤੇ ਦੋ ਬੇਟੀਆਂ। ਵੱਡਾ ਬੇਟਾ ਸ਼ੰਕਰ ਦੇਵ ਆਪਣੀ ਪਤਨੀ ਉਮਾ ਨਾਲ ਡਰਾਇੰਗ ਰੂਮ ਦੇ ਦਰਵਾਜ਼ੇ ਵਿੱਚੋਂ ਦਾਖਲ ਹੋਇਆ। ਪਰਿਵਾਰ ਦੇ ਦੂਜੇ ਬੇਟੇ ਹਰੀ ਮੋਹਨ ਨੂੰ ਅਮਰੀਕਾ ਤੋਂ ਸੱਦਿਆ ਗਿਆ ਹੈ... ਸਮਾਚਾਰ ਹੀ ਅਜਿਹਾ ਹੈ ਕਿ ਹਰੀ ਮੋਹਨ ਆਪਣੀ ਪਤਨੀ ਸਮੇਤ ਭਾਰਤ ਪਹੁੰਚ ਗਿਆ। ਸ਼ੰਕਰ ਦੇਵ ਦੇ ਆਉਂਦਿਆਂ ਹੀ ਹਰੀ ਮੋਹਨ ਨੇ ਗੱਲਬਾਤ ਸ਼ੁਰੂ ਕੀਤੀ...

"ਭਰਾ ਜੀ, ਤੁਸੀਂ ਜੋ ਕਰ ਰਹੇ ਹੋ, ਲੱਗਦਾ ਹੈ ਬਚਪਨ ਦੀਆਂ ਕਮੀਆਂ, ਜਵਾਨੀ ਦਾ ਸੰਘਰਸ਼ ਸਭ ਭੁੱਲ ਗਏ ਹੋ।" ਉਹਨੇ ਆਪਣੇ ਵੱਡੇ ਭਰਾ ਨੂੰ ਕਿਹਾ।

"ਹਰੀ, ਤੂੰ ਸ਼ੁਰੂ ਤੋਂ ਹੀ ਭਾਵੁਕ ਸੀ। ਵਿਦੇਸ਼ ਜਾ ਕੇ ਤਾਂ ਭਾਵਨਾਤਮਕ ਬੇਵਕੂਫ਼ ਬਣ ਗਿਆ ਹੈਂ। ਬਚਪਨ ਅਤੇ ਜਵਾਨੀ ਦੇ ਦਿਨ ਯਾਦ ਰੱਖਣ ਦਾ ਕੀਹਦੇ ਕੋਲ ਵਕਤ ਹੈ! ਵਕਤ ਬਹੁਤ ਅੱਗੇ ਨਿਕਲ ਗਿਆ ਹੈ ਅਤੇ ਤੂੰ ਅਜੇ ਤੱਕ ਉਥੇ ਹੀ ਅਟਕਿਆ ਹੋਇਆ ਹੈਂ!" ਭਰਾ ਨੇ ਬੜੀ ਰੁੱਖੀ ਆਵਾਜ਼ ਵਿੱਚ ਉੱਤਰ ਦਿੱਤਾ।

"ਉੱਥੇ ਅਟਕਿਆ ਹੋਇਆ ਹਾਂ ਦਾ ਕੀ ਮਤਲਬ ਹੈ ਭਰਾਵਾ! ਸਮੇਂ ਦਾ ਕੰਮ ਹੈ ਚੱਲਣਾ ਅਤੇ ਆਪਾਂ ਉਹਦੇ ਨਾਲ ਚੱਲਦੇ ਰਹਿੰਦੇ ਹਾਂ। ਨਾ ਉਹ ਰੁਕਦਾ ਹੈ ਨਾ ਆਪਾਂ ਰੁਕਦੇ ਹਾਂ। ਇਹੋ ਜੀਵਨ ਹੈ। ਜੀਵਨ ਨੂੰ ਤਾਂ ਅੰਤਿਮ ਸਾਹ ਫਿਰ ਵੀ ਰੋਕ ਦਿੰਦੇ ਹਨ ਪਰ ਸਮਾਂ ਤਾਂ ਚੱਲਦਾ

ਹੀ ਰਹਿੰਦਾ ਹੈ ਪਰ ਬੀਤੇ ਸਮੇਂ ਨਾਲ ਜੁੜੇ ਲੋਕ, ਯਾਦਾਂ ਅਤੇ ਸੰਘਰਸ਼ ਨੂੰ ਭੁੱਲ ਤਾਂ ਨਹੀਂ ਜਾਈਦਾ! ਇਹ ਸੱਚਾਈ ਹੈ। ਭਾਵਨਾਤਮਕ ਬੇਵਕੂਫ਼ੀ ਕਿਵੇਂ ਹੋ ਗਈ !" ਹਰੀ ਦੀ ਆਵਾਜ਼ ਵਿੱਚ ਤਲਖ਼ੀ ਆ ਗਈ।

"ਤੇਰੇ ਲਈ ਇਹ ਸੱਚਾਈ ਹੈ, ਮੇਰੇ ਲਈ ਭਾਵੁਕਤਾ।" ਸ਼ੰਕਰ ਨੇ ਵਿਅੰਗਾਤਮਕ ਲਹਿਜ਼ੇ ਵਿੱਚ ਕਿਹਾ।

"ਤੁਸੀਂ ਬਹੁਤ ਬਦਲ ਗਏ ਹੋ।" ਹਰੀ ਬੱਸ ਏਨਾ ਹੀ ਕਹਿ ਸਕਿਆ।

"ਹਾਂ, ਮੈਂ ਬਹੁਤ ਬਦਲ ਗਿਆ ਹਾਂ। ਉਸ ਵੇਲੇ ਨੂੰ ਯਾਦ ਰੱਖ ਕੇ ਕੀ ਕਰਾਂ; ਜਿਸ ਵਿੱਚ ਗਰੀਬੀ ਅਤੇ ਦਿਨ- ਰਾਤ ਦੀ ਮਿਹਨਤ ਸੀ। ਮੈਂ ਹੁਣ ਉਹ ਨਹੀਂ, ਤਾਂ ਉਸ ਨੂੰ ਯਾਦ ਵੀ ਕਿਉਂ ਰੱਖਾਂ! ਮੈਂ ਵਰਤਮਾਨ ਵਿੱਚ ਜਿਉਂਦਾ ਹਾਂ ਅਤੇ ਬੜਾ ਪ੍ਰੈਕਟੀਕਲ ਹੋ ਗਿਆ ਹਾਂ।"

"ਪ੍ਰੈਕਟੀਕਲ ਨਹੀਂ, ਸਵਾਰਥੀ! ਜੀਹਨੂੰ ਮਾਂ- ਪਿਓ ਦਾ ਦਰਦ ਅਤੇ ਭਰਾ- ਭੈਣਾਂ ਦੇ ਹੰਝੂ ਵੀ ਨਜ਼ਰ ਨਹੀਂ ਆ ਰਹੇ। ਅੱਜ ਤੁਸੀਂ ਜਿੱਥੇ ਖੜ੍ਹੇ ਹੋ, ਪੁਰਾਣੇ ਦਿਨ ਉਹਦੀਆਂ ਨੀਂਹਾਂ ਹਨ ਅਤੇ ਇਹ ਨੀਂਹ ਤਾਂ ਅੱਗੇ ਵਧਣ ਵਿਚ ਸਹਾਇਤਾ ਕਰਦੀ ਹੈ, ਪ੍ਰੇਰਨਾ ਦਿੰਦੀ ਹੈ ਅਤੇ ਵਿਦੇਸ਼ ਵਿੱਚ ਮੇਰੀ ਸਹਾਇਕ ਬਣੀ ਹੈ; ਜਿਸ ਨੂੰ ਤੁਸੀ ਮੇਰੀ ਕੋਰੀ ਭਾਵੁਕਤਾ ਕਹਿ ਰਹੇ ਹੋ।" ਹਰੀ ਦੀ ਆਵਾਜ਼ ਵਿੱਚ ਤਲਖ਼ੀ ਵਧਣ ਲੱਗੀ।

"ਅੱਜ ਮੈਂ ਜਿੱਥੇ ਹਾਂ, ਆਪਣੀ ਸਖ਼ਤ ਮਿਹਨਤ ਕਰਕੇ ਹਾਂ। ਨੀਂਹ ਕਰਕੇ ਨਹੀਂ, ਉਹ ਤਾਂ ਕਮਜ਼ੋਰ ਸੀ।" ਸ਼ੰਕਰ ਗੁੱਸੇ ਵਿੱਚ ਬੋਲਿਆ।

"ਨਹੀਂ ਭਰਾਵਾ, ਅਸੀਂ ਕਮੀਆਂ ਵਾਲੇ ਜ਼ਰੂਰ ਸਾਂ, ਮਾਂ ਨੇ ਸੰਸਕਾਰ ਦੇਣ ਵਿੱਚ ਕੋਈ ਕਮੀ ਨਹੀਂ ਛੱਡੀ। ਨੀਂਹ ਕਮਜ਼ੋਰ ਨਹੀਂ ਸੀ। ਤੁਸੀਂ ਅਤੇ ਮੈਂ ਸਿਰਫ਼ ਆਪਣੀ ਮਿਹਨਤ ਨਾਲ ਇੱਥੋਂ ਤੱਕ ਨਹੀਂ ਪਹੁੰਚੇ, ਮਾਂ ਦੀ ਸਖ਼ਤ ਮਿਹਨਤ ਅਤੇ ਭਰਾ- ਭੈਣਾਂ ਦੀਆਂ ਅਰਦਾਸਾਂ ਨਾਲ ਸਨ।" ਹਰੀ ਨੇ ਆਪਣੇ ਉਸੇ ਅੰਦਾਜ਼ ਵਿੱਚ ਕਿਹਾ।

"ਸੁਆਹ ਅਰਦਾਸਾਂ ਸਨ। ਹਰੀ, ਤੂੰ ਕਿਸਨੂੰ ਖੁਸ਼ ਕਰਨ ਲਈ ਇਹ ਸਾਰੀਆਂ ਗੱਲਾਂ ਕਰ ਰਿਹਾ ਹੈਂ! ਸਕੂਲ ਵਿੱਚ ਫਸਟ ਆਉਣ ਤੋਂ ਬਾਅਦ ਵੀ ਤੈਨੂੰ ਇੱਕ ਮਹੀਨਾ ਕਲਾਸ ਦੇ ਬਾਹਰ ਖੜ੍ਹਾ ਰਹਿਣਾ ਪਿਆ ਸੀ; ਕਿਉਂਕਿ ਤੇਰੇ ਬੂਟ ਅਤੇ ਬਸਤਾ ਪਾਟ ਗਿਆ ਸੀ। ਮਾਂ ਨੇ ਜਾਂ ਭਰਾ- ਭੈਣਾਂ ਦੀਆਂ ਅਰਦਾਸਾਂ ਨੇ ਤਾਂ ਨਹੀਂ ਦਿਵਾਏ ਸਨ ਉਹ, ਮੈਂ ਲੈ ਕੇ ਦਿੱਤੇ ਸਨ। ਸਕੂਲ ਤੋਂ ਪਿੱਛੋਂ ਢਾਬੇ 'ਤੇ ਕੰਮ ਮੈਂ ਕੀਤਾ ਸੀ।" ਸ਼ੰਕਰ ਦਾ ਗੁੱਸਾ ਵਧਣ ਲੱਗਿਆ।

"ਢਾਬੇ 'ਤੇ ਤੁਹਾਡੇ ਨਾਲ ਕੰਮ ਮੈਂ ਵੀ ਕੀਤਾ ਸੀ ਅਤੇ ਮਾਂ ਨੂੰ ਨਹੀਂ ਦੱਸਿਆ ਸੀ ਕਿ ਮਾਂ ਦੁਖੀ ਹੋਵੇਗੀ। ਉਹ ਨਵੇਂ ਬੂਟਾਂ ਅਤੇ ਬਸਤੇ ਲਈ ਪੈਸੇ ਕਿੱਥੋਂ ਲਿਆਉਂਦੀ! ਉਹਦੇ ਕੋਲ ਹੁੰਦੇ ਤਾਂ ਉਹ ਸਕੂਲ ਵਿੱਚ ਮੈਨੂੰ ਇਉਂ ਜਾਣ ਦਿੰਦੀ...!" ਹਰੀ ਦੀ ਆਵਾਜ਼ ਰੋਣਹਾਕੀ ਹੋ ਗਈ।

"ਤਾਂ ਫਿਰ ਕੌਣ ਪਰਿਵਾਰ ਲਈ ਖੜ੍ਹਾ ਹੋਇਆ ! ਮੈਂ ਹੀ ਨਾ...। ਬੱਸ ਮੈਂ ਆਪਣਾ ਹੱਕ ਚਾਹੁੰਦਾ ਹਾਂ।"

"ਤੁਸੀਂ ਇਕੱਲੇ ਨਹੀਂ। ਪਰਿਵਾਰ ਲਈ ਹਰ ਕਦਮ 'ਤੇ, ਆਪਾਂ ਦੋਵੇਂ ਨਾਲ- ਨਾਲ ਖੜ੍ਹੇ

ਹੋਏ। ਤੁਹਾਨੂੰ ਬੂਟਾਂ ਦੀ ਲੋੜ ਸੀ, ਤਾਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਮੈਂ ਮਾਂ ਦੇ ਨਾਲ ਦਿਨ-ਰਾਤ ਕੱਪੜੇ ਸਿਉਂਤੇ, ਤਾਂਕਿ ਤੁਸੀਂ ਬੂਟ ਲੈ ਸਕੋ। ਕਿਸੇ ਦਾ ਕਿਸੇ 'ਤੇ ਕੋਈ ਅਹਿਸਾਨ ਨਹੀਂ। ਜੋ ਕੁਝ ਕੀਤਾ, ਉਹ ਉਸ ਸਮੇਂ ਦੀ ਮਜਬੂਰੀ ਸੀ ਅਤੇ ਲੋੜ ਸੀ ਅਤੇ ਹੱਕ ਕਿਸ ਗੱਲ ਦਾ?"

ਸਮਝਾਉਣ- ਬੁਝਾਉਣ ਨਾਲ ਸ਼ੁਰੂ ਹੋਈ ਗੱਲ ਤਲਖੀ ਵਿੱਚ ਬਦਲ ਕੇ ਗੁੱਸੇ ਵਿੱਚ ਤਬਦੀਲ ਹੋ ਗਈ...

ਸ਼ੰਕਰ ਨੇ ਮਾਂ- ਪਿਓ ਵੱਲ ਵੇਖ ਕੇ ਕਿਹਾ, "ਜੇ ਪਾਲ ਨਹੀਂ ਸਕਦੇ ਸਨ ਤਾਂ ਛੇ-ਛੇ ਬੱਚੇ ਕਿਉਂ ਪੈਦਾ ਕੀਤੇ? ਮੇਰੀ ਸਾਰੀ ਜਵਾਨੀ ਤੁਹਾਡੇ ਲੇਖੇ ਲੱਗ ਗਈ...।"

ਹਰੀ ਆਪਣੇ ਵੱਡੇ ਭਰਾ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਹੈਰਾਨ ਹੈ... ਭੈਣਾਂ ਦੀਆਂ ਅੱਖਾਂ ਵਿੱਚ ਨਿਰਾਸ਼ਾ ਛਾ ਗਈ, ਉਹ ਮਾਂ- ਪਿਓ ਵੱਲ ਵੇਖਣ ਲੱਗੀਆਂ।

ਪਿਓ ਡਰਾਇੰਗ ਰੂਮ ਦੇ ਇੱਕ ਕੋਨੇ ਵਿੱਚ ਸਿਰ ਝੁਕਾਈ ਸਭ ਕੁਝ ਸੁਣ ਰਿਹਾ ਹੈ ਅਤੇ ਮਾਂ ਉਨ੍ਹਾਂ ਕੋਲ ਬੈਠੀ ਸਾੜ੍ਹੀ ਦੇ ਪੱਲੂ ਨਾਲ ਹੰਝੂ ਪੂੰਝ ਰਹੀ ਹੈ।

"ਭਰਾ, ਇਹ ਤੁਸੀਂ ਕੀ ਕਹਿ ਰਹੇ ਹੋ ਅਤੇ ਕੀਹਨੂੰ ਕਹਿ ਰਹੇ ਹੋ? ਕਿੱਥੇ ਗਈ ਤੁਹਾਡੀ ਮਰਿਆਦਾ! ਕਿੱਥੇ ਗਿਆ ਤੁਹਾਡਾ ਸਿਸ਼ਟਾਚਾਰ! ਵਿਦੇਸ਼ ਵਿੱਚ ਤਾਂ ਮੈਂ ਰਹਿੰਦਾ ਹਾਂ ਅਤੇ ਸਮੁੰਦਰ ਦਾ ਖਾਰਾਪਣ ਤੁਹਾਡੀ ਸੋਚ 'ਤੇ ਛਾ ਗਿਆ ਹੈ ! ਅੱਜ ਤੱਕ ਤਾਂ ਕਦੇ ਤੁਹਾਨੂੰ ਭਰਾ- ਭੈਣ ਚੁਭੇ ਨਹੀਂ ਸਨ, ਹੁਣ ਅਚਾਨਕ ਕਿਉਂ ?"

ਸ਼ੰਕਰ ਨੇ ਮੇਜ਼ 'ਤੇ ਪਏ ਕੱਚ ਦੇ ਫਲਾਵਰ ਪਾਟ ਨੂੰ ਚੁੱਕ ਕੇ ਜ਼ੋਰ ਨਾਲ ਹਰੀ ਵੱਲ ਸੁੱਟਿਆ। ਹਰੀ ਝੁਕ ਗਿਆ ਤੇ ਬਚ ਗਿਆ ਪਰ ਉਹ ਫਲਾਵਰ ਪਾਟ ਹਰੀ ਤੋਂ ਨਿਕਲਦਾ ਹੋਇਆ ਧਰਤੀ 'ਤੇ ਡਿੱਗ ਕੇ ਚਕਨਾਚੂਰ ਹੋ ਗਿਆ।

ਹਰੀ ਦੇ ਅੰਦਰ ਬੜਾ ਕੁਝ ਚਕਨਾਚੂਰ ਹੋ ਗਿਆ। ਬਚਪਨ ਅਤੇ ਜਵਾਨੀ ਦਾ ਸਾਥ, ਦੋਹਾਂ ਭਰਾਵਾਂ ਦੇ ਸੁਪਨੇ, ਭਰਾ ਲਈ ਬੇਹੱਦ ਆਦਰ- ਸਤਿਕਾਰ, ਸਭ ਕੁਝ ਕਿਰਚ- ਕਿਰਚ ਕਰਕੇ ਟੁੱਟ ਗਿਆ ਤੇ ਖਿੱਲਰ ਗਿਆ। ਯਾਦਾਂ ਦਾ ਜਾਲਾ ਹਿੱਲਣ ਲੱਗਿਆ। ਉਹਦੇ ਭਰਾ ਨੂੰ ਕੀ ਹੋ ਗਿਆ ਹੈ? ਉਹਦਾ ਭਰਾ ਤਾਂ ਅਜਿਹਾ ਨਹੀਂ ਸੀ... ਹਿੰਸਾ ਦੇ ਬੇਹੱਦ ਖਿਲਾਫ਼ ਸੀ।

ਸਾਰਾ ਪਰਿਵਾਰ ਹਰੀ ਵੱਲ ਵਧਿਆ। ਫਲਾਵਰ ਪਾਟ ਹਰੀ 'ਤੇ ਸੁੱਟ ਕੇ ਸ਼ੰਕਰ ਆਪਣੇ ਕਮਰੇ ਤੋਂ ਬਾਹਰ ਚਲਾ ਗਿਆ। ਉਹਦੀ ਪਤਨੀ ਉਮਾ ਵੀ ਉੱਥੋਂ ਉੱਠ ਕੇ ਉਹਦੇ ਪਿੱਛੇ- ਪਿੱਛੇ ਚਲੀ ਗਈ।

"ਜਦੋਂ ਤੋਂ ਉਮਾ ਇਹਦੀ ਜ਼ਿੰਦਗੀ ਵਿੱਚ ਆਈ ਹੈ, ਸ਼ੰਕਰ ਗੱਲ- ਗੱਲ 'ਤੇ ਗੁੱਸਾ ਕਰਨ ਲੱਗ ਪਿਆ ਹੈ। ਜ਼ਰਾ ਕੁ ਉਹਦੀ ਗੱਲ ਨਾ ਮੰਨੀਏ ਤਾਂ ਆਸਪਾਸ ਦਾ ਸਾਮਾਨ ਚੁੱਕ ਕੇ ਸੁੱਟਣ ਲੱਗਦਾ ਹੈ। ਹਰੀ, ਹੁਣ ਅਸੀਂ ਸ਼ੰਕਰ ਤੋਂ ਡਰਨ ਲੱਗ ਪਏ ਹਾਂ।" ਮਾਂ ਰੋਂਦੀ- ਰੋਂਦੀ ਦੱਸਦੀ ਰਹੀ- "ਉਮਾ ਉਹਨੂੰ ਭੜਕਾਉਂਦੀ ਰਹਿੰਦੀ ਹੈ। ਹੁਣ ਵਾਰ- ਵਾਰ ਇੱਕ ਹੀ ਗੱਲ ਕਰਦਾ ਹੈ- ਮੈਂ, ਮੇਰੀ ਪਤਨੀ, ਮੇਰਾ ਪਰਿਵਾਰ ਹੈ ਅਤੇ ਬਾਕੀ ਸਭ ਯਾਨੀ ਭਰਾ- ਭੈਣ ਤੁਸੀਂ ਤੁਹਾਡੀ ਗ੍ਰਿਹਸਥੀ ਹਨ। ਸਮਝ ਨਹੀਂ ਆਉਂਦੀ, ਮੈਥੋਂ ਕੀ ਗ਼ਲਤੀ ਹੋ ਗਈ! ਉਹ ਬੇਟਾ, ਜੋ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਸਮਝਦਾ ਸੀ, ਹੁਣ ਸਭ ਨੂੰ ਅੱਡ ਕਿਵੇਂ ਸਮਝਣ ਲੱਗ ਪਿਆ?" ਇੰਨਾ ਕਹਿੰਦਿਆਂ ਹੀ

ਮਾਂ ਵਿਲਕਣ ਲੱਗ ਪਈ। ਸਰੋਜ ਅਤੇ ਰਜਨੀ ਮਾਂ ਨੂੰ ਚੁੱਪ ਕਰਾਉਣ ਲੱਗ ਪਈਆਂ।

ਹਰੀ ਦੀ ਪਤਨੀ ਸੁਲਭਾ, ਹਰੀ ਤੋਂ ਛੋਟਾ ਨਰਿੰਦਰ ਅਤੇ ਸਭ ਤੋਂ ਛੋਟਾ ਸੁਰਿੰਦਰ ਚੁੱਪਚਾਪ ਬੈਠੇ ਇਹ ਸਭ ਵੇਖ ਅਤੇ ਸੁਣ ਰਹੇ ਹਨ। ਉਨ੍ਹਾਂ ਨੇ ਕੋਈ ਪ੍ਰਤੀਕਿਰਿਆ ਨਹੀਂ ਕੀਤੀ। ਮਾਂ ਦੇ ਚੁੱਪ ਕਰਦਿਆਂ ਹੀ ਸਭ ਤੋਂ ਛੋਟਾ ਭਰਾ ਸੁਰਿੰਦਰ ਬੋਲਿਆ- "ਹਰੀ ਭਰਾ, ਮੈਂ ਤਾਂ ਇਹ ਸਮਝਦਾ ਸੀ ਕਿ ਇਹ ਘਰ ਤੁਸੀਂ ਮਾਂ- ਪਿਓ ਲਈ ਬਣਵਾ ਕੇ ਦਿੱਤਾ ਹੈ ਪਰ ਸ਼ੰਕਰ ਭਰਾ ਇਹਨੂੰ ਕਿਵੇਂ ਵੇਚ ਸਕਦਾ ਹੈ? ਆਪਣਾ ਹਿੱਸਾ ਕਿਵੇਂ ਮੰਗ ਸਕਦਾ ਹੈ?"

ਸੁਰਿੰਦਰ ਦੇ ਪੁੱਛਣ 'ਤੇ ਹਰੀ ਯਾਦਾਂ ਦੇ ਜਾਲੇ ਵਿੱਚ ਉਲਝ ਗਿਆ.. ਅਤੀਤ ਵਿੱਚ ਕਈ ਵਰ੍ਹੇ ਪਿੱਛੇ ਪਰਤ ਗਿਆ...

ਜੂਨ ਦੀ ਉਹ ਸਖ਼ਤ ਦੁਪਹਿਰ... ਮਕਾਨ ਮਾਲਕ ਨੇ ਉਨ੍ਹਾਂ ਦਾ ਸਾਮਾਨ ਚੁੱਕ ਕੇ ਬਾਹਰ ਸੁਟ ਦਿੱਤਾ ਹੈ... ਉਹ ਕਿਰਾਇਆ ਵਧਾਉਣਾ ਚਾਹੁੰਦਾ ਹੈ ਅਤੇ ਉਨ੍ਹਾਂ ਨੂੰ ਨੋਟਿਸ ਦਿੱਤਾ ਗਿਆ ਕਿ ਜਾਂ ਤਾਂ ਉਹ ਵਧਿਆ ਹੋਇਆ ਕਿਰਾਇਆ ਦੇਣ ਜਾਂ ਮਕਾਨ ਖਾਲੀ ਕਰ ਦੇਣ। ਉਹ ਕੁਝ ਨਹੀਂ ਕਰ ਸਕੇ ਅਤੇ ਮਕਾਨ ਮਾਲਕ ਨੇ ਆਪਣਾ ਘਰ ਖ਼ਾਲੀ ਕਰਵਾ ਲਿਆ...

ਪਿਤਾ ਜੀ ਕਈ ਦਿਨਾਂ ਤੋਂ ਸਰਕਾਰੀ ਕੁਆਰਟਰ ਲੈਣ ਲਈ ਦਫ਼ਤਰਾਂ ਦੇ ਗੇੜੇ ਕੱਢ ਰਹੇ ਸਨ। ਉਸ ਦਿਨ ਵੀ ਘਰ ਵਿੱਚ ਨਹੀਂ ਸਨ। ਮਾਂ ਸ਼ੰਕਰ, ਹਰੀ, ਨਰਿੰਦਰ ਅਤੇ ਗੋਦ ਵਿੱਚ ਸਰੋਜ ਨੂੰ ਲਈ ਸਾਮਾਨ ਨਾਲ ਬਾਹਰ ਸੜਕ ਤੇ ਆ ਬੈਠੀ। ਭੁੱਖੇ- ਪਿਆਸੇ ਸਾਰਾ ਦਿਨ ਗਰਮੀ ਵਿਚ ਤੜਫਦੇ, ਉਹ ਪਿਤਾ ਦਾ ਇੰਤਜ਼ਾਰ ਕਰਦੇ ਰਹੇ। ਉਨ੍ਹਾਂ ਨੂੰ ਲੱਭਦੇ ਵੀ ਤਾਂ ਕਿੱਥੋ ਲੱਭਦੇ । ਅੱਜ ਦਾ ਜ਼ਮਾਨਾ ਤਾਂ ਸੀ ਨਹੀਂ ਕਿ ਫੋਨ ਕਰ ਲੈਂਦੇ। ਉਸ ਦਿਨ ਕੜਕਦੀ ਦੁਪਹਿਰ ਵਿੱਚ ਦੋਹਾਂ ਭਰਾਵਾਂ ਨੇ ਸੋਚਿਆ ਕਿ ਇੱਕ ਦਿਨ ਆਪਣਾ ਘਰ ਬਣਾਉਣਗੇ। ਕਿਸੇ ਮਕਾਨ- ਮਾਲਕ ਦੀ ਬੇ-ਇਜ਼ਤੀ ਨਹੀਂ ਸਹਾਰਨਗੇ।

ਸ਼ਾਮ ਨੂੰ ਪਿਤਾ ਜੀ ਸਰਕਾਰੀ ਕੁਆਰਟਰ ਦੇ ਕਾਗਜ਼ਾਤ ਲੈ ਕੇ ਆਏ। ਦਿੱਲੀ ਦੇ ਆਰ ਕੇ ਪੁਰਮ ਦੇ ਸੈਕਟਰ ਤਿੰਨ ਵਿੱਚ ਉਨ੍ਹਾਂ ਨੂੰ ਇੱਕ ਕੁਆਰਟਰ ਮਿਲ ਗਿਆ। ਜੀਵਨ ਪਟੜੀ ਤੇ ਆ ਗਿਆ। ਉਸ ਘਰ ਵਿੱਚ ਮਾਂ ਦਾ ਸਿਲਾਈ ਦਾ ਕੰਮ ਵੀ ਬਹੁਤ ਵੱਧ ਗਿਆ। ਸ਼ੰਕਰ ਇੱਕ ਸੇਠ ਦੇ ਘਰ ਸਕੂਲ ਪਿੱਛੋਂ ਕੰਮ ਕਰਨ ਜਾਣ ਲੱਗ ਪਿਆ ਅਤੇ ਹਰੀ ਨੂੰ ਯਾਦ ਆ ਰਿਹਾ ਹੈ, ਉਹ ਸਕੂਲ ਤੋਂ ਘਰ ਆ ਕੇ ਮਾਂ ਦਾ ਘਰ ਦੇ ਕੰਮਾਂ ਵਿੱਚ ਸਾਥ ਦਿੰਦਾ। ਮਾਂ ਦਾ ਸਾਥ ਦਿੰਦਾ- ਦਿੰਦਾ ਉਹ ਹਰ ਕੰਮ ਸਿੱਖ ਗਿਆ। ਪਿਤਾ ਜੀ ਤਾਂ ਸਾਰੀ ਉਮਰ ਹੇਠਲੇ ਪੱਧਰ ਦੇ ਕਲਰਕ ਰਹੇ । ਨਾ ਰਿਸ਼ਵਤ ਲਈ, ਨਾ ਦਿੱਤੀ। ਅਫਸਰਾਂ ਦੇ ਕਿਸੇ ਕੰਮ ਦੇ ਨਹੀਂ ਸਨ। ਹਮੇਸ਼ਾ ਤਰੱਕੀ ਰੁਕਦੀ ਰਹੀ। ਆਰ ਕੇ ਪੁਰਮ ਦੇ ਘਰ ਵਿੱਚ ਉਹ ਚਾਰ ਭਰਾ ਅਤੇ ਦੋ ਭੈਣਾਂ ਹੋ ਗਏ।

"ਭਰਾ, ਤੁਸੀਂ ਕਿੰਨਾ ਸੋਚਾਂ ਵਿੱਚ ਗੁਆਚ ਗਏ ਹੋ। ਤੁਸੀਂ ਜੁਆਬ ਨਹੀਂ ਦਿੱਤਾ।" ਸੁਰਿੰਦਰ ਨੇ ਝੰਜੋੜ ਕੇ ਉਹਨੂੰ ਉਹਦੀਆਂ ਯਾਦਾਂ ਤੋਂ ਵੱਖ ਕੀਤਾ।

"ਸੁਰਿੰਦਰ, ਮੈਂ ਤਾਂ ਅਮਰੀਕਾ ਵਿੱਚ ਸਾਂ। ਪਿਤਾ ਜੀ ਰਿਟਾਇਰ ਹੋਣ ਵਾਲੇ ਸਨ ਅਤੇ ਮੈਂ ਚਾਹੁੰਦਾ ਸੀ ਕਿ ਉਸ ਤੋਂ ਪਹਿਲਾਂ ਪਰਿਵਾਰ ਦਾ ਇੱਕ ਆਪਣਾ ਘਰ ਬਣ ਜਾਵੇ। ਰਿਟਾਇਰਮੈਂਟ ਤੋਂ ਪਿੱਛੋਂ ਆਰ ਕੇ ਪੁਰਮ ਵਾਲਾ ਘਰ ਸਰਕਾਰ ਨੇ ਵਾਪਸ ਲੈ ਲੈਣਾ ਸੀ। ਮੈਂ ਮਾਂ ਨੂੰ ਫਿਰ ਤੋਂ

ਕਿਰਾਏ ਦੇ ਘਰਾਂ ਵਿੱਚ ਰੁਲਦਾ ਨਹੀਂ ਵੇਖ ਸਕਦਾ ਸਾਂ। ਭਰਾ ਨੂੰ ਕਿਹਾ ਕਿ ਜ਼ਮੀਨ ਖ਼ਰੀਦ ਲਵੇ ਅਤੇ ਪੈਸੇ ਭੇਜ ਦਿੱਤੇ।"

"ਪਰ ਤੁਸੀਂ ਉਨ੍ਹਾਂ ਨੂੰ ਕਿਹਾ ਨਹੀਂ ਸੀ ਕਿ ਘਰ ਮਾਂ- ਪਿਓ ਦੇ ਨਾਂ ਤੇ ਹੋਵੇ!" ਪਹਿਲੀ ਵਾਰ ਨਰਿੰਦਰ ਬੋਲਿਆ।

"ਹਾਂ, ਇਹ ਸਖ਼ਤੀ ਨਾਲ ਕਿਹਾ ਸੀ ਕਿ ਰਜਿਸਟਰੀ ਮਾਂ ਅਤੇ ਪਿਤਾ ਦੇ ਨਾਂ ਤੇ ਹੋਵੇ। ਫਿਰ ਘਰ ਤਾਂ ਉਨ੍ਹਾਂ ਨੇ ਖੜ੍ਹੇ ਹੋ ਕੇ ਬਣਵਾਇਆ। ਤੁਸੀਂ ਸਾਰੇ ਨਾਲ ਸੀ। ਉਹਦੀ ਰਜਿਸਟਰੀ ਵੀ ਮਾਂ ਅਤੇ ਪਿਤਾ ਦੇ ਨਾਮ 'ਤੇ ਹੋਣੀ ਚਾਹੀਦੀ ਹੈ, ਮੈਂ ਕਿਹਾ ਸੀ। ਮੈਂ ਸੋਚਿਆ, ਉਹ ਵਕੀਲ ਹਨ, ਸਾਰੇ ਕੰਮ ਵਧੀਆ ਢੰਗ ਨਾਲ ਕਰ ਲੈਣਗੇ। ਮੈਂ ਆਪ ਨਹੀਂ ਸਮਝ ਰਿਹਾ ਕਿ ਭਰਾ ਘਰ ਕਿਵੇਂ ਵੇਚ ਰਿਹਾ ਹੈ? ਅੱਜ ਜੋ ਉਹਦਾ ਰੂਪ ਵੇਖਿਆ ਹੈ, ਉਸ ਨਾਲ ਗੱਲ ਕਿਵੇ ਂ ਕਰਾਂ, ਬੜਾ ਮੁਸ਼ਕਲ ਲੱਗ ਰਿਹਾ ਹੈ।" ਹਰੀ ਨੇ ਨਿਰਾਸ਼ਾ ਨਾਲ ਕਿਹਾ।

"ਭਰਾ, ਤੁਸੀਂ ਉਨ੍ਹਾਂ ਤੋਂ ਰਜਿਸਟਰੀ ਕਿਉਂ ਨਹੀਂ ਮੰਗੀ? ਬਹੁਤ ਪਹਿਲਾਂ ਉਨ੍ਹਾਂ ਦੀ ਮਨਸ਼ਾ ਦਾ ਪਤਾ ਲੱਗ ਜਾਂਦਾ!" ਨਰਿੰਦਰ ਨੇ ਕਿਹਾ।

"ਮੈਂ ਤਾਂ ਵਿਦੇਸ਼ ਵਿੱਚ ਬੈਠਾ ਸਾਂ, ਤੁਸੀਂ ਸਾਰੇ ਤਾਂ ਇੱਥੇ ਹੀ ਸੀ। ਤੁਸੀਂ ਕਿਉਂ ਨਹੀਂ ਕਿਸੇ ਗੱਲ ਵੱਲ ਧਿਆਨ ਦਿੱਤਾ! ਤੁਸੀਂ ਵੀ ਤਾਂ ਰਜਿਸਟਰੀ ਮੰਗ ਸਕਦੇ ਸੀ।" ਸਾਰਿਆਂ ਨੂੰ ਹਰੀ ਦੀ ਆਵਾਜ਼ ਵਿੱਚ ਉਦਾਸੀ ਦੇ ਨਾਲ ਥਕਾਵਟ ਮਹਿਸੂਸ ਹੋਈ। "ਭਰਾ ਅਸੀਂ ਤਾਂ ਛੋਟੇ ਹਾਂ, ਸਾਡੀ ਕੌਣ ਸੁਣਦਾ ਹੈ?" ਸੁਰਿੰਦਰ ਨੇ ਤੁਰੰਤ ਜਵਾਬ ਦਿੱਤਾ।

"ਪਰ ਰਜਿਸਟਰੀ ਤਾਂ ਵੇਖ ਸਕਦੇ ਸੀ!"

"ਭਰਾ ਗੁੱਸਾ ਕਰਦਾ ਕਿ ਸਾਨੂੰ ਉਨ੍ਹਾਂ 'ਤੇ ਵਿਸ਼ਵਾਸ ਨਹੀਂ ਹੈ!" ਨਰਿੰਦਰ ਬੋਲਿਆ।

"ਜਿਸ ਭਰਾ ਨਾਲ ਮੈਂ ਲੰਮਾ ਸਮਾਂ ਬਿਤਾਇਆ ਉਹਨੂੰ ਮੈਂ ਕਿਵੇਂ ਰਜਿਸਟਰੀ ਵਿਖਾਉਣ ਲਈ ਕਹਿੰਦਾ! ਮੇਰੀ ਹਾਲਤ ਬਾਰੇ ਤਾਂ ਸੋਚੋ! ਕਿੰਨਾ ਔਖਾ ਹੈ ਇਸ ਗੱਲ 'ਤੇ ਯਕੀਨ ਕਰਨਾ ਕਿ ਮੇਰੇ ਆਦਰਸ਼ਵਾਦੀ ਭਰਾ ਨੇ, ਜਿਸਨੇ ਸਭ ਨੂੰ ਸੱਚਾਈ ਅਤੇ ਇਮਾਨਦਾਰੀ ਦਾ ਪਾਠ ਪੜ੍ਹਾਇਆ, ਖੁਦ ਪਰਿਵਾਰ ਨਾਲ ਗੱਦਾਰੀ ਕਰ ਗਿਆ!" ਉਹਦਾ ਗਲਾ ਭਰ ਆਇਆ।

ਮਾਂ ਆਪਣੀ ਥਾਂ ਤੋਂ ਉੱਠੀ ਅਤੇ ਹਰੀ ਦੇ ਸਿਰ ਅਤੇ ਪਿੱਠ 'ਤੇ ਹੱਥ ਫੇਰਨ ਲੱਗੀ। ਹਰੀ ਨੂੰ ਇੱਕ ਅਰਸੇ ਤੋਂ ਮਾਂ ਦੀ ਇਹ ਛੋਹ ਪ੍ਰਾਪਤ ਨਹੀਂ ਸੀ ਹੋਈ। ਉਹ ਮਾਂ ਦੀ ਛਾਤੀ ਨਾਲ ਲੱਗ ਗਿਆ। ਮਾਂ ਨੇ ਉਹਨੂੰ ਜਿਉਂ ਹੀ ਬਾਹਾਂ ਵਿਚ ਸਮੇਟਿਆ ਦੋਹਾਂ ਦਾ ਦਰਦ ਪਿਘਲਣ ਲੱਗਿਆ...।

ਕੁਝ ਚਿਰ ਪਿੱਛੋਂ ਮਾਂ ਨੇ ਖੁਦ ਨੂੰ ਸੰਭਾਲਿਆ ਅਤੇ ਸੁਲਭਾ ਵੱਲ ਵੇਖ ਕੇ ਕਿਹਾ, "ਬੇਟੀ, ਹੁਣ ਤੁਸੀਂ ਦੋਵੇਂ ਅਰਾਮ ਕਰੋ। ਜਦੋਂ ਦੇ ਆਏ ਹੋ, ਇੱਕ ਮਿੰਟ ਵੀ ਢੂਈ ਸਿੱਧੀ ਨਹੀਂ ਕੀਤੀ।"

ਸੁਲਭਾ ਹਰੀ ਨੂੰ ਲੈ ਕੇ ਆਪਣੇ ਕਮਰੇ ਵਿੱਚ ਆ ਗਈ। ਸੁਲਭਾ ਤਾਂ ਬਿਸਤਰੇ 'ਤੇ ਲੇਟਦਿਆਂ ਹੀ ਸੌਂ ਗਈ। ਲੰਮੀ ਫਲਾਈਟ ਦੀ ਥਕਾਵਟ ਅਤੇ ਸਾਰੇ ਦਿਨ ਦਾ ਤਣਾਅ, ਦੋਵੇਂ ਮਿਲ ਕੇ ਉਹਨੂੰ ਨੀਂਦ ਦੇ ਝੂਟੇ ਝੁਟਾਉਣ ਲੱਗੇ।

ਹਰੀ ਦਾ ਸਰੀਰ ਥੱਕ ਕੇ ਚੂਰ ਹੋ ਚੁੱਕਾ ਹੈ। ਬਿਸਤਰ 'ਤੇ ਲੇਟਦਿਆਂ ਹੀ ਉਹਨੂੰ ਲੱਗਿਆ ਕਿ ਮੱਥੇ ਨੇ ਕਈ ਮੋਰਚੇ ਖੋਲ੍ਹ ਦਿੱਤੇ ਹਨ। ਨੀਂਦ ਕੋਹਾਂ ਦੂਰ ਭੱਜ ਗਈ ਹੈ। ਅਤੀਤ ਨੇ ਯਾਦਾਂ ਦਾ ਪਰਦਾ ਹਟਾ ਦਿੱਤਾ ਅਤੇ ਬੀਤੇ ਕੱਲ੍ਹ ਦਾ ਮੰਚ ਖੁੱਲ੍ਹੇ ਮੈਦਾਨ ਜਿਹਾ ਨਜ਼ਰ ਆਉਣ ਲੱਗਿਆ...।

ਪਿਤਾ ਅਤੇ ਮਾਂ ਦੀ ਸਿਲਾਈ ਦੀ ਆਮਦਨੀ ਨਾਲ ਅੱਠ ਜਣਿਆਂ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਹੋ ਰਿਹਾ ਹੈ...। ਉਹ ਕੁਝ ਵਧੇਰੇ ਹੀ ਸੰਵੇਦਨਸ਼ੀਲ ਹੈ... ਮਾਂ ਵੱਲ ਦੇਖ ਨਹੀਂ ਸਕਦਾ; ਜੋ ਸਵੇਰੇ ਉੱਠ ਕੇ ਪਿਤਾ ਨੂੰ ਕੰਮ ਤੇ ਅਤੇ ਬੱਚਿਆਂ ਨੂੰ ਸਕੂਲ ਭੇਜ ਕੇ ਸਾਰਾ ਦਿਨ ਘਰ ਦੇ ਕੰਮਾਂ ਵਿੱਚ ਖਪਦੀ ਰਹਿੰਦੀ ਹੈ ਅਤੇ ਦੇਰ ਰਾਤ ਤੱਕ ਬੱਚਿਆਂ ਨਾਲ ਜਾਗ ਕੇ ਦੂਜਿਆਂ ਦੇ ਕੱਪੜੇ ਸਿਆਉਂਦੀ ਹੈ। ਮਾਂ ਦਾ ਬੱਸ ਇੱਕੋ ਹੀ ਉਦੇਸ਼ ਹੈ, ਬੱਚਿਆਂ ਨੂੰ ਪੜ੍ਹਾਉਣਾ। ਉਹ ਇੱਕ ਪਤਲੀ ਜਿਹੀ ਸੋਟੀ ਲੈ ਕੇ ਬੈਠਦੀ ਅਤੇ ਜਿਸ ਬੱਚੇ ਨੂੰ ਵੀ ਨੀਂਦ ਆਉਂਦੀ, ਉਸ ਨਾਲ ਉਹਨੂੰ ਹਿਲਾਉਂਦੀ- ਸੌਣਾ ਨਹੀਂ, ਪੜ੍ਹਨਾ ਹੈ। ਰਾਤ ਨੂੰ ਉੱਠ ਕੇ ਚਾਹ ਬਣਾ ਕੇ ਪਿਆਉਂਦੀ ਅਤੇ ਜਿਸ ਦਿਨ ਸਿਲਾਈ ਤੋਂ ਚੰਗੇ ਪੈਸੇ ਮਿਲੇ ਹੁੰਦੇ, ਉਸ ਦਿਨ ਸਾਰਿਆਂ ਨੂੰ ਪੀਣ ਨੂੰ ਦੁੱਧ ਮਿਲਦਾ।

ਹੁਣ ਯਾਦ ਆ ਰਿਹਾ ਹੈ- ਉਹ ਗਿਆਰ੍ਹਵੀਂ ਵਿੱਚ ਹੈ। ਹਿਸਾਬ ਅਤੇ ਸਾਇੰਸ ਵਿੱਚ ਬਹੁਤ ਹੁਸ਼ਿਆਰ ਹੈ। ਹਿਸਾਬ ਦੇ ਅਧਿਆਪਕ ਡੀ ਪੀ ਸ਼ਰਮਾ ਉਹਨੂੰ ਬੜਾ ਪਿਆਰ ਕਰਦੇ ਹਨ। ਉਹ ਉਹਦੀ ਮਾਲੀ ਹਾਲਤ ਤੋਂ ਵੀ ਜਾਣੂੰ ਹਨ। ਉਸ ਦਿਨ ਡੀ ਪੀ ਸ਼ਰਮਾ ਨੇ ਉਹਨੂੰ ਬੁਲਾ ਕੇ ਕਿਹਾ, "ਹਰੀ, ਸਕੂਲ ਤੋਂ ਪਹਿਲਾਂ ਤੇ ਸਕੂਲ ਤੋਂ ਪਿੱਛੋਂ ਹਿਸਾਬ ਦੀਆਂ ਕੁਝ ਟਿਊਸ਼ਨਾਂ ਕਰੇਂਗਾ! ਚੰਗੇ ਪੈਸੇ ਮਿਲ ਜਾਣਗੇ।" ਉਹਨੇ ਖੁਸ਼ੀ- ਖੁਸ਼ੀ 'ਹਾਂ' ਕਰ ਦਿੱਤੀ।

ਅਗਲੇ ਦਿਨ ਤੋਂ ਮਾਂ ਸਵੇਰੇ ਚਾਰ ਵਜੇ ਉਹਦੇ ਨਾਲ ਉਠਣ ਲੱਗੀ। ਉਹਨੂੰ ਦੁਪਹਿਰ ਦਾ ਖਾਣਾ ਨਾਲ ਦੇ ਦਿੰਦੀ। ਸਵੇਰੇ ਛੇ ਵਜੇ ਉਹ ਘਰੋਂ ਨਿਕਲਦਾ ਤੇ ਦੇਰ ਰਾਤੀਂ ਘਰੇ ਮੁੜਦਾ। ਮਹੀਨੇ ਪਿੱਛੋਂ ਜਦੋਂ ਉਹਨੇ ਟਿਊਸ਼ਨ ਦੇ ਪੈਸੇ ਮਾਂ ਨੂੰ ਫੜਾਏ, ਮਾਂ ਦੀ ਖੁਸ਼ੀ ਅੱਖਾਂ ਰਾਹੀਂ ਝਰਨ-ਝਰਨ ਵਗਣ ਲੱਗੀ। ਮਾਂ ਨੇ ਆਪਣਾ ਸਖ਼ਤ ਹੱਥ ਹੌਲੀ- ਹੌਲੀ ਉਹਦੇ ਸਿਰ ਅਤੇ ਪਿੱਠ ਤੇ ਫੇਰਨਾ ਸ਼ੁਰੂ ਕਰ ਦਿੱਤਾ। ਉਹਨੇ ਮਾਂ ਦੇ ਹੱਥ ਆਪਣੇ ਹੱਥਾਂ ਵਿੱਚ ਲੈ ਲਏ। ਸਮੇਂ ਦੇ ਥਪੇੜਿਆਂ, ਕਮੀਆਂ, ਘਰ ਦੇ ਕੰਮਾਂ- ਕਾਜਾਂ ਅਤੇ ਸਿਲਾਈ ਮਸ਼ੀਨ ਨੇ ਮਾਂ ਦੇ ਹੱਥ ਕਿੰਨੇ ਖੁਰਦਰੇ, ਸਖਤ ਤੇ ਰੁੱਖੇ ਕਰ ਦਿੱਤੇ ਹਨ। ਉਹ ਉਨ੍ਹਾਂ ਨੂੰ ਚੁੰਮਦਾ ਹੈ, ਅੱਖਾਂ 'ਤੇ ਲਾਉਂਦਾ ਹੈ।

ਅਗਲੇ ਮਹੀਨੇ ਉਹ ਟਿਊਸ਼ਨ ਦੀ ਰਕਮ ਦੇ ਨਾਲ ਮਾਂ ਲਈ ਇੱਕ ਕਰੀਮ ਲੈ ਕੇ ਆਉਂਦਾ ਹੈ ਅਤੇ ਹਰ ਰਾਤ ਸੌਣ ਤੋਂ ਪਹਿਲਾਂ ਮਾਂ ਦੇ ਹੱਥਾਂ 'ਤੇ ਲਾਉਂਦਾ ਹੈ। ਦਿਨ ਵਿੱਚ ਭੈਣਾਂ ਮਾਂ ਦੇ ਹੱਥਾਂ 'ਤੇ ਕਰੀਮ ਲਾਉਂਦੀਆਂ ਹਨ। ਅੱਜ ਉਹਨੇ ਮਾਂ ਦੇ ਨਰਮ ਹੱਥਾਂ ਦੀ ਛੋਹ ਮਹਿਸੂਸ ਕੀਤੀ ਹੈ।

ਉਸੇ ਦੀ ਵੇਖਾ- ਵੇਖੀ ਸ਼ੰਕਰ ਨੇ ਵੀ ਟਿਊਸ਼ਨ ਕਰਨੀ ਸ਼ੁਰੂ ਕਰ ਦਿੱਤੀ। ਉਮਾ ਭਰਾ ਦੀ ਸਭ ਤੋਂ ਪਹਿਲੀ ਟਿਊਸ਼ਨ ਹੈ।

ਸਕੂਲ ਵਿੱਚ ਉਹ ਪੂਰੀ ਦਿੱਲੀ ਵਿੱਚ ਟਾਪਰ ਰਿਹਾ। ਉਹ ਉਨ੍ਹਾਂ ਪਲਾਂ ਨੂੰ ਫਿਰ ਤੋਂ ਜੀਅ ਰਿਹਾ ਹੈ... ਦਿੱਲੀ ਯੂਨੀਵਰਸਿਟੀ, ਹਿੰਦੂ ਕਾਲਜ, ਪਹਿਲਾ ਦਿਨ... ਸਾਇੰਸ ਵਿਭਾਗ। ਉਹਦੇ

ਪੇਟ ਵਿੱਚ ਕੁਝ ਹੋ ਰਿਹਾ ਹੈ... ਉਹਨੂੰ ਪਤਾ ਨਹੀਂ ਲੱਗ ਰਿਹਾ ਕੀ ਹੋ ਰਿਹਾ ਹੈ... ਉਹ ਬੜਾ ਖ਼ੁਸ਼ ਹੈ।

ਅਗਲੇ ਦਿਨ ਤੋਂ ਸਵੇਰੇ ਚਾਰ ਵਜੇ ਤੋਂ ਸ਼ੁਰੂ ਹੋਈ ਦੌੜ ਰਾਤ ਗਿਆਰਾਂ ਵਜੇ ਰੁਕਦੀ। ਉਹ ਪੜ੍ਹਾਈ ਅਤੇ ਟਿਊਸ਼ਨਾਂ ਵਿੱਚ ਲੱਗਿਆ ਰਿਹਾ। ਘਰ ਵਿੱਚ ਕੀ ਹੋ ਰਿਹਾ ਹੈ, ਉਹ ਜਾਣ ਹੀ ਨਹੀਂ ਸਕਿਆ...।

ਅਤੀਤ ਨੇ ਯਾਦਾਂ ਦਾ ਪਰਦਾ ਕੀ ਹਟਾਇਆ, ਬੀਤੇ ਕੱਲ੍ਹ ਦਾ ਮੰਚ, ਜੋ ਪਹਿਲਾਂ ਹੀ ਉਹਨੂੰ ਖੁੱਲ੍ਹੇ ਮੈਦਾਨ ਵਾਂਗ ਲੱਗ ਰਿਹਾ ਸੀ, ਹੁਣ ਦ੍ਰਿਸ਼ ਤੇ ਦ੍ਰਿਸ਼ ਬਦਲਣ ਲੱਗਿਆ... ਉਹ ਐੱਮ ਐੱਸਸੀ ਵਿੱਚ ਹੈ ਅਤੇ ਪਹਿਲੀ ਵਾਰ ਮਾਂ ਦੀ ਦੱਬੀ- ਘੁੱਟੀ ਆਵਾਜ਼ ਸਾਹਮਣੇ ਆਈ ਹੈ। ਉਹ ਨੂੰ ਭਰਾ ਦਾ ਉਮਾ ਨੂੰ ਘਰ ਲਿਆਉਣਾ ਮਨਜ਼ੂਰ ਨਹੀਂ। ਉਹਨੂੰ ਵੀ ਉਸ ਦਿਨ ਪਤਾ ਲੱਗਿਆ, ਉਮਾ ਭਰਾ ਦੀ ਦੋਸਤ ਬਣ ਚੁੱਕੀ ਹੈ। ਮਾਂ ਦੀ ਦਲੀਲ ਹੈ- ਘਰ ਵਿੱਚ ਬੇਟੀਆਂ ਹਨ, ਉਨ੍ਹਾਂ 'ਤੇ ਕੀ ਪ੍ਰਭਾਵ ਪਵੇਗਾ! ਉਹ ਚੁੱਪ ਹੈ, ਕੀ ਕਹੇ? ਉਹ ਕਦੇ ਵੀ ਭਰਾ ਦੇ ਅੱਗੇ ਬੋਲਿਆ ਹੀ ਨਹੀਂ!

ਐਮ ਐਸਸੀ ਦੀਆਂ ਪ੍ਰੀਖਿਆ ਤੱਕ ਘਰ 'ਚ ਝਗੜੇ ਬਹੁਤ ਵਧ ਗਏ ਹਨ...। ਉਹ ਜ਼ਿਆਦਾਤਰ ਲਾਇਬ੍ਰੇਰੀ ਵਿੱਚ ਬੈਠਦਾ ਹੈ। ਭਰਾ ਦੀਆਂ ਮਨਮਰਜ਼ੀਆਂ ਵੀ ਵਧ ਗਈਆਂ ਹਨ। ਉਹ ਇੰਜੀਨੀਅਰ ਬਣ ਚੁੱਕਿਆ ਹੈ। ਨੌਕਰੀ ਕਰਦਾ ਹੈ। ਮਾਂ ਨਾਲ ਹਰ ਗੱਲ 'ਤੇ ਝਗੜਾ ਕਰਦਾ ਹੈ। ਜ਼ਿਆਦਾਤਰ ਉਮਾ ਉਹਦੇ ਨਾਲ ਹੀ ਹੁੰਦੀ ਹੈ। ਇੱਕ ਗੱਲ ਉਹਨੇ ਮਹਿਸੂਸ ਕੀਤੀ, ਭਰਾ ਦੀ ਹਉਮੈਂ ਬਹੁਤ ਵਧ ਗਈ ਹੈ। ਹਰ ਸਮੇਂ 'ਮੈਂ' ਦੇ ਇਲਾਵਾ ਉਹ ਗੱਲ ਨਹੀਂ ਕਰਦਾ।

ਉਹਨੂੰ ਚੰਗਾ ਨਹੀਂ ਲੱਗਦਾ। ਉਹ ਹੈਰਾਨ ਹੈ, ਉਹ ਕਿਉਂ ਕੁਝ ਨਹੀਂ ਬੋਲਦਾ! ਕਾਸ਼, ਉਸ ਵੇਲੇ ਉਹ ਬੋਲਿਆ ਹੁੰਦਾ! ਅੱਜ ਭਰਾ ਦੀ ਹਉਮੈਂ ਇੰਨੀ ਵਿਕਰਾਲ ਰੂਪ ਤਾਂ ਨਹੀਂ ਧਾਰਨ ਕਰ ਸਕਦੀ ਸੀ!

ਇਮਤਿਹਾਨ ਖ਼ਤਮ ਹੋ ਗਏ ਹਨ। ਉਹ ਘਰੇ ਹੈ। ਕੁਝ ਦਿਨ ਆਰਾਮ ਕਰਨਾ ਚਾਹੁੰਦਾ ਹੈ। ਮਾਂ ਕੋਲ ਬੈਠਣਾ ਚਾਹੁੰਦਾ ਹੈ। ਮਾਂ ਬਹੁਤ ਉਦਾਸ ਰਹਿਣ ਲੱਗ ਪਈ ਹੈ। ਉਹ ਮਾਂ ਜੋ ਦੁਖੀ ਹਾਲਤਾਂ ਵਿੱਚ ਵੀ ਕਦੇ ਨਹੀਂ ਘਬਰਾਈ, ਪਤਾ ਨਹੀਂ ਕੀ ਸੋਚਦੀ ਰਹਿੰਦੀ ਹੈ!

ਇੱਕ ਹੋਰ ਦ੍ਰਿਸ਼ ਉਹਦੀਆਂ ਅੱਖਾਂ ਮੂਹਰੇ ਘੁੰਮਦਾ ਹੈ... ਮਾਂ ਦੀ ਗੋਦ ਵਿੱਚ ਉਹ ਅੱਖਾਂ ਮੀਚੀ ਪਿਆ ਹੈ... ਚਿਹਰੇ ਉੱਤੇ ਉਸ ਨੇ ਗਰਮ ਗਰਮ ਬੂੰਦਾਂ ਮਹਿਸੂਸ ਕੀਤੀਆਂ। ਮਾਂ ਰੋ ਰਹੀ ਹੈ...ਰੋਂਦਿਆਂ- ਰੋਂਦਿਆਂ ਕਹਿ ਰਹੀ ਹੈ... "ਹਰੀ, ਤੂੰ ਹੀ ਸ਼ੰਕਰ ਨੂੰ ਸਮਝਾ! ਉਮਾ ਉਹਦੀ ਪ੍ਰੇਮਿਕਾ ਹੈ, ਦੋਸਤ ਨਹੀਂ। ਮੈਂ ਗੰਧਾਰੀ ਨਹੀਂ ਹਾਂ, ਮੈਂ ਅੱਖਾਂ 'ਤੇ ਪੱਟੀ ਨਹੀਂ ਬੰਨ੍ਹੀ ਹੋਈ। ਨਾ ਹੀ ਮੈਂ ਏਨੀ ਬੇਵਕੂਫ਼ ਹਾਂ, ਜਿੰਨੀ ਸ਼ੰਕਰ ਸਮਝਦਾ ਹੈ। ਸ਼ੰਕਰ ਦੇ ਬਦਲੇ ਸੁਭਾਅ ਅਤੇ ਉਮਾ ਦੀ ਚਾਲ ਨੂੰ ਪਹਿਚਾਣਦੀ ਹਾਂ। ਬੇਟਾ, ਮੈਂ ਅਨਪੜ੍ਹ ਜ਼ਰੂਰ ਹਾਂ ਪਰ ਅਨੁਭਵ ਤੁਹਾਡੇ ਲੋਕਾਂ ਤੋਂ ਵਧੇਰੇ ਹੈ।"

"ਮਾਂ, ਤੁਸੀਂ ਕਦੋਂ ਅਨਪੜ੍ਹ ਹੋ! ਤੁਸੀਂ ਪੋਥੀਆਂ ਨਹੀਂ ਪੜ੍ਹੀਆਂ ਪਰ ਜੀਵਨ ਦੀ ਕਿਤਾਬ ਨੂੰ ਬਹੁਤ ਗੰਭੀਰਤਾ ਨਾਲ ਸਮਝਿਆ ਹੈ, ਜਾਣਿਆ ਹੈ! ਤੁਸੀਂ ਸਮਝਦੇ ਹੋ ਕਿ ਭਰਾ ਮੇਰੀ ਗੱਲ ਸੁਣੇਗਾ?"

"ਕਹਿ ਕੇ ਤਾਂ ਵੇਖ, ਸ਼ਾਇਦ ਤੇਰੀ ਗੱਲ ਸੁਣ ਲਵੇ।"

ਇੱਕ ਦਿਨ ਹਿੰਮਤ ਕਰਕੇ ਉਹਨੇ ਸ਼ੰਕਰ ਨੂੰ ਕਨਾਟ ਪਲੇਸ ਦੇ ਕੌਫੀ ਹਾਊਸ ਵਿੱਚ ਇਕੱਲਿਆਂ ਮਿਲਣ ਨੂੰ ਕਿਹਾ। ਭਰਾ ਆਇਆ ਪਰ ਉਮਾ ਉਹਦੇ ਨਾਲ ਹੈ। ਪਹਿਲੀ ਵਾਰੀ ਉਹਨੇ ਉਹਨਾਂ ਦੋਹਾਂ ਨੂੰ ਵੇਖਿਆ ਹੈ। ਮਾਂ ਦਾ ਰੋਣਾ ਸਹੀ ਹੈ...।

ਸੱਤਰ ਦਾ ਦਹਾਕਾ ਅੰਤ ਵੱਲ ਵਧ ਰਿਹਾ ਹੈ ਅਤੇ ਇਹ ਦਹਾਕਾ ਸਾਧਾਰਨ ਥਾਵਾਂ 'ਤੇ ਮਾਣ- ਮਰਿਆਦਾਵਾਂ ਅਤੇ ਸਮਾਜਿਕ ਪਾਬੰਦੀਆਂ ਦਾ ਹੈ। ਉਹ ਉਨ੍ਹਾਂ ਪਲਾਂ ਨੂੰ ਵੇਖ ਰਿਹਾ ਹੈ... ਉਮਾ ਕਿੰਨੇ ਖੁੱਲ੍ਹੇ ਢੰਗ ਨਾਲ ਸ਼ੰਕਰ ਦੀ ਬਾਂਹ ਫੜ ਕੇ ਝੂਲ ਰਹੀ ਹੈ। ਸ਼ੰਕਰ ਦੀ ਧੌਣ ਆਕੜ ਜਾਂਦੀ ਹੈ, ਜਿਵੇਂ ਕੋਈ ਕਿਲ੍ਹਾ ਫ਼ਤਹਿ ਕਰ ਲਿਆ ਹੋਵੇ! ਉਹਦੀਆਂ ਅੱਖਾਂ ਝੁਕ ਗਈਆਂ ਹਨ, ਆਸਪਾਸ ਦੇ ਲੋਕ ਅਜੀਬ ਜਿਹੀਆਂ ਨਜ਼ਰਾਂ ਨਾਲ ਵੇਖ ਰਹੇ ਹਨ। ਉਹ ਉੱਥੇ ਬੈਠ ਨਹੀਂ ਸਕਿਆ। ਉੱਠ ਆਇਆ। ਮਾਂ ਦਾ ਗੁੱਸਾ ਜਾਇਜ਼ ਹੈ। ਦੋਹਾਂ ਨੂੰ ਮਿਲਣ ਤੋਂ ਪਹਿਲਾਂ ਮਾਂ ਦਾ ਇਹ ਕਹਿਣਾ ਅਜੀਬ ਲੱਗਦਾ ਹੈ ਉਹਨੂੰ- "ਉਮਾ ਮਾਂ- ਪਿਓ ਦੀ ਇਕਲੌਤੀ ਸੰਤਾਨ ਹੈ। ਲਾਡ- ਪਿਆਰ ਨੇ ਵਿਗਾੜ ਦਿੱਤਾ ਹੈ। ਅਥਾਹ ਪੈਸਾ ਹੈ। ਸ਼ੰਕਰ ਵਰਗਾ ਜਵਾਈ ਉਮਾ ਦੇ ਪਿਤਾ ਨੂੰ ਕਿੱਥੇ ਮਿਲੇਗਾ? ਜੀਹਦੇ ਅੱਗੇ- ਪਿੱਛੇ ਪੁੱਛਣ ਵਾਲਾ ਕੋਈ ਨਹੀਂ। ਵੇਖੀਂ, ਸ਼ੰਕਰ ਨੂੰ ਘਰ ਜਵਾਈ ਬਣਾਵੇਗਾ, ਉਮਾ ਦਾ ਪਿਓ ਇੱਕ ਦਿਨ! ਇਸੇ ਲਈ ਬੇਟੀ ਨੂੰ ਖੁੱਲ੍ਹ ਦੇ ਰੱਖੀ ਹੈ। ਸਾਰਾ ਦਿਨ ਸ਼ੰਕਰ ਨਾਲ ਆਵਾਰਾਗਰਦਾਂ ਵਾਂਗ ਘੁੰਮਦੀ ਰਹਿੰਦੀ ਹੈ। ਕੀ ਪਿਓ ਨੂੰ ਪਤਾ ਨਹੀਂ? ਅੱਖਾਂ ਮੀਚ ਲਈਆਂ ਹਨ? ਲਾ ਦਿੱਤਾ ਹੈ ਉਹਨੂੰ ਸ਼ੰਕਰ ਦੇ ਪਿੱਛੇ!" ਪਰ ਉਮਾ ਨੂੰ ਮਿਲਣ ਤੋਂ ਪਿੱਛੋਂ ਲੱਗਿਆ ਕਿਤੇ ਨਾ ਕਿਤੇ ਮਾਂ ਸਹੀ ਹੈ, ਸਿਰਫ਼ ਮਾਂ ਦੇ ਕਹਿਣ ਦਾ ਤਰੀਕਾ ਗ਼ਲਤ ਹੈ।

ਉਮਾ ਦਾ ਖੁੱਲ੍ਹਾ- ਡੁੱਲਾਪਣ, ਬੇਹੱਦ ਬਣ- ਸੰਵਰ ਕੇ ਰਹਿਣਾ, ਬਣਾਉਟੀ ਜਿਹਾ ਲੱਗ ਰਿਹਾ ਹੈ। ਸੁਭਾਵਿਕ ਕੁਝ ਵੀ ਨਹੀਂ। ਉਹਦਾ ਉੱਠਣਾ- ਬੈਠਣਾ, ਚੱਲਣਾ- ਫਿਰਨਾ, ਸਭ ਵਿਖਾਵਾ ਮਹਿਸੂਸ ਹੋ ਰਿਹਾ ਹੈ। ਗੱਲਬਾਤ ਵਿੱਚ ਕੋਈ ਬੁੱਧੀਮਾਨੀ ਨਹੀਂ ਝਲਕਦੀ। ਸੰਘਰਸ਼ਾਂ ਵਿੱਚ ਪਲੇ ਭਰਾ ਨੂੰ ਉਮਾ ਦਾ ਇਹ ਵਿਹਾਰ ਆਧੁਨਿਕ ਹੋਣ ਲੱਗਿਆ ਹੈ ਸ਼ਾਇਦ। ਇਸੇ ਲਈ ਉਹਦੇ ਨਾਲ ਉਹੋ ਜਿਹਾ ਹੀ ਹੋ ਗਿਆ ਹੈ। ਉਨ੍ਹਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਕਿ ਉਮਾ ਵਰਗੀ ਲੜਕੀ ਉਨ੍ਹਾਂ ਦੇ ਹੇਠਲੇ ਮੱਧ ਵਰਗੀ ਪਰਿਵਾਰ ਵਿੱਚ ਰਚ- ਵੱਸ ਵੀ ਸਕੇਗੀ ਕਿ ਨਹੀਂ। ਹਰੀ ਫਿਰ ਵੀ ਭਰਾ ਨਾਲ ਗੱਲ ਕਰਨੀ ਚਾਹੁੰਦਾ ਹੈ, ਤਾਂ ਕਿ ਭਰਾ ਸਮਝ ਸਕੇ।

ਦੂਜੇ ਦਿਨ ਉਹ ਲੰਚ ਵੇਲੇ ਸ਼ੰਕਰ ਦੇ ਦਫ਼ਤਰ ਵਿੱਚ ਹੈ। ਭਰਾ ਹੈਰਾਨੀ ਨਾਲ ਵੇਖ ਰਿਹਾ ਹੈ...

"ਕੀ ਗੱਲ ਹੈ ਹਰੀ, ਤੂੰ ਇੱਥੇ...!"

"ਮੈਂ ਤੁਹਾਡੇ ਨਾਲ ਗੱਲ ਕਰਨੀ ਹੈ...।"

" ਹਾਂ ਦੱਸ...।"

ਬਿਨਾ ਕਿਸੇ ਭੂਮਿਕਾ ਤੋਂ ਉਹਨੇ ਸ਼ੰਕਰ ਤੋਂ ਪੁੱਛਿਆ, "ਭਰਾ ਜੀ,ਕੀ ਤੁਸੀਂ ਸੋਚਦੇ ਹੋ ਕਿ ਉਮਾ ਸਾਡੇ ਪਰਿਵਾਰ ਲਈ ਠੀਕ ਰਹੇਗੀ!"

"ਤੂੰਹੀ ਦੱਸ, ਕਿਉਂ ਠੀਕ ਨਹੀਂ ਰਹੇਗੀ? ਜਾਂ ਮਾਂ ਦੀ ਗੱਲ ਕਰਨ ਆਇਆ ਹੈਂ?"

...ਹਰੀ ਨੂੰ ਸੁੱਝ ਨਹੀਂ ਰਿਹਾ, ਕੀ ਕਹੇ?

"ਹਰੀ, ਮੈਂ ਉਮਾ ਨੂੰ ਪਿਆਰ ਕਰਦਾ ਹਾਂ। ਹਾਂ ਉਹ ਅਮੀਰ ਘਰ ਦੀ ਖੁੱਲ੍ਹੇ ਵਿਚਾਰਾਂ ਵਾਲੀ ਲੜਕੀ ਹੈ। ਮਾਂ ਦੀ ਸੋਚ ਤੋਂ ਬਾਹਰ ਹੈ ਉਹ। ਮਾਂ ਦਾ ਕਸੂਰ ਨਹੀਂ, ਉਹ ਪੜ੍ਹੀ ਲਿਖੀ ਜੋ ਨਹੀਂ। ਉਨ੍ਹਾਂ ਨੇ ਕਦੇ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕੀਤੀ, ਮੈਨੂੰ ਕਿਹੋ ਜਿਹੀ ਲੜਕੀ ਚਾਹੀਦੀ ਹੈ। ਉਹ ਸਿਰਫ਼ ਆਪਣੇ ਮੁਤਾਬਕ, ਆਪਣੇ ਹਿਸਾਬ ਨਾਲ ਬਹੂ ਲਿਆਉਣਾ ਚਾਹੁੰਦੀ ਹੈ। ਤੂੰ ਤਾਂ ਪੜ੍ਹਿਆ- ਲਿਖਿਆ ਹੈਂ। ਮੈਨੂੰ ਉਮਾ ਪਸੰਦ ਹੈ ਅਤੇ ਉਮਾ ਹੀ ਮੇਰੀ ਪਤਨੀ ਬਣੇਗੀ। ਮੈਂ ਇਸ ਵਿਸ਼ੇ 'ਤੇ ਹੋਰ ਗੱਲ ਨਹੀਂ ਕਰਨੀ।" ਹਰੀ ਉੱਥੋਂ ਉੱਠ ਕੇ ਚੁੱਪਚਾਪ ਘਰੇ ਆ ਗਿਆ। ਮਾਂ ਨੂੰ ਕੁਝ ਨਹੀਂ ਦੱਸ ਸਕਿਆ। ਸ਼ਾਇਦ ਅੰਦਰ ਕਿਤੇ ਉਹ ਮਾਂ ਨੂੰ ਸਭ ਕੁਝ ਦੱਸ ਕੇ ਦੁੱਖ ਨਹੀਂ ਪਹੁੰਚਾਉਣਾ ਚਾਹੁੰਦਾ। ਉਹ ਇਹ ਸਮਝ ਗਿਆ ਹੈ ਕਿ ਭਰਾ ਇਸ਼ਕ ਵਿੱਚ ਹੈ ਅਤੇ ਹੁਣ ਉਹ ਕੁਝ ਸੁਣਨ ਵਾਲਾ ਨਹੀਂ।

ਕੁਝ ਦਿਨਾਂ ਪਿੱਛੋਂ ਉਹਦਾ ਐਮ ਐਸਸੀ ਆਰਗੈਨਿਕ ਕੈਮਿਸਟਰੀ ਦਾ ਨਤੀਜਾ ਆ ਜਾਂਦਾ ਹੈ ਅਤੇ ਉਹਨੂੰ ਗੋਲਡ ਮੈਡਲ ਮਿਲਦਾ ਹੈ। ਛੁੱਟੀਆਂ ਵਿੱਚ ਉਹਨੇ ਯੂਕੇ ਅਤੇ ਅਮਰੀਕਾ ਦੀਆਂ ਕਈ ਯੂਨੀਵਰਸਿਟੀਆਂ ਵਿੱਚ ਪੀਐੱਚ ਡੀ ਲਈ ਅਰਜ਼ੀਆਂ ਭੇਜੀਆਂ ਸਨ। ਅਮਰੀਕਾ ਦੀ ਵਿਸਕਾਨਸਿਨ ਯੂਨੀਵਰਸਿਟੀ ਤੋਂ ਉਹਨੂੰ ਸਕਾਲਰਸ਼ਿਪ ਨਾਲ ਸੱਦਾ ਆ ਗਿਆ।

ਬਿਸਤਰੇ 'ਤੇ ਲੇਟਿਆਂ ਉਹਨੂੰ ਉਹ ਦ੍ਰਿਸ਼ ਵੀ ਨਜ਼ਰ ਆ ਰਿਹਾ ਹੈ, ਨੀਂਦ ਕੋਹਾਂ ਦੂਰ ਹੈ... ਉਹਦੇ ਅਮਰੀਕਾ ਜਾਣ ਦੀ ਤਿਆਰੀ ਚੱਲ ਰਹੀ ਹੈ... ਮਾਂ ਬੜੀ ਉਦਾਸ ਅਤੇ ਪ੍ਰੇਸ਼ਾਨ ਹੈ। ਉਹਨੂੰ ਮਹਿਸੂਸ ਹੋ ਰਿਹਾ ਹੈ, ਉਹਦੇ ਜਾਣ ਦੀ ਜਿਵੇਂ ਮਾਂ ਨੂੰ ਖੁਸ਼ੀ ਨਹੀਂ ਹੈ...। ਉਨ੍ਹਾਂ ਦੀਆਂ ਅੱਖਾਂ ਵਿੱਚ ਉਹ ਹਰ ਵੇਲੇ ਨਮੀ ਵੇਖ ਰਿਹਾ ਹੈ ਅਤੇ ਉਸ ਨੇ ਮਹਿਸੂਸ ਕੀਤਾ, ਕਈ ਵਾਰ ਉਹ ਖਲਾਅ ਵਿੱਚ ਵੇਖਦੀਆਂ ਰਹਿੰਦੀਆਂ ਹਨ।

ਇੱਕ ਦਿਨ ਹਿੰਮਤ ਕਰਕੇ ਉਹ ਮਾਂ ਨੂੰ ਪੁੱਛਦਾ ਹੈ- "ਮਾਂ, ਤੁਹਾਨੂੰ ਮੇਰੇ ਅਮਰੀਕਾ ਜਾ ਕੇ ਪੜ੍ਹਨ ਦੀ ਖੁਸ਼ੀ ਨਹੀਂ? ਤੁਸੀਂ ਤਾਂ ਚਾਹੁੰਦੇ ਸੀ ਕਿ ਤੁਹਾਡੇ ਬੱਚੇ ਬਹੁਤ ਪੜ੍ਹਨ!"

"ਹਰੀ, ਕਿਸ ਮਾਂ ਨੂੰ ਤੇਰੇ ਵਰਗਾ ਬੇਟਾ ਪਾ ਕੇ ਖੁਸ਼ੀ ਨਹੀਂ ਹੋਵੇਗੀ? ਅਤੇ ਤੂੰ ਤਾਂ ਅਮਰੀਕਾ ਜਾ ਕੇ ਪੜ੍ਹੇਂਗਾ, ਮੈਨੂੰ ਤੇਰੇ 'ਤੇ ਮਾਣ ਹੈ! ਪਰ ਦੁਖੀ ਵੀ ਬਹੁਤ ਹਾਂ। ਸ਼ਾਇਦ ਮਤਲਬੀ ਹੋ ਰਹੀ ਹਾਂ। ਅਮਰੀਕਾ ਬੜਾ ਦੂਰ ਹੈ। ਜੋ ਜਾਂਦਾ ਹੈ, ਵਾਪਸ ਨਹੀਂ ਮੁੜਦਾ। ਤੇਰੇ ਜਾਣ ਪਿੱਛੋਂ ਮੈਂ ਬਹੁਤ ਇਕੱਲੀ ਰਹਿ ਜਾਵਾਂਗੀ। ਬੇਟਾ, ਤੇਰਾ ਮੈਨੂੰ ਬੜਾ ਆਸਰਾ ਹੈ। ਸ਼ੰਕਰ ਦਾ ਸੁਭਾਅ ਤਾਂ ਤੂੰ ਵੇਖ ਹੀ ਰਿਹਾ ਹੈਂ! ਮੈਨੂੰ ਉਸ ਤੋਂ ਡਰ ਲੱਗਣ ਲੱਗ ਪਿਆ ਹੈ। ਤੇਰੇ ਪਿਤਾ ਜੇ ਸਖ਼ਤ ਹੁੰਦੇ ਤਾਂ ਮੈਨੂੰ ਇਹ ਦਿਨ ਕਦੇ ਨਾ ਦੇਖਣਾ ਪੈਂਦਾ।" ਇਹ ਕਹਿ ਕੇ ਮਾਂ ਫੁੱਟ- ਫੁੱਟ ਕੇ ਰੋਣ ਲੱਗੀ।

ਉਹ ਮਾਂ ਨੂੰ ਚੁੱਪ ਕਰਾਉਂਦਾ ਹੋਇਆ ਕਹਿ ਰਿਹਾ ਹੈ, "ਮਾਂ ਰੋਜ਼ ਚਿੱਠੀ ਲਿਖਵਾਉਣਾ, ਮੈਂ ਰੋਜ਼ ਜਵਾਬ ਦੇਵਾਂਗਾ। ਇਸ ਤਰ੍ਹਾਂ ਮੈਂ ਤੁਹਾਡੇ ਨਾਲ ਹੀ ਰਹਾਂਗਾ ਅਤੇ ਮਾਂ, ਮੈਂ ਵਾਅਦਾ ਕਰਦਾ ਹਾਂ, ਉੱਥੋਂ ਪੀਐੱਚ ਡੀ ਕਰਕੇ ਮੁੜ ਆਵਾਂਗਾ, ਇੱਥੇ ਤੁਹਾਡੇ ਕੋਲ। ਇੱਥੇ ਹੀ ਰਹਾਂਗਾ... ਬਸ ਰੋਣਾ ਬੰਦ ਕਰ ਦਿਓ।"

ਅਮਰੀਕਾ ਪਹੁੰਚ ਕੇ ਉਸਨੂੰ ਬਹੁਤ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ।

ਜਿਨ੍ਹਾਂ ਕਠਿਨਾਈਆਂ ਤੋਂ ਉਹ ਨਿਕਲ ਕੇ ਆਇਆ ਹੈ, ਉਹਦੇ ਸਾਹਮਣੇ ਇਹ ਕਠਿਨਾਈਆਂ ਬੜੀਆਂ ਬੌਣੀਆਂ ਲੱਗ ਰਹੀਆਂ ਹਨ।

ਉਹਨੇ ਹਰ ਚੁਣੌਤੀ ਅਤੇ ਸੰਘਰਸ਼ ਨੂੰ ਖ਼ੁਸ਼ੀ ਨਾਲ ਸਵੀਕਾਰ ਕੀਤਾ। ਮਾਂ ਦੀ ਹਰ ਰੋਜ਼ ਚਿੱਠੀ ਆਉਂਦੀ, ਉਹਨੇ ਹਰ ਰੋਜ਼ ਜਵਾਬ ਦਿੱਤਾ। ਇੱਕ ਦਿਨ ਭਰਾ ਦੀ ਚਿੱਠੀ ਆਈ, ਉਹ ਲਾਅ ਕਰਨਾ ਚਾਹੁੰਦਾ ਹੈ। ਜੇ ਉਹ ਘਰ ਦਾ ਖਰਚਾ ਸੰਭਾਲ ਲਵੇ ਤਾਂ ਭਰਾ ਕਾਨੂੰਨ ਦੀ ਪੜ੍ਹਾਈ ਕਰ ਸਕਦਾ ਹੈ। ਉਹਨੇ 'ਹਾਂ' ਕਰ ਦਿੱਤੀ, ਬਿਨਾਂ ਇਹ ਸੋਚਿਆਂ ਕਿ ਪੈਸੇ ਕਿੱਥੋਂ ਆਉਣਗੇ? ਸਕਾਲਰਸ਼ਿਪ ਦੀ ਰਕਮ ਨਾਲ ਤਾਂ ਉਹਦੇ ਆਪਣੇ ਖਰਚੇ ਹੀ ਮੁਸ਼ਕਲ ਨਾਲ ਪੂਰੇ ਹੋ ਰਹੇ ਹਨ!

ਫਿਰ ਵੀ ਉਹਨੇ ਭਰਾ ਨੂੰ ਚਿੱਠੀ ਲਿਖ ਦਿੱਤੀ- "ਤੁਸੀਂ ਆਪਣੀ ਪੜ੍ਹਾਈ ਸ਼ੁਰੂ ਕਰੋ। ਮੈਂ ਤਿੰਨ ਸਾਲ ਘਰ ਦਾ ਖ਼ਰਚਾ ਸੰਭਾਲ ਲਵਾਂਗਾ। ਮੇਰੀ ਸਿਰਫ਼ ਇੱਕੋ ਹੀ ਬੇਨਤੀ ਹੈ ਤੁਹਾਨੂੰ, ਤਿੰਨ ਸਾਲ ਤੁਸੀਂ ਉਮਾ ਨੂੰ ਘਰ ਵਿੱਚ ਨਾ ਲੈ ਕੇ ਆਉਣਾ ਅਤੇ ਘਰ ਵਿੱਚ ਮਾਂ ਦਾ ਸਨਮਾਨ ਯੋਗ ਆਦਰ ਕਰਨਾ। ਤਿੰਨ ਸਾਲ ਤੋਂ ਪਿੱਛੋਂ ਮੈਂ ਭਾਰਤ ਆ ਹੀ ਰਿਹਾ ਹਾਂ।" ਉਹ ਅੱਜ ਵੀ ਹੈਰਾਨ ਹੈ, ਤਿੰਨ ਸਾਲ ਉਹਨੇ ਕਿਵੇਂ ਲਿਖ ਦਿੱਤੇ ! ਢਾਈ ਸਾਲ ਪਿੱਛੋਂ ਉਹਨੇ ਪੀਐੱਚ ਡੀ ਕਰ ਲਈ।

ਉਹਨੇ ਭਰਾ ਨੂੰ ਤਾਂ ਲਿਖ ਦਿੱਤਾ ਪਰ ਪੈਸੇ ਦੀ ਚਿੰਤਾ ਉਹਨੂੰ ਸਤਾਉਣ ਲੱਗੀ। ਲੈਬ ਵਿੱਚ ਉਹਨੂੰ ਅਤੇ ਸੁਲਭਾ ਨੂੰ ਛੱਡ ਕੇ ਸਾਰੇ ਲੋਕਲ ਖੋਜ- ਵਿਦਿਆਰਥੀ ਹਨ। ਉਹ ਕਿਵੇਂ ਕਿਸੇ ਨੂੰ ਟਿਊਸ਼ਨ ਲਈ ਆਖੇ, ਉਹਨੂੰ ਸਮਝ ਨਹੀਂ ਸੀ ਆ ਰਹੀ। ਲੋਕਲ ਖੋਜ- ਵਿਦਿਆਰਥੀ ਉਹਦੀ ਸਮੱਸਿਆ ਨੂੰ ਸਮਝ ਵੀ ਸਕਣਗੇ ਜਾਂ ਨਹੀਂ, ਉਹ ਨਹੀਂ ਜਾਣਦਾ।

ਉਹ ਹੈਰਾਨ ਹੈ, ਸੁਲਭਾ ਕਿਵੇਂ ਜਾਣ ਗਈ? ਸੁਲਭਾ ਨੇ ਉਹਨੂੰ ਇੱਕ ਫਾਰਮ ਦਿੱਤਾ ਭਰਨ ਵਾਸਤੇ। ਇਹ ਸ਼ਾਮ ਨੂੰ ਲੋਕਲ ਕਮਿਊਨਿਟੀ ਕਾਲਜ ਵਿੱਚ ਹਿਸਾਬ ਅਤੇ ਸਾਇੰਸ ਪੜ੍ਹਾਉਣ ਲਈ ਜੌਬ ਫਾਰਮ ਹੈ। ਦੋ ਪੀਰੀਅਡ ਪੜ੍ਹਾਉਣ ਦੀ ਚੰਗੀ- ਖਾਸੀ ਰਕਮ ਲਿਖੀ ਹੋਈ ਹੈ। ਉਹਨੇ ਫਟਾਫਟ ਫਾਰਮ ਭਰ ਦਿੱਤਾ ਅਤੇ ਤਿੰਨ ਦਿਨ ਬਾਅਦ ਉਹ ਪੜ੍ਹਾਉਣ ਲੱਗ ਪਿਆ।

ਉਹ ਸੁਲਭਾ ਨਾਲ ਵਧੇਰੇ ਗੱਲ ਨਹੀਂ ਕਰਦਾ। ਸੋਚਦਾ ਰਿਹਾ ਕਿ ਕਿਹੜਾ ਅਮਰੀਕਨ ਤੋਂ ਘੱਟ ਹੈ ਉਹ! ਭਾਰਤੀ ਮੂਲ ਦੀ ਹੁੰਦੀ ਹੋਈ ਵੀ ਪੈਦਾ ਤਾਂ ਅਮਰੀਕਾ ਵਿੱਚ ਹੀ ਹੋਈ ਹੈ!

ਨੌਕਰੀ ਲੱਗਣ ਤੋਂ ਦੋ ਦਿਨ ਪਿੱਛੋਂ ਉਹਨੇ ਝਿਜਕਦੇ ਹੋਏ ਪੁੱਛਿਆ- "ਤੁਹਾਨੂੰ ਕਿਵੇਂ ਪਤਾ ਲੱਗਿਆ, ਮੈਨੂੰ ਪੈਸਿਆਂ ਦੀ ਲੋੜ ਹੈ!"

ਸੁਲਭਾ ਨੇ ਮੁਸਕਰਾ ਕੇ ਜਵਾਬ ਦਿੱਤਾ,"ਮਿਸਟਰ ਜੀਨੀਅਸ, ਲੈਬ ਦੀ ਕੋਈ ਵੀ ਚੁਣੌਤੀ ਤੁਹਾਨੂੰ ਪ੍ਰੇਸ਼ਾਨ ਨਹੀਂ ਕਰ ਸਕਦੀ, ਇਹ ਮੈਂ ਵੇਖ ਲਿਆ ਹੈ। ਸਗੋਂ ਤੁਸੀਂ ਉਨ੍ਹਾਂ ਚੁਣੌਤੀਆਂ ਦਾ ਆਨੰਦ ਲੈਂਦੇ ਹੋ। ਦੇਸ਼ ਛੱਡ ਕੇ ਆਇਆਂ ਬਹੁਤੇ ਦਿਨ ਨਹੀਂ ਹੋਏ। ਰਿਸਰਚ ਕਰਦੇ ਹੋਏ ਖੁੱਭੇ ਰਹਿਣਾ, ਹਰ ਵੇਲੇ ਕੁਝ ਸੋਚਦਿਆਂ ਰਹਿਣਾ। ਲੰਚ ਵਿੱਚ ਹਰ ਰੋਜ਼ ਸੈਂਡਵਿਚ ਖਾਣਾ- ਮੈਂ ਸਮਝ ਗਈ, ਪੈਸੇ ਬਚਾਏ ਜਾ ਰਹੇ ਹਨ।"

"ਪਰ ਕੋਈ ਹੋਰ ਗੱਲ ਵੀ ਤਾਂ ਹੋ ਸਕਦੀ ਹੈ...।" ਉਹਨੇ ਸੰਕੋਚ ਨਾਲ ਕਿਹਾ।

ਇਸ਼ਕ ਦੇ ਆਸਾਰ ਤਾਂ ਨਹੀਂ ਲੱਗਦੇ...।" ਉਹ ਖਿੜਖਿੜਾ ਕੇ ਹੱਸ ਪਈ।

ਉਹ ਸ਼ਰਮਾ ਗਿਆ...

"ਮੇਰੇ ਪਾਪਾ ਨੇ ਇਸੇ ਤਰ੍ਹਾਂ ਪੈਸੇ ਬਚਾਏ ਸਨ। ਉਹ ਅਕਸਰ ਸਾਨੂੰ ਦੱਸਦੇ ਹਨ। ਮੈਂ ਉਨ੍ਹਾਂ ਨੂੰ ਭਾਰਤੀ ਰਿਸਰਚਰਜ਼ ਦੀ ਮਦਦ ਕਰਦਿਆਂ ਵੇਖਿਆ ਹੈ। ਉਹ ਵਿਦਿਆਰਥੀ ਤੁਹਾਡੇ ਵਾਂਗ ਹੀ ਬੇਚੈਨ ਹੁੰਦੇ ਹਨ। ਹੁਣ ਤੁਹਾਡੇ ਚਿਹਰੇ 'ਤੇ ਸਕੂਨ ਦਿਸਦਾ ਹੈ।"

"ਮੈਂ ਤਹਿ- ਦਿਲੋਂ ਤੁਹਾਡਾ ਧੰਨਵਾਦੀ ਹਾਂ।" ਉਹਨੇ ਨਿਮਰਤਾ ਨਾਲ ਕਿਹਾ।

ਇਸ ਦੇ ਬਦਲੇ ਵਿੱਚ ਉਹਨੇ ਦੋਸਤੀ ਦਾ ਹੱਥ ਅੱਗੇ ਵਧਾ ਦਿੱਤਾ। ਹਰੀ ਨੇ ਬੜੇ ਝਿਜਕਦਿਆਂ ਹੋਇਆਂ ਹੱਥ ਫੜਿਆ।

ਸੰਕੋਚ ਦੋਹਾਂ ਦੀ ਦੋਸਤੀ ਵਿੱਚ ਪਸਰਿਆ ਰਿਹਾ... ਲੈਬ ਦੇ ਬਾਹਰ ਕਦੇ ਵੀ ਦੋਹਾਂ ਨੇ ਗੱਲ ਨਹੀਂ ਕੀਤੀ। ਉਹ ਇਹ ਜ਼ਰੂਰ ਜਾਣ ਗਿਆ, ਸੁਲਭਾ ਦਾ ਜਨਮ ਇੱਥੋਂ ਦਾ ਹੈ ਪਰ ਭਾਰਤੀ ਕੁੜੀਆਂ ਤੋਂ ਵੀ ਵੱਧ ਭਾਰਤੀ ਹੈ ਉਹ !

ਇਸੇ ਦੌਰਾਨ ਮਾਂ ਦੀਆਂ ਚਿੱਠੀਆਂ ਤੋਂ ਉਹਨੂੰ ਪਤਾ ਲੱਗਦਾ ਰਿਹਾ, ਭਰਾ ਉਮਾ ਨੂੰ ਘਰ ਨਹੀਂ ਲਿਆਉਂਦਾ। ਸਾਰਿਆਂ ਦਾ ਖਿਆਲ ਰੱਖਦਾ ਹੈ। ਮਾਂ ਨਾਲ ਪਿਆਰ ਨਾਲ ਪੇਸ਼ ਆਉਂਦਾ ਹੈ। ਮਾਂ ਖੁਸ਼ ਹੈ। ਉਹਦੀਆਂ ਅਰਦਾਸਾਂ, ਵਰਤ ਕੰਮ ਕਰ ਰਹੇ ਹਨ।

ਢਾਈ ਸਾਲ ਵਿੱਚ ਪੀਐੱਚ ਡੀ ਕਰਨ ਤੋਂ ਪਿੱਛੋਂ ਉਹ ਡਿਗਰੀ ਲੈਣ ਲਈ ਰੁਕਿਆ ਅਤੇ ਉਹਨੇ ਪੜ੍ਹਾਉਣ ਦੇ ਆਪਣੇ ਕਾਂਟਰੈਕਟ ਨੂੰ ਵੀ ਪੂਰਾ ਕੀਤਾ। ਕੁਝ ਪੈਸੇ ਇਕੱਠੇ ਕੀਤੇ ਅਤੇ ਮੁੜ ਚੱਲਿਆ ਆਪਣੇ ਦੇਸ਼ ਵੱਲ!

ਸੁਲਭਾ ਏਅਰਪੋਰਟ 'ਤੇ ਉਹਨੂੰ ਵਿਦਾ ਕਰਨ ਆਈ। ਕਈ ਹੋਰ ਦੋਸਤ ਵੀ ਆਏ। ਸਾਰਿਆਂ ਨੇ ਉਹਨੂੰ ਕਾਰਡ ਦਿੱਤੇ, ਜਿਸ ਉੱਤੇ ਕੁਝ ਨਾ ਕੁਝ ਲਿਖਿਆ ਸੀ। ਸੁਲਭਾ ਨੇ ਵੀ ਦਿੱਤਾ।

ਜਹਾਜ਼ ਵਿੱਚ ਬੈਠ ਕੇ ਉਸਨੇ ਉਨ੍ਹਾਂ ਨੂੰ ਪੜ੍ਹਨਾ ਸ਼ੁਰੂ ਕੀਤਾ। ਜਿਉਂ ਹੀ ਸੁਲਭਾ ਦਾ ਕਾਰਡ ਖੋਲ੍ਹਿਆ, ਉਸ ਵਿੱਚ ਇੱਕ ਹਜ਼ਾਰ ਡਾਲਰ ਅਤੇ ਚਿੱਠੀ ਨਿਕਲੀ-

"ਜੀਨੀਅਸ,

ਜੋ ਕੁਝ ਕਮਾਇਆ ਹੈ, ਸਭ ਖਰਚ ਹੋ ਜਾਵੇਗਾ। ਵਾਪਸ ਆਉਣ ਲਈ ਟਿਕਟ ਦੇ ਪੈਸੇ ਚਾਹੀਦੇ ਹੋਣਗੇ। ਨਹੀਂ ਮੁੜੋਗੇ ਤਾਂ ਦੋਸਤ ਦਾ ਗਿਫਟ ਸਮਝ ਕੇ ਰੱਖ ਲੈਣਾ।"

ਉਹਨੂੰ ਸੁਲਭਾ ਤੇ ਬੜਾ ਗੁੱਸਾ ਆਇਆ। ਕੀ ਸਮਝਦੀ ਹੈ ਆਪਣੇ ਆਪ ਨੂੰ? ਮੈਨੂੰ ਦੂਜਿਆਂ ਵਾਂਗ ਸਮਝ ਰੱਖਿਆ ਹੈ? ਮੁੜ ਆਵਾਂਗਾ? ਮੈਂ ਡਿਗਰੀ ਲੈਣ ਆਇਆ ਸੀ, ਲੈ ਕੇ ਜਾ ਰਿਹਾ ਹਾਂ। ਘਰ ਪਹੁੰਚਦੇ ਹੀ ਇਹਦੇ ਪੈਸੇ ਮੋੜ ਦਿਆਂਗਾ।

ਘਰ ਪਹੁੰਚ ਕੇ ਉਹਨੂੰ ਬੜਾ ਚੰਗਾ ਲੱਗਿਆ। ਉਹਨੇ ਸੁੱਖ ਦਾ ਸਾਹ ਲਿਆ। ਆਪਣੇ ਦੇਸ਼, ਆਪਣੇ ਘਰ ਮੁੜ ਕੇ ਉਹਨੂੰ ਮਹਿਸੂਸ ਹੋਇਆ ਜਿਵੇਂ ਪਿਛਲੇ ਤਿੰਨ ਸਾਲਾਂ ਤੋਂ ਉਹ ਆਪਣਾ ਸੁੱਖ- ਚੈਨ ਗੁਆ ਚੁੱਕਾ ਸੀ। ਉਹਨੂੰ ਬੜੀ ਸ਼ਾਂਤੀ ਮਿਲੀ। ਆਪਣਾ ਦੇਸ਼ ਆਪਣਾ ਹੀ ਹੁੰਦਾ ਹੈ। ਇੱਥੋਂ ਦਾ ਮਾਹੌਲ, ਹਵਾ- ਪਾਣੀ ਕਿੰਨਾ ਸੁਖਦਾਈ ਜਾਪਦਾ ਹੈ!

ਸ਼ੰਕਰ ਅਗਲੇ ਦਿਨ ਉਹਨੂੰ ਉਸੇ ਕਾਫ਼ੀ ਹਾਊਸ ਵਿੱਚ ਲੈ ਗਿਆ, ਜਿੱਥੇ ਉਹ ਕਦੇ ਉਸ

ਨਾਲ ਗੱਲ ਕਰਨਾ ਚਾਹੁੰਦਾ ਸੀ।

"ਪਤਾ ਹੈ ਮੈਂ ਤੈਨੂੰ ਇੱਥੇ ਕਿਉਂ ਲੈ ਕੇ ਆਇਆ ਹਾਂ? ਕਦੇ ਤੂੰ ਮੇਰੇ ਨਾਲ ਗੱਲ ਕਰਨ ਵਾਸਤੇ ਇੱਥੇ ਆਇਆ ਸੈਂ, ਅੱਜ ਮੈਂ ਤੇਰੇ ਨਾਲ ਗੱਲ ਕਰਨੀ ਚਾਹੁੰਦਾ ਹਾਂ।" ਸ਼ੰਕਰ ਨੇ ਸਿੱਧਾ ਮੁੱਦੇ 'ਤੇ ਆਉਂਦਿਆਂ ਕਿਹਾ।

ਕੱਲ੍ਹ ਤੋਂ ਉਹ ਵੇਖ ਰਿਹਾ ਹੈ, ਕਾਨੂੰਨੀ ਸਿੱਖਿਆ ਹਾਸਲ ਕਰਕੇ ਭਰਾ ਵਿੱਚ ਇੱਕ ਵੱਖਰੀ ਤਰ੍ਹਾਂ ਦਾ ਆਤਮ- ਵਿਸ਼ਵਾਸ ਆ ਗਿਆ ਹੈ ਅਤੇ ਭਰਾ ਦਾ ਗੱਲ ਕਰਨ ਦਾ ਤਰੀਕਾ ਵੀ ਬਹੁਤ ਬਦਲ ਗਿਆ ਹੈ। ਉਹਨੂੰ ਭਰਾ ਵਿੱਚ ਇੱਕ ਚਲਾਕ ਆਦਮੀ ਪੈਦਾ ਹੁੰਦਾ ਮਹਿਸੂਸ ਹੋ ਰਿਹਾ ਹੈ।

"ਜੀ ਦੱਸੋ...।" ਨਿਮਰਤਾ ਨਾਲ ਗੱਲ ਕਰਨੀ ਉਹਦੀ ਆਦਤ ਹੈ।

"ਹਰੀ, ਸੱਚਾਈ ਇਹ ਹੈ ਕਿ ਪਿਤਾ ਜੀ ਤਿੰਨ ਸਾਲਾਂ ਵਿੱਚ ਰਿਟਾਇਰ ਹੋ ਰਹੇ ਹਨ ਅਤੇ ਸਾਨੂੰ ਸਰਕਾਰੀ ਮਕਾਨ ਛੱਡਣਾ ਪਵੇਗਾ। ਮੈਂ ਵਕਾਲਤ ਤੋਂ ਕਿੰਨਾ ਵੀ ਕਮਾ ਲਵਾਂ ਅਤੇ ਤੂੰ ਜਿੱਥੇ ਯੂਨੀਵਰਸਿਟੀ ਵਿੱਚ ਪੜ੍ਹਾ ਕੇ ਜਿੰਨਾਂ ਵੀ ਕਮਾ ਲਵੇਂ, ਅਸੀਂ ਕਈ ਸਾਲਾਂ ਤੱਕ ਘਰ ਨਹੀਂ ਬਣਵਾ ਸਕਦੇ। ਪਰਿਵਾਰ ਫਿਰ ਕਿਰਾਏ ਦੇ ਘਰਾਂ ਵਿੱਚ ਭਟਕੇਗਾ। ਸਮੇਂ ਦੀ ਮੰਗ ਹੈ ਕਿ ਤੂੰ ਵਾਪਸ ਅਮਰੀਕਾ ਚਲਾ ਜਾ ਅਤੇ ਇੱਕ- ਦੋ ਸਾਲ ਕੰਮ ਕਰਕੇ ਪਰਿਵਾਰ ਲਈ ਘਰ ਬਣਵਾ ਕੇ ਮੁੜ ਆਵੀਂ।" ਇਹ ਕਹਿੰਦਿਆਂ ਸ਼ੰਕਰ ਬੜਾ ਗੰਭੀਰ ਸੀ।

ਇਸ ਸੱਚ ਨੇ ਉਹਦੇ ਸਰੀਰ ਵਿੱਚ ਹਲਚਲ ਮਚਾ ਦਿੱਤੀ। ਕੜਕਦੀ ਦੁਪਹਿਰ ਵਿੱਚ ਸਮਾਨ ਲੈ ਕੇ ਮਾਂ ਦਾ ਬੱਚਿਆਂ ਨਾਲ ਸੜਕ 'ਤੇ ਬੈਠਣਾ ਸੋਚ ਕੇ ਉਹ ਕੰਬ ਜਿਹਾ ਗਿਆ। ਮਾਂ ਕਿਰਾਏ ਦੇ ਘਰਾਂ ਵਿੱਚ ਨਹੀਂ ਰਹੇਗੀ। ਭਰਾ ਦੇ ਚਿਹਰੇ 'ਤੇ ਉਸਨੂੰ ਗੰਭੀਰਤਾ ਅਤੇ ਇਮਾਨਦਾਰੀ ਨਜ਼ਰ ਆਈ। ਉਹਨੇ ਭਰਾ ਪ੍ਰਤੀ ਆਪਣੇ ਵਿਚਾਰਾਂ ਨੂੰ ਪਰੇ ਕਰ ਦਿੱਤਾ। ਉਹਨੂੰ ਆਪਣੇ ਆਪ 'ਤੇ ਗੁੱਸਾ ਆਇਆ, ਉਹ ਐਵੇਂ ਨੁਕਤਾ- ਚੀਨੀ ਕਰਨ ਲੱਗ ਪਿਆ ਹੈ।

"ਹਰੀ, ਇੱਕ ਗੱਲ ਹੋਰ ਤੈਨੂੰ ਦੱਸਣੀ ਹੈ। ਉਮਾ ਤੋਂ ਮੈਂ ਦੂਰ ਰਿਹਾ ਅਤੇ ਉਸ ਸਮੇਂ ਮੈਂ ਉਸਨੂੰ ਆਦਤਾਂ ਸੁਧਾਰਨ ਲਈ ਕਿਹਾ। ਉਹ ਬੜੀ ਬਦਲ ਗਈ ਹੈ ਅਤੇ ਅਸੀਂ ਦੋਹਾਂ ਨੇ ਮਹਿਸੂਸ ਕੀਤਾ ਹੈ ਕਿ ਅਸੀਂ ਇੱਕ ਦੂਜੇ ਦੇ ਬਿਨਾ ਨਹੀਂ ਰਹਿ ਸਕਦੇ। ਅਸੀਂ ਦੋਵੇਂ ਸ਼ਾਦੀ ਕਰਨੀ ਚਾਹੁੰਦੇ ਹਾਂ। ਉਸਨੂੰ ਪਰਿਵਾਰ ਵਿੱਚ ਐਡਜਸਟ ਕਰਵਾਉਣਾ ਮੇਰਾ ਕੰਮ ਹੈ। ਆਪਣਾ ਘਰ ਬਣਨ ਤੋਂ ਪਹਿਲਾਂ ਅਸੀਂ ਸ਼ਾਦੀ ਨਹੀਂ ਕਰਾਂਗੇ।"

ਉਹ ਕੁਝ ਨਹੀਂ ਬੋਲਿਆ। ਚੁੱਪਚਾਪ ਘਰ ਮੁੜ ਆਇਆ।

ਪਰਿਵਾਰ ਦੀਆਂ ਮਜਬੂਰੀਆਂ ਉਸਨੂੰ ਫਿਰ ਅਮਰੀਕਾ ਲੈ ਗਈਆਂ। ਸੁਲਭਾ ਦੇ ਪੈਸਿਆਂ ਨਾਲ ਹੀ ਉਹਨੇ ਟਿਕਟ ਖਰੀਦੀ। ਸੁਲਭਾ ਦੇ ਡੈਡੀ ਨੇ ਉਸਨੂੰ ਆਪਣੇ ਦੋਸਤ ਦੇ ਅੰਡਰ ਹੀ ਪੋਸਟ- ਡਾਕਟਰੇਟ ਦੀ ਆਗਿਆ ਦਿਵਾ ਦਿੱਤੀ।

ਉਹਦੇ ਦਿਲ ਦੀ ਧੜਕਣ ਤੇਜ਼ ਹੋ ਗਈ। ਉਹਦੀਆਂ ਯਾਦਾਂ ਵੀ ਤੇਜ਼ ਦੌੜਨ ਲੱਗੀਆਂ। ਢਾਈ ਸਾਲ ਪੋਸਟ- ਡਾਕਟਰੇਟ ਕਰਨ ਪਿੱਛੋਂ ਉਹਨੂੰ ਨੌਕਰੀ ਮਿਲ ਗਈ। ਇਸ ਦੌਰਾਨ ਉਹਨੇ ਘਰੇ ਖ਼ੂਬ ਪੈਸਾ ਭੇਜਿਆ। ਭਰਾ ਅਤੇ ਉਮਾ ਨੇ ਥਾਂ ਖਰੀਦੀ। ਆਪ ਖੜ੍ਹੇ ਹੋ ਕੇ ਇੱਕ ਮਹੱਲਨੁਮਾ ਘਰ ਬਣਵਾ ਦਿੱਤਾ। ਉਹ ਇਹੋ ਸੋਚਦਾ ਰਿਹਾ, ਜ਼ਮੀਨ ਅਤੇ ਘਰ ਮਾਂ- ਪਿਤਾ ਦੇ ਨਾਮ

ਹੈ।

ਮਾਂ ਨੇ ਤਾਂ ਉਮਾ ਨੂੰ ਪ੍ਰਵਾਨ ਕਰ ਲਿਆ ਅਤੇ ਗ੍ਰਹਿ- ਪ੍ਰਵੇਸ਼ ਦੇ ਦਿਨ ਸ਼ੰਕਰ ਅਤੇ ਉਮਾ ਦੀ ਨਵੇਂ ਘਰ ਵਿੱਚ ਹੀ ਸ਼ਾਦੀ ਕਰ ਦਿੱਤੀ। ਉਸੇ ਦਿਨ ਉਹਦੀ ਅਮਰੀਕਾ ਵਿੱਚ ਸੁਲਭਾ ਨਾਲ ਸ਼ਾਦੀ ਹੋ ਗਈ। ਪਹਿਲਾਂ ਕੋਰਟ ਵਿੱਚ ਫਿਰ ਵਿਸਕਾਨਸਿਨ ਦੇ ਮੰਦਰ ਵਿੱਚ। ਸੁਲਭਾ ਦੇ ਮਾਤਾ- ਪਿਤਾ ਨੇ ਹੀ ਸ਼ਾਦੀ ਅਤੇ ਪਾਰਟੀ ਦਾ ਸਾਰਾ ਪ੍ਰਬੰਧ ਕੀਤਾ।

ਸਮੇਂ ਅਤੇ ਜੀਵਨ ਨੇ ਆਪਣੀ ਚਾਲ ਫੜ ਲਈ। ਭੈਣਾਂ ਦੀਆਂ ਚਿੱਠੀਆਂ ਆਉਂਦੀਆਂ। ਉਨ੍ਹਾਂ ਤੋਂ ਉਸਨੂੰ ਘਰ ਦੀ ਸਾਰੀ ਖ਼ਬਰ ਮਿਲ ਜਾਂਦੀ। ਚਿੱਠੀਆਂ ਤੋਂ ਹੀ ਉਹਨੂੰ ਪਤਾ ਲੱਗਿਆ ਉਮਾ ਭਾਬੀ ਬਿਲਕੁਲ ਨਹੀਂ ਬਦਲੀ। ਮਾਂ ਨਾਲ ਝਗੜੇ ਵੱਧ ਰਹੇ ਹਨ ਅਤੇ ਇੱਕ ਦਿਨ ਚਿੱਠੀ ਆਈ, ਭਰਾ ਨੇ ਵੱਖ ਹੋਣ ਦਾ ਫੈਸਲਾ ਕਰ ਲਿਆ ਹੈ। ਉਹਨੇ ਸੋਚਿਆ ਇਹ ਇੱਕ ਦਿਨ ਤਾਂ ਹੋਣਾ ਹੀ ਸੀ। ਰੋਜ਼- ਰੋਜ਼ ਦੇ ਝਗੜਿਆਂ ਨਾਲੋਂ ਭਰਾ ਅਤੇ ਉਮਾ, ਪਰਿਵਾਰ ਤੋਂ ਵੱਖ ਹੋ ਜਾਣ, ਇਹੋ ਬਿਹਤਰ ਹੈ। ਉਹ ਅਤੇ ਸੁਲਭਾ, ਭਰਾ ਨੂੰ ਚਿੱਠੀ ਲਿਖਣ ਬਾਰੇ ਸੋਚ ਹੀ ਰਹੇ ਸਨ।

ਅੱਸੀ- ਨੱਬੇ ਦੇ ਦਹਾਕੇ ਵਿੱਚ ਵਿਦੇਸ਼ ਤੋਂ ਦੇਸ਼ ਜਾਂ ਦੇਸ਼ ਤੋਂ ਵਿਦੇਸ਼ ਵਿੱਚ ਫੋਨ ਕਰਨਾ ਬੜਾ ਮਹਿੰਗਾ ਪੈਂਦਾ ਸੀ। ਫੋਨ ਖਾਸ ਦਿਨਾਂ, ਤਿਉਹਾਰਾਂ ਅਤੇ ਐਮਰਜੈਂਸੀ ਵਿੱਚ ਕੀਤਾ ਜਾਂਦਾ ਸੀ। ਇੱਕ ਦਿਨ ਘਰੋਂ ਫੋਨ ਆਇਆ, "ਤੁਸੀਂ ਛੇਤੀ ਆ ਜਾਓ, ਸ਼ੰਕਰ ਭਰਾ ਘਰ ਦਾ ਆਪਣਾ ਹਿੱਸਾ ਵੇਚ ਰਹੇ ਹਨ, ਉਨ੍ਹਾਂ ਨੇ ਕਾਗਜ਼ ਤਿਆਰ ਕਰ ਲਏ ਹਨ ਅਤੇ ਖਰੀਦਦਾਰ ਵੀ ਲੱਭ ਲਿਆ ਹੈ।"

ਸਾਰੀ ਰਾਤ ਅਤੀਤ ਖੰਗਾਲਣ ਤੋਂ ਪਿੱਛੋਂ ਵੀ ਉਹਨੂੰ ਅਜੇ ਤੱਕ ਸਮਝ ਨਹੀਂ ਆਈ, ਭਰਾ ਕਿਸ ਹੱਕ ਦੀ ਗੱਲ ਕਰ ਰਹੇ ਹਨ ਅਤੇ ਘਰ ਵਿੱਚ ਉਨ੍ਹਾਂ ਦਾ ਹਿੱਸਾ ਕਿਵੇਂ? ਇਹ ਘਰ ਪਿਤਾ- ਪੁਰਖੀ ਨਹੀਂ, ਜਿਸ 'ਚੋਂ ਉਹ ਆਪਣਾ ਹਿੱਸਾ ਮੰਗ ਰਹੇ ਹਨ। ਇੱਕ ਭਰਾ ਨੇ ਪੈਸੇ ਭੇਜੇ ਤਾਂ ਦੂਜੇ ਨੇ ਖੜ੍ਹੇ ਹੋ ਕੇ ਘਰ ਬਣਵਾਇਆ ਅਤੇ ਬਣਵਾਇਆ ਵੀ ਪਰਿਵਾਰ ਲਈ, ਫਿਰ ਹੱਕ ਕਿਹੋ ਜਿਹਾ?

ਉਹਦਾ ਸਿਰ ਚਕਰਾ ਰਿਹਾ ਹੈ... ਵਿਚਾਰ ਹਥੌੜੇ ਵਾਂਗ ਉਹਦੇ ਸਿਰ ਵਿੱਚ ਵੱਜ ਰਹੇ ਹਨ। ਭਰਾ ਆਪਣੇ ਹੱਕ ਦੀ ਵਸੂਲੀ ਉਸ ਤੋਂ ਕਰਨਾ ਚਾਹੁੰਦਾ ਹੈ, ਕਿਉਂ? ਉਹ ਵੀ ਉਨ੍ਹਾਂ ਵਾਂਗ ਹੀ ਇਸ ਘਰ ਦਾ ਬੇਟਾ ਹੈ। ਫਿਰ ਪਰਿਵਾਰ ਲਈ ਜੋ ਕੁਝ ਵੀ ਕੀਤਾ, ਉਹ ਦੀ ਵਸੂਲੀ ਉਸ ਤੋਂ ਕਿਉਂ ? ਕਿਉਂਕਿ ਉਹ ਵਿਦੇਸ਼ ਵਿੱਚ ਹੈ ਅਤੇ ਦੋਵੇਂ ਪਤੀ- ਪਤਨੀ ਮਿਲ ਕੇ ਖ਼ੂਬ ਕਮਾਉਂਦੇ ਹਨ। ਪਤਾ ਹੈ, ਹੋਰ ਕਮਾ ਲੈਣਗੇ। ਸਾਡੇ ਡਾਲਰ ਨਜ਼ਰ ਆ ਰਹੇ ਹਨ, ਉਹ ਵੀ ਰੁਪਇਆਂ ਵਿੱਚ ਬਦਲ ਕੇ। ਅਸੀਂ ਡਾਲਰਾਂ ਵਿੱਚ ਕਮਾਉਂਦੇ ਹਾਂ, ਤਾਂ ਡਾਲਰ ਹੀ ਖਰਚ ਕਰਦੇ ਹਾਂ, ਰੁਪਏ ਨਹੀਂ। ਖਰਚੇ ਕੋਈ ਨਹੀਂ ਗਿਣਦਾ।

ਉਹਨੂੰ ਇਹ ਸੋਚ ਤੰਗ ਕਰ ਰਹੀ ਹੈ ਕਿ ਭਰਾ ਨੇ ਕਦੇ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਸਨੇ ਉੱਥੇ ਕਿਵੇਂ ਅਤੇ ਕਿੰਨਾ ਸੰਘਰਸ਼ ਕੀਤਾ ਹੈ। ਪਰਾਏ ਦੇਸ਼, ਪਰਾਏ ਲੋਕਾਂ ਵਿੱਚ ਕਿਸ ਤਰ੍ਹਾਂ ਆਪਣਾ ਅਸਤਿਤਵ ਬਚਾਇਆ ਹੋਵੇਗਾ ਉਸਨੇ! ਕਿੰਨੇ ਘੰਟੇ ਵਧੇਰੇ ਕੰਮ ਕਰਕੇ ਆਪਣੀ ਸਾਰਥਿਕਤਾ ਸਿੱਧ ਕੀਤੀ ਹੋਵੇਗੀ! ਭਰਾ ਦੇ ਨਾਲ- ਨਾਲ ਕਿਸੇ ਹੋਰ ਨੇ ਵੀ ਕਦੇ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ। ਸਾਰੇ ਲੋਕ ਇਹੋ ਸੋਚਦੇ ਹਨ ਕਿ ਵਿਦੇਸ਼ਾਂ ਵਿੱਚ ਡਾਲਰ ਰੁੱਖਾਂ 'ਤੇ ਲੱਗਦੇ ਹਨ ਅਤੇ ਉੱਥੋਂ ਉਨ੍ਹਾਂ ਨੂੰ ਤੋੜ ਕੇ ਭੇਜ ਦੇਣਗੇ।

ਸ਼ੰਕਰ ਜਦੋਂ ਹੱਕ ਦੀ ਗੱਲ ਕਰਦਾ ਹੈ, ਤਾਂ ਉਹਨੂੰ ਅਜੀਬ ਲੱਗਦਾ ਹੈ। ਕਿਹੜਾ ਹੱਕ? ਕਿਸ ਗੱਲ ਦਾ ਹੱਕ? ਉਹ ਸਮਝ ਨਹੀਂ ਸਕਿਆ। ਉਹਨੇ ਤਾਂ ਕਦੇ ਨਹੀਂ ਸੋਚਿਆ ਕਿ ਉਹਦਾ ਵੀ ਕੋਈ ਹੱਕ ਹੈ! ਆਪਣਿਆਂ ਲਈ ਜੋ ਵੀ ਕੀਤਾ ਜਾਂਦਾ ਹੈ, ਉਹ ਨਿਰਸਵਾਰਥ ਹੁੰਦਾ ਹੈ, ਹੱਕ ਲੈਣ ਲਈ ਨਹੀਂ।

ਸੱਤਰ- ਅੱਸੀ ਦੇ ਦਹਾਕੇ ਵਿੱਚ ਉਹਦੇ ਨਾਲ ਦੇ ਵਧੇਰੇ ਭਾਰਤੀ ਇੱਕੋ ਜਿਹੇ ਹਾਲਾਤ-ਪਰਿਸਥਿਤੀਆਂ ਤੋਂ ਆਏ ਸਨ। ਤਕਰੀਬਨ ਸਾਰਿਆਂ ਨਾਲ ਲੰਬਾ ਸੰਘਰਸ਼ ਅਤੇ ਆਰਥਿਕ ਤੰਗੀ ਸੀ ਪਰ ਉਹ ਸਨ ਉਹ ਦੇਸ਼ ਦਾ 'ਬੈਸਟ ਬ੍ਰੇਨ'। ਨੱਬੇ ਦੇ ਦਹਾਕੇ ਤੱਕ ਆਉਂਦੇ- ਆਉਂਦੇ ਜ਼ਿਆਦਾਤਰ ਦੇ ਜੀਵਨ ਵਿੱਚ ਇੱਕੋ- ਜਿਹੀਆਂ ਘਟਨਾਵਾਂ ਵਾਪਰੀਆਂ ਅਤੇ ਉਨ੍ਹਾਂ ਦੇ ਜੀਵਨ ਦੀਆਂ ਕਹਾਣੀਆਂ ਵੀ ਮਿਲਦੀਆਂ- ਜੁਲਦੀਆਂ ਹੋ ਗਈਆਂ। ਲੰਚ ਜਾਂ ਡਿਨਰ ਪਾਰਟੀ ਵਿੱਚ ਉਹ ਸਾਰੇ ਆਪਣਾ ਦੁੱਖ ਸਾਂਝਾ ਕਰਦੇ। ਉਹ ਮਾਣ ਮਹਿਸੂਸ ਕਰਦਾ। ਇੱਕੋ ਜਿਹੇ ਮਾਹੌਲ ਤੋਂ ਨਿਕਲ ਕੇ ਵੀ ਉਹਦਾ ਜੀਵਨ ਵੱਖਰਾ ਹੈ। ਉਹਦਾ ਪਰਿਵਾਰ ਦੂਜਿਆਂ ਦੇ ਪਰਿਵਾਰਾਂ ਵਰਗਾ ਨਹੀਂ ਹੈ ਪਰ ਹੁਣ ਉਹ ਵੀ ਉਨ੍ਹਾਂ ਵਰਗਾ ਹੀ ਹੋ ਗਿਆ ਹੈ... ਉਹਦੀ ਕਹਾਣੀ ਵੀ ਤਾਂ ਉਨ੍ਹਾਂ ਜਿਹੀ ਹੋ ਗਈ ਹੈ।

ਉਹਨੂੰ ਲੱਗਿਆ ਉਹਦੇ ਦਿਲ ਦੀ ਧੜਕਣ ਬੇਕਾਬੂ ਹੋ ਰਹੀ ਹੈ। ਉਹ ਮੰਜੇ ਤੋਂ ਉੱਠ ਕੇ ਬੈਠ ਗਿਆ। ਸੁਲਭਾ ਵੀ ਉੱਠ ਗਈ।

"ਮੈਂ ਜਾਣਦੀ ਹਾਂ, ਸਾਰੀ ਰਾਤ ਤੁਸੀਂ ਸੁੱਤੇ ਨਹੀਂ। ਸਾਰੀ ਰਾਤ ਯਾਦਾਂ ਦੇ ਜਾਲੇ ਝਾੜਦੇ ਰਹੇ ਹੋ। ਇਸ ਤੋਂ ਕੁਝ ਹਾਸਲ ਹੋਇਆ? ਸਗੋਂ ਹੋਰ ਤਣਾਅ ਵਿੱਚ ਆ ਗਏ ਹੋ। ਸਮੱਸਿਆ ਦਾ ਹੱਲ ਕੱਢੋ ਅਤੇ ਅੱਗੇ ਵਧੋ। ਇੰਨਾ ਲੰਮਾ ਸਫ਼ਰ ਤੁਸੀਂ ਤੈਅ ਕਰਕੇ ਆਏ ਹੋ ਅਤੇ ਫਿਰ ਸਾਰੀ ਰਾਤ ਜਾਗਦੇ ਰਹੇ ਹੋ; ਹਰੀ, ਤੁਹਾਡੀ ਤਬੀਅਤ ਖ਼ਰਾਬ ਹੋ ਸਕਦੀ ਹੈ!" ਸੁਲਭਾ ਦੀ ਆਵਾਜ਼ ਪਰੇਸ਼ਾਨੀ ਵਾਲੀ ਹੈ ਪਰ ਉਸ ਨੇ ਪਿਆਰ ਨਾਲ ਕਿਹਾ ਹੈ।

"ਹੱਲ ਹੀ ਤਾਂ ਕੱਢਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਉਹੀ ਤਾਂ ਨਹੀਂ ਨਿਕਲ ਰਿਹਾ।" ਉਹਨੇ ਸੁਲਭਾ ਵੱਲ ਵੇਖ ਕੇ ਕਿਹਾ। "ਹੱਲ ਤਾਂ ਤੁਹਾਡੇ ਕੋਲ ਹੈ ਪਰ ਤੁਸੀਂ ਕੱਢਣਾ ਨਹੀਂ ਚਾਹੁੰਦੇ । ਤੁਸੀਂ ਅਤੇ ਮੰਮੀ ਦੋਵੇਂ ਸੱਚਾਈ ਦਾ ਸਾਹਮਣਾ ਕਰਨ ਤੋਂ ਕਤਰਾ ਰਹੇ ਹੋ।" ਸੁਲਭਾ ਨੇ ਉਹਦੀਆਂ ਅੱਖਾਂ ਵਿੱਚ ਵੇਖਦਿਆਂ ਕਿਹਾ।

"ਸੁਲਭਾ, ਤੂੰ ਕੀ ਕਹਿ ਰਹੀ ਹੈਂ, ਮੈਨੂੰ ਸਮਝ ਨਹੀਂ ਆਈ।" ਕਹਿੰਦਿਆਂ ਉਹਨੇ ਅੱਖਾਂ ਫੇਰ ਲਈਆਂ।

"ਹਰੀ, ਤੁਸੀਂ ਅਤੇ ਮੰਮੀ ਦੋਵੇਂ ਜਾਣਦੇ ਹੋ ਕਿ ਭਰਾ ਨੇ ਇੱਕ ਯੋਜਨਾ ਦੇ ਅਧੀਨ ਇਹ ਸਭ ਕੀਤਾ ਹੈ। ਜ਼ਮੀਨ ਅਤੇ ਮਕਾਨ ਦੀ ਰਜਿਸਟਰੀ ਉਨ੍ਹਾਂ ਨੇ ਮਾਂ ਅਤੇ ਪਿਤਾ ਦੇ ਨਾਮ ਨਹੀਂ ਕੀਤੀ, ਤੁਹਾਡੇ ਅਤੇ ਆਪਣੇ ਨਾਮ ਕਰਵਾਈ। ਉਨ੍ਹਾਂ ਨੂੰ ਪਤਾ ਸੀ, ਉਨ੍ਹਾਂ ਤੋਂ ਕੋਈ ਨਹੀਂ ਪੁੱਛੇਗਾ ਅਤੇ ਸਮਾਂ ਆਉਣ 'ਤੇ ਜਦੋਂ ਉਹ ਵੇਚਣਗੇ, ਉਦੋਂ ਹੀ ਪਤਾ ਲੱਗੇਗਾ। ਉਦੋਂ ਤੱਕ ਦੇਰ ਹੋ ਚੁੱਕੀ ਹੋਵੇਗੀ।"

"ਸੁਲਭਾ, ਇਹ ਧੋਖਾ ਹੈ- ਸਾਡੇ ਸਾਰਿਆਂ ਨਾਲ। ਮੈਂ ਇਸਦਾ ਵਿਰੋਧ ਕਰਾਂਗਾ। ਇਹ

ਤਾਂ ਸਰਾਸਰ ਅਨ੍ਹਿਆਂ ਹੈ, ਇਹਦੇ ਖ਼ਿਲਾਫ਼ ਲੜਾਂਗਾ। ਪੈਸੇ ਚਾਹੀਦੇ ਸਨ ਤਾਂ ਮੈਨੂੰ ਕਹਿੰਦੇ। ਕੀ ਮੈਂ ਨਹੀਂ ਦਿੰਦਾ? ਪਰ ਪੈਸੇ ਲੈਣ ਦਾ ਇਹ ਤਰੀਕਾ ਗ਼ਲਤ ਹੈ।''

''ਮੰਨਦੀ ਹਾਂ, ਧੋਖਾ ਕੀਤਾ ਹੈ, ਅਨ੍ਹਿਆਂ ਕੀਤਾ ਹੈ ਪਰ ਕਿਸ ਨਾਲ ਲੜੋਗੇ? ਕਿੱਥੇ ਲੜੋਗੇ? ਭਰਾ ਨੇ ਕਾਨੂੰਨ ਨੂੰ ਨਾਲ ਲੈ ਕੇ ਧੋਖਾ ਕੀਤਾ ਹੈ। ਕਾਨੂੰਨੀ ਹੱਕਦਾਰ ਹਨ ਉਹ! ਵਕੀਲ ਹੋਣ ਦਾ ਪੂਰਾ ਲਾਭ ਉਠਾਇਆ ਹੈ।''

''ਮੈਂ ਘੱਟੋ- ਘੱਟ ਉਨ੍ਹਾਂ ਨੂੰ ਅਹਿਸਾਸ ਤਾਂ ਦਿਵਾਵਾਂਗਾ!''

''ਉਸ ਨਾਲ ਕੀ ਹੋਵੇਗਾ? ਤੁਸੀਂ ਕੀ ਸੋਚਦੇ ਹੋ, ਉਨ੍ਹਾਂ ਨੂੰ ਅਹਿਸਾਸ ਨਹੀਂ? ਇਸੇ ਲਈ ਤਾਂ ਬੇਈਮਾਨੀ ਨੂੰ ਹੱਕ ਦਾ ਨਾਂ ਦੇ ਕੇ, ਗਿਫਟ- ਫਰੀ ਹੋ ਰਹੇ ਹਨ। ਹਰੀ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ- ਦਿਲ ਅਤੇ ਦਿਮਾਗ਼, ਭਾਵਨਾ ਅਤੇ ਵਿਵੇਕ ਦਾ ਦਵੰਦ ਮਨੁੱਖ ਦੇ ਜੀਵਨ ਵਿੱਚ ਹਰ ਵੇਲੇ ਚੱਲਦਾ ਰਹਿੰਦਾ ਹੈ। ਕਦੋਂ, ਕਿਸਦਾ ਪੱਲੜਾ ਭਾਰੀ ਹੋ ਜਾਏ, ਕਿਹਾ ਨਹੀਂ ਜਾ ਸਕਦਾ। ਭੌਤਿਕਤਾ ਦੀ ਖਿੱਚ ਕਿਥੇ ਕੁਝ ਵੇਖਣ ਦਿੰਦੀ ਹੈ! ਇਹ ਦੌੜ ਹੀ ਅੰਨ੍ਹੀ ਹੈ। ਭਰਾ ਉਸ ਰੇਸ ਵਿੱਚ ਹਿੱਸਾ ਲੈ ਰਹੇ ਹਨ, ਜੋ ਤੁਹਾਡੇ ਲਈ ਗ਼ਲਤ ਹੈ। ਉਨ੍ਹਾਂ ਨੂੰ ਸਭ ਜਾਇਜ਼ ਲੱਗ ਰਿਹਾ ਹੈ।''

''ਭਰਾ ਨੂੰ ਕੀ ਹੋ ਗਿਆ ਹੈ... ਉਹ ਅਜਿਹੇ ਤਾਂ ਨਹੀਂ ਸਨ...।''

ਭਰਾ ਵੀ ਇਨਸਾਨ ਹਨ। ਉਨ੍ਹਾਂ ਦੇ ਅੰਦਰ ਕੌਰਵ ਤੇ ਪਾਂਡਵ ਦੋਵੇਂ ਹਨ। ਕਦੋਂ ਕੌਣ ਬਾਹਰ ਨਿਕਲ ਆਵੇ, ਕੋਈ ਵੀ ਨਹੀਂ ਜਾਣ ਸਕਦਾ। ਤੁਸੀਂ ਉਨ੍ਹਾਂ ਨੂੰ ਬਹੁਤ ਉੱਚੀ ਚੋਟੀ 'ਤੇ ਬਿਠਾਇਆ ਹੋਇਆ ਸੀ, ਇਸੇ ਲਈ ਤੁਹਾਨੂੰ ਬਹੁਤ ਡੂੰਘੀ ਸੱਟ ਵੱਜੀ ਹੈ। ਦੇਸ਼ ਵਿੱਚ ਰਹਿੰਦਿਆਂ ਵੀ ਤੁਸੀਂ ਆਪਣੇ ਸੰਘਰਸ਼ ਵਿੱਚ ਲੱਗੇ ਰਹੇ, ਉਨ੍ਹਾਂ ਨੂੰ ਸਮਝਾਉਣ ਲਈ ਤੁਹਾਡੇ ਕੋਲ ਸਮਾਂ ਕਿੱਥੇ ਸੀ?''

ਸੁਲਭਾ ਠੀਕ ਕਹਿ ਰਹੀ ਹੈ। ਪੀਐੱਚ ਡੀ ਤੋਂ ਪਿੱਛੋਂ ਜਦੋਂ ਉਹ ਦੇਸ਼ ਪਰਤਿਆ ਸੀ, ਭਰਾ ਲਾਅ ਕਰ ਚੁੱਕਿਆ ਸੀ। ਉਹਨੂੰ ਭਰਾ ਵਿੱਚ ਇੱਕ ਚਲਾਕ ਮਨੁੱਖ ਪੈਦਾ ਹੁੰਦਾ ਮਹਿਸੂਸ ਹੋਇਆ ਸੀ। ਦਿਲ ਦੀਆਂ ਤਰੰਗਾਂ ਹਾਵੀ ਹੋ ਗਈਆਂ ਸਨ, ਵਿਵੇਕ ਨੂੰ ਉਹਨੇ ਪਰੇ ਕਰ ਦਿੱਤਾ ਸੀ। ਉਹਨੇ ਆਪਣੀ ਹੀ ਛੇਵੀਂ ਇੰਦਰੀ ਨੂੰ ਛੱਡ ਦਿੱਤਾ ਸੀ, ਜੋ ਉਹਨੂੰ ਸੁਚੇਤ ਕਰ ਰਹੀ ਸੀ। ਕਾਸ਼, ਉਹਨੇ ਭਰਾ 'ਤੇ ਵਿਸ਼ਵਾਸ ਕੀਤਾ ਹੁੰਦਾ, ਅੰਧ-ਵਿਸ਼ਵਾਸ ਨਹੀਂ ! ਦਿਲ ਦੀ ਤੇਜ਼ ਧੜਕਣ ਦੇ ਨਾਲ-ਨਾਲ ਉਹਦੀ ਸੋਚ ਵੀ ਦੌੜਨ ਲੱਗੀ।

''ਹੁਣ ਦੇਰ ਹੋ ਚੁੱਕੀ ਹੈ, ਮੰਜੇ ਤੋਂ ਉੱਠੋ, ਤਿਆਰ ਹੋਵੋ ਅਤੇ ਜਿਸ ਥਾਂ ਸਾਈਨ ਕਰਨੇ ਹਨ ਜਾ ਕੇ ਸਾਈਨ ਕਰ ਦਿਓ। ਸਮਾਂ ਆ ਗਿਆ ਹੈ, ਯਾਦਾਂ ਦੇ ਜਾਲੇ ਝਾੜ ਦਿਓ, ਉਨ੍ਹਾਂ ਵਿੱਚ ਕੁਝ ਨਹੀਂ ਬਚਿਆ। ਜੀਵਨ ਨੂੰ ਅੱਗੇ ਵਧਾਓ... ਭਰਾ ਨੇ ਇੱਕ ਚੰਗਾ ਖਰੀਦਦਾਰ ਵੀ ਲੱਭ ਲਿਆ ਹੈ, ਜੋ ਤੁਹਾਨੂੰ ਵ੍ਹਾਈਟ ਮਨੀ ਦੇ ਰਿਹਾ ਹੈ ਅਤੇ ਭਰਾ ਨੂੰ... ਅਸੀਂ ਉਸ ਤੋਂ ਕੁਝ ਲੈਣਾ- ਦੇਣਾ ਨਹੀਂ।'' ਸੁਲਭਾ ਨੇ ਉਹਨੂੰ ਬਾਹੋਂ ਫੜ ਕੇ ਉਠਾਉਂਦਿਆਂ ਕਿਹਾ।

ਉਦੋਂ ਹੀ ਦਰਵਾਜ਼ੇ 'ਤੇ ਦਸਤਕ ਹੋਈ, ਸਰੋਜ ਦੀ ਆਵਾਜ਼ ਹੈ... ''ਹਰੀ ਵੀਰੇ, ਸੁਲਭਾ ਭਾਬੀ ਤਿਆਰ ਹੋ ਕੇ ਡਰਾਇੰਗ ਰੂਮ ਵਿੱਚ ਆ ਜਾਓ, ਸ਼ੰਕਰ ਭਰਾ ਅਤੇ ਉਮਾ ਭਾਬੀ ਆ ਗਏ ਹਨ। ਸਾਰੇ ਉੱਥੇ ਹੀ ਇਕੱਠੇ ਹੋ ਰਹੇ ਹਨ...।''

ਉਹ ਦੋਵੇਂ ਛੇਤੀ-ਛੇਤੀ ਤਿਆਰ ਹੋ ਕੇ ਡਰਾਇੰਗ ਰੂਮ ਵਿੱਚ ਆ ਗਏ। ਸਾਰੇ ਬੈਠੇ ਹਨ ਪਰ ਕਮਰੇ ਵਿੱਚ ਖ਼ਾਮੋਸ਼ੀ ਹੈ। ਚਿਹਰਿਆਂ 'ਤੇ ਉਦਾਸੀ ਹੈ। ਕੋਈ ਵੀ ਆਪਸ ਵਿੱਚ ਗੱਲ ਨਹੀਂ ਕਰ ਰਿਹਾ। ਸ਼ੰਕਰ ਅਤੇ ਉਮਾ ਸਿਰ ਝੁਕਾਈ ਬੈਠੇ ਹਨ।

"ਚੱਲੋ, ਕਿੱਥੇ ਚੱਲ ਕੇ ਸਾਈਨ ਕਰਦੇ ਹਨ?" ਹਰੀ ਨੇ ਡਰਾਇੰਗ ਰੂਮ ਵਿੱਚ ਆਉਂਦਿਆਂ ਹੀ ਕਿਹਾ। ਸਾਰੇ ਉਹਦੇ ਚਿਹਰੇ 'ਤੇ ਛਾਈ ਗੰਭੀਰਤਾ ਨੂੰ ਦੇਖਦੇ ਰਹਿ ਗਏ। ਸ਼ੰਕਰ ਹਰੀ ਨੂੰ ਵੇਖੇ ਬਿਨਾ ਹੀ ਬਾਹਰ ਦੇ ਦਰਵਾਜ਼ੇ ਵੱਲ ਹੋ ਤੁਰਿਆ। ਉਹਦੇ ਨਾਲ ਉਮਾ ਵੀ ਚੱਲ ਪਈ। ਹਰੀ ਨੇ ਨਰਿੰਦਰ ਅਤੇ ਸੁਰਿੰਦਰ ਨੂੰ ਨਾਲ ਚੱਲਣ ਲਈ ਇਸ਼ਾਰਾ ਕੀਤਾ। ਮਾਂ ਡੁਸਕਣ ਲੱਗ ਪਈ। ਸੁਲਭਾ ਮਾਂ ਕੋਲ ਬੈਠ ਗਈ। ਸਰੋਜ ਅਤੇ ਰਜਨੀ ਮਾਂ ਨੂੰ ਚੁੱਪ ਕਰਾਉਣ ਲੱਗ ਪਈਆਂ।

"ਮਿਸਟਰ ਹਰੀ, ਇੱਥੇ ਸਾਈਨ ਕਰੋ। ਤੁਸੀਂ ਕਦੋਂ ਤੋਂ ਪੈੱਨ ਫੜ੍ਹ ਕੇ ਬੈਠੇ ਹੋਏ ਹੋ, ਖਰੀਦਦਾਰ ਪ੍ਰੇਸ਼ਾਨ ਹੋ ਰਿਹਾ ਹੈ। ਮੇਰਾ ਵੀ ਟਾਈਮ ਵੇਸਟ ਹੋ ਰਿਹਾ ਹੈ। ਤੁਸੀਂ ਕਿੰਨਾ ਖਿਆਲਾਂ ਵਿੱਚ ਗੁੰਮ ਗਏ ਹੋ।" ਵਕੀਲ ਦੇ ਜ਼ਰਾ ਜ਼ੋਰ ਨਾਲ ਕਹਿਣ 'ਤੇ ਉਹ ਸੁਚੇਤ ਹੋਇਆ।

ਹਰੀ ਨੇ ਖ਼ੁਦ ਨੂੰ ਸੰਭਾਲਿਆ, ਕੁਰਸੀ 'ਤੇ ਪਾਸਾ ਬਦਲਿਆ ਅਤੇ ਯਾਦਾਂ ਨੂੰ ਛੰਡ ਕੇ ਆਪਣੇ ਤੋਂ ਵੱਖ ਕੀਤਾ। ਛੇਤੀ- ਛੇਤੀ ਕਾਗਜ਼ਾਂ ਤੇ ਸਾਈਨ ਕੀਤੇ ਅਤੇ ਸ਼ੰਕਰ ਨੂੰ ਕਿਹਾ- "ਭਰਾ, ਪੈਸੇ ਚਾਹੀਦੇ ਸਨ ਤਾਂ ਮੈਨੂੰ ਕਹਿੰਦੇ! ਇਉਂ ਧੋਖੇ ਨਾਲ ਹੱਕ ਦੇ ਨਾਂ 'ਤੇ ਵਸੂਲੀ ਨਾ ਕਰਦੇ, ਹੱਕ ਤਾਂ ਤੁਸੀਂ ਪਰਿਵਾਰ ਦਾ ਮਾਰਿਆ ਹੈ! ਇਹ ਘਰ ਪਰਿਵਾਰ ਲਈ ਬਣਾਇਆ ਗਿਆ ਸੀ, ਤੁਹਾਡੇ ਅਤੇ ਮੇਰੇ ਲਈ ਨਹੀਂ।" ਇਹ ਕਹਿ ਕੇ ਉਹ ਉੱਥੋਂ ਉੱਠਣ ਲੱਗਿਆ ਕਿ ਵਕੀਲ ਨੇ ਰੋਕਿਆ ਅਤੇ ਉਸ ਨੂੰ ਖਰੀਦਦਾਰ ਦਾ ਚੈੱਕ ਦਿੱਤਾ, ਜੋ ਉਸਦੇ ਅੱਧੇ ਹਿੱਸੇ ਦਾ ਸੀ।

ਉਹਨੇ ਚੈੱਕ ਫੜਿਆ ਅਤੇ ਸ਼ੰਕਰ ਨੂੰ ਤਿੱਖੀਆਂ ਨਜ਼ਰਾਂ ਨਾਲ ਵੇਖਦਿਆਂ ਨਰਿੰਦਰ ਨੂੰ ਕਿਹਾ- "ਕਿਸੇ ਰੀਅਲ ਐਸਟੇਟ ਏਜੰਟ ਕੋਲ ਲੈ ਚੱਲੋ, ਮਾਂ ਤੇ ਪਿਤਾ ਜੀ ਲਈ ਘਰ ਲੈਣਾ ਹੈ। ਨਵਾਂ ਘਰ, ਜੋ ਸਿਰਫ਼ ਮਾਂ ਤੇ ਪਿਤਾ ਜੀ ਦਾ ਹੋਵੇਗਾ। ਉਸ 'ਤੇ ਕਿਸੇ ਬੱਚੇ ਦਾ ਕੋਈ ਹੱਕ ਨਹੀਂ ਹੋਵੇਗਾ। ਉਨ੍ਹਾਂ ਤੋਂ ਬਾਅਦ ਉਸ ਘਰ ਵਿੱਚ ਉਹ ਮਾਂ- ਬਾਪ ਰਹਿਣਗੇ, ਜਿਨ੍ਹਾਂ ਦੇ ਸਿਰ ਤੋਂ ਉਨ੍ਹਾਂ ਦੇ ਬੱਚੇ ਛੱਤ ਖੋਹ ਲੈਂਦੇ ਹਨ...!

□□□

# ਸ਼ਸ਼ੀ ਪਾਲ ਸਮੁੰਦਰਾ ਦੀ ਨਾਰੀ ਦ੍ਰਿਸ਼ਟੀ

*ਡਾ. ਰਜਨੀ ਬਾਲਾ*

ਨਾਰੀਵਾਦੀ ਚਿੰਤਨ ਦੇ ਉਭਾਰ ਨੇ ਇਸ ਗੱਲ ਨੂੰ ਮੁੱਖ ਰੂਪ ਵਿਚ ਸਾਹਮਣੇ ਲਿਆਂਦਾ ਕਿ ਔਰਤ ਬਾਰੇ ਹੁਣ ਤਕ ਦੇ ਸਿਰਜਤ ਲਗਭਗ ਸਾਰੇ ਪ੍ਰਵਚਨ, ਮਰਦਾਵੀਂ ਸੋਚ ਦੀ ਪ੍ਰਤੀਨਿਧਤਾ ਕਰਦੇ ਹਨ। ਮਰਦਾਵੀਂ ਸੋਚ ਵਾਲੇ ਪ੍ਰਵਚਨਾਂ ਨੇ ਔਰਤ ਨੂੰ ਕੁਦਰਤੀ ਤੌਰ 'ਤੇ ਦੁਜੈਲੇ ਲਿੰਗ ਵਜੋਂ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ। ਲੰਮੇ ਸਮੇਂ ਤੋਂ ਚੱਲੀ ਆ ਰਹੀ ਲਿੰਗ ਆਧਾਰਿਤ ਕੰਮ ਦੀ ਵੰਡ ਨੇ ਔਰਤ ਦੀ ਇਸ ਦੁਜੈਲੀ ਸਥਿਤੀ ਨੂੰ ਹੋਰ ਪੱਕਾ ਕੀਤਾ। ਸਿੱਟੇ ਵਜੋਂ ਸਾਹਿਤਕ ਤੇ ਸਭਿਆਚਾਰਕ ਪਾਠਾਂ ਵਿਚ ਵੀ ਔਰਤ ਨੂੰ ਜ਼ਿਆਦਾਤਰ ਇਸੇ ਦ੍ਰਿਸ਼ਟੀ ਤੋਂ ਸਿਰਜਿਆ ਜਾਂਦਾ ਰਿਹਾ ਹੈ। ਲਗਭਗ 1960 ਦੇ ਦਹਾਕੇ ਅੰਦਰ ਨਾਰੀਵਾਦ ਨੂੰ ਸਾਹਿਤਕ ਖੇਤਰ ਵਿਚ ਇਕ ਆਲੋਚਨਾ ਦ੍ਰਿਸ਼ਟੀ ਵਜੋਂ ਵਿਚਾਰਿਆ ਜਾਣ ਲੱਗਾ।ਨਾਰੀਵਾਦੀ ਸਾਹਿਤ ਸਿਧਾਂਤ ਨੇ ਕਿਸੇ ਸਾਹਿਤਕ ਜਾਂ ਸਭਿਆਚਾਰਕ ਪਾਠ ਨੂੰ ਨਵੀਂ ਲੋਅ ਵਿਚ ਵਿਸ਼ਲੇਸ਼ਤ ਕਰਨ ਦੀ ਅੰਤਰ ਦ੍ਰਿਸ਼ਟੀ ਪ੍ਰਦਾਨ ਕੀਤੀ। ਕਿਸੇ ਟੈਕਸਟ ਨੂੰ ਨਾਰੀਵਾਦੀ ਦ੍ਰਿਸ਼ਟੀ ਤੋਂ ਪੜ੍ਹਨ ਤੋਂ ਭਾਵ ਉਸ ਵਿਚ ਨਾਰੀ ਬਾਰੇ ਪੂਰਵ ਨਿਰਧਾਰਤ ਮਰਦਾਵੇਂ ਦ੍ਰਿਸ਼ਟੀਕੋਣ ਦੀ ਵਿਰਚਨਾ ਕਰਨਾ ਹੁੰਦਾ ਹੈ। ਇਸ ਦੇ ਨਾਲ ਹੀ ਇਹ ਵੀ ਦੇਖਣਾ ਹੁੰਦਾ ਹੈ ਕਿ ਲੇਖਕ/ਲੇਖਕਾ, ਮਰਦਾਵੀਂ ਜਾਂ ਪਿਤਰਕੀ ਭਾਸ਼ਾ ਵਿਚ ਬੋਲ ਰਹੀ ਹੈ ਜਾਂ ਉਸ ਭਾਸ਼ਾ ਦੇ ਸਮਵਿਥ ਕੋਈ ਆਪਣਾ ਬੋਲ ਵੀ ਸਿਰਜ ਰਹੀ ਹੈ ? ਇਸ ਤੋਂ ਇਲਾਵਾ ਇਹ ਵੀ ਦੇਖਿਆ ਜਾਂਦਾ ਹੈ ਕਿ ਉਸ ਦੁਆਰਾ ਨਾਰੀ ਮੁਕਤੀ ਦਾ ਕਿਸ ਤਰ੍ਹਾਂ ਦਾ ਮਾਡਲ ਪੇਸ਼ ਕੀਤਾ ਜਾ ਰਿਹਾ ਹੈ। ਇਸ ਖੋਜ ਪਰਚੇ ਵਿਚ ਅਮਰੀਕਾ ਵਸਦੀ ਪੰਜਾਬੀ ਕਵਿੱਤਰੀ ਦੀਆਂ ਕਾਵਿ-ਪੁਸਤਕਾਂ ਦੇ ਆਧਾਰ 'ਤੇ ਉਸ ਦੀ ਨਾਰੀ ਦ੍ਰਿਸ਼ਟੀ ਨੂੰ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ।

ਸ਼ਸ਼ੀ ਪਾਲ ਸਮੁੰਦਰਾ ਦੀ ਕਾਵਿ ਯਾਤਰਾ ਦਾ ਆਰੰਭ ਉਸ ਦੀ ਪਹਿਲੀ ਕਾਵਿ ਪੁਸਤਕ 'ਬੋਗਨਵਿਲਾ ਦੇ ਵਸਤਰ' ਤੋਂ ਹੋਇਆ ਜੋ 1992 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਕਾਵਿ-ਮੈਂ ਆਪਣੇ ਬਾਗ਼ੀ ਸੁਭਾਅ ਤੋਂ ਉਲਟ ਰਿਸ਼ਤਿਆਂ ਦੇ ਤਾਣੇ ਬਾਣੇ ਵਿਚ ਬੱਝੀ ਹੋਈ

*ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ*
*ਫੋਨ : 9971062024*

ਇਨ੍ਹਾਂ ਨੂੰ ਨਿਭਾ ਵੀ ਰਹੀ ਹੈ ਤੇ ਦੁਚਿੱਤੀ ਵਿਚ ਵੀ ਹੈ। ਉਹ ਆਪਣੇ ਅੰਦਰ ਦੀ ਤਾਕਤ ਦੀ ਪਛਾਣ ਕਰਦੀ ਹੈ ਜੋ ਦਿਖਾਵਟੀ, ਫੋਕੇ ਰਿਸ਼ਤਿਆਂ ਦੇ ਦੰਭ ਤੋਂ ਮੁਕਤ ਹੋ ਕੇ ਆਪਣੀ ਸੋਚ ਦੀ ਆਜ਼ਾਦ ਉਡਾਣ ਦਾ ਰੋਮਾਂਚਕਾਰੀ ਅਨੁਭਵ ਲੈਣਾ ਚਾਹੁੰਦੀ ਹੈ। ਉਸ ਦੀ ਦੂਜੀ ਕਾਵਿ ਪੁਸਤਕ 'ਮੇਰੇ ਮਨ ਦੀ ਕੋਇਲ' ਹੈ ਜੋ 2011 ਵਿਚ ਪ੍ਰਕਾਸ਼ਤ ਹੋਈ। ਇਸ ਪੁਸਤਕ ਵਿਚ ਕਾਵਿ-ਮੈਂ ਪਿਤਰਕੀ ਸਮਾਜ ਨੂੰ ਤਰਕ ਨਾਲ ਭੰਡਦੀ ਹੈ ਤੇ ਇਸ ਸਮਾਜ ਦੇ ਹਰ ਸਿਆਸੀ ਪੈਂਤੜੇ ਤੋਂ ਪਰਦਾ ਚੁੱਕਦੀ ਹੋਈ ਪ੍ਰਸ਼ਨਚਿੰਨ੍ਹਤ ਵੀ ਕਰਦੀ ਹੈ। ਉਸ ਦੀ ਤੀਜੀ ਕਾਵਿ ਪੁਸਤਕ 'ਸੜਕਛਾਪ ਸ਼ਾਇਰੀ' ਹੈ ਜੋ 2015 ਵਿਚ ਪ੍ਰਕਾਸ਼ਤ ਹੋਈ। ਇਸ ਪੁਸਤਕ ਵਿਚ ਕਾਵਿ-ਮੈਂ ਦੀ ਇਕਮਿਕਤਾ ਕੁਦਰਤ ਨਾਲ ਵਧੇਰੇ ਹੋ ਗਈ ਹੈ। ਉਹ ਕੁਦਰਤ ਅਤੇ ਜੀਵਨ ਦੇ ਸੱਚ ਦੇ ਰਹੱਸ ਨੂੰ ਸਮਝ ਰਹੀ ਹੈ। ਇਸ ਪੜਾਅ 'ਤੇ ਉਸ ਦਾ ਕਿਸੇ ਮਰਦ ਦੀ ਅਧੀਨਗੀ ਕਰਨਾ ਤਾਂ ਦੂਰ ਉਹ ਕਿਸੇ ਮਰਦ ਦੇ ਰਹਿਮ 'ਤੇ ਵੀ ਨਿਰਭਰ ਨਹੀਂ ਹੈ। ਉਸ ਨੇ ਨਿਡਰਤਾ ਤੇ ਬੇਬਾਕੀ ਨਾਲ ਜੀਵਨ ਨੂੰ ਆਪਣੀਆਂ ਸ਼ਰਤਾਂ 'ਤੇ ਜਿਓਣ ਦਾ ਆਦਰਸ਼ ਸੱਚ ਕਰ ਵਿਖਾਇਆ ਹੈ। ਉਸ ਨੇ ਕਿਸੇ ਦੀ ਪਿਛਲੱਗ ਬਣ ਕੇ ਨਹੀਂ ਬਲਕਿ ਆਪਣੇ ਰਾਹ ਆਪ ਬਣਾ ਕੇ ਜੀਵਨ ਨੂੰ ਜਿਓਣ ਨੂੰ ਤਰਜੀਹ ਦਿੱਤੀ ਹੈ। ਉਹ ਆਪਣੇ ਆਪ ਨੂੰ ਇਸ ਕੁਦਰਤ ਦਾ ਸਦਾ ਤੋਂ ਚੱਲਿਆ ਆ ਰਿਹਾ ਹਿੱਸਾ ਸਮਝਦੀ ਹੈ ਜਿਸ ਨੇ ਕਦੇ ਮਿਟਣਾ ਨਹੀਂ ਬਲਕਿ ਮੁੜ ਰੀਸਾਇਕਲ ਹੋ ਕੇ ਇਸੇ ਕੁਦਰਤ ਦਾ ਅੰਗ ਬਣਿਆ ਰਹਿਣਾ ਹੈ। ਇਨ੍ਹਾਂ ਪੁਸਤਕ ਦਾ ਅਧਿਐਨ ਕਰਨ ਤੋਂ ਕੇਵਲ ਸ਼ਸ਼ੀ ਸਮੁੰਦਰਾ ਦੀ ਕਾਵਿ-ਦ੍ਰਿਸ਼ਟੀ ਦਾ ਹੀ ਅਨੁਮਾਨ ਨਹੀਂ ਲੱਗਦਾ ਬਲਕਿ ਸ਼ਸ਼ੀ ਸਮੁੰਦਰਾ ਦਾ ਪੂਰਾ ਕਾਵਿਕ ਚਰਿੱਤਰ, ਇਕ ਨਿਸ਼ਚਿਤ ਕ੍ਰਮ ਵਿਚ ਵਿਗਸਦਾ ਦਿਖਾਈ ਦਿੰਦਾ ਹੈ। ਉਸ ਅੰਦਰਲਾ ਔਰਤ ਆਪਾ ਸਮਾਜਿਕ ਚੌਗਿਰਦੇ ਵਿਚ ਆਪਣੀ ਪਛਾਣ ਸਥਾਪਤ ਕਰਨ ਲਈ ਜੂਝਦਾ ਤੇ ਇਸ ਸੰਘਰਸ਼ ਨੂੰ ਸ਼ਬਦ ਪ੍ਰਦਾਨ ਕਰਦਾ ਹੈ। ਉਸ ਦੀਆਂ ਰਚਨਾਵਾਂ ਵਿਚ ਨਾਰੀਵਾਦੀ ਨਜ਼ਰੀਏ ਤੋਂ ਇਕ ਔਰਤ ਨਾਲ ਕੀਤੇ ਜਾਂਦੇ ਅਨ੍ਹਿਆਂ ਤੇ ਔਰਤ ਦੇ ਅਵਚੇਤਨ ਨੂੰ ਸ਼ਬਦਾਂ ਦੇ ਬਾਣੇ ਰਾਹੀਂ ਬਿੰਬਤ ਕੀਤਾ ਗਿਆ ਹੈ। ਸ਼ਸ਼ੀ ਸਮੁੰਦਰਾ ਨੇ ਨਾ ਸਿਰਫ਼ ਪਿਤਰਕੀ ਸੰਸਥਾਵਾਂ ਵਿਚ ਜਕੜੀ ਨਾਰੀ ਦੇ ਦਮਨ ਤੇ ਸੋਸ਼ਣ ਨੂੰ ਸਾਹਮਣੇ ਲਿਆਂਦਾ ਹੈ, ਸਗੋਂ ਨਾਰੀ ਮੁਕਤੀ ਤੇ ਸੰਘਰਸ਼ ਨੂੰ ਸਾਕਾਰਾਤਮਕ ਪੱਖ ਤੋਂ ਪੇਸ਼ ਕੀਤਾ ਹੈ।

'ਮੇਰੇ ਮਨ ਦੀ ਕੋਇਲ' ਪੁਸਤਕ ਇਕ ਅਜਿਹੀ ਕਾਵਿ ਮੈਂ ਦਾ ਚਿਤਰਨ ਕਰਦੀ ਹੈ, ਜੋ ਪਿਤਰਕੀ ਦਮਨ ਨਾਲ ਜੁੜੀਆਂ ਸਿਮਰਤੀਆਂ ਨੂੰ ਕਾਵਿ ਅਭਿਵਿਅਕਤੀ ਪ੍ਰਦਾਨ ਕਰਦੀ ਹੈ। ਆਪਣੀ ਕਵਿਤਾ ਰਾਹੀਂ ਉਹ ਦਮ ਤੋੜਦੀ ਜਾ ਰਹੀ ਪਿੱਤਰ ਸੱਤਾ ਵਿਚ ਵੀ ਖੂੰਖਾਰ ਦਮਨ ਦੇ 'ਹੱਕ' ਦਾ ਸ਼ਕਤੀਸ਼ਾਲੀ ਰੂਪ ਬਿੰਬਤ ਕਰਦੀ ਹੈ। ਉਹ ਆਮ ਭਾਰਤੀ ਔਰਤ ਦੀ ਤਰ੍ਹਾਂ ਇਸ ਕੁੰਠਿਤ ਪਿਤਰਕੀ ਪ੍ਰਬੰਧ ਵਿਚ ਜੰਮਦੀ-ਪਲਦੀ, ਵੱਡੀ ਹੁੰਦੀ ਹੈ ਤੇ ਕਈ ਤਰ੍ਹਾਂ ਦੀਆਂ ਸਮਾਜਿਕ ਬੰਦਿਸ਼ਾਂ ਤੋਂ ਪ੍ਰੇਸ਼ਾਨ ਹੋ ਉਠਦੀ ਹੈ, ਜੋ ਉਸ ਦੀ ਹੋਂਦ ਨੂੰ ਸ਼ਰਮਿੰਦਗੀ ਨਾਲ ਭਰ ਦਿੰਦੇ ਹਨ:

ਆਪਣੇ ਬਾਪ ਨੂੰ ਯਾਦ ਕਰਦਿਆਂ....
ਦਮੇ ਦਾ ਮਾਰਿਆ ਮੇਰਾ ਬਾਪ
ਮੰਜੇ ਤੇ ਬੈਠਾ
ਧੂੰਆਂਧਾਰ ਸਿਗਰੇਟ ਪੀਂਦਾ
ਬਿਨ ਚੁੰਨੀਓਂ ਮੈਨੂੰ ਦੇਖ

ਉੱਲਰ ਕੇ ਪੈਂਦਾ

ਮਾਂ ਭੈਣ ਦੀਆਂ ਗਾਲ੍ਹਾਂ ਕੱਢਦਾ ਹੈ।[1]

ਇਕ ਨਾਰੀਵਾਦੀ ਦੀ ਤਰ੍ਹਾਂ ਲੇਖਕਾ ਨੇ ਕੇਵਲ ਮਰਦ ਦੀ ਸੱਤਾ ਦੇ ਅਮਲ ਰਾਹੀਂ ਔਰਤ ਬਾਰੇ ਇਕ ਮਨੋਰੰਜਕ ਵਸਤੂ ਜਾਂ ਐਸ਼ ਵਾਲੀ ਚੀਜ਼ ਤੱਕ ਘਟੀਸਥਿਤੀ ਨੂੰ ਹੀ ਨਹੀਂ ਬਲਕਿ ਇਸ ਅਮਲ ਰਾਹੀਂ ਔਰਤ ਦੀ ਆਤਮ ਹੋਂਦ ਉਤੇ ਪੈਂਦੇ ਪ੍ਰਭਾਵ ਨੂੰ ਵੀ ਡੂੰਘੇ ਕਟਾਕ਼ਸ਼ ਰਾਹੀਂ ਚਿਤਰਿਆ ਹੈ। ਉਸ ਮੁਤਾਬਕ ਲੜਕੀ ਲਈ ਘਰ ਤੇ ਘਰ ਤੋਂ ਬਾਹਰ ਵਿਚਰਨ ਦੇ ਨਿਯਮ ਪਿਤਰਕੀ ਸੋਚ ਵਿਚ ਢਲੇਪਰਿਵਾਰ ਦੇ ਮੈਂਬਰ ਤੈਅ ਕਰਦੇ ਹਨ:-

ਦਹਿਲੀਜੋਂ ਪਾਰ ਮੈਂ ਪੈਰ ਹਾਲੇ ਰੱਖਿਆ ਹੀ ਸੀ

ਸੂਰਜ ਦੀ ਕਿਰਨ ਨੇ ਮੇਰਾ ਮੱਥਾ ਹਾਲੇ ਛੂਹਿਆ ਹੀ ਸੀ

ਕਿ ਮਾਂ ਨੇ ਸੰਸਾ ਕੀਤਾ

ਬਾਪ ਨੇ ਤਿਉੜੀ ਪਾਈ

ਤੇ ਮੇਰੇ ਹੱਥ ਸੰਸਕਾਰਾਂ ਦੀ ਪੋਥੀ ਦੇ ਦਿੱਤੀ

ਘਰੋਂ ਬਾਹਰ ਪੈਰ ਨਹੀਂ ਪਾਉਣਾ

ਕਿਸੇ ਮੁੰਡੇ ਵੱਲ ਨਹੀਂ ਤੱਕਣਾ

ਬੇ-ਵਜਹ, ਬਹੁਤਾ ਨਹੀਂ ਹੱਸਣਾ

ਏਧਰ-ਉਧਰ ਗੱਲੀਂ ਨਹੀਂ ਲੱਗਣਾ

ਤੇ ਦੂਜੇ ਘਰ ਦੀ ਤਿਆਰੀ ਵਿਚ

ਇਕ ਢਕੀ-ਲਪੇਟੀ ਪੋਟਲੀ ਬਣ ਕੇ ਰਹਿਣਾ ਹੈ।[2]

ਸ਼ਸ਼ੀ ਸਮੁੰਦਰਾ ਦੀਆਂ ਕਵਿਤਾਵਾਂ ਸਿਮੋਨ ਦ ਬੂਵਾ ਦੇ ਜਗਤ ਪ੍ਰਸਿੱਧ ਕਥਨ 'ਕੋਈ ਜੰਮਦਿਆਂ ਹੀ ਔਰਤ ਨਹੀਂ ਹੁੰਦੀ ਬਲਕਿ ਬਣ ਜਾਂਦੀ ਹੈ', ਦਾ ਪ੍ਰਮਾਣ ਦਿੰਦੀਆਂ ਨਜ਼ਰ ਆਉਂਦੀਆਂ ਹਨ। ਉਸ ਦੀਆਂ ਕਵਿਤਾਵਾਂ ਸਮਾਜਕ ਤੇ ਸੱਭਿਆਚਾਰਕ ਸੰਸਥਾਵਾਂ ਦੁਆਰਾ ਸਥਾਪਤ ਔਰਤ ਦੀ ਪਛਾਣ ਨੂੰ ਦੁਜੈਲੀ ਅਤੇ ਨਿਮਾਣੀ ਬਣਾ ਕੇ ਰੱਖਣ ਦੀ ਰਾਜਨੀਤੀ ਨੂੰ ਵੀ ਪ੍ਰਸ਼ਨਚਿੰਨ੍ਹਤ ਕਰਦੀਆਂ ਹਨ। ਇਕ ਔਰਤ ਲਈ ਸਮਾਜ ਵਿਚ ਕੁਝ ਵੱਖਰੀ ਤਰ੍ਹਾਂ ਦੇ ਨੇਮ ਘੜੇ ਗਏ ਹਨ,ਜੋ ਔਰਤ ਵਜੋਂ ਆਪਣੀ ਪਛਾਣ ਕਾਇਮ ਕਰਨ ਲਈ ਜ਼ਰੂਰੀ ਮੰਨੇ ਗਏ ਹਨ। ਸਮਾਜ ਦੀ ਸਭ ਤੋਂ ਬੁਨਿਆਦੀ ਇਕਾਈ ਪਰਿਵਾਰ ਹੀ ਇਨ੍ਹਾਂ ਨਿਯਮਾਂ ਦਾ ਸਬਕ ਪੜ੍ਹਾਉਂਦੀ ਹੈ, ਜੋ ਇਕ ਔਰਤ ਨੂੰ ਆਪਣੀ ਕੁਦਰਤੀ ਹੋਂਦ ਦੇ ਵਿਰੁੱਧ ਮਹਿਸੂਸ ਹੁੰਦਾ ਹੈ, ਪਰ ਇਸ ਦੀ ਵਿਰੋਧਤਾ ਦਾ ਭਾਵ ਪਿੱਤਰਸੱਤਾ ਪ੍ਰਬੰਧ ਵਿਚ ਹਰ ਵਾਰ ਦਬਦਾ ਹੀ ਰਹਿੰਦਾ ਹੈ। ਉਹ ਆਪਣੇ ਕੁਦਰਤੀ ਭਾਵਾਂ ਦੇ ਦਮਨ ਬਾਰੇ ਕਦੇ ਬੋਲ ਕੇ ਦੱਸ ਨਹੀਂ ਪਾਉਂਦੀ:

ਮੈਨੂੰ ਮੇਰੀ ਮਾਂ ਕਹਿੰਦੀ ਸੀ;

"ਧੀਏ, ਮਰਦਾਂ ਨਾਲ ਬਣਾ ਕੇ ਰਹੀਏ

ਏਸੇ ਵਿਚ ਭਲਾਈ ਹੈ ।"[3]

ਹੇ ਪਾਪਾ, ਤੁਸੀਂ ਸਮਝਾਇਆ ਸੀ ਮੈਨੂੰ
ਕਿ ਚੰਗੀਆਂ ਕੁੜੀਆਂ ਰਹਿੰਦੀਆਂ ਨੇ
ਕਮਰਿਆਂ ਅੰਦਰ
ਕੰਧਾਂ ਪਿੱਛੇ
ਦਰਵਾਜ਼ਿਆਂ ਪਿੱਛੇ [4]

ਉਸ ਦੀ ਕਾਵਿ-ਮੈਂ ਪਿਤਰਕੀ ਸੱਤਾ ਦੇ ਸਮਵਿਥ, ਇਕ ਆਜ਼ਾਦ ਹਸਤੀ ਵਜੋਂ ਵੀ ਆਪਣਾ ਤੁਆਰੁਫ਼ ਕਰਵਾਉਂਦੀ ਹੈ। ਉਹ ਬਾਗੀ ਹੋ ਕੇ ਉੱਡਣ ਦੀ ਕਾਮਨਾ ਪਾਲਦੀ ਹੈ ਤੇ ਔਰਤ ਲਈ ਬਣੇ ਤਰਕਹੀਣ ਸਮਾਜਕ ਨਿਯਮਾਂ ਦੀ ਕਦਰ ਨਹੀਂ ਕਰਦੀ ਤੇ ਇਨ੍ਹਾਂ ਮੁਤਾਬਕ ਨਹੀਂ ਢਲ਼ਦੀ। ਉਸ ਦੀ ਕਾਵਿ-ਮੈਂ ਸਰੀਰਕ ਜਨਮ ਦੀ ਬਜਾਇ ਕੁਦਰਤੀ ਚੌਗਿਰਦੇ ਵਿਚ ਵਿਚਰਦਿਆਂ ਬਣੇ ਅਵਾਰਾ ਤੇ ਬਾਗ਼ੀ ਕਿਰਦਾਰ ਨੂੰ ਸਹੀ ਅਰਥਾਂ ਵਿਚ ਜਨਮ ਹੋਣਾ ਮੰਨਦੀ ਹੈ। ਉਸ ਦੀ ਇਸ ਭਾਵਨਾ ਨੇ ਇਹ ਸਿੱਧ ਕੀਤਾ ਹੈ ਕਿ ਆਪਣੀਆਂ ਸ਼ਰਤਾਂ 'ਤੇ ਜ਼ਿੰਦਗੀ ਜਿਓਣਾ ਵੀ ਸੰਭਵ ਹੈ:

ਮੇਰਾ ਜਨਮ
ਜੁਆਨ ਖੇਤ
ਅਵਾਰਾ ਗਲ਼ੀਆਂ
ਤੇ ਇਕ ਬਾਗ਼ੀ ਸੁਫ਼ਨਾ
ਮੈਂ ਇਨ੍ਹਾਂ ਦੀ ਉਪਜ ਸਾਂ
ਮਾਂ ਕੁੱਖੋਂ
ਹੱਡ-ਮਾਸ ਦੀ ਪੁਤਲੀ ਜੰਮੀਂ ਸਾਂ
ਪਰ ਮੇਰਾ ਜਨਮ ਤਾਂ ਪਿੱਛੋਂ ਹੋਇਆ। [5]

ਪਤਾ ਨਹੀਂ ਮੈਂ ਕਿੰਨਾ ਚਿਰ
ਇੰਜ ਖ਼ੁਦ ਨਾਲ ਧੱਕਾ ਕਰਨਾ ਏ
ਤੇ ਦੂਜਿਆਂ ਲਈ ਜੀਣਾ ਏ
ਡਰ ਹੈ ਮੈਨੂੰ ਇਕ ਦਿਨ ਮਾਏ
ਮੈਂ ਉੱਡ ਜਾਣਾ ਤੋਤਿਆਂ ਨਾਲ
ਦੂਰ ਅੰਬਾਂ ਦੇ ਬਾਗ਼ੀਂ ਮਾਏ, ਉੱਡੀ ਤੋਤਿਆਂ ਦੀ ਡਾਰ। [6]

ਪਿੱਤਰ ਸੱਤਾ ਦੁਆਰਾ ਔਰਤ ਦੇ ਅੰਤਰਮਨ ਵਿਚਲੀਆਂ ਕੁਦਰਤੀ ਬਿਰਤੀਆਂ ਨੂੰ ਗ਼ੈਰ

ਸਮਾਜਕ ਦੱਸਿਆ ਜਾਂਦਾ ਹੈ ਅਤੇ ਇਨ੍ਹਾਂ ਦਾ ਇਜ਼ਹਾਰ ਲੁਕਾ ਕੇ ਰੱਖਣ ਦੀ ਤਾੜਨਾ ਕੀਤੀ ਜਾਂਦੀ ਹੈ ਪਰ ਕਾਵਿ-ਮੈਂ ਅਜਿਹੇ ਦਮਨਕਾਰੀ ਪ੍ਰਬੰਧ ਦੀ ਰਾਜਨੀਤੀ ਨੂੰ ਸਮਝਦੀ ਹੋਈ ਇਸ ਦੇ ਉਤੇ ਰੋਹ ਭਰੀ ਭਾਸ਼ਾ ਵਿਚ ਬੇਪਰਵਾਹ, ਨਿਡਰ ਤੇ ਬੇਬਾਕ ਹੋ ਕੇ ਆਪਣੀਆਂ ਕੁਦਰਤੀ ਬਿਰਤੀਆਂ ਦੇ ਹੱਕ ਉਤੇ ਪਹਿਰਾ ਦੇਣ ਦੀ ਗੱਲ ਆਖਦੀ ਹੈ। 'ਬੋਗਨਵਿਲਾ ਦੇ ਵਸਤਰ' ਕਾਵਿ ਸੰਗ੍ਰਹਿ ਵਿਚ ਦਰਜ ਆਪਣੀ ਇਕ ਕਵਿਤਾ 'ਇੱਜ਼ਤ' ਵਿਚ ਉਹ ਪਿਤਰਕੀ ਪ੍ਰਬੰਧ ਦੁਆਰਾ ਕੁੜੀਆਂ ਲਈ ਰਾਖਵੇਂ 'ਇੱਜ਼ਤ' ਵਰਗੇ ਸ਼ਬਦ ਦੀ ਵੀ ਨਿਖੇਧੀ ਕਰਦੀ ਹੈ। ਉਹ ਡੂੰਘੇ ਕਟਾਖ਼ਸ਼ ਰਾਹੀਂ ਬਿਆਨ ਕਰਦੀ ਹੈ ਕਿ 'ਇੱਜ਼ਤ' ਨਾਂ ਦੀ ਛਤਰੀ ਦੀਆਂ ਤਾਰਾਂ ਤੋੜ ਕੇ ਠਠਿਆਰੇ ਨੂੰ ਵੇਚ ਕੇ ਪਕੌੜੇ ਖਾ ਕੇ ਘਰ ਆਉਣਾ ਵਧੇਰੇ ਸਹੀ ਹੈ ਬਜਾਏ ਇਸ ਦਾ ਭਾਰ ਚੁੱਕ ਕੇ ਹਰ ਥਾਂ ਫਿਰਦੇ ਰਹੋ। ਇਸ ਤਰ੍ਹਾਂ ਉਹ ਹਰ ਤਰ੍ਹਾਂ ਦੇ ਦਮਨ ਉਤੇ ਇਤਰਾਜ਼ ਜਤਾਉਂਦੀ ਹੈ ਅਤੇ ਔਰਤ ਦੀ ਆਜ਼ਾਦੀ ਤੇ ਸਵੈ-ਪਛਾਣ ਦੇ ਮਸਲੇ ਨੂੰ ਉਭਾਰਦੀ ਹੈ:

ਫੁੱਲਾਂ ਦਾ ਰੰਗ ਮੈਂ
ਲਹਿਰਾਂ ਦਾ ਰੰਗ ਮੈਂ
ਪੰਛੀਆਂ ਦੀ ਉਡਾਣ ਮੈਂ
ਹਵਾਵਾਂ ਦੀ ਮੌਜ ਮੈਂ।
ਚਿੰਤਾਤੁਰ ਹੋ ਉਨ੍ਹਾਂ
ਇੱਜ਼ਤ ਤੇ ਸ਼ਰਾਫ਼ਤ ਦੀ ਬਰਫ਼ੀ
ਮੈਨੂੰ ਖਾਣ ਨੂੰ ਦਿੱਤੀ
ਮੈਂ ਉਹ ਡੱਬੂ ਕੁੱਤੇ ਨੂੰ ਖੁਆ
ਅਲੋਪ ਹੋ ਗਈ
ਉਹ ਦੰਦ ਪੀਸਦੇ ਰਹਿ ਗਏ [7]

ਪਿੱਤਰਸੱਤਾ ਵਾਲੇ ਇਸ ਸਮਾਜ ਵਿਚ ਮਰਦ ਨੇ ਔਰਤ ਨੂੰ ਵੱਖ-ਵੱਖ ਵਿਸ਼ੇਸ਼ਣਾਂ ਵਿਚ ਬੰਨ੍ਹ ਕੇ ਉਸ ਦੀ ਹੋਂਦ ਅਤੇ ਹਸਤੀ ਨੂੰ ਸੀਮਤ ਤੇ ਹੱਦੋਂ ਵੱਧ ਘਟਾ ਕੇ ਪੇਸ਼ ਕੀਤਾ ਹੈ। ਕਾਵਿ-ਮੈਂ ਇਨ੍ਹਾਂ ਵਿਸ਼ੇਸ਼ਣਾਂ ਪਿੱਛੇ ਲੁਕੀ ਮਰਦ ਰਾਜਨੀਤੀ 'ਤੇ ਕਟਾਖ਼ਸ਼ ਕਰਦੀ ਹੈ ਤੇ ਔਰਤ ਨੂੰ ਇਕ ਪੂਰਨ ਇਨਸਾਨੀ ਰੁਤਬਾ ਹਾਸਲ ਕਰਨ ਲਈ ਹੁਣ ਆਪ ਹਿੰਮਤੀ ਬਣਨ ਦੀ ਪ੍ਰੇਰਨਾ ਦਿੰਦੀ ਹੈ।

ਉਸ ਔਰਤ ਨੂੰ
ਚਿੜੀ, ਵੇਸਵਾ, ਦੇਵੀ, ਗਾਂ ਤੇ ਸੁਲਫ਼ੇ ਦੀ ਲਾਟ ਬਣਾਇਆ
ਹੁਣ ਔਰਤ ਨੇ
ਆਪ ਇਨਸਾਨ ਬਣਨਾ ਹੈ। [8]

ਕੁੜੀ ਨੂੰ ਆਖੋ ਏਨਾ ਤੇਜ਼ ਨਾ ਚੱਲੇ

ਕਿ ਉਹ ਮਰਦ ਤੋਂ ਅੱਗੇ ਲੰਘ ਜਾਵੇ
ਉਹਨੇ ਤਾਂ ਮਰਦ ਦੇ ਪਿੱਛੇ ਤੁਰਨਾ ਏ
ਕੁੜੀ ਨੂੰ ਆਖੋ, ਏਨਾ ਨਾ ਸਿਖੇ-ਸਮਝੇ
ਕਿ ਉਹ ਭਰਾ ਬਰਾਬਰ ਹੋ ਜਾਵੇ
ਫ਼ੇਰ "ਗਿੱਚੀ ਪਿੱਛੇ ਮੱਤ" ਵਾਲੀ ਕੌਣ ਬਣੂੰ?[9]

ਉਸ ਦੀ ਕਵਿਤਾ ਵਿਚਲੀ ਕਾਵਿ-ਮੈਂ ਮਰਦ ਦੀਆਂ ਸਦੀਆਂ ਤੋਂ ਚੱਲੀਆਂ ਆ ਰਹੀਆਂ ਕੁਚਾਲਾਂ ਨੂੰ ਬੇਪਰਦਾ ਕਰਦੀ ਹੈ। ਉਹ ਮਰਦ ਦੇ ਮਨ ਅੰਦਰ ਔਰਤ ਦੀ ਕਿਸੇ ਅਗਿਆਤ ਤਾਕਤ ਪ੍ਰਤੀ ਲੋੜੋਂ ਵੱਧ ਪਏ ਡਰ ਨੂੰ ਵੀ ਉਜਾਗਰ ਕਰਦੀ ਹੈ, ਜਿਸ ਦੀ ਵਜ੍ਹਾ ਨਾਲ਼ ਉਹ ਆਪਣੀ ਨਿਆਂਇਕ ਸੋਚ ਵੀ ਗੁਆ ਬੈਠਾ ਹੈ। ਉਹ ਔਰਤ ਦਾ ਮਨੋਬਲ ਡੇਗਣ ਤੇ ਨਪੀੜਨ ਵਿਚ ਹੀ ਆਪਣੇ ਡਰ ਤੋਂ ਮੁਕਤੀ ਸਮਝ ਕੇ ਔਰਤ ਲਈ ਪਤੀ ਰੂਪੀ ਦੇਵਤਾ ਜਾਂ ਰੱਬ ਹੋਣ ਦਾ ਭਰਮ ਪਾਲ਼ ਲੈਂਦਾ ਹੈ:

ਜੇ ਮੈਂ "ਤ੍ਰਿਆ ਚ੍ਰਿਤਰ" ਨਾਰੀ ਹਾਂ
ਤੇ ਤੂੰ ਸਿੱਧਾ ਸਾਦਾ ਭੋਲਾ ਘੋਗੜ ਬੰਦਾ
ਤਾਂ ਇੰਜ ਕਿਉਂ ਹੋਇਆ ?
ਕਿ ਤੂੰ ਮੇਰਾ ਸਭ ਕੁਝ ਖੋਹ ਲੁੱਟ
ਮੈਨੂੰ ਨਥਾਵੇਂ ਸੁੱਟ
ਖ਼ੁਦ ਰੱਬ ਦੇ ਤਖ਼ਤ 'ਤੇ ਚੜ੍ਹ ਬੈਠਾ ?[10]

ਸ਼ਸ਼ੀ ਸਮੁੰਦਰਾ ਆਪਣੀ ਕਵਿਤਾ 'ਏਨਾ ਹੱਕ ਹੈ ਉਸ ਨੂੰ' ਵਿਚ ਭਾਰਤੀ ਸਮਾਜ ਵਿਚ ਨਾਰੀ ਦੀ ਮੁਕੰਮਲ ਤਸਵੀਰ ਪੇਸ਼ ਕਰਦੀ ਹੈ। ਇਸ ਵਿਚ ਉਸ ਦੁਆਰਾ ਨਿੱਤ ਦਿਨ ਔਰਤ ਨਾਲ ਵਾਪਰਦੀਆਂ ਦੁਸ਼ਵਾਰੀਆਂ, ਉਸ ਦੇ ਸਵੈ-ਮਾਣ ਨੂੰ ਬੁਰੀ ਤਰ੍ਹਾਂ ਖੰਡਿਤ ਕਰਨ ਵਾਲੀਆਂ ਸਮਾਜਿਕ ਤੇ ਸੱਭਿਆਚਾਰਕ ਧਿਰਾਂ ਅਤੇ ਉਸ ਦੀ ਹੋਂਦ ਨੂੰ ਹਰ ਵਰਤਾਰੇ ਲਈ ਮੁਜਰਮਾਂ ਵਾਂਗ ਪ੍ਰਸ਼ਨਚਿੰਨ੍ਹਤ ਕਰਦਾ ਹੋਇਆ ਪਿਤਰਕੀ ਸਮਾਜ, ਔਰਤ ਦਾ ਪੱਖ ਜਿਸ ਤਰ੍ਹਾਂ ਪੂਰਦੇ ਹਨ ਉਸ ਨੂੰ ਬੜੇ ਡੂੰਘੇ ਕਟਾਖ਼ਸ਼ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਕਵਿਤਾ ਰਾਹੀਂ ਔਰਤ ਦੇ ਅੰਤਰਮਨ ਉਤੇ ਮਰਦਾਵੇਂ ਸਮਾਜ ਦੁਆਰਾ ਆਪਣੇ ਕੋਝੇ ਵਿਵਹਾਰ ਰਾਹੀਂ ਪਾਈਆਂ ਡੂੰਘੀਆਂ ਝਰੀਟਾਂ ਦਾ ਬਿਆਨ ਕੀਤਾ ਗਿਆ ਹੈ, ਜਿਵੇਂ ਮਰਦ ਦੁਆਰਾ ਦਿੱਤੇ ਅਣਗਿਣਤ ਹੱਕ ਜਿਵੇਂ ਰਾਹ ਚਲਦੀ ਔਰਤ ਨਾਲ ਮਰਦ ਦੁਆਰਾ ਸਰੀਰਕ ਛੇੜਖਾਨੀਆਂ ਕਰਕੇ ਉਸ ਨੂੰ ਅਪਮਾਨਿਤ ਕਰਨ ਦੇ ਬਾਵਜੂਦ ਕੋਈ ਵਿਰੋਧ ਜਾਂ ਸ਼ਿਕਾਇਤ ਨਾ ਕਰਨ ਬਾਰੇ, ਅੱਖਾਂ ਝੁਕਾ ਕੇ ਰੱਖਣ ਵਾਲੀ ਇਕ ਸਾਊ ਬੀਵੀ ਬਣ ਕੇ ਰਹਿਣ ਬਾਰੇ, ਪਿਓ ਦੀ ਜਾਇਦਾਦ ਵਿਚ ਭਰਾਵਾਂ ਤੋਂ ਹਿੱਸਾ ਮੰਗਣ ਦੀ ਜੁੱਰਅਤ ਨਾ ਕਰਨ ਬਾਰੇ, ਧੀ ਨੂੰ ਜਨਮ ਦੇਣ ਦਾ ਦੋਸ਼ ਕਬੂਲਣ ਤੇ ਪੁੱਤਰ ਜੰਮਣ ਦਾ ਵਾਦਾ ਕਰਨ ਬਾਰੇ, ਪਤੀ ਦੀ ਕੁੱਟ ਚੁੱਪ-ਚਾਪ ਸਹਿ ਕੇ ਕੋਈ ਸ਼ਿਕਾਇਤ ਨਾ ਕਰਨ ਬਾਰੇ ,ਪੁੱਛਣ 'ਤੇ ਮੁੱਕਰ ਜਾਣ ਬਾਰੇ ਆਦਿ। ਇਸ ਤਰ੍ਹਾਂ ਇਕ ਸਾਊ ਬੀਵੀ ਬਣਨ ਦਾ ਹੱਕ ਵੀ ਦਿੱਤਾ ਗਿਆ ਹੈ, ਏਨੇ ਹੱਕ ਮਿਲਣ 'ਤੇ ਵੀ ਜੇ

ਉਹ ਨਾਖੁਸ ਹੈ ਤਾਂ ਯਕੀਨਨ ਉਹ ਮੂਰਖ ਹੈ। ਔਰਤ ਦੇ ਦਮਨ ਲਈ ਕੋਈ ਗ਼ੈਰ ਧਿਰ ਨਹੀਂ ਬਲਕਿ ਉਸ ਨਾਲ ਮੋਹ ਜਿਤਾਉਣ ਵਾਲੀ ਉਸ ਦੀ ਆਪਣੀ ਪਰਿਵਾਰਕ ਅਤੇ ਸਮਾਜਿਕ ਸੰਸਥਾ ਜ਼ਿੰਮੇਵਾਰ ਹੈ। ਇਸ ਸੰਸਥਾ ਨਾਲ ਜੂਝਣ ਲਈ ਭਾਰਤੀ ਔਰਤ ਹਾਲੇ ਤੱਕ ਮਾਨਸਿਕ ਸ਼ਕਤੀ ਨਹੀਂ ਜੁਟਾ ਸਕੀ ਤੇ ਉਸ ਕੋਲ ਗੋਡੇ ਟੇਕਣ ਤੋਂ ਬਿਨਾ ਕੋਈ ਰਾਹ ਬਾਕੀ ਨਹੀਂ। ਇਸ ਸਥਿਤੀ ਨੂੰ ਉਸ ਦੀ ਹੋਣੀ/ਤ੍ਰਾਸਦੀ ਕਹਿ ਕੇ ਸਬਰ ਕਰ ਲਿਆ ਜਾਂਦਾ ਹੈ। ਇਸੇ ਲਈ ਉਸ ਦੇ ਵਿਰੋਧ ਦੀ ਸੁਰ ਕਾਫ਼ੀ ਨੀਵੀਂ ਰਹੀ ਹੈ।

ਏਨਾ ਹੱਕ ਹੈ ਉਹਨੂੰ ਕਿ
ਜਦ ਕੋਈ ਛਾਤੀ 'ਤੇ ਧੱਫਾ ਮਾਰੇ
ਤਾਂ ਮੂੰਹ ਦੂਜੇ ਪਾਸੇ ਕਰ ਲਵੇ
ਤੇ ਸ਼ੁਕਰ ਕਰੇ ਕਿਸੇ ਉਹਨੂੰ ਪਛਾਣਿਆ ਨਾ!
ਏਨਾ ਹੱਕ ਹੈ ਉਹਨੂੰ ਕਿ
ਜਦ ਕੋਈ ਕੂਹਣੀ ਮਾਰੇ ਜਾਂ, ਚੂੰਢੀ ਵੱਢੇ
ਤਾਂ ਚੁੱਪਚਾਪ ਸਹਿ ਲਵੇ ਕਿਉਂਕਿ,
"ਚੁੱਪ ਰਹਿਣ 'ਚ ਹੀ ਇੱਜ਼ਤ ਹੁੰਦੀ ਹੈ!"

---

---

---

ਏਨਾ ਹੱਕ ਹੈ ਉਹਨੂੰ ਕਿ ਧੀ ਜੰਮਣ 'ਤੇ
ਆਪਣਾ ਦੋਸ਼ ਕਬੂਲ ਕਰੇ
ਤੇ ਮੁੰਡਾ ਜੰਮਣ ਦਾ ਵਾਇਦਾ ਕਰੇ।
ਏਨਾ ਹੱਕ ਹੈ ਉਹਨੂੰ ਕਿ ਖਾਵੰਦ ਹੱਥੋਂ ਮਾਰ ਖਾ ਕੇ
ਹਾਏ ਨਾ ਆਖੇ, ਹੰਝੂ ਪੀ ਜਾਵੇ
ਤੇ ਪੁੱਛਣ 'ਤੇ ਵੀ ਮੁੱਕਰ ਜਾਵੇ ਕਿਉਂਕਿ,
ਇਹ ਇਕ "ਚੰਗੀ ਔਰਤ" ਦੀ ਨਿਸ਼ਾਨੀ ਹੈ।
ਏਨੇ ਹੱਕ ਮਿਲਣ 'ਤੇ ਵੀ ਜੇ ਨਾ-ਖੁਸ਼ ਹੈ ਉਹ
ਤਾਂ ਯਕੀਨਨ ਬੜੀ ਮੂਰਖ ਹੈ ਉਹ।[11]

ਸ਼ਸ਼ੀ ਸਮੁੰਦਰਾ ਨਾਰੀ ਵਿਚ ਚੇਤਨਾ ਦੀ ਘਾਟ ਨੂੰ ਉਸ ਦੇ ਸ਼ੋਸ਼ਣ ਦਾ ਮੁੱਖ ਕਾਰਨ ਮੰਨਦੀ ਹੈ। ਉਸ ਦੀਆਂ ਕਵਿਤਾਵਾਂ ਚੋਂ ਇਹ ਮਤ ਉੱਭਰਦਾ ਹੈ ਕਿ ਜਦ ਤਕ ਔਰਤ ਇਸ ਮਰਦ ਸਮਾਜ ਦੀ ਰਾਜਨੀਤੀ ਦੀਆਂ ਗੁੱਝੀਆਂ ਚਾਲਾਂ ਨੂੰ ਨਹੀਂ ਸਮਝਦੀ, ਤੇ ਆਪਣੀ ਘਟਾ ਕੇ ਦਰਸਾਈ

ਸਥਿਤੀ ਨੂੰ ਤਰਕ ਨਾਲ ਪ੍ਰਸ਼ਨਚਿੰਨਤ ਨਹੀਂ ਕਰਦੀ, ਉਹ ਮੁਕਤ ਨਹੀਂ ਹੋ ਸਕਦੀ। ਉਸ ਨੂੰ ਆਪਣੇ ਸਮਾਜ ਦੀ ਹਰ ਗਤੀਵਿਧੀ ਵਿਚ ਤੈਅ ਕੀਤੀ ਗਈ ਆਪਣੀ ਭੂਮਿਕਾ ਪਿਛੇ ਲੁਕੀ ਅਗਿਆਤ ਸਿਆਸਤ ਨੂੰ ਆਪਣੇ ਸਵਾਲਾਂ ਨਾਲ ਸਾਹਮਣੇ ਲਿਆਉਣਾ ਪਵੇਗਾ:

ਇਕ ਖੁਸਰਾ
ਇਕ ਮੁੰਡੇ ਨੂੰ ਲੋਰੀ ਦਿੰਦਾ
ਨੱਚ ਰਿਹਾ ਏ,ਗਾ ਰਿਹਾ ਏ
ਘੇਰੇ 'ਚ ਖਲੋਤੀ ਇਕ ਕੁੜੀ
ਇਹ ਸਭ ਵੇਂਹਦੀ,ਹੱਸ ਰਹੀ ਏ।
ਅਨਿਆਂ ਸਹਿੰਦੀ ਵੀ ਉਹ ਇਹਦਾ
ਹਾਲੇ ਮਤਲਬ ਨਹੀਂ ਸਮਝੀ।
ਤੇ ਜਦ ਸਮਝੇਗੀ ਤਾਂ ਜਾਂ ਤਾਂ
ਕਿਸਮਤ ਨਾਲ ਸਮਝੌਤਾ ਕਰਦੀ
ਆਪਣਾ ਹੀਣਾ ਹੋਣਾ ਮੰਨ ਲਏਗੀ
ਤੇ ਜਾਂ,ਗੁੱਸਾ ਖਾ ਕੇ
ਹਰ ਕੁੜੀ ਤੇ ਔਰਤ 'ਤੇ
ਹੁੰਦੇ ਜ਼ੁਲਮ ਦਾ ਗਲਾ ਘੋਟਣ ਦੀ
ਤਜ਼ਵੀਜ ਕਰੇਗੀ। [12]

ਸ਼ਸ਼ੀ ਸਮੁੰਦਰਾ ਮਿੱਥਾਂ ਵਿਚ ਪੇਸ਼ ਨਾਰੀ ਨੂੰ ਵੀ ਨਵੀਂ ਭਾਸ਼ਾ ਰਾਹੀਂ ਪੇਸ਼ ਕਰਦੀ ਹੈ। ਉਹ ਮਿੱਥਾਂ ਦੀ ਤੁਲਨਾ ਸਮਕਾਲ ਨਾਲ ਕਰਕੇ, ਇਸਨੂੰ ਪੁਨਰ-ਪੜ੍ਹਤ ਰਾਹੀਂ ਪੇਸ਼ ਕਰਦੀ ਹੋਈ ਔਰਤ ਪ੍ਰਤੀ ਮਰਦਾਵੇਂ ਸਮਾਜ ਦੇ ਦੁਵੱਲੇ ਰਵੱਈਏ ਨੂੰ ਪ੍ਰਸ਼ਨ-ਚਿੰਨ੍ਹਤ ਕਰਦੀ ਹੈ। ਉਸ ਦਾ ਮਤ ਹੈ ਕਿ ਮਿਥਿਹਾਸ ਵਿਚ ਔਰਤ ਦੇ ਜਿਸ ਕਾਰਜ ਨੂੰ ਪੂਜਨੀਕ ਕਿਹਾ ਗਿਆ ਹੈ, ਵਿਵਹਾਰਕ ਸਮਕਾਲ ਵਿਚ ਔਰਤ ਦੇ ਉਸੇ ਤਰ੍ਹਾਂ ਦੇ ਕਾਰਜ ਪ੍ਰਤੀ ਮਰਦਾਵੇਂ ਸਮਾਜ ਦਾ ਨਜ਼ਰੀਆ ਨਿਮਨ ਤੇ ਨਾਰੀ ਵਿਰੋਧੀ ਹੋ ਨਿਬੜਦਾ ਹੈ:

ਬਹੁਤ ਸਮਝਾਇਆ ਸੀ ਮਾਪਿਆਂ
ਪਰ ਜ਼ਿਦ ਕੀਤੀ ਸੀ ਗੌਰਾਂ
ਜਟਾਂ ਧਾਰੀ
ਨਾਗ ਧਾਰੀ
ਸਾਨ੍ਹ ਸਵਾਰ
ਭੰਗੀ ਸਾਧ ਨੂੰ ਵਿਆਹੁਣ ਦੀ।

ਬਹੁਤ ਸਮਝਾਇਆ ਸੀ ਮਾਪਿਆਂ
ਪਰ ਜ਼ਿਦ ਕੀਤੀ ਸੀ ਤਾਰਾਂ
ਮਜ਼ਦੂਰੀ ਕਰਦੇ
ਸਾਦੀ ਜਿਹੀ ਜ਼ਿੰਦਗੀ ਜਿਊਂਦੇ
ਸਾਇਕਲ ਸਵਾਰ
ਇਕ ਆਦਮੀ ਨੂੰ ਵਿਆਹੁਣ ਦੀ।
ਵਿਆਹੁਤਾ ਹੋ ਕੇ
ਪੂਜਨੀਕ ਪਾਰਵਤੀ ਬਣ ਜਾਂਦੀ ਹੈ ਗੌਰਾਂ
ਵਿਆਹੁਤਾ ਹੋ ਕੇ
ਬਦਚਲਨ ਤੇ ਮੂਰਖ ਬਣ ਜਾਂਦੀ ਹੈ ਤਾਰਾਂ।[13]

ਮਰਦਾਵੀਂ ਸੱਤਾ ਵਾਲੇ ਇਸ ਸਮਾਜ ਵਿਚ ਔਰਤ ਨੂੰ ਮਰਿਆਦਾਵਾਂ ਦੀਆਂ ਕੰਧਾਂ ਵਿਚ ਜਕੜ ਕੇ ਰੱਖਣ ਵਿਚ ਮਰਦ ਸਮਾਜ ਦੀ ਦੁਚਿੱਤੀ ਨਜ਼ਰ ਆਉਂਦੀ ਹੈ।ਜੇ ਇਕ ਪਾਸੇ ਵਲਗਣਾਂ ਵਿਚ ਰੱਖ ਕੇ ਔਰਤ ਲਈ ਸੁਰੱਖਿਅਤ ਹੋਣ ਦਾ ਭਰਮ ਸਿਰਜਿਆ ਗਿਆ ਹੈ ਤਾਂ ਦੂਜੇ ਪਾਸੇ ਮਰਦ ਹੀ ਉਸ ਨੂੰ ਉਨ੍ਹਾਂ ਵਲਗਣਾਂ ਨੂੰ ਤੋੜਨ ਦੀ ਪ੍ਰੇਰਨਾ ਵੀ ਦਿੰਦਾ ਹੈ।ਉਸ ਦੀ ਕਵਿਤਾ ਮੱਤ ਸਿਰਜਦੀ ਹੈ ਕਿ ਜੇ ਮਰਿਆਦਾਵਾਂ ਨੂੰ ਇਸ ਤਰ੍ਹਾਂ ਹੀ ਭੰਗ ਕਰਨ ਲਈ ਘੜਿਆ ਗਿਆ ਹੈ ਤਾਂ ਜ਼ਰੂਰ ਹੀ ਮਰਿਆਦਾਵਾਂ ਕੁਝ ਹੋਰ ਤਰ੍ਹਾਂ ਦੀਆਂ ਹੋਣੀਆਂ ਚਾਹੀਦੀਆਂ ਸਨ ਜਿਨ੍ਹਾਂ ਨੂੰ ਤੋੜਨ ਦੀ ਜ਼ਰੂਰਤ ਹੀ ਨਾ ਪੈਂਦੀ:

ਮੈਂ ਮਰਿਆਦਾ ਸੰਗ ਬੰਨ੍ਹੀ ਹੋਈ
ਖੇੜਿਆਂ ਨਾਲ ਪਰੁੰਨੀ ਹੋਈ
ਕੰਧਾਂ ਓਹਲੇ ਡੱਕੀ ਹੋਈ
ਤੂੰ ਇਸ ਮਰਿਆਦਾ ਨੂੰ ਸੰਨ੍ਹ ਲਾ ਗਿਆਂ
ਜੋਗੀਆ ਵੇ ਜੋਗੀਆ... [14]

ਜੂਡੀਥ ਬਟਲਰ ਦਾ ਆਪਣੀ ਪੁਸਤਕ 'ਜੈਂਡਰ ਟ੍ਰਬਲ' ਵਿਚ ਇਕ ਕਥਨ ਦਰਜ ਹੈ ਜਿਸ ਅਨੁਸਾਰ ਇਹ ਤੱਥ ਉਭਰਦਾ ਹੈ ਕਿ ਸਮਾਜ ਵਿਚ ਕਿਸੇ ਸਰੀਰ ਨੂੰ ਭੂਮਿਕਾ ਨਿਭਾਉਣ ਦਾ ਇਸ਼ਾਰਾ ਮਾਤਰ ਹੀ ਕੀਤਾ ਜਾਂਦਾ ਹੈ ਤੇ ਉਹ ਇਕ ਕਠੋਰ ਪ੍ਰਚਲਿਤ ਢਾਂਚੇ ਵਿਚ ਬੱਝ ਕੇ ਆਪਣੀ ਪਛਾਣ ਬਣਾਉਂਦਾ ਅਤੇ ਨਿਭਾਉਂਦਾ ਹੈ। ਸੋ ਅਸੀਂ ਸਿਰਫ਼ ਕਿਸੇ ਇਕ ਜੈਂਡਰ ਨਾਲ ਸੰਬੰਧਿਤ ਹੋਣ ਦੀ ਸਦੀਆਂ ਤੋਂ ਚੱਲੀ ਆ ਰਹੀ ਅਦਾਕਾਰੀ ਕਰਦੇ ਹਾਂ, ਇਸੇ ਅਦਾਕਾਰੀ ਦੇ ਤਹਿਤ ਸਾਡੀਆਂ ਪਛਾਣਾਂ ਨਿਰਧਾਰਤ ਹੁੰਦੀਆਂ ਹਨ ਕਿ ਅਸੀਂ ਕਿਸ ਜੈਂਡਰ ਨੂੰ ਪੇਸ਼ ਕਰ ਰਹੇ ਹਾਂ। ਜੂਡੀਥ ਬਟਲਰ ਜੈਂਡਰ ਨੂੰ ਸਥਿਰ ਵਿਸ਼ੇਸ਼ਤਾ ਦੀ ਥਾਂ ਤਰਲ ਵਿਸ਼ੇਸ਼ਤਾ ਮੰਨਦੀ ਹੈ ਜੋ ਵੱਖ ਵੱਖ ਸਮਿਆਂ 'ਤੇ ਇਕ ਦੂਜੇ ਦੀ ਥਾਂ ਲੈ ਲੈਂਦੇ ਹਨ। ਇਸੇ ਲਈ ਉਹ ਇਸ ਪ੍ਰਬੰਧ ਨੂੰ ਵਿਰਚਨ ਦੀ ਗੱਲ ਕਰਕੇ ਔਰਤ

ਨੂੰ ਨਵੇਂ ਸੁਝਾਵਾਂ ਤੇ ਨਵੇਂ ਤਰੀਕਿਆਂ ਨਾਲ ਆਪਣੀ ਪਛਾਣ ਆਪਣੇ ਅਨੁਸਾਰ ਬਣਾਉਣ ਦੀ ਸਲਾਹ ਦਿੰਦੀ ਹੈ। ਅਜਿਹੀ ਬਣੀ ਬਣਾਈ ਸਥਾਪਤ ਪਛਾਣ ਤੋਂ ਇਸ ਕਾਵਿ ਵਿਚਲੀ ਕਾਵਿ-ਮੈਂ ਇਨਕਾਰੀ ਹੈ। ਉਹ ਅਜਿਹੇ ਬਹੁਤ ਸਾਰੇ ਤਜਰਬਿਆਂ ਵਿਚੋਂ ਗੁਜ਼ਰਦੀ ਹੈ, ਜਦੋਂ ਉਹ ਮਹਿਸੂਸ ਕਰਦੀ ਹੈ ਕਿ ਉਹ ਕਿਸੇ ਇਕ ਸਥਾਪਿਤ ਜੈਂਡਰ ਜਾਂ ਨਸਲ ਦੀ ਪਛਾਣ ਨੂੰ ਪੇਸ਼ ਨਹੀਂ ਕਰ ਰਹੀ ਬਲਕਿ ਉਹ ਖ਼ੁਦ ਨੂੰ ਇਸ ਕੁਦਰਤ ਦਾ ਸਾਂਝਾ ਹਿੱਸਾ ਮੰਨਦੀ ਹੈ:

ਮਸਾਂ ਪੰਜ ਕੁ ਫੁੱਟ ਹੈ ਕੱਦ ਮੇਰਾ
ਤੇ ਇਹ ਆਲੂਬੁਖ਼ਾਰੇ ਦਾ ਬੂਟਾ
ਹੈ ਮੈਥੋਂ ਤਿੱਗਣਾ।
ਸਾਡੀਆਂ ਸ਼ਕਲਾਂ ਹੋਰ
ਆਕਾਰ ਹੋਰ
ਨਸਲਾਂ ਹੋਰ।
ਇਕ ਮਿੱਟੀ ਦੀ ਚੁਟਕੀ ਚੁੱਕ ਸੋਚਦੀ ਹਾਂ:
ਸਾਡੀ ਇਕੋ ਮਾਂ ਹੈ
ਇਕੋ ਹੋਂਦ
ਤੇ ਸਾਂਝੀਆਂ ਲੋੜਾਂ...
ਕੀ ਭਰਮ ਨਹੀਂ ਇਹ ਆਕਾਰ
ਸ਼ਕਲਾਂ ਤੇ ਨਸਲਾਂ ਦਾ? [15]

ਮਰਦਾਵੇਂ ਨੈਤਿਕ ਵਿਧਾਨ ਵਾਲੇ ਸਮਾਜ ਵਿਚ ਮਰਦ ਹੀ ਔਰਤ ਨੂੰ ਭਾਸ਼ਾ ਅਤੇ ਵਿਵਹਾਰ ਰਾਹੀਂ ਪਰਿਭਾਸ਼ਤ ਕਰਨ ਦਾ ਅਭਿਆਸੀ ਰਿਹਾ ਹੈ। ਸਦੀਆਂ ਤੋਂ ਮਰਦਾਵੇਂ ਸਮਾਜ ਦੁਆਰਾ ਔਰਤ ਦੀ ਹੋਂਦ ਨੂੰ ਆਪਣੇ ਹਿੱਤਾਂ ਅਨੁਸਾਰ ਕੁਝ ਵਿਸ਼ੇਸ਼ ਨਿਯਮਾਂ ਦੇ ਅੰਤਰਗਤ ਸਾਂਚੇ ਵਿਚ ਢਾਲਣ ਦੀ ਸਿਆਸਤ ਰਚੀ ਗਈ ਹੈ। ਭਾਸ਼ਾ ਦੀ ਇਸ ਸਿਆਸਤ ਤਹਿਤ ਕੁਦਰਤ ਤੇ ਮਨੁੱਖ ਵਿਚ ਵੀ ਵੰਡੀਆਂ ਤੇ ਵਿਤਕਰੇ ਪਾਏ ਗਏ ਹਨ। ਸ਼ਸ਼ੀ ਸਮੁੰਦਰਾ ਦੀ ਕਵਿਤਾ ਵਿਚਲੀ ਕਾਵਿ-ਮੈਂ, ਭਾਸ਼ਾ ਜ਼ਰੀਏ ਸਥਾਪਤ ਇਹਨਾਂ ਪਛਾਣਾਂ ਨੂੰ, ਆਪਣੀ ਹੋਂਦ-ਮੂਲਕ ਸਵੈ ਦੀ ਸੋਝੀ ਵਿਚ ਰੁਕਾਵਟ ਸਮਝਦੀ ਹੈ। ਆਪਣੀ ਹੋਂਦ ਨੂੰ ਮਰਦਾਵੀਂ ਭਾਸ਼ਾ ਰਾਹੀਂ ਹੀ ਸਮਝਣ ਦਾ ਅਭਿਆਸ ਰਿਹਾ ਹੋਣ ਕਾਰਨ ਕਾਵਿ-ਮੈਂ ਦਾ ਅਵਚੇਤਨ ਕਿਸੇ ਨਵੇਂ ਜ਼ਰੀਏ ਦੀ ਭਾਲ਼ ਵਿਚ ਉਲਝਿਆ ਹੋਇਆ ਦਿਖਾਈ ਦਿੰਦਾ ਹੈ ਤੇ ਆਪਣੇ ਸਵੈ ਨੂੰ ਨਵੀਂ ਭਾਸ਼ਾ ਰਾਹੀਂ ਪਰਿਭਾਸ਼ਤ ਕਰਨ ਦੀ ਇੱਛਾ ਵੱਲ ਇਸ਼ਾਰਾ ਕਰ ਰਿਹਾ ਹੈ:

ਤੇ ਕੌਣ ਹਾਂ ਮੈਂ ?
ਇਹ ਜੋ ਲੇਬਲ ਹੈ ਦੇਸ਼, ਪ੍ਰਾਂਤ ਤੇ ਜੈਂਡਰ ਦਾ
ਕੀ ਅਜਿਹਾ ਹੀ ਲੇਬਲ ਕਿਤੇ ਪਹਿਲਾਂ ਵੀ ਸੀ ?

ਓਹੋ !ਇਹ ਮੈਂ ਕਿਹੜੇ ਵਹਿਣਾਂ ਵਿਚ ਵਹਿ ਗਈ ਹਾਂ ?
ਤੇ ਜਿੰਨਾ ਸੋਚਾਂ, ਓਨਾ ਹੀ ਉਲਝਦੀ ਹਾਂ।
ਕਿੰਨਾ ਸੌਖਾ ਹੈ ਹੋਰ ਚੀਜ਼ਾਂ ਬਾਰੇ ਸੋਚਣਾ :
ਡੱਡੂ, ਕੁੱਤੇ, ਕਾਂ, ਵਿਓਪਾਰ,
ਪਲੇਟੋ ਤੇ ਸ਼ੌਪਨਹਾਰ
ਪਰ ਆਪਣੇ ਬਾਰੇ ਸੋਚਦਿਆਂ
ਕਿੰਨਾ ਉਲਝ ਗਈ ਹਾਂ ਮੈਂ
ਜੇ ਮੈਨੂੰ ਆਪਣੇ ਬਾਰੇ ਹੀ ਪਤਾ ਨਹੀਂ
ਤਾਂ ਦੂਜਿਆਂ ਬਾਰੇ ਕੀ ਜਾਣਾ ? ਕੀ ਕਹਾਂ ?[16]

ਸ਼ਸ਼ੀ ਸਮੁੰਦਰਾ ਦੀ ਕਵਿਤਾ ਔਰਤ ਦੇ ਅਵਚੇਤਨ ਵਿਚ ਪਈਆਂ ਕੁਦਰਤੀ ਬਿਰਤੀਆਂ ਅਤੇ ਬਾਹਰੀ ਸਮਾਜਿਕ ਮਰਿਆਦਾਵਾਂ ਵਿਚਕਾਰ ਪੈਦਾ ਹੋਏ ਤਣਾਓ ਨੂੰ ਉਭਾਰਦੀ ਹੈ। ਇਕ ਕੁੜੀ ਦੇ ਅਵਚੇਤਨ ਵਿਚ ਆਪਣੇ ਜੀਵਨ ਨੂੰ ਕੁਦਰਤੀ ਆਜ਼ਾਦੀ ਨਾਲ ਮਾਣਨ ਦੀ ਇੱਛਾ ਦੀ ਤਹਿ ਥੱਲੇ, ਸਮਾਜਿਕ ਮਰਿਆਦਾਵਾਂ ਭੰਗ ਕਰਨ ਕਾਰਨ ਵਿਕਸਤ ਹੋਏ ਅਪਰਾਧ ਬੋਧ ਦੇ ਭਾਰੂ ਹੋ ਜਾਣ ਕਾਰਨ, ਪੀੜਾ ਵੀ ਮੌਜੂਦ ਰਹਿੰਦੀ ਹੈ। ਉਸ ਦੇ ਕੁਦਰਤੀ ਵਿਵਹਾਰ ਨੂੰ ਭੰਡ ਕੇ ਇਹ ਸਮਾਜ ਉਸ ਦੇ ਸਵੈਮਾਣ ਅਤੇ ਮਨੋਬਲ ਨੂੰ ਕਦੋਂ ਕੁਚਲ ਦਏਗਾ, ਇਸ ਦਾ ਉਸ ਨੂੰ ਚਿੱਤ-ਚੇਤਾ ਵੀ ਨਹੀਂ ਹੁੰਦਾ। ਸਮਾਜਿਕ ਮਰਿਆਦਾਵਾਂ ਦੇ ਉਲਟ ਹੋਣ ਕਾਰਨ, ਇਕ ਔਰਤ ਦੇ ਰੋਮਾਂਸ ਵਿਚ ਵਿਚਰਨ ਦੀ ਅਜਿਹੀ ਆਜ਼ਾਦੀ ਸਮਾਜ ਨੂੰ ਪ੍ਰਵਾਨ ਨਹੀਂ, ਇਥੋਂ ਤੱਕ ਕਿ ਕਈ ਤਰ੍ਹਾਂ ਦੀ ਭੱਦੀ ਭਾਸ਼ਾ ਦੀ ਵਰਤੋਂ ਕਰਕੇ ਉਸ ਨੂੰ ਸ਼ਰਮਿੰਦਗੀ ਦੇ ਅਹਿਸਾਸ ਨਾਲ ਭਰ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਇਸ ਤਰ੍ਹਾਂ ਕੁਦਰਤੀ ਇੱਛਾਵਾਂ ਦੇ ਰਾਹ ਵਿਚ ਰੁਕਾਵਟ ਪੈਦਾ ਹੋਣ ਕਾਰਨ ਉਹ ਦੁਚਿੱਤੀ ਵਿਚ ਪੀੜ ਤੇ ਪਰੇਸ਼ਾਨੀ ਹੰਢਾਉਂਦੀ ਹੈ:

ਸਿਨਮੇ ਵਿਚ, ਮਹਿਬੂਬ ਸੰਗ ਬੈਠੀ ਮੀਤਾ
ਸ਼ਮੀਂ ਤੇ ਸ਼ਰਮੀਲਾ ਦੀ ਜੋੜੀ ਬਣ
ਕਸ਼ਮੀਰ ਵਿਚ ਰੋਮਾਂਸ ਰਚਾ
ਜਦ ਬਾਹਰ ਆਉਂਦੀ ਹੈ
ਤਾਂ ਅਸਲੀਅਤ ਦੇ ਅਹਿਸਾਸ ਨਾਲ
ਮਨ ਡੁੱਬਦਾ ਹੈ
ਸਾਇਕਲ 'ਤੇ ਸਵਾਰ, ਵਾਹੋਦਾਹੀ ਉਹ ਘਰ ਪੁੱਜਦੀ ਹੈ।[17]

ਦੁਪਹਿਰ ਤਕ ਫੜ ਹੋ ਜਾਂਦੀ ਸੀ
ਓਹਦੀ ਸ਼ੀਸ਼ਾ ਦੇਖਣ ਦੀ ਚੋਰੀ-ਯਾਰੀ

ਤੇ ਹੁੰਦੀ ਫ਼ਿਰ ਫ਼ਿਟਕਾਰਾਂ ਦੀ ਬਾਰਿਸ਼ ਭਾਰੀ:
...'ਆਹ ਚੰਗੀਆਂ ਕੁੜੀਆਂ ਦੇ ਲੱਛਣ ਨਹੀਂ ਹੁੰਦੇ।'
...'ਸ਼ੀਸ਼ਾ ਦੇਖਣ ਤੋਂ ਸਿਵਾ ਤੈਨੂੰ ਹੋਰ ਕੋਈ ਕੰਮ ਨਹੀਂ?'
...'ਕੱਲ੍ਹ ਵਾਲੀ ਹੀ ਸ਼ਕਲ ਹੈ, ਬਦਲੀ ਤਾਂ ਨਹੀਂ ।'
...'ਕੀਹਨੂੰ ਦਿਖੌਨੀਆਂ ਬਣ ਬਣ ਕੇ ਤੂੰ ?'
...'ਤੂੰ ਤਾਂ ਕਿਸੇ ਜਨਮ ਦੀ ਕੰਜਰੀ ਹੈਂ!'
...'ਹੁਣ ਰੱਖ ਦੇ ਸ਼ੀਸ਼ਾ, ਬਥੇਰਿਆਂ ਨੂੰ ਚੰਗੀ ਲਗ ਗਈ ਹੈਂ!'
ਸ਼ਬਦਾਂ ਦੇ ਬਾਣ ਤੇ ਅਪਮਾਨ ਸਹਿੰਦੀ
ਭੱਜ ਕੇ ਓਹ ਕਮਰੇ ਵਿਚ ਜਾਂਦੀ
ਤੇ ਹੰਝੂਆਂ ਵਿਚ ਡੁੱਬ ਡੁੱਬ ਕੇ ਰੋਂਦੀ
ਲਹਿ ਜਾਂਦੇ ਸੀ ਸਭ ਕੱਜਲ ਤੇ ਕਰੀਮਾਂ
ਸੁਰਖੀ, ਲਾਲੀ ਤੇ ਰੀਝਾਂ
ਤੇ ਮੂਧੇ ਮੂੰਹ ਜ਼ਮੀਨ 'ਤੇ ਡਿੱਗੀ
ਘੰਟਿਆਂ ਬੱਧੀ ਸੀ ਰੋਂਦੀ ਰਹਿੰਦੀ
ਖ਼ਰਾਬ ਕੁੜੀ!!! [18]

ਸ਼ਸ਼ੀ ਸਮੁੰਦਰਾ ਦੀਆਂ ਕਵਿਤਾਵਾਂ ਵਿਚ ਮਾਂ-ਧੀ ਦਾ ਰਿਸ਼ਤਾ ਤਣਾਓਗ੍ਰਸਤ ਹੈ। ਕਾਵਿ-ਮੈਂ ਨੂੰ ਆਪਣੀ ਮਾਂ ਦਾ ਬਹੁਤ ਵਿਰੋਧ ਝੱਲਣਾ ਪਿਆ। ਉਸ ਨੂੰ ਮਾਂ ਦੀ ਉਹ ਮਮਤਾ ਨਸੀਬ ਨਹੀਂ ਹੋਈ ਜਿਸ ਦੀ ਹੱਕਦਾਰ ਹਰ ਧੀ ਹੁੰਦੀ ਹੈ ਕਿਉਂਕਿ ਮਾਂ ਪਿਤਰਕੀ ਪ੍ਰਬੰਧ ਦੀ ਇਕ ਧਿਰ ਵੀ ਹੈ, ਇਕ ਧੀ ਨੂੰ ਪਿਤਰਕੀ ਅਸੂਲਾਂ ਦਾ ਸਬਕ ਪੜ੍ਹਾਉਣ ਦੀ ਮਾਂ ਦੀ ਹੀ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ। ਇਸੇ ਲਈ ਮਾਂ ਧੀ ਉਤੇ ਹਰ ਵੇਲੇ ਅੱਖ ਰੱਖਦੀ ਹੈ ਤੇ ਸਮਾਜਕ ਮਰਿਆਦਾ ਤੋਂ ਬਾਹਰ ਹੋ ਕੇ ਮਨਮਾਨੀਆਂ ਕਰਨ ਤੋਂ ਰੋਕਦੀ ਹੈ। ਮਾਂ ਦਾ ਧੀ ਪ੍ਰਤੀ ਸਖ਼ਤੀ ਵਾਲਾ ਰਵੱਈਆ ਉਨ੍ਹਾਂ ਦੇ ਨਿੱਘੇ ਰਿਸ਼ਤੇ ਦੀ ਮਹਿਕ ਨੂੰ ਘਟਾਉਂਦਾ ਹੈ। ਇਸ ਰਿਸ਼ਤੇ ਦੀ ਮਿਠਾਸ ਘਟਣ ਨਾਲ ਧੀ ਦੀ ਆਤਮਾ ਕੁਰਲਾਉਂਦੀ ਹੈ ਕਿਉਂਕਿ ਉਸ ਦੇ ਹੱਕ ਵਿਚ ਖੜ੍ਹਾ ਹੋਣ ਵਾਲਾ ਕੋਈ ਨਹੀਂ ਬਚਦਾ। ਜਿਸ ਨਾਲ ਉਸ ਦੇ ਕੁਦਰਤੀ ਵਿਕਾਸ ਵਿਚ ਵਿਗਾੜ ਪੈਂਦਾ ਹੈ ਤੇ ਉਹ ਹਮੇਸ਼ਾ ਲਈ ਹੀਣ-ਭਾਵਨਾ ਦੀ ਸ਼ਿਕਾਰ ਹੋਈ ਰਹਿੰਦੀ ਹੈ;

ਸਵੇਰ ਤੋਂ ਸ਼ਾਮ ਕੱਤਦੀ ਹੈ ਚਰਖਾ ਮਾਂ
ਫ਼ਿਕਰਾਂ ਦਾ, ਡਰ ਦਾ, ਤੇ ਲਾਚਾਰੀ ਦਾ।
ਸੋਚਦੀ ਹੈ ਮਾਂ; ਇਹ ਕੇਹੀ ਜਾਦੂਗਰਨੀ ਧੀ ਹੈ ਉਹਦੀ
ਜੋ ਦਿਨ-ਦਿਹਾੜੇ ਲਾ ਲੈਂਦੀ ਹੈ ਕੰਧਾਂ ਨੂੰ ਸੰਨ੍ਹਾਂ

ਤੇ ਬੰਦ ਬਾਰੀਆਂ ਨੂੰ ਅੱਖਾਂ [19]

ਘੁੱਪ ਹਨੇਰੀ ਰਾਤ ਹੈ
ਮੈਂ ਤੇਰੇ ਨਾਲ ਲੱਗ ਕੇ ਸੁੱਤੀ ਹਾਂ
ਇਕ ਚੁੜੇਲ,ਮੇਰੀ ਮਾਂ ਨੂੰ ਮੈਥੋਂ ਖੋਹ ਲੈ ਜਾਂਦੀ ਹੈ
ਕੌਣ ਸੀ ਉਹ ਇੰਨੀ ਡਰਾਵਣੀ ਔਰਤ,ਮਾਂ ?
ਉਹ ਤੂੰ ਤਾਂ ਨਹੀਂ ਹੋ ਸਕਦੀ,ਮਾਂ?
ਜਾਂ, ਕੀ ਉਹ ਤੂੰ ਹੀ ਸੀ ! ! ! ? ? ?
ਉਸ ਰਾਤ ਤੋਂ ਪਿਛੋਂ
ਮੈਂ ਮਾਂ ਵਿਹੂਣੀ ਹੋ ਗਈ ਸਾਂ [20]

ਸ਼ਸ਼ੀ ਸਮੁੰਦਰਾ ਬੜੀ ਬੇਬਾਕੀ ਨਾਲ ਔਰਤ ਪ੍ਰਤੀ ਮਰਦ ਦੀ ਰੋਗੀ ਮਾਨਸਿਕਤਾ ਦਾ ਵਿਸ਼ਲੇਸ਼ਣ ਕਰਦੀ ਹੈ।ਔਰਤ ਦੀ ਆਜ਼ਾਦੀ ਬਾਰੇ ਸੋਚਦਿਆਂ ਉਹ ਇਸ ਰੋਗੀ ਮਾਨਸਿਕਤਾ ਕਾਰਨ ਵੱਧ ਚਿੰਤਤ ਹੁੰਦੀ ਹੈ।ਉਸ ਦੀਆਂ ਕਵਿਤਾਵਾਂ ਵਿਚੋਂ ਇਹ ਮਤ ਉਭਰਦਾ ਹੈ ਕਿ ਜਦ ਤਕ ਮਰਦ ਦੀ ਰੋਗੀ ਮਾਨਸਿਕਤਾ ਦਰੁਸਤ ਨਹੀਂ ਹੁੰਦੀ ਉਦੋਂ ਤਕ ਔਰਤ ਦੀ ਆਜ਼ਾਦੀ ਇਕ ਮਸਲਾ ਹੀ ਬਣੀ ਰਹੇਗੀ।ਉਸ ਦੀਆਂ ਕਵਿਤਾਵਾਂ ਮਰਦ ਨੂੰ ਉਸ ਦਾ ਨਾਰੀ ਵਿਰੋਧੀ ਚਿਹਰਾ ਦਿਖਾਉਂਦੀਆਂ ਹਨ।ਔਰਤ ਕੋਲ ਮਰਦ ਸਮਾਜ ਤੇ ਔਰਤ ਸਮਾਜ ਦੋਵੇਂ ਤਰ੍ਹਾਂ ਦੇ ਸਮਾਜਾਂ ਦੇ ਤਜਰਬੇ ਹਨ, ਇਨ੍ਹਾਂ ਤਜਰਬਿਆਂ ਕਾਰਨ ਉਹ ਵੱਧ ਰਚਨਾਤਮਕ ਹੋ ਸਕਦੀ ਹੈ ਤੇ ਉਸ ਨੂੰ ਆਪਣੇ ਆਪ ਬਾਰੇ ਆਪਣੀ ਆਜ਼ਾਦ ਸੋਚ ਬਾਰੇ ਖੁਲ੍ਹ ਕੇ ਲਿਖਣਾ ਚਾਹੀਦਾ ਹੈ। ਔਰਤ ਨੂੰ ਭੋਗ ਵਿਲਾਸ ਦੀ ਵਸਤ ਸਮਝਣ ਵਿਚੋਂ ਮਰਦ ਦੀ ਰੋਗੀ ਮਾਨਸਿਕਤਾ ਜ਼ਾਹਿਰ ਹੁੰਦੀ ਹੈ, ਔਰਤ ਦੀ ਆਜ਼ਾਦੀ ਮਰਦ ਦੀ ਰੋਗੀ ਮਾਨਸਿਕਤਾ ਵਿਚੋਂ ਭੋਗੀ ਵਸਤ ਵਜੋਂ ਲੁਪਤ ਹੋਣ ਵਿਚ ਛੁਪੀ ਹੋਈ ਹੈ,ਤੇ ਅਜਿਹਾ ਉਹ ਮਰਦ ਨਾਲ ਮੁਕਾਬਲਾ ਕੀਤੇ ਬਗ਼ੈਰ ਆਪਣੇ ਆਤਮ-ਵਿਸ਼ਵਾਸ ਦੇ ਨਾਲ਼-ਨਾਲ਼ ਸਰੀਰਕ ਤੇ ਵਿਚਾਰਕ ਤੰਦਰੁਸਤੀ ਰਾਹੀਂ ਕਰ ਸਕਦੀ ਹੈ।

ਬੱਸ ਵਿਚ ਬੈਠੀ ਮੈਂ
ਔਰਤ ਦੀ ਆਜ਼ਾਦੀ ਦਾ ਸੋਚ ਰਹੀ ਸਾਂ
ਦੁਆਲੇ ਬੈਠੇ ਮਰਦਾਂ ਦੀਆਂ ਨਜ਼ਰਾਂ ਵਿਚ
ਕੁਝ ਉਲਝੇ ਜਿਹੇ ਸਵਾਲ ਸਨ
ਸ਼ਰਾਰਤ ਸੀ।
ਮੇਰੇ ਨਾਲ ਵਾਲਾ, ਮੇਰੀ ਝੋਲੀ ਵਿਚ ਹੱਥ ਟਿਕਾਂਦਾ
ਮੇਰੀ ਛਾਤੀ ਵੱਲ ਕੂਹਣੀ ਫੈਲਾਈ ਆ ਰਿਹਾ ਸੀ।

---

ਅਗਲੀ ਸੀਟ 'ਤੇ ਬੈਠੇ ਇਕ ਨੂੰ
ਖੌਰੇ ਅਚਾਨਕ, ਲਕਵਾ ਹੀ ਮਾਰ ਗਿਆ ਸੀ
ਪਿੱਠ 'ਤੇ ਚਿਹਰਾ ਤੇ ਅੱਖਾਂ ਮੇਰੇ 'ਤੇ
ਨਾ ਚਿਹਰਾ ਹਿੱਲੇ
ਨਾ ਅੱਖਾਂ ਝਮੱਕਣ
ਹਾਏ ਵਿਚਾਰਾ ਰੋਗੀ ਬੰਦਾ!
ਮੈਂ ਔਰਤ ਦੀ ਆਜ਼ਾਦੀ ਦਾ ਸੋਚਦੀ
ਮਰਦ ਦੀ ਰੋਗੀ ਮਾਨਸਿਕਤਾ
ਦੇ ਇਲਾਜ਼ ਦਾ ਸੋਚਣ ਲੱਗ ਪਈ।[21]

(ਬਸ ਦਾ ਸਫ਼ਰ)
ਇਕ ਸਾਨ੍ਹ ਜਿਹਾ
ਮੇਰੇ ਮੋਢੇ ਚੜ੍ਹ ਕੇ ਬਹਿ ਗਿਆ
ਮੈਂ ਹੋਰ ਪਰ੍ਹੇ
ਉਹ ਹੋਰ ਉਰ੍ਹੇ
ਮੈਂ ਹੋਰ ਪਰ੍ਹੇ
ਉਹ ਹੋਰ ਉਰ੍ਹੇ
ਸਬਰ ਦੀ ਵੀ ਕੋਈ ਹੱਦ ਹੁੰਦੀ ਹੈ
ਪਰ ਬੇਸ਼ਰਮੀ ਦੀ ?[22]

ਸ਼ਸ਼ੀ ਸਮੁੰਦਰਾ ਦੀ ਕਾਵਿ-ਮੈਂ ਮਰਦ ਦੇ ਖ਼ਾਵੰਦ ਰੂਪ ਤੋਂ ਬਹੁਤ ਜ਼ਿਆਦਾ ਅਸੰਤੁਸ਼ਟ ਹੈ, ਕਿਉਂਕਿ ਇਹ ਪਿਤਰਕੀ ਸਰੂਪ ਵਾਲਾ ਬਣ ਜਾਂਦਾ ਹੈ। ਖ਼ਾਵੰਦ ਬਣਦੇ ਸਾਰ ਹੀ ਮਰਦ ਵਿਚ ਪਿਤਰਕੀ ਧੌਂਸ ਤੇ ਦਾਬੇ ਦੀ ਪ੍ਰਵਿਰਤੀ ਆ ਜਾਂਦੀ ਹੈ। ਇਸ ਲਈ ਮਰਦ ਦਾ ਦੋਸਤ ਤੇ ਮਹਿਬੂਬ ਵਾਲਾ ਰੂਪ ਬਹੁਤ ਖ਼ੂਬਸੂਰਤ ਹੁੰਦਾ ਹੈ। ਇਸੇ ਲਈ ਉਹ ਆਪਣਾ ਅਸਲ ਖ਼ਾਵੰਦ, ਰੂਹ ਦੀ ਆਪਣੀ ਚੋਣ ਨੂੰ ਮੰਨਦੀ ਹੈ, ਰਵਾਇਤੀ ਖ਼ਾਵੰਦ ਨੂੰ ਨਹੀਂ।ਉਹ ਪਿਤਰਕੀ ਸਮਾਜ ਦੁਆਰਾ ਘੜੇ ਪਤੀ-ਪਤਨੀ ਦੇ ਇਸ ਨਾ ਬਰਾਬਰੀ ਵਾਲੇ ਰਿਸ਼ਤੇ ਵਿਚ ਉਪਜੀ ਮਾਨਸਿਕ ਪੀੜਾ ਨੂੰ ਬੜੇ ਕਾਵਿਕ ਅੰਦਾਜ਼ ਵਿਚ ਪੇਸ਼ ਕਰਦੀ ਹੋਈ ਪਤੀ ਨੂੰ ਹਿਟਲਰ ਤੇ ਪਤਨੀ ਨੂੰ ਹਿਟਲਰ ਦੇ ਬਣਾਏ ਕਨਸਨਟ੍ਰੇਸ਼ਨ ਕੈਂਪ ਵਿਚ ਕੈਦ ਇਕ ਯਹੂਦੀ ਔਰਤ ਦੇ ਬਿੰਬ ਰਾਹੀਂ ਅੱਜ ਦੀ ਔਰਤ ਦੀ ਸਥਿਤੀ ਨੂੰ ਉਘਾੜਦੀ ਹੈ:-

ਰਾਤ ਖ਼ਾਵੰਦ ਦੀ ਖ਼ੁਸ਼ੀ ਲਈ

ਮੈਂ ਆਪਣੀ ਲਾਸ਼ ਨੂੰ ਚੁੱਕ
ਉਹਦੇ ਨਾਲ ਲਿਟਾਇਆ
ਤੇ ਆਪ
ਬਾਹਰ ਖ਼ਾਮੋਸ਼ ਖਲੋਤੇ ਰੁੱਖਾਂ ਗਲ਼ ਲੱਗ
ਰੋਂਦੀ ਰਹੀ, ਰੋਂਦੀ ਰਹੀ।[23]

ਜਦ ਉਹ ਦੋਸਤ ਬਣਿਆ
ਤਾਂ ਕਿੰਨਾ ਚੰਗਾ ਸੀ
ਜਦ ਉਹ ਮਹਿਬੂਬ ਬਣਿਆ
ਤਾਂ ਕਿੰਨਾ ਸੋਹਣਾ ਤੇ ਨਿੱਘਾ ਸੀ
ਜਦ ਉਹ ਖ਼ਾਵੰਦ ਬਣਿਆ
ਤਾਂ ਸਭ ਬਦਲ ਗਿਆ
ਉਹ ਹਿਟਲਰ ਬਣ ਗਿਆ
ਤੇ ਉਹ ਉਹਦੇ ਕਨਸਨਟ੍ਰੇਸ਼ਨ ਕੈਂਪ ਵਿਚ
ਇਕ ਯਹੂਦੀ ਔਰਤ [24]

ਸ਼ਸ਼ੀ ਸਮੁੰਦਰਾ ਦੀ ਕਾਵਿ-ਮੈਂ ਪਿਤਰਕੀ ਵਿਵਸਥਾ ਵਿਚ ਮਰਦ ਦੀ ਗਹਿਰੀ ਚਾਲ ਨੂੰ ਸਮਝਦੀ ਹੈ ਜਿਸ ਅਧੀਨ ਉਹ ਆਪਣੀ ਭਾਸ਼ਾ ਅਤੇ ਗਤੀਵਿਧੀਆਂ ਰਾਹੀਂ ਔਰਤ ਦੇ ਮਨ ਵਿਚ ਹੀਣ ਭਾਵਨਾ ਭਰ ਕੇ ਉਸ ਨੂੰ ਸੱਤਾਹੀਣ ਕਰ ਦਿੰਦਾ ਹੈ। ਔਰਤ ਇਸ ਵਿਵਸਥਾ ਵਿਚ ਕੇਵਲ ਲਿੰਗਕ ਵਿਤਕਰੇ ਦਾ ਹੀ ਸ਼ਿਕਾਰ ਨਹੀਂ ਬਲਕਿ ਉਹ ਜਾਤ, ਰੰਗ, ਨਸਲ ਅਤੇ ਗਰੀਬੀ ਦੇ ਆਧਾਰ 'ਤੇ ਵੀ ਪਰਤ ਦਰ ਪਰਤ ਨਿਮਨ ਦਰਜੇ 'ਤੇ ਰੱਖੀ ਜਾਂਦੀ ਹੈ ਤੇ ਸਰੀਰਕ ਤੇ ਮਾਨਸਿਕ ਸੋਸ਼ਣ ਨੂੰ ਝੱਲਦੀ ਹੈ। ਅਜਿਹੀ ਸਥਿਤੀ ਵਿਚ ਹੀਣ ਭਾਵਨਾ ਦਾ ਪੈਦਾ ਹੋਣਾ ਕੁਦਰਤੀ ਹੈ;

"ਮੈਂ ਮਾਝੇ ਦੀ ਜੱਟੀ ਤੇ ਰੰਗ ਮੇਰਾ ਸਿਉ ਵਰਗਾ..
ਸੁਣ, ਘਾਹ ਖੋਤਦੀ ਗਾਮੋ, ਰੁਕ ਸੋਚਣ ਲੱਗੀ:
ਨਾ ਉਹ ਜੱਟੀ
ਤੇ ਨਾ ਉਹਦਾ ਰੰਗ ਸੀ ਸਿਉ ਵਰਗਾ।
ਲੱਗਾ, ਉਹ ਆਪਣੇ ਹੀ ਮੁਲਕ ਵਿਚ
ਬਿਗਾਨੀ ਹੋਵੇ।[25]

ਸ਼ਸ਼ੀ ਸਮੁੰਦਰਾ ਦੀ ਕਾਵਿ-ਮੈਂ ਜੀਵਨ ਦੇ ਖਿੜਾਓ ਵਿਚ ਵਿਘਨ ਪਾਉਣ ਵਾਲੇ ਨਿਰਮੂਲ ਸਮਾਜਕ ਰਿਸ਼ਤਿਆਂ ਤੋਂ ਮੁਕਤੀ ਚਾਹੁੰਦੀ ਹੈ। ਕਿਉਂਕਿ ਇਹ ਰਿਸ਼ਤੇ ਇਕ ਔਰਤ ਦੀ ਹੋਂਦ ਨੂੰ ਕਈ

ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਦੇ ਬੰਧਨਾਂ ਵਿਚ ਬੰਨ੍ਹ ਕੇ ਉਸ ਦੀ ਹੋਣੀ ਬਣ ਜਾਂਦੇ ਹਨ ਤੇ ਉਸ ਨੂੰ ਸਵੈ ਦਾ ਤਿਆਗ ਕਰ ਕੇ ਉਮਰ ਭਰ 'ਚੰਗੀ ਔਰਤ' ਬਣੀ ਰਹਿਣ ਦਾ ਭਾਰ ਚੁੱਕਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਉਸ ਦੀ ਕਾਵਿ ਮੈਂ ਅਜਿਹੇ ਬੰਧਨਾਂ ਨੂੰ ਤਿਲਾਂਜਲੀ ਦੇਣ ਵਿਚ ਹੀ ਸੱਚੀ ਮੁਕਤੀ, ਆਜ਼ਾਦੀ ਤੇ ਖੁਸ਼ੀ ਮਹਿਸੂਸ ਕਰਦੀ ਹੈ:

ਇਹ ਵੀ ਮੁਕਤੀ ਹੈ
ਜਦ ਤੁਹਾਡੇ ਦੋਸਤ ਤੇ ਰਿਸ਼ਤੇਦਾਰ
ਆਪਣੇ ਸਨਮਾਨਿਤ ਰਿਸ਼ਤਿਆਂ ਦੇ ਕੈਲੰਡਰ ਵਿਚੋਂ
ਕੱਟ ਦਿੰਦੇ ਹਨ ਤੁਹਾਡਾ ਨਾਂ
ਤਾਂ ਤੁਸੀਂ ਉਨ੍ਹਾਂ ਦੀਆਂ ਹੀ ਗਲ਼ੀਆਂ ਵਿਚ
ਨੱਚ ਸਕਦੇ ਹੋ ਉਹ ਨਾਚ
ਜੀਹਨੂੰ ਵਰ੍ਹਿਆਂ ਤੋਂ ਨੱਚਣ ਲਈ
ਤੁਹਾਡੀ ਰੂਹ ਚਾਹੁੰਦੀ ਸੀ
ਪਰ ਉਨ੍ਹਾਂ ਦੀ ਇੱਜ਼ਤ-ਆਬਰੂ ਦਾ ਖ਼ਿਆਲ ਕਰਦੇ
ਤੁਸੀਂ ਨੱਚੇ ਨਹੀਂ ਸਓ। [26]

ਸ਼ਸ਼ੀ ਸਮੁੰਦਰਾ ਦੀ ਕਵਿਤਾ ਦਾ ਨਾਰੀ ਦ੍ਰਿਸ਼ਟੀ ਤੋਂ ਅਧਿਐਨ ਕਰਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਉਸ ਦੀ ਕਵਿਤਾ 'ਚੋਂ ਇਕ ਐਸੀ ਔਰਤ ਦਾ ਬਿੰਬ ਉੱਭਰਦਾ ਹੈ ਜੋ ਬਚਪਨ ਵਿਚ ਪਰੰਪਰਕ ਪਿਤਰਕੀ ਸਮਾਜ ਦੇ ਦਾਬੇ ਹੇਠ ਰਹੀ। ਉਸ ਦੀ ਕਾਵਿ-ਮੈਂ ਨੇ ਜੁਆਨੀ ਵੇਲੇ ਪਿਤਰਕੀ ਪ੍ਰਬੰਧ ਦੇ ਨੇਮਾਂ ਦੀ ਉਲੰਘਣਾ ਕੀਤੀ ਅਤੇ ਬਾਅਦ ਵਿਚ ਸਵੈ ਚੇਤਨ ਹੋ ਕੇ ਪਿਤਰਕੀ ਦਾਬੇ ਤੇ ਧੌਂਸ ਤੋਂ ਮੁਕਤੀ ਪ੍ਰਾਪਤ ਕੀਤੀ। ਉਸ ਨੇ ਔਰਤ ਨੂੰ ਔਰਤ ਹੋਣ ਕਾਰਨ ਮਿਲੇ ਦੁੱਖਾਂ ਨੂੰ ਬਹੁਤ ਬਾਰੀਕੀ ਵਿਚ ਹੰਢਾਇਆ, ਸਮਝਿਆ ਤੇ ਕਵਿਤਾ ਵਿਚ ਢਾਲਿਆ। ਉਸ ਦੀ ਕਾਵਿ-ਮੈਂ ਨੂੰ ਆਪਣੇ ਆਜ਼ਾਦ ਰਵੱਈਏ ਕਾਰਨ, ਮਾਨਸਿਕ ਪੀੜ ਨੂੰ ਝੱਲਣਾ ਪਿਆ ਹੈ।ਉਹ ਹਰ ਤਰ੍ਹਾਂ ਦੇ ਅਜਿਹੇ ਭਾਵਾਂ ਤੋਂ ਉਤੇ ਉੱਠ ਕੇ ਆਜ਼ਾਦੀ ਅਤੇ ਬੇਫ਼ਿਕਰੀ ਨਾਲ ਜ਼ਿੰਦਗੀ ਜਿਓਣਾ ਚਾਹੁੰਦੀ ਹੈ,ਇਸ ਵਿਚ ਉਹ ਕਿਸੇ ਸਾਥੀ ਦਾ ਸਾਥ ਹਮੇਸ਼ਾ ਲਈ ਨਹੀਂ ਚਾਹੁੰਦੀ ਜੋ ਉਸ ਉਤੇ ਕਬਜ਼ਾ ਕਰੇ ।ਉਹ ਮਹਿਸੂਸ ਕਰਦੀ ਹੈ ਕਿ ਕਿਸੇ ਦੇ ਰਹਿਮ ਦੇ ਮੁਹਤਾਜ ਬਣਨ ਦਾ ਅਰਥ ਹੈ ਸਵੈ ਭਰੋਸਾ ਨਾ ਹੋਣਾ ਤੇ ਸਵੈ ਤਾਕਤ ਦੀ ਪਛਾਣ ਨਾ ਹੋਣਾ।ਉਹ ਆਪਣੇ ਆਪ ਨੂੰ ਇਸ ਪੂਰੀ ਕਾਇਨਾਤ ਦਾ ਹਿੱਸਾ ਮੰਨਦੇ ਹੋਏ ਹਰ ਸ਼ੈਅ ਵਿਚੋਂ ਊਰਜਾ ਲੈਂਦੀ ਹੈ ਤੇ ਕਦੇ ਵੀ ਕਮਜ਼ੋਰ ਜਾ ਇਕੱਲੀ ਮਹਿਸੂਸ ਨਹੀਂ ਕਰਦੀ।ਖ਼ੁਦ ਨੂ ਲੱਭਣਾ ਤੇ ਆਪਣੇ ਬਣਾਏ ਰਾਹਾਂ ਤੇ ਤੁਰਦਿਆਂ ਜਿਓਣਾ ਸਿੱਖਣਾ ਹੀ ਮੁਕਤੀ ਹੈ, ਕਿਉਂਕਿ ਇਸੇ ਤਰ੍ਹਾਂ ਹੀ ਕੁਦਰਤ ਵਿਚ ਇਕਮਿਕ ਹੋਇਆ ਜਾ ਸਕਦਾ ਹੈ ਤੇ ਬੰਧਨ ਮੁਕਤ ਸਹਿਜਤਾ ਹਾਸਲ ਹੋ ਸਕਦੀ ਹੈ।

## ਹਵਾਲੇ

1. ਸ਼ਸ਼ੀ ਸਮੁੰਦਰਾ, ਮੇਰੇ ਮਨ ਦੀ ਕੋਇਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ 45

2. -ਉਹੀ, ਪੰਨਾ 85
3. -ਉਹੀ, ਪੰਨਾ 66
4. -ਉਹੀ, ਪੰਨਾ 92
5. ਸ਼ਸ਼ੀ ਸਮੁੰਦਰਾ, ਬੋਗਨਵਿਲਾ ਦੇ ਵਸਤਰ ,ਨਵਯੁਗ ਪਬਲਿਸ਼ਰਜ਼,ਦਿੱਲੀ 1992, ਪੰਨਾ 16
6. ੜ, ਸੜਕਛਾਪ ਸ਼ਾਇਰੀ, ਪੰਜਾਬੀ ਸਾਹਿਤ ਪਬਲੀਕੇਸ਼ਨ, 2015, ਪੰਨਾ 70
7. ਮੇਰੇ ਮਨ ਦੀ ਕੋਇਲ, ਪੰਨਾ 78
8. ਮੇਰੇ ਮਨ ਦੀ ਕੋਇਲ, ਪੰਨਾ 90
9. -ਉਹੀ ,ਪੰਨਾ 102
10. ਬੋਗਨਵਿਲਾ ਦੇ ਵਸਤਰ, ਪੰਨਾ 15
11. ਮੇਰੇ ਮਨ ਦੀ ਕੋਇਲ, ਪੰਨਾ 133
12. -ਉਹੀ , ਪੰਨਾ 93
13. -ਉਹੀ ,ਪੰਨਾ 108
14. ਸੜਕਛਾਪ ਸ਼ਾਇਰੀ, ਪੰਨਾ 76
15. ਮੇਰੇ ਮਨ ਦੀ ਕੋਇਲ, ਪੰਨਾ 60
16. ਸੜਕਛਾਪ ਸ਼ਾਇਰੀ,ਪੰਨਾ 81
17. ਮੇਰੇ ਮਨ ਦੀ ਕੋਇਲ, ਪੰਨਾ 135
18. ਸੜਕਛਾਪ ਸ਼ਾਇਰੀ, ਪੰਨਾ 86
19. ਮੇਰੇ ਮਨ ਦੀ ਕੋਇਲ, ਪੰਨਾ 16
20. -ਉਹੀ, ਪੰਨਾ 119
21. -ਉਹੀ, ਪੰਨਾ 150
22. ਬੋਗਨਵਿਲਾ ਦੇ ਵਸਤਰ, ਪੰਨਾ 14
23. -ਉਹੀ, ਪੰਨਾ 33
24. -ਉਹੀ, ਪੰਨਾ 35
25. ਮੇਰੇ ਮਨ ਦੀ ਕੋਇਲ, ਪੰਨਾ 83
26. ਬੋਗਨਵਿਲਾ ਦੇ ਵਸਤਰ, ਪੰਨਾ 45


□□□

# ਬਹੁ-ਰੂਪੀਆ ਲੋਕ ਨਾਟ ਵੰਨਗੀ ਦੀ ਲੋਕਧਾਰਾਈ ਅਧਿਐਨ

*ਡਾ. ਤੇਜਿੰਦਰ ਸਿੰਘ*

ਲੋਕਧਾਰਾ ਸਭ ਕਲਾਵਾਂ ਦੀਆਂ ਕਲਾ ਰੂੜ੍ਹੀਆਂ ਦਾ ਸੋਮਾ ਹੈ। ਮਾਨਵ ਦੇ ਸਾਂਸਕ੍ਰਿਤਕ ਵਿਕਾਸ ਦੌਰਾਨ ਕਲਾਵਾਂ ਦਾ ਆਦਿਮ ਸਵਰੂਪ ਉਪਲਬਧ ਹੁੰਦਾ ਹੈ। ਕਲਾ ਦਾ ਪ੍ਰਕਾਰਜ ਜੀਵਨ ਵਿਚ ਸੁਹਜ ਪੈਦਾ ਕਰਨਾ ਹੈ। ਪਰੰਤੂ ਆਦਿਮ ਕਲਾ ਮਾਤਰ ਸੁਹਜ ਤ੍ਰਿਪਤੀ ਤੋਂ ਕੁੱਝ ਅਗਾਂਹ, ਮਾਨਵ ਅਤੇ ਪ੍ਰਕਿਰਤੀ ਵਿਚਕਾਰ ਵਾਪਰ ਰਹੇ ਕਠੋਰ ਸੰਘਰਸ਼ ਦਾ ਇਕ ਹਥਿਆਰ ਵੀ ਸੀ। (ਆਦਿਮ ਕਲਾ) ਜਿਸ ਨੂੰ ਅਸੀਂ ਆਪਣੀ ਸੰਕਲਪਕ ਸ਼ਬਦਾਵਲੀ ਦੁਆਰਾ ਸਮਝਣ ਦਾ ਯਤਨ ਕਰ ਰਹੇ ਹਾਂ, ਆਦਿਮ ਮਾਨਵ ਇਹਨਾਂ ਕਾਰਜਾਂ ਦੇ (ਕਲਾਤਮਕ) ਪੱਖਾਂ ਪ੍ਰਤਿ ਸੁਚੇਤ ਨਹੀਂ ਸੀ ਅਤੇ ਨਾ ਹੀ ਉਹ ਇਸ ਤੱਥ ਦਾ ਅਨੁਭਵ ਕਰ ਸਕਣ ਦੇ ਸਮਰਥ ਸੀ ਕਿ ਜਿਉਂਦੇ ਬਣੇ ਰਹਿਣ ਦੇ ਤਰੱਦਦ ਲਈ ਕੀਤੇ ਉਸ ਦੇ ਇਹ ਕਾਰਜ ਕਿਸੇ ਕਲਾ ਦੀ ਬੀਜ ਰੂੜ੍ਹੀ ਹੋਣਗੇ। ਚਿਤਰਕਲਾ, ਬੁੱਤ ਤਰਾਸ਼ੀ ਅਤੇ ਨਾਟਕ ਇਹਨਾਂ ਤਿੰਨ ਕਲਾ ਵੰਨਗੀਆਂ ਨੇ ਮਾਨਵ ਦੇ ਸਾਂਸਕ੍ਰਿਤਕ ਵਿਕਾਸ ਦੌਰਾਨ ਬਹੁਤ ਅਹਿਮ ਭੂਮਿਕਾ ਨਿਭਾਈ।

ਚਿੱਤਰ ਵਾਹੁਣ ਦੀ ਆਦਿਮ ਰੁਚੀ ਨੇ ਲਿੱਪੀ ਦਾ ਵਿਕਾਸ ਕੀਤਾ। ਪੁਰਾਤਨ ਗੁਫ਼ਾ ਚਿੱਤਰਾਂ ਦੇ ਅਧਿਐਨ ਤੋਂ ਮਾਨਵ ਚੇਤਨਾ ਦੇ ਵਿਕਾਸ ਦੀ ਜਾਣਕਾਰੀ ਉਪਲਬਧ ਹੁੰਦੀ ਹੁੰਦੀ ਹੈ। ਵਸਤਾਂ ਅਤੇ ਵਰਤਾਰਿਆਂ ਦੇ ਚਿਨ੍ਹਾਂਤਮਕ ਚਿਤਰਨ ਦੀ ਅਵਸਥਾ ਤੋਂ ਬਾਅਦ ਇਹਨਾਂ ਦੇ ਵਧੇਰੇ ਸਪੱਸ਼ਟ ਆਕਾਰ, ਗਹਿਗਈ, ਨੁਕਰਾਂ ਅਤੇ ਤਕਨੀਕੀ ਨੁਕਤਿਆਂ ਦਾ ਲਗਾਤਾਰ ਨਿਖਰਦੇ ਜਾਣਾ ਮਾਨਵ ਦੇ ਬੌਧਿਕ ਵਿਕਾਸ ਦਾ ਸੂਚਕ ਹੈ। ਪੱਥਰ ਵਿਚੋਂ ਕਿਸੇ ਆਕਾਰ ਨੂੰ ਘੜਨ ਦਾ ਵਿਚਾਰਾ ਇਕ ਹੋਰ ਬੌਧਿਕ ਪ੍ਰਾਪਤੀ ਸੀ। ਆਦਿਮ ਮਾਨਵ ਨੇ ਪਰਾਭੌਤਿਕ ਸੱਤਾ ਨਾਲ ਸੰਪਰਕ ਸਥਾਪਿਤ ਕਰਨ ਲਈ ਪੱਥਰਾਂ ਨੂੰ ਵਿਸ਼ੇਸ਼ ਆਕਾਰਾਂ ਵਿਚ ਘੜਿਆ ਅਤੇ ਫਿਰ ਇਹਨਾਂ ਵਿਸ਼ੇਸ਼ ਆਕਾਰਾਂ ਨੂੰ ਇਕ ਖ਼ਾਸ ਕ੍ਰਮ ਵਿਚ ਸਥਾਪਿਤ ਕਰਕੇ ਕਿਸੇ ਪਰਾਭੌਤਿਕ ਤੱਤ ਨੂੰ ਅਨੁਭਵ ਕਰਨ ਲਈ ਇਕ ਖ਼ਾਸ ਮਾਹੌਲ ਸਿਰਜਣ ਦੀ ਪ੍ਰੇਰਨਾ ਪੈਦਾ ਕੀਤੀ। ਸ਼ਿਕਾਰ ਦੀ ਅਣਹੋਂਦ ਦੀ ਸਮੱਸਿਆ ਦਾ ਸਮਾਧਾਨ ਕਰਨ ਲਈ (ਜਾਦੂ ਚਿੰਤਨ) ਦੀਆਂ

*ਮੋ: 9914465086*

ਰੂੜ੍ਹੀਆਂ ਦੇ ਆਧਾਰ 'ਤੇ ਝੂਠੀ ਮੂਠੀ ਸ਼ਿਕਾਰ ਖੇਡਣਾ ਅਤੇ ਉਸਦੀ-ਪ੍ਰਾਪਤੀ ਹੋ ਜਾਣ ਦੀ ਖੁਸ਼ੀ ਨੂੰ ਪ੍ਰਗਟ ਕਰਨ ਵਾਲੇ (ਨਾਟਕ), (ਨ੍ਰਿਤ) ਅਤੇ ਚਿੱਤਰ ਇਹਨਾਂ ਕਲਾਵਾਂ ਦੇ ਆਦਿਮ ਰੂਪ ਸਨ। ਇਸ ਪ੍ਰਕਾਰ ਹਰ ਕਲਾ ਦਾ ਮੁਢਲਾ ਮੰਤਵ, ਮਾਨਵ ਅਤੇ ਪ੍ਰਕਿਰਤੀ ਵਿਚਕਾਰ ਵਾਪਰ ਰਹੇ ਸੰਘਰਸ਼ ਦੌਰਾਨ ਮਾਨਵ ਦੀ ਤੁੱਛ ਹੋਂਦ ਨੂੰ ਸਥਿਰਤਾ ਅਤੇ ਤਸੱਲੀ ਪ੍ਰਦਾਨ ਕਰਨਾ ਸੀ। ਇਸ ਲੇਖ ਦਾ ਵਿਸ਼ਾ ਲੋਕ ਨਾਟ ਵੰਨਗੀ (ਬਹੁਰੂਪੀਆਂ) ਦਾ ਉਪਰੋਕਤ ਵਿਚਾਰਾਂ ਦੇ ਦ੍ਰਿਸ਼ਟੀਕੋਣ ਤੋਂ ਲੋਕਧਾਰਾਈ ਅਧਿਐਨ ਪੇਸ਼ ਕਰਨਾ ਹੈ। ਬਹੁਰੂਪੀਆਂ ਲੋਕ ਨਾਟ ਵੰਨਗੀ ਸੰਸਾਰ ਪੱਧਰ ਤੇ ਹਰ ਸੰਸਕ੍ਰਿਤੀ ਵਿਚ ਕਿਸੇ ਨਾ ਕਿਸੇ ਰੂਪ ਵਿਚ ਪਾਈ ਜਾਂਦੀ ਹੈ। ਭਾਰਤ ਵਿਚ ਇਸ ਲੋਕ ਨਾਟ ਵੰਨਗੀ ਦੀ ਇਕ ਬਲਵਾਨ ਪਰੰਪਰਾ ਰਹੀ ਹੈ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ "ਸਿਆਲਕੋਟ ਤੇ ਗੁਜਰਾਤ ਵਿਚ ਮਹਾਤਮ ਜਾਤੀ ਦੇ ਲੋਕ ਬਹੁਰੂਪੀਏ ਪ੍ਰਸਿੱਧ ਸਨ। ਗੁਜਰਾਤ ਦੇ ਬਹੁਰੂਪੀਏ ਤਾਂ ਆਪਣਾ ਪਿੱਛਾ ਚਿਤੌੜ ਦੇ ਰਾਜਿਆਂ ਨਾਲ ਜੋੜਦੇ ਸਨ... ਦੇਸ਼ ਵੰਡ ਤੋਂ ਪਹਿਲਾਂ ਸਤਲੁੱਜ ਦੇ ਕੰਢੇ, ਫਿਲੌਰ ਤਹਿਸੀਲ ਵਿਚ ਬਹੁਰੂਪੀਆਂ ਦੇ ਕਈ ਪਿੰਡ ਸਨ, ਜੋ ਆਸ ਪਾਸ ਦੇ ਇਲਾਕੇ ਵਿਚ ਟੋਲੇ ਬਣਾ ਕੇ ਜਾਂਦੇ ਤੇ ਲੋਕਾਂ ਦਾ ਮਨ ਪਰਚਾਂਦੇ ਸਨ।"[1] ਡਾ. ਬੇਦੀ ਲੋਕਧਾਰਾ ਵਿਸ਼ਵਕਸ਼ੋ ਵਿਚ (ਬਹੁਰੂਪੀਆਂ) ਦੇ ਮਿਥਕ ਉਥਾਨ ਸੰਬਧੀ ਅਗਾਂਹ ਲਿਖਦੇ ਹਨ ਕਿ-

"ਇਕ ਅੱਪਛਰਾ ਜਿਸ ਦੀ ਔਲਾਦ ਬਹੁਰੂਪੀਏ ਬਣੀ। ਇਸ ਦਾ ਪ੍ਰੇਮ ਇਕ ਰਿਸ਼ੀ ਨਾਲ ਹੋ ਗਿਆ, ਜਿਸਨੂੰ ਜੰਗਲ ਵਿਚ ਤਪੱਸਿਆ ਕਰਦੇ ਵੇਖਕੇ, ਉਹ ਉਸ ਦੀ ਭਰਪੂਰ ਜਵਾਨੀ ਤੇ ਆਪਾਰ ਹੁਸਨ 'ਤੇ ਮੋਹਿਤ ਹੋ ਗਈ ਅਤੇ ਉਸ ਰਿਸ਼ੀ ਦੇ ਦੁਆਲੇ ਪੈਲਾਂ ਪਾਉਣ ਲੱਗੀ। ਚੰਦਰ ਨੇ ਤੱਪਾਂ ਤੇ ਸਾਧਨਾ ਨਾਲ ਅਜਿਹੀ ਸ਼ਕਤੀ ਧਾਰਨ ਕਰ ਲਈ ਸੀ ਕਿ ਉਹ ਚੰਦਰਮਾ ਵਾਂਗ ਸੋਲਾਂ ਨਵੇਂ ਰੂਪ ਧਾਰਨ ਕਰਨ ਦੇ ਸਮਰਥ ਸੀ। ਸੋ ਅੱਪਛਰਾ ਤੋਂ ਬਚਣ ਲਈ ਉਸ ਨੇ ਨਿੱਤ ਰੂਪ ਬਦਲਣਾ ਸ਼ੁਰੂ ਕੀਤਾ ਪਰ ਰੂਪ ਬਦਲਣ ਵਿਚ ਬਹੁਰੂਪਣੀ ਉਸ ਤੋਂ ਵਧੇਰੇ ਸ਼ਕਤੀਵਾਨ ਸੀ। ਅੱਪਛਰਾ ਹਰ ਰੋਜ਼ ਨਵਾਂ ਅਤੇ ਪਹਿਲਾਂ ਨਾਲੋਂ ਵਧੇਰੇ ਹੁਸੀਨ ਰੂਪ ਧਾਰਨ ਕਰਕੇ ਚੰਦਰ ਦੇ ਦੁਆਲੇ ਫੇਰੀਆਂ ਲੈਣ ਲੱਗੀ ਅਤੇ ਅਖੀਰ ਚੰਦਰ ਦਾ ਆਪਣੇ ਮਨ 'ਤੇ ਕਾਬੂ ਨਾ ਰਿਹਾ ਅਤੇ ਉਸ ਨੇ ਇਸ ਸ਼ਰਤ ਤੇ ਬਹੁ-ਰੂਪਣੀ ਨੂੰ ਆਪਣੇ ਕੋਲ ਆਉਣ ਦਿੱਤਾ ਕਿ ਉਹ ਨਿੱਤ ਨਵਾਂ ਰੂਪ ਧਾਰ ਕੇ ਉਸ ਨਾਲ ਅਲਿੰਗਣ ਕਰੇਗੀ। ਚੰਦਰ ਨੇ ਬਹੁਰੂਪਣੀ ਨੂੰ ਸੰਸਾਰ ਭਰ ਦੀਆਂ ਸੁੰਦਰ ਤੀਵੀਆਂ ਦੇ ਰੂਪ ਵਿਚ ਭੋਗਿਆ ਅਤੇ ਬਹੁ-ਰੂਪਣੀ ਨੇ ਚੰਦਰ ਨੂੰ ਸੋਲਾਂ ਰੂਪਾਂ ਵਿਚ। ਅਖ਼ੀਰ ਵਿਚ ਰਿਸ਼ੀ ਦਾ ਦਿਲ ਬਹੁ-ਰੂਪਣੀ ਤੋਂ ਭਰ ਗਿਆ ਤੇ ਉਸ ਨੂੰ ਸਰਾਪ ਦਿੱਤਾ ਕਿ ਅਗਲੇ ਜਨਮ ਵੇਸਵਾ ਬਣੇ ਤੇ ਉਸਦੀ ਔਲਾਦ ਬਹੁਰੂਪੀਏ।"[2]

ਉਪਰੋਕਤ ਕਥਾ ਇਕ ਵਿਸ਼ੇਸ਼ ਲੋਕਧਾਰਾਈ ਪ੍ਰਕਾਰਜ ਨਿਭਾ ਰਹੀ ਹੈ। ਲੋਕ ਮਨ ਦੀ ਇਹ ਸਹਿਜ ਪ੍ਰਵਿਰਤੀ ਹੁੰਦੀ ਹੈ ਕਿ ਉਹ ਆਪਣੀ ਲਘੂ ਹੋਂਦ ਨੂੰ ਕਿਸੇ ਅਲੌਕਿਕ ਪ੍ਰਸੰਗ, ਦੈਵੀ-ਪੁਰ, ਕਿਸੇ ਦਿਵਯ ਸਥਾਨ ਜਾਂ ਘਟਨਾ ਨਾਲ ਜੋੜ ਕੇ ਆਪਣੀ ਹੋਂਦ ਨੂੰ ਇਕ ਖਾਸ ਲੋਕਧਾਰਾਈ ਅਰਥ ਪ੍ਰਦਾਨ ਕਰਨ ਦਾ ਇਹ ਸਾਂਸਕ੍ਰਿਤਕ ਪ੍ਰਕਾਰਜ ਨਿਭਾਉਂਦਾ ਹੈ। ਇਹ ਲੋਕ ਮਾਨਸਿਕਤਾ ਦੀ ਅਜਿਹੀ ਜੁਗਤ ਹੈ ਜਿਸ ਦੁਆਰਾ ਮਾਨਵ ਆਪਣੀ ਹੋਣੀ ਦੀ ਅਟੱਲਤਾ ਨੂੰ ਪੂਰੇ ਗੌਰਵ ਨਾਲ ਸਵੀਕਾਰ ਕਰ ਲੈਂਦਾ ਹੈ। ਲੋਕ ਕਲਾਵਾਂ ਦੇ ਪਿਤਾ ਪੁਰਖੀ ਪ੍ਰਵਾਹ ਦੀ ਮੂਲ ਸ਼ਕਤੀ ਇਹੋ ਜਿਹੀਆਂ

ਕਥਾਵਾਂ ਹੀ ਹੁੰਦੀਆਂ ਹਨ। ਅਜਿਹੇ ਮਿਥਕ ਲੋਕ ਕਲਾਕਾਰਾਂ ਨੂੰ ਪੀੜ੍ਹੀ ਦਰ ਪੀੜ੍ਹੀ ਆਪਣੀ ਕਲਾ ਕੌਸ਼ਲਤਾ ਨੂੰ ਹੋਣੀ ਭੋਗਣ ਵਾਂਗ ਸਵੀਕ੍ਰਿਤੀ ਦੇ ਕੇ ਇਹਨਾਂ ਦੇ ਪ੍ਰਦਰਸ਼ਨ ਲਈ ਉਤਾਸ਼ਹਿਤ ਕਰਦੇ ਹਨ। ਇਸ ਪ੍ਰਕਾਰ ਇਹਨਾਂ ਲੋਕ ਕਲਾਵਾਂ ਦਾ ਨਿਰਬਾਹ ਕਿਸੇ ਕਿੱਤੇ ਨੂੰ ਨਿਭਾਉਣ ਨਾਲੋਂ ਇਕ ਸਰਲ ਜਿਹਾ ਲੋਕਧਾਰਾਈ ਸੱਚ ਬਣ ਜਾਂਦਾ ਹੈ ਜਿਸਨੂੰ ਨਿਭਾਉਣਾ ਵਿਅਕਤੀ ਲਈ ਹਰ ਹੀਲੇ ਲਾਜ਼ਮੀ ਹੁੰਦਾ ਹੈ, ਇਹ ਉਸਦਾ ਭੌਤਿਕ ਅਤੇ ਅਧਿਆਤਮਕ ਸੱਚ ਹੁੰਦਾ ਹੈ। ਬਹੁਰੂਪੀਆ ਲੋਕ ਨਾਟ ਵੰਨਗੀ ਵੀ ਇਸੇ ਲੋਕਧਾਰਾਈ ਵਰਤਾਰੇ ਅਧੀਨ ਕਾਰਜਸ਼ੀਲ ਹੁੰਦੀ ਹੈ। ਬਹੁਰੂਪੀਆ ਵਿਭਿੰਨ ਪ੍ਰਕਾਰ ਦੇ ਭੇਸ ਧਾਰਨ ਕਰਕੇ ਜਨ ਮਾਨਸ ਵਿਚ ਵਿਚਰਦਾ ਹੈ, ਉਸਦੇ ਇਸ ਵਿਸ਼ੇਸ਼ ਭੇਸ ਦਾ ਪ੍ਰਕਾਰਜ ਦੋ ਪੱਧਰਾਂ 'ਤੇ ਆਪਣਾ ਲੋਕਧਾਰਾਈ ਲਕਸ਼ ਪ੍ਰਾਪਤ ਕਰਦਾ ਹੈ। ਪਹਿਲਾ ਜਨ ਮਾਨਸ ਲਈ ਆਨੰਦ ਵਿਨੋਦ (ਮਨੋਰੰਜਨ) ਦੀ ਸਿਰਜਣਾ ਕਰਨਾ ਦੂਸਰੇ ਉਨ੍ਹਾਂ ਦਾ ਪਰਾਭੌਤਿਕ ਸੰਸਾਰ ਨਾਲ ਸੰਬੰਧ ਅਤੇ ਸੰਚਾਰ ਸਥਾਪਿਤ ਕਰਨ ਦੀ ਚੇਸ਼ਟਾ ਦੀ ਤ੍ਰਿਪਤੀ ਕਰਨਾ।

ਮਧ ਕਾਲੀਨ ਲੋਕ ਸੰਸਕ੍ਰਿਤੀ ਦੇ ਪਰੰਪਰਾਗਤ ਪਰਿਵੇਸ਼ ਵਿਚ ਆਧੁਨਿਕ ਮਨੋਰੰਜਨ ਦੇ ਸਾਧਨਾਂ ਦਾ ਮੂਲੋਂ ਹੀ ਅਭਾਵ ਸੀ। ਉਸ ਸਮੇਂ ਪਰੰਪਰਾਗਤ ਰੂਪ ਵਿਚ ਪ੍ਰਾਪਤ ਲੋਕਧਾਰਾਈ ਮਾਧਿਅਮਾਂ ਦੁਆਰਾ ਹੀ ਜੀਵਨ ਦੀ ਨੀਰਸਤਾ ਅਤੇ ਕਠੋਰਤਾ ਨੂੰ ਭੰਗ ਕੀਤਾ ਜਾਂਦਾ ਸੀ। ਮੇਲੇ, ਤਿਉਹਾਰ, ਲੋਕ ਗੀਤ, ਭਗਤਾਂ ਫਕੀਰਾਂ ਦੇ ਪ੍ਰਵਚਨ, ਲੋਕ ਨਾਚ, ਕਿੱਸਿਆਂ ਦਾ ਗਾਇਨ, ਲੋਕ ਖੇਡਾਂ, ਕੁਝ ਅਜਿਹੇ ਵਸੀਲੇ ਸਨ ਜਿਹੜੇ ਪੀੜ੍ਹੀ ਦਰ ਪੀੜ੍ਹੀ ਕਿਸਾਨੀ ਲੋਕ ਸੰਸਕ੍ਰਿਤੀ ਦੇ ਹੱਡ ਭੰਨਵੀਂ ਮਿਹਨਤ ਵਾਲੇ ਜੀਵਨ ਵਿਚ ਇਕ ਹੁਲਾਸ ਅਤੇ ਉਮੰਗ ਪੈਦਾ ਕਰਦੇ ਸਨ। ਲੋਕ ਮਨ ਦੀ ਬਿਰਤੀ ਅਲੌਕਿਕ ਨੂੰ ਪਤਿਆ ਕੇ ਲੌਕਿਕ ਸੁੱਖ ਭੋਗਣ ਦੀ ਹੁੰਦੀ ਹੈ। ((ਬਹੁਰੂਪੀਆ)) ਲੋਕ ਨਾਟ ਵੰਨਗੀ ਇਕੋ ਵੇਲੇ ਲੋਕ ਮਨ ਦੀਆਂ ਦੋਵਾਂ ਬਿਰਤੀਆਂ ਲੌਕਿਕ ਅਤੇ ਅਲੌਕਿਕ ਦੀ ਤ੍ਰਿਪਤੀ ਕਰਦੀ ਸੀ।

(ਬਹੁਰੂਪੀਏ) ਵਿਸ਼ੇਸ਼ ਤੌਰ 'ਤੇ ਪੁਰਾਣ ਪੁਰਸ਼ਾਂ ਦਾ ਭੇਸ ਧਾਰਨ ਕਰਦੇ ਸਨ। ਇਹਨਾਂ ਪੁਰਾਣ ਪੁਰਸ਼ਾਂ ਵਿਚ ਮੁੱਖ ਤੌਰ 'ਤੇ ਬ੍ਰਹਮਾ, ਵਿਸ਼ਨੂੰ, ਮਹੇਸ਼, ਦੁਰਗਾ, ਕਾਲੀ ਮਾਤਾ, ਹਨੂਮਾਨ, ਰਾਮ, ਕ੍ਰਿਸ਼ਨ ਅਤੇ ਹੋਰ ਅਜਿਹੇ ਬਹੁਤ ਸਾਰੇ ਪੁਰਾਣ ਪੁਰਸ਼ ਜਿਹੜੇ ਲੋਕ ਸਿਮ੍ਰਤੀ ਦਾ ਅੰਗ ਸਨ ਅਤੇ ਜਿਨ੍ਹਾਂ ਦਾ ਭੇਸ਼ ਧਾਰਨ ਕਰਨ ਦੀ ਪਰੰਪਰਾ ਵੱਲੋਂ ਸਵੀਕ੍ਰਿਤੀ ਹੋਵੇ ਉਨ੍ਹਾਂ ਦਾ ਭੇਸ ਧਾਰ ਲਿਆ ਜਾਂਦਾ ਸੀ। ਪੰਜਾਬ ਦੀ ਲੋਕ ਸੰਸਕ੍ਰਿਤੀ ਵਿਚ ਪੁਰਾਣਧਾਰਾ ਦੀ ਬਲਵਾਨ ਪਰੰਪਰਾ ਲੋਕ ਮਾਨਸਿਕਤਾ ਦਾ ਅੰਗ ਰਹੀ ਹੈ। ਲੋਕ ਮਨ ਪੁਰਾਣਾਂ ਵਿਚ ਪ੍ਰਾਪਤ ਦੈਵੀ ਹੋਂਦਾਂ ਨੂੰ ਲੋਕਧਾਰਾਈ ਸੱਚ ਵਜੋਂ ਪ੍ਰਵਾਨ ਕਰਦਾ ਆਇਆ ਹੈ। ਇਸ ਲੋਕਧਾਰਾਈ ਸੱਚ ਨੂੰ ਕਿਸੇ ਤਰਕ ਦੀ ਲੋੜ ਨਹੀਂ ਪੈਂਦੀ, ਇਹ ਵਿਸ਼ਵਾਸ ਦੇ ਪੱਧਰ 'ਤੇ ਵਾਪਰਦਾ ਅਧਿਆਤਮਕ ਸੱਚ ਹੈ। ਇਹ ਅਧਿਆਤਮਕ ਸੱਚ ਲੋਕ ਸੰਸਕ੍ਰਿਤੀ ਵਿਚ ਵਾਪਰਦੇ ਜੀਵਨ ਦਾ ਦਾਰਸ਼ਨਿਕ ਆਧਾਰ ਹੁੰਦਾ ਹੈ। ਇਹ ਵਿਸ਼ੇਸ਼ ਲੋਕਧਾਰਾਈ ਜੀਵਨ ਜਾਚ ਦੇ ਆਰ ਪਾਰ ਪ੍ਰਵਾਹਿਤ ਅਕੀਦਿਆਂ ਦਾ ਇਕ ਸਮੂਰਤ ਸਮੁੱਚ ਹੈ, ਜਿਹੜਾ (ਲੋਕ ਮਨ) ਨੂੰ ਵਿਸ਼ੇਸ਼ ਸਥਿਤੀਆਂ ਵਿੱਚ ਪੂਰੇ ਜਲਵੇ ਨਾਲ ਸਾਕਾਰ ਕਰ ਦਿੰਦਾ ਹੈ।

ਡਾ ਸੋਹਿੰਦਰ ਸਿੰਘ ਵਣਜਾਰਾ ਬੇਦੀ ਲੋਕ ਮਨ ਸੰਬੰਧੀ ਲਿਖਦੇ ਹਨ ਕਿ ''ਲੋਕ ਮਨ ਇੱਕ ਵਿਸੇ ਪ੍ਰਕਾਰ ਦੀ ਮਾਨਸਿਕ ਸਥਿਤੀ ਹੈ, ਜਿਸ ਵਿੱਚ ਮਨੁੱਖ ਸਹਿਜ ਰੂਪ ਵਿੱਚ ਆਦਿਮ ਮਾਨਵ ਦੀ ਮਨੋ ਸਥਿਤੀ ਨਾਲ ਇਕ ਰੂਪ ਹੋਇਆ ਹੁੰਦਾ ਹੈ, ਜੋ ਉਸਨੂੰ ਪਰੰਪਰਾ ਵਿੱਚ ਮਿਲੀ। ਇਸ ਮਨੋਸਥਿਤੀ ਵਿੱਚ ਉਹ ਆਦਿਮ ਮਾਨਵ ਵਾਂਗ ਹੀ ਸਦਕਾ, ਮਹਿਸੂਸਦਾ ਅਤੇ ਛਿਣ ਭਰ ਲਈ ਉਸ

ਪ੍ਰਕਾਰ ਦੀਆਂ ਪ੍ਰਵਿਰਤੀਆਂ ਗ੍ਰਹਿਣ ਕਰ ਲੈਂਦਾ ਹੈ। ਮਨੁੱਖ ਭਾਵੇਂ ਕਿਤਨਾ ਵੀ ਮਾਨਸਿਕ ਅਤੇ ਬੌਧਿਕ ਤੌਰ 'ਤੇ ਵਿਕਾਸ ਕਰ ਲਏ, ਉਸ ਦੇ ਅਚੇਤ ਮਨ ਵਿੱਚ ਆਦਿਮ ਮਨ ਦੇ ਕੁੱਝ ਸੰਸਕਾਰ ਕਿਸੇ ਨਾ ਕਿਸੇ ਰੂਪ ਵਿੱਚ ਵਿਦਮਾਨ ਰਹਿੰਦੇ ਹਨ। ਵਿਗਿਆਨੀ ਮਨ ਵੀ ਇਹਨਾਂ ਸੰਸਕਾਰਾਂ ਪੂਰਨ ਭਾਂਤ ਮੁਕਤ ਨਹੀਂ ਹੁੰਦਾ।"[3]

ਲੋਕ ਮਨ, ਮਾਨਵ ਜਾਤੀ ਦਾ ਸਾਂਸਕ੍ਰਿਤਕ ਵਿਰਸਾ ਹੈ। ਇਹ ਗਿਆਨ ਅਤੇ ਵਿਸ਼ਵਾਸ ਦੀ ਅਜਿਹੀ ਧਾਰਾ ਹੈ, ਜਿਹੜੀ ਮਾਨਵ ਮਨ ਦੀਆਂ ਡੂੰਘੀਆਂ ਅਚੇਤ ਕੰਦਰਾਂ ਵਿਚ ਚੁੱਪ ਚੁਪੀਤੇ ਵਹਿ ਰਹੀ ਹੈ। ਲੋਕ ਮਨ, ਮਾਨਵ ਮਨ ਵਿਚ ਕਿਰਿਆਸ਼ੀਲ ਆਦਿਮ ਸੰਸਕਾਰ ਹਨ। ਜੇਕਰ ਆਧੁਨਿਕ ਮਾਨਵ ਦੇ ਪ੍ਰਸੰਗ ਵਿਚ ਲੋਕ ਮਨ ਨੂੰ ਸਮਝਣਾ ਹੋਵੇ ਤਾਂ ਇਹ ਅਜਿਹੀ ਮਨੋਅਵਸਥਾ ਦੇ ਰੂਪ ਵਿੱਚ ਸਮਝਿਆ ਕਿ ਜਦੋਂ ਜਿਸੇ ਮਾਨਵ ਦਾ ਮਨ ਕਿਸੇ ਉਤੇਜਨਾ ਦੇ ਹੁੰਗਾਰੇ ਵਜੋਂ ਆਦਿਮ ਮਾਨਵ ਦੀਆਂ ਪ੍ਰਵਿਰਤੀਆਂ ਅਤੇ ਚੇਤਨਾ ਦੇ ਪੱਧਰ ਨੂੰ ਪ੍ਰਾਪਤ ਕਰਨ ਲਈ ਅਚੇਤ ਰੂਪ ਵਿਚ ਤਰੰਗਤ ਅਤੇ ਪ੍ਰੇਰਿਤ ਹੋਵੇ। ਅਜਿਹੀ ਮਨੋਅਵਸਥਾ ਵਿੱਚ ਆਧੁਨਿਕ ਮਾਨਵ ਵੀ ਪ੍ਰਕਿਰਤੀ ਤੋਂ ਪ੍ਰਾਪਤ ਹੋ ਰਹੇ ਪ੍ਰਤੱਖਣ ਨੂੰ ਆਦਿਮ ਮਾਨਵ ਦੀ ਚੇਤਨਾ ਅਤੇ ਪ੍ਰਵਿਰਤੀਆਂ ਦੇ ਆਧਾਰ 'ਤੇ ਹੀ ਅਨੁਭਵ ਅਤੇ ਗ੍ਰਹਿਣ ਕਰਨ ਲੱਗਦਾ ਹੈ ਅਤੇ ਇਕ ਵਿਸ਼ੇਸ਼ ਪ੍ਰਕਾਰ ਦਾ ਵਿਸਮਾਦੀ ਭੈਅ ਅਨੁਭਵ ਕਰਦਾ ਹੈ। ਇਹੋ ਵਿਸਮਾਦ ਅਤੇ ਭੈਅ, ਆਦਿਮ ਮਾਨਵ ਪ੍ਰਕਿਰਤੀ ਦੇ ਪ੍ਰਤੱਖਣ ਸਮੇਂ ਕਰਦਾ ਸੀ। ਜਦੋਂ (ਬਹੁਰੂਪੀਆ) ਲੋਕ ਕਲਾਕਾਰ ਵਿਸ਼ੇਸ਼ ਦਿਵ ਪੁਰਸ਼ ਦਾ ਰੂਪ ਧਾਰ ਕੇ, ਲੋਕ ਸਾਂਸਕ੍ਰਿਤਕ ਪਰਿਵੇਸ਼ ਵਿਚ ਉਸ ਜਨ ਸਮੂਹ ਦਰਮਿਆਨ ਵਿਚਰਦਾ ਹੈ ਜਿਹਨਾਂ ਦਾ ਲੋਕ ਮਨ, ਕਿਸੇ ਵੀ ਲੋਕਧਾਰਾਈ ਸੱਚ ਵੱਲੋਂ ਪੈਦਾ ਕੀਤੀ ਗਈ ਉਤੇਜਨਾ ਪ੍ਰਤੀ ਆਪਣਾ ਖਾਸ ਲੋਕਧਾਰਾਈ ਹੁੰਗਾਰਾ ਦੇਣ ਲਈ ਪਹਿਲੋਂ ਹੀ ਤਿਆਰ ਰਹਿ ਕੇ ਵਿਸ਼ੇਸ਼ ਸੰਦਰਭ ਅਨੁਸਾਰ ਇਕ ਖਾਸ ਪਰਾਭੌਤਿਕ ਹੋਂਦ ਬਣ ਜਾਂਦਾ ਹੈ। ਜਿਸ ਦੁਆਰਾ ਲੋਕ ਮਨ ਕਿਸੇ ਦੈਵੀ ਪਰਾਭੌਤਿਕ ਤੱਤ ਨਾਲ ਆਪਣਾ ਸੰਪਰਕ ਸਥਾਪਿਤ ਕਰਨਾ ਲੋਚਦਾ ਹੈ। ਲੋਕ ਮਨ ਇਸ ਧਾਰਨਾ ਵਿਚ ਵਿਵਾਸ ਕਰਦਾ ਹੈ ਕਿ ਦਿੱਵਯ ਪੁਰਸ਼ ਦਾ ਭੇਸ ਧਾਰੀ ਇਕ ਸਧਾਰਨ ਮਾਨਵ ਉਸ ਦਿੱਵਯ ਸ਼ਕਤੀ ਦੀ ਦੈਵੀ ਕਣੀ ਨੂੰ ਵੀ ਕਿਧਰੇ ਨਾ ਕਿਧਰੇ ਆਪਣੀ ਹੋਂਦ ਵਿਚ ਆਤਮਸਾਤ ਕਰ ਰਿਹਾ ਹੈ। ਭੇਸ ਧਾਰਨ ਕਰਨ ਵਾਲਾ ਲੋਕ ਕਲਾਕਾਰ ਵੀ ਇਸ ਲੋਕ ਮਾਨਸਿਕਤਾ ਤੋਂ ਮੁਕਤ ਨਹੀਂ ਹੁੰਦਾ ਉਹ ਵੀ ਇਸ ਪਰਾਭੌਤਿਕ ਅਨੁਭਵ ਲਈ ਮਾਨਸਿਕ ਰੂਪ ਵਿੱਚ ਤਿਆਰ ਹੁੰਦਾ ਹੈ। ਉਹ ਆਪਣੇ ਦੈਵੀ ਭੇਸ ਦੇ ਅਨੁਕੂਲ ਸਾਰੀਆਂ ਸੰਭਾਵਤ ਵਰਜਣਾਵਾਂ ਦਾ ਅਨੁਸਰਨ ਵੀ ਕਰਦਾ ਹੈ। ਇਹ ਐਸੀ ਮਨੋਸਥਿਤੀ ਹੈ ਜਦੋਂ ਲਘੂ ਮਾਨਵੀ ਹੋਂਦ ਆਪਣੇ ਤੋਂ ਬਹੁਤ ਸ਼ਕਤੀਸ਼ਾਲੀ ਦੈਵੀ ਤਾਕਤ ਨੂੰ ਆਪਣੇ ਵਜੂਦ ਵਿੱਚ ਅਨੁਭਵ ਕਰਦੀ ਹੈ। ਲੋਕ ਮਨ, ਲੋਕ ਕਲਾਕਾਰ ਨੂੰ ਕਿਸੇ ਦੈਵੀ ਸ਼ਕਤੀ ਦਾ ਸਮੂਰਤ ਪ੍ਰਗਟਾਵਾ ਅਨੁਭਵ ਕਰਦਾ ਹੈ। 'ਸ਼ਿਵ' ਦਾ ਭੇਸ ਧਾਰੀ ਬਹੁਰੂਪੀਆਂ ਸਧਾਰਨ ਮਾਨਵ ਨਾ ਰਹਿ ਕਿ 'ਸ਼ਿਵ ਦੀ ਸ਼ਕਤੀ' ਦਾ ਵਾਹਕ ਹੋ ਜਾਂਦਾ ਹੈ ਅਤੇ ਉਸ ਦਾ ਤ੍ਰਿਸਕਾਰ ਕਿਸੇ ਅਣਹੋਣੀ ਦਾ ਆਮੰਤ੍ਰਣ ਹੋ ਸਕਦਾ ਹੈ। ਇਸੇ ਤਰਾਂ ਉਸ ਦਾ ਸਤਿਕਾਰ ਕਰਨਾ ਮੰਗਲਮਈ ਪ੍ਰਵਾਨ ਕੀਤਾ ਜਾਂਦਾ ਹੈ। ਲੋਕ ਮਨ ਆਪਣੇ ਦਿੱਵਯ ਨਾਇਕਾਂ ਦੁਆਰਾ ਸੰਘਾਰੇ ਗਏ ਦੈਵੀ ਖਲਨਾਇਕਾਂ ਦਾ ਵੀ ਉਹਨਾਂ ਦੇ ਵਿਸ਼ੇਸ਼ ਗੁਣਾਂ ਕਰਕੇ ਸਤਿਕਾਰ ਕਰਦਾ ਹੈ। ਜਿਵੇਂ ਰਾਵਣ ਦੀ ਵਿਦਵਤਾ ਅਤੇ ਭਗਤੀ ਭਾਵਨਾ ਦਾ ਲੋਕ ਮਨ ਅੰਦਰ ਵਿਸ਼ੇਸ਼ ਆਦਰ ਹੈ, ਬਹੁਰੂਪੀਏ ਰਾਵਣ ਦਾ ਭੇਸ ਇਸੇ ਧਾਰਨਾ ਅਧੀਨ ਧਾਰਨ ਕਰਦੇ ਹਨ। ਰਾਵਣ ਦਾ ਭੇਸ ਧਾਰੀ ਬਹੁਰੂਪੀਆਂ, ਲੋਕ ਮਨ ਦੇ ਰਾਵਣ ਦੇ ਵਿਦਵਾਨ ਪੁਰ ਹੋਣ ਦੀ ਧਾਰਨਾ ਨੂੰ ਟੁੰਬਦਾ ਹੈ, ਲੋਕ ਮਨ

ਆਪਣੇ ਖਲਨਾਇਕ ਦੇ ਵਿਅਕਤਿੱਤਵ ਦੇ ਕਿਸੇ ਗੌਰਵਸ਼ਾਲੀ ਪੱਖ ਨੂੰ ਉਭਾਰ ਕੇ ਆਪਣੇ ਲੌਕਿਕ ਸੁੱਖ ਦੀ ਕਾਮਨਾ ਕਰਦਾ ਹੈ। ਰਾਵਣ ਦੇ ਭੇਸ ਵਿਚ ਬਹੁਰੂਪੀਆ ਨਿੱਕੇ-ਨਿੱਕੇ ਬੱਚਿਆਂ ਨੂੰ ਵਿੱਦਿਆ ਦੀ ਪ੍ਰਾਪਤੀ ਦੁਆਰਾ ਕਲਿਆਣ ਦਾ ਆਸ਼ੀਰਵਾਦ ਦਿੰਦਾ ਹੈ। ਇਸ ਪ੍ਰਕਾਰ ਬਹੁਰੂਪੀਆ ਜਿਸ ਦੈਵੀ ਹੋਂਦ ਦਾ ਭੇਸ ਧਾਰਨ ਕਰਦਾ ਹੈ, ਉਸ ਦਿੱਵਯ ਸ਼ਕਤੀ ਦੇ ਵਿਸ਼ੇਸ਼ ਗੁਣਾਂ ਅਤੇ ਅਧਿਆਤਮਕ ਸ਼ਕਤੀ ਦੇ ਬਲ ਦਾ ਵਾਹਕ ਹੋ ਜਾਂਦਾ ਹੈ ਅਤੇ ਸਮੂਹ ਦੇ ਕਲਿਆਣ ਲਈ ਆਪਣਾ ਆਸ਼ੀਰਵਾਦ ਦਿੰਦਾ ਹੈ ਅਤੇ ਬਦਲੇ ਵਿਚ ਸਮੂਹ ਉਸਨੂੰ ਆਪਣੀ ਵਿਤ ਮੁਜਬ ਧਨ, ਖਾਣਪੀਣ ਦੀ ਸਮੱਗਰੀ ਅਤੇ ਸਤਿਕਾਰ ਭੇਂਟ ਕਰਦਾ ਹੈ। ਆਦਿਮ ਮਾਨਵ ਦੁਆਰਾ ਪਰਾਭੌਤਿਕ ਸ਼ਕਤੀਆਂ ਨੂੰ ਮਾਨਵ ਸਰੀਰ )ਚ ਆਮੰਤ੍ਰਿਤ ਕਰਕੇ ਪਰਾਭੌਤਿਕ ਤੱਤਾਂ ਦਾ ਸਮੂਰਤ ਰੂਪ ਵਿੱਚ ਮਾਨਵੀ ਵਜੂਦ ਵਿੱਚ ਪ੍ਰਗਟਾਵਾ ਅਤੇ ਇਸ ਸਮੂਰਤ ਦਿੱਵਯ ਸ਼ਕਤੀ ਨੂੰ ਆਪਣੇ ਹਿੱਤ ਲਈ ਵਰਤ ਸਕਣ ਦੀ ਆਦਿਮ ਕਾਮਨਾ ਇਸ ਲੋਕ ਨਾਟ ਵੰਨਗੀ ਦਾ ਲੋਕਧਾਰਾਈ ਆਧਾਰ ਹੈ। ਇਸ ਸਾਰੇ ਲੋਕਧਾਰਾਈ ਵਰਤਾਰੇ ਪਿੱਛੇ ਜਾਦੂ ਚਿੰਤਨ ਦੀਆਂ ਰੂੜ੍ਹੀਆਂ ਕਾਰਜਸ਼ੀਲ ਹਨ। ਆਦਿਮ ਮਾਨਵ ਦੀ ਰੁਚੀ ਉਹ ਨੇਮ ਜਾਂ ਧਾਰਨਾਵਾਂ ਲੱਭਣ ਵੱਲ ਰੁਚਿਤ ਸੀ ਜਿਨ੍ਹਾਂ ਦੁਆਰਾ ਪ੍ਰਕਿਰਤੀ ਦੀ ਵਿਵਸਥਾ ਦਾ ਗਿਆਨ ਅਰਜਿਤ ਕਰਕੇ ਇਸਨੂੰ ਆਪਣੇ ਅਨੁਕੂਲ ਢਾਲਿਆ ਜਾ ਸਕੇ। ਇਸ ਆਦਿ ਕਾਲੀਨ ਮਾਨਵੀ ਜਗਿਆਸਾ ਦਾ ਸਿੱਟਾ ਜਾਦੂ ਚਿੰਤਨ ਦੇ ਰੂਪ ਵਿੱਚ ਪ੍ਰਾਪਤ ਹੁੰਦਾ ਹੈ। ਇਸ ਚਿੰਤਨ ਦੁਆਰਾ ਮਾਨਵ ਨੇ ਆਪਣੀ ਲਘੂ ਹੋਂਦ ਨੂੰ ਅਨੰਤ ਪ੍ਰਕਿਰਤੀ ਦੇ ਮੁਕਾਬਲੇ ਇੱਕ ਦਿਲਾਸਾ ਪ੍ਰਦਾਨ ਕੀਤਾ। ਜਾਦੂ ਚਿੰਤਨ ਦੀਆਂ ਧਾਰਨਾਵਾਂ ਅਨੁਸਾਰ ਕੋਈ ਕਾਰਨ ਕਿਸੇ ਕਾਰਜ ਨੂੰ ਜਨਮ ਦਿੰਦਾ ਹੈ ਅਤੇ ਬਿਨਾ ਕਿਸੇ ਬਾਹਰੀ ਦਖ਼ਲ ਦੇ ਇਹ ਲੜੀ ਲਗਾਤਾਰ ਕਾਰਜਸ਼ੀਲ ਰਹਿੰਦੀ ਹੈ। ਇਸ ਸੰਬੰਧੀ ਸਰ ਜੇਮਜ਼ ਫਰੇਜ਼ਰ ਲਿਖਦੇ ਹਨ ਕਿ ''ਇਸ ਚਿੰਤਨ ਦੀ ਧਾਰਨਾ ਅਨੁਸਾਰ ਪ੍ਰਕਿਰਤੀ ਵਿੱਚ ਇਕ ਘਟਨਾ ਤੋਂ ਬਾਅਦ ਦੂਸਰੀ ਘਟਨਾ, ਬਿਨਾ ਕਿਸੇ ਅਧਿਆਤਮਕ ਜਾਂ ਨਿੱਜੀ ਸਬੱਬ ਦੇ ਲਾਜ਼ਮੀ ਅਤੇ ਇਮਸਾਕ ਰੂਪ ਵਿੱਚ ਵਾਪਰਦੀ ਰਹਿੰਦੀ ਹੈ ਇਸ ਤਰਾਂ ਇਹ ਚਿੰਤਨ ਬੁਨਿਆਦੀ ਰੂਪ ਵਿਚ ਆਧੁਨਿਕ ਵਿਗਿਆਨਕ ਸੰਕਲਪਨਾਵਾਂ ਦਾ ਸਮਾਨਰੂਪੀ ਹੈ।"[4]

ਜਾਦੂ ਚਿੰਤਨ ਅਤੇ ਵਿਗਿਆਨਕ ਚਿੰਤਨ ਦੀ ਪ੍ਰਕਿਰਤੀ ਵਿਚਲੀ ਬੁਨਿਆਦੀ ਸਾਂਝ ਇਹ ਹੈ ਕਿ ਦੋਵੇਂ ਕਾਰਨ-ਕਾਰਜ ਸਿਧਾਂਤ ਦਾ ਅਨੁਸਰਨ ਕਰਦੇ ਹਨ ਦੋਵੇਂ ਇਸ ਤੱਥ ਨਾਲ ਸਹਿਮਤ ਹਨ ਕਿ ਪ੍ਰਕਿਰਤੀ ਦੇ ਵਰਤਾਰੇ ਸੰਪੂਰਨ ਲਗਾਤਾਰਤਾ ਵਿੱਚ ਕੁੱਝ ਅਟੱਲ ਨਿਯਮਾਂ ਅਧੀਨ ਕਾਰਜਸ਼ੀਲ ਹਨ। ਪਰੰਤੂ ਜਾਦੂ ਚਿੰਤਨ ਇਨ੍ਹਾਂ ਵਰਤਾਰਿਆਂ ਪਿਛੇ ਕਿਸੇ ਅਚੇਤ ਅਤੇ ਵਿਅਕਤੀ ਰਹਿਤ ਸੱਤਾ ਨੂੰ ਦਖ਼ਲ ਦੇਣ ਲਈ ਮਜਬੂਰ ਕਰਨ ਦੀ ਧਾਰਨਾ ਸਵੀਕਾਰ ਕਰਦਾ ਹੈ, ਵਿਗਿਆਨ ਵਿੱਚ ਇਸ ਚਿੰਤਨ ਦਾ ਅਭਾਵ ਹੈ। ਜਾਦੂ ਚਿੰਤਨ ਪ੍ਰਕਿਰਤੀ ਦੇ ਵਰਤਾਰਿਆ ਨੂੰ ਆਪਣੇ ਦਖ਼ਲ ਨਾਲ ਮਨਇੱਛਤ ਫਲ ਪੈਦਾ ਕਰਨ ਲਈ ਆਦੇਸ਼ ਦਿੰਦਾ ਹੈ। ਵਿਗਿਆਨ ਕਾਰਨ-ਕਾਰਜ ਨੇਮਾਂ ਦੀ ਭਾਲ ਕਰਦਾ ਹੈ।

ਜਾਦੂ ਚਿੰਤਨ ਪੂਰਵ ਤਾਰਕਿਕ ਢੰਗ ਨਾਲ ਕਾਰਨ ਕਾਰਜ ਸੰਬੰਧਾਂ ਰਾਹੀਂ ਯਥਾਰਥ ਦੀ ਵਿਆਖਿਆ ਦਾ ਸਰਲ ਮਾਰਗ ਖੋਜਦਾ ਹੈ। ਉਦਾਹਰਨ ਵਜੋਂ ਵਿਗਿਆਨਕ ਚਿੰਤਨ ਅਨੁਸਾਰ ਬੀਮਾਰੀਆਂ ਦਾ ਕਾਰਨ ਅਵੱਸ਼ ਹੋਵੇਗਾ ਅਤੇ ਇਸਦਾ ਕਾਰਨ ਉਹ ਰੋਗਾਣੂ ਮੰਨਦਾ ਹੈ ਪਰੰਤੂ ਜਾਦੂ ਚਿੰਤਨ ਜਦੋਂ ਇਸਦਾ ਕਾਰਨ ਤਲਾਦਾ ਹੈ ਤਾਂ ਉਹ ਕਿਸੇ ਮੰਦੀ ਭਾਵਨਾ ਦੇ ਸਿੱਟੇ 'ਤੇ ਜਾ ਅੱਪੜਦਾ ਹੈ ਜਿੜ੍ਹੀ ਕਿ ਪ੍ਰਕਿਰਤੀ ਦੇ ਅਵਚੇਤਨ ਤੱਤ ਤੇ ਕਾਬੂ ਕਰਕੇ ਆਦੇਸ਼ ਪੂਰਵਕ ਬਿਮਾਰੀ ਨੂੰ ਥੋਪ

ਰਹੀ ਹੈ।

ਸਰ ਜੇਮਜ਼ ਫਰੇਜ਼ਰ ਨੇ ਆਦਿਮ ਮਾਨਵ ਦੀਆਂ ਜਾਦੂ ਚਿੰਤਨ ਸੰਬੰਧੀ ਧਾਰਨਾਵਾਂ ਨੂੰ ਸਹਾਰਨਭੂਤੀ (Sympathy) ਦੇ ਸਿਧਾਂਤ ਦੇ ਆਧਾਰ 'ਤੇ ਅਧਿਐਨ ਕਰਨ ਦਾ ਯਤਨ ਕੀਤਾ ਹੈ। ਇਹ ਸਹਾਰਨਭੂਤੀ (Sympathy) ਕਈ ਵਾਰ ਵਸਤਾਂ ਅਤੇ ਵਰਤਾਰਿਆ ਦੀ ਸਮਰੂਪਤਾ (Resemblance) 'ਤੇ ਆਧਾਰਿਤ ਹੁੰਦੀ ਹੈ ਅਤੇ ਕਈ ਵਾਰ ਇਹ ਪ੍ਰਕਿਰਤੀ ਵਿੱਚ ਪ੍ਰਾਪਤ ਵਸਤਾਂ, ਜੀਵਾਂ ਅਤੇ ਮਨੁੱਖਾਂ ਦੇ ਆਪਸੀ ਸੰਪਰਕ (Contact) ਸਥਾਪਿਤ ਹੋਣ ਨਾਲ ਸੰਬੰਧਿਤ ਹੁੰਦੀ ਹੈ। ਫਰੇਜ਼ਰ ਨੇ ਆਪਣੇ ਸਹਾਰਨਭੂਤੀ ਜਾਦੂ (Sympathetic Magic) ਦੇ ਸਿਧਾਂਤ ਨੂੰ ਹੇਠ ਦਿੱਤੀ ਤਰਤੀਬ ਅਨੁਸਾਰ ਦੋ ਭਾਗਾਂ ਵਿੱਚ ਵੰਡਿਆ।

ਸਹਾਰਨਭੂਤੀ ਜਾਦੂ

| | |
|---|---|
| ਸਮਪ੍ਰਭਾਵੀ ਜਾਦੂ | ਸਪਰ ਜਾਦੂ |
| Homeopathic Magic | Contagious Magic |
| ਸਮਾਨਤਾ ਦਾ ਸਿਧਾਂਤ | ਸੰਪਰਕ ਦਾ ਸਿਧਾਂਤ |
| Law of Similarty | Law of Contact |

ਇਸ ਪ੍ਰਕਾਰ ਆਦਿਮ ਮਾਨਵ ਨੇ ਕਾਰਨ-ਕਾਰਜ ਸੰਬੰਧਾਂ ਦੀ ਲੜੀ ਦੀ ਸ਼ੁਰੂਆਤ ਨੂੰ ਸੁਚੇਤ ਰੂਪ ਵਿਚ ਆਰੰਭ ਕਰਕੇ ਪ੍ਰਕਿਰਤੀ ਨੂੰ ਆਪਣੇ ਮਨ-ਇੱਛਤ ਕਾਰਜ ਦੀ ਪੂਰਤੀ ਲਈ ਆਦੇਸ਼ ਦੇਣ ਵਾਸਤੇ ਦੋ-ਵਿਧੀਆਂ, ਸਮਪ੍ਰਭਾਵੀ ਜਾਦੂ (Homeopathic Magic) ਅਤੇ। ਸਪਰਸ਼ ਜਾਦੂ (Contagious Magic) ਦੀ ਵਰਤੋਂ ਕੀਤੀ। ਸਮਪ੍ਰਭਾਵੀ ਜਾਦੂ ਦੀ ਧਾਰਨਾ ਅਨੁਸਾਰ ਵਰਤਾਰਿਆਂ ਦੇ ਸੁਚੇਤ ਅਨੁਕਰਣ ਅਤੇ ਵਸਤੂਆਂ ਦੇ ਪ੍ਰਤਿਰੂਪਾਂ ਵਿੱਚ ਅਚੇਤ ਸੰਮਤੀ ਹੁੰਦੀ ਹੈ ਅਤੇ ਪ੍ਰਕਿਰਤੀ ਦੇ ਪਰਿਦ੍ਰਿਸ਼ ਵਿਚ ਸੁਚੇਤ ਰੂਪ ਵਿਚ ਕਿਸੇ ਵਰਤਾਰੇ ਦੇ ਅਨੁਕਰਣ ਰੂਪੀ ਕਾਰਨ ਪੈਦਾ ਕਰਕੇ (ਕਾਰਜ) ਦੇ ਰੂਪ ਵਿਚ ਅਨੁਕਰਿਤ ਵਰਤਾਰੇ ਜਾਂ ਵਸਤੂ (ਉਸਦੇ ਗੁਣਾਂ ਸਮੇਤ) ਦੇ ਪ੍ਰਕਿਰਤੀ ਵਿਚ ਯਥਾਰਥ ਰੂਪ ਵਿਚ ਪ੍ਰਗਟ ਹੋਣ ਦੀ ਕਾਮਨਾ ਕੀਤੀ ਜਾਂਦੀ ਹੈ। ਉਦਾਹਰਣ ਵਜੋਂ ਸ਼ਿਕਾਰ ਵਾਂਗ ਫ਼ਸ ਜਾਣ ਦਾ ਵਿਖਾਵਾ ਕਰਨਾ ਅਤੇ ਇਹ ਕਾਮਨਾ ਕਰਨਾ ਕਿ ਇਸੇ ਤਰ੍ਹਾਂ ਸ਼ਿਕਾਰ ਦੇ ਜਾਲ ਵਿਚ ਫਸ ਜਾਣ ਦੀ ਘਟਨਾ ਵਾਪਰੇਗੀ। ਇਸੇ ਤਰਾਂ ਕਈ ਕਬੀਲੇ ਆਪਣੇ ਹਥਿਆਰਾਂ ਨੂੰ ਉਸ ਹਥਿਆਰ ਦੀ ਹੂਬਹੂ ਨਕਲ 'ਚ ਤਿਆਰ ਕਰਦੇ ਹਨ ਜਿਸ ਦਾ ਵਾਰ ਖਾਲੀ ਨਾ ਗਿਆ ਹੋਵੇ, ਇਸ ਪ੍ਰਕਾਰ ਵਸਤੂ ਦੀ ਸਮਰੂਪਤਾ ਨੂੰ ਆਧਾਰ ਬਣਾ ਕੇ ਉਸਦੇ ਗੁਣਾਂ ਨੂੰ ਅਰਜਿਤ ਕਰਨ ਦੀ ਕਾਮਨਾ ਕੀਤੀ ਜਾਂਦੀ ਹੈ।

ਜਾਦੂ ਚਿੰਤਨ ਦੀ ਦੂਸਰੀ ਵਿਧੀ ਸਪਰ ਜਾਦੂ ਦੀ ਧਾਰਨਾ ਅਨੁਸਾਰ ਇਕ ਵਾਰ ਭੌਤਿਕ ਸੰਪਰਕ ਸਥਾਪਿਤ ਹੋਣ ਤੋਂ ਬਾਅਦ ਨਿਖੜਨ ਉਪਰੰਤ ਵੀ ਵਸਤਾਂ ਰਹੱਸਮਈ ਢੰਗ ਨਾਲ ਇਕ ਦੂਸਰੇ ਵਿਚ ਅਭੇਦ ਰਹਿੰਦੀਆਂ ਹਨ, ਜਿਵੇਂ ਵੱਖਰੀਆਂ ਹੋਦਾਂ ਨਾ ਹੋ ਕੇ ਕਿਸੇ ਇਕ ਸਮੁੱਚ ਦਾ ਹੀ ਅੰਗ ਹੋਣ ਅਤੇ ਇਕ ਦੂਸਰੀ ਨੂੰ ਪ੍ਰਭਾਵਿਤ ਕਰਦੀਆਂ ਹੋਣ। ਜਾਦੂ ਚਿੰਤਨ ਦੀ ਇਹ ਸ਼ਾਖਾ

ਸੰਪਰਕ ਦੇ ਸਿਧਾਂਤ (Law of Contact) 'ਤੇ ਆਧਾਰਿਤ ਹੈ। ਆਦਿਮ ਕਬੀਲੇ ਇਸ ਧਾਰਨਾ ਵਿੱਚ ਯਕੀਨ ਰੱਖਦੇ ਸਨ ਕਿ ਜੇਕਰ ਤੁਸੀਂ ਕਿਸੇ ਵਿਅਕਤੀ ਜਾਂ ਪਸ਼ੂ ਦੇ ਪੈਰਾਂ ਦੇ ਨਿਸ਼ਾਨਾਂ ਨੂੰ ਨੁਕਸਾਨ ਪਹੁੰਚਾਉਂਦੇ ਹੋ ਤਾਂ ਤੁਸੀਂ ਸੰਬੰਧਿਤ ਵਿਅਕਤੀ ਜਾਂ ਪਸ਼ੂ ਨੂੰ ਨੁਕਸਾਨ ਪਹੁੰਚਾਂ ਸਕਦੇ ਹੋ। ਇਸੇ ਤਰ੍ਹਾਂ ਵਿਅਕਤੀ ਦੇ ਸੰਪਰਕ ਵਿੱਚ ਆਈ ਪੈਰਾਂ ਦੀ ਮਿੱਟੀ, ਉਸ ਦੀਆਂ ਵਸਤਾਂ, ਉਸਦੇ ਨਹੁੰ, ਵਾਲ ਵੀ ਇਸ ਮਨੋਰਥ ਲਈ ਵਰਤੇ ਜਾਂਦੇ ਸਨ, ਇਹ ਸਪਰਸ਼ ਜਾਦੂ ਦੀਆਂ ਧਾਰਨਾਵਾਂ 'ਤੇ ਉਸਰਿਆ ਚਿੰਤਨ ਸੀ।

ਇਸ ਪ੍ਰਕਾਰ ਬਹੁਰੂਪੀਆ ਲੋਕ ਨਾਟ ਵੰਨਗੀ ਪਿਛੇ ਕਾਰਜਸ਼ੀਲ ਜਾਦੂ ਚਿੰਤਨ ਦੀ ਥਾਹ ਪਾਈ ਜਾ ਸਕਦੀ ਹੈ। ਇਥੇ ਪ੍ਰਮੁੱਖ ਰੂਪ ਵਿਚ ਸਮਪ੍ਰਭਾਵੀ ਜਾਦੂ ਦੀਆਂ ਧਾਰਨਾਵਾਂ ਅਨੁਸਾਰ ਬਹੁਰੂਪੀਆਂ ਸੰਬੰਧਿਤ ਦੈਵੀ ਹੋਂਦ ਦਾ ਅਨੁਕਰਨ ਪ੍ਰਸਤੁਤ ਕਰ ਰਿਹਾ ਹੈ। ਸਮਪ੍ਰਭਾਵੀ ਜਾਦੂ ਚਿੰਤਨ ਦੀਆਂ ਰੂੜ੍ਹੀਆਂ ਅਨੁਸਾਰ ਜੇਕਰ ਕੋਈ ਸੁਚੇਤ ਧਿਰ ਕਿਸੇ ਵਰਤਾਰੇ ਦੀ ਅਨੁਕਰਣਾਤਮਕ ਨਕਲ ਕਰਦੀ ਹੈ ਤਾਂ ਇਹ ਸੁਚੇਤ ਨਕਲ ਆਪਣੇ (ਅਸਲ) ਵਰਗੇ ਗੁਣ ਗ੍ਰਹਿਣ ਕਰ ਲੈਂਦੀ ਹੈ। ਭਾਵ ਕਿਸੇ ਪ੍ਰਤਿਰੂਪ ਜਾਂ ਨਕਲ ਵਿਚ ਵੀ ਆਪਣੇ ਪ੍ਰਤਿਰੂਪੀ ਵਰਗੇ ਗੁਣ ਉਤਪੰਨ ਹੋ ਜਾਣ ਦੀ ਸਹਿਜ ਪ੍ਰਵਿਰਤੀ ਪ੍ਰਵਾਨ ਕੀਤੀ ਜਾਂਦੀ ਹੈ। ਨਕਲ ਦੇ ਅੰਸ਼ ਰਾਹੀਂ ਸੰਬੰਧਿਤ ਧਿਰ ਦੀ ਸ਼ਕਤੀ ਅਰਜਿਤ ਕਰਨ ਦੀ ਕਾਮਨਾ ਕੀਤੀ ਜਾਂਦੀ ਹੈ। ਜਾਦੂ ਚਿੰਤਨ ਦੀਆਂ ਧਾਰਨਾਵਾਂ ਵਿੱਚ ਸਹਿਜ ਵਿਸ਼ਵਾਸ ਅਤੇ ਆਸਥਾ ਰੱਖਣ ਕਾਰਨ ਲੋਕ ਮਨ ਦੇ ਪ੍ਰਤੱਖਣ ਵਿਚ ਇਹ ਵਰਤਾਰਾ ਅਚੇਤ ਸਰਲਤਾ ਨਾਲ ਵਾਪਰਦਾ ਹੈ।

ਇਸ ਪ੍ਰਕਾਰ ਬਹੁਰੂਪੀਆ ਜਦੋਂ ਕਿਸੇ ਦੈਵੀ ਹੋਂਦ ਦਾ ਭੇਸ ਧਾਰਨ ਕਰਦਾ ਹੈ ਤਾਂ ਇਹ ਸੁਚੇਤ ਅਨੁਕਰਣ ਪ੍ਰਕਿਰਤੀ ਵਿਚ ਇਕ ਦੈਵੀ ਹੋਂਦ ਦੀ ਨਕਲ ਦੀ ਪ੍ਰਸਤੁਤੀ ਕਰਦਾ ਹੈ। ਬਹੁਰੂਪੀਆ ਅਨੁਕ੍ਰਿਤ ਦੈਵੀ ਹੋਂਦ ਦੀ ਵੇਸ਼ਭੂਸ਼ਾ, ਸ਼ਸਤਰ, ਤਕੀਆ ਕਲਾਮ, ਵਿਸ਼ੇਸ਼ ਚਿੰਨ੍ਹ ਆਦਿ ਨੂੰ ਧਾਰਣ ਕਰਦਾ ਹੈ ਅਤੇ ਇਹ ਸਾਰੀ ਤਿਆਰੀ ਬੇਹਦ ਸਾਦਗੀ ਅਤੇ ਸਰਲ ਤੇ ਘੱਟੋ ਘੱਟ ਸਾਧਨਾ ਨਾਲ ਕੀਤੀ ਜਾਂਦੀ ਹੈ। ਬਹੁਰੂਪੀਏ ਨਿੱਕੇ ਨਿੱਕੇ ਬੱਚਿਆਂ ਨੂੰ ਲੰਗੋਟ ਪੁਆ ਕੇ, ਉਹਨਾਂ ਦੇ ਪਿਛੇ ਇਕ ਪੂੰਛ ਟੰਗ ਕੇ ਤੇ ਉਹਨਾਂ ਦੇ ਮੂੰਹ ਦਾ ਕੁੱਝ ਹਿੱਸਾ ਲਾਲ ਰੰਗ ਨਾਲ ਮਲ ਕੇ ਉਹਨਾਂ ਦੇ ਸਰੀਰ ਤੇ ਪਾਂਡੂ ਮਲ ਦਿੰਦੇ ਹਨ, ਇਕ ਡੰਡੇ ਦੇ ਸਿਰੇ 'ਤੇ ਸੁਨਹਿਰੀ ਕੱਪੜਾ ਲਪੇਟ ਕੇ ਗਦਾ ਬਣਾ ਲਈ ਜਾਂਦੀ ਹੈ ਅਤੇ ਇਸ ਪ੍ਰਕਾਰ ਇੱਕ ਨਿੱਕਾ ਜਿਹਾ ਬਾਲ ਅੰਜਨੀ ਪੁੱਤਰ ਹਨੂੰਮਾਨ ਬਣ ਜਾਂਦਾ ਹੈ।

ਬਹੁਰੂਪੀਏ ਦੁਆਰਾ ਧਾਰਨ ਕੀਤਾ ਗਿਆ ਦੈਵੀ ਰੂਪ ਦੋ ਪੱਧਰਾਂ ਉਤੇ ਇਕੋ ਸਮੇਂ ਆਪਣਾ ਪ੍ਰਕਾਰਜ ਕਰਦਾ ਹੈ। ਪਹਿਲਾ ਇਸ ਸਰੂਪ ਨੂੰ ਧਾਰਨ ਕਰਨ ਦਾ ਕਲਾਤਮਕ ਉੱਦਮ, ਦੂਸਰਾ ਇਸ ਦੈਵੀ ਸਰੂਪ ਦੁਆਰਾ ਲੋਕ ਮਨ ਵਿੱਚ ਰਹਿੰਦੀਆਂ ਆਸਥਾ ਦੀਆਂ ਭਾਵਨਾਵਾਂ ਦੀ ਜਾਗ੍ਰਿਤੀ। ਬਹੁਰੂਪੀਆਂ ਲੋਕ ਧਰਮੀ ਨਾਟ ਵਿਧਾ ਦਾ ਰੰਗ ਮੰਚ ਸਾਰਾ ਹੀ ਭੌਤਿਕ ਜਗਤ ਹੁੰਦਾ ਹੈ। ਇਸਦੇ ਸੰਵਾਦ ਸੰਬੰਧਿਤ ਪਾਤਰ ਦੁਆਰਾ ਬੋਲੇ ਗਏ ਵਿਸ਼ੇਸ਼ ਬੋਲ ਹੁੰਦੇ ਹਨ ਜਿਨ੍ਹਾਂ ਦੀ ਲੋਕ ਮਨ ਵਿਚ ਪਰੰਪਰਕ ਸਵੀਕ੍ਰਿਤੀ ਅਤੇ ਜਾਣਕਾਰੀ ਮੌਜੂਦ ਹੁੰਦੀ ਹੈ। ਜਿਵੇਂ ਹਨੂੰਮਾਨ ਜੀ ਦਾ ਭੇਸ ਧਾਰੀ ਬਹੁਰੂਪੀਆ (ਜੈ ਸ੍ਰੀ ਰਾਮ) ਦਾ ਜੈਕਾਰਾ ਗਾਉਂਦਾ ਹੈ ਅਤੇ ਨਾਰਦ ਮੁਨੀ ਬਣਿਆ ਬਹੁਰੂਪੀਆ (ਨਾਰਾਇਣ ਨਾਰਾਇਣ) ਉਚਾਰਦਾ ਹੈ। ਲੋਕ ਮਨ, ਬਹੁਰੂਪੀਏ ਦੇ ਪ੍ਰਤੱਖਣ ਸਮੇਂ ਲੋਕ ਕਲਾਕਾਰ

ਦੇ ਮਾਨਵੀ ਵਜੂਦ ਨੂੰ ਗੈਰ ਹਾਜ਼ਿਰ ਜਾਂ ਖਾਰਿਜ ਕਰ ਦਿੰਦਾ ਹੈ ਅਤੇ ਕੇਵਲ ਉਸ ਦੁਆਰਾ ਅਨੁਕ੍ਰਿਤ ਦੈਵੀ ਹੋਂਦ ਹੀ ਸਾਕਾਰ ਹੋਈ ਪ੍ਰਵਾਨ ਕੀਤੀ ਜਾਂਦੀ ਹੈ। ਜਦੋਂ ਲੋਕ ਮਨ ਦਾ ਧਾਰਨੀ ਲੋਕ ਸਮੂਹ ਆਪਣੇ ਆਸਥਾ ਦੇ ਸੋਮੇ ਇਟ ਨੂੰ ਸਾਕਸ਼ਾਤ ਅਨੁਭਵ ਕਰਦਾ ਹੈ ਤਾਂ ਲੋਕ ਮਨ ਲਈ ਇਹ ਛਿਣ ਆਨੰਦ ਵਿਨੋਦ ਦੇ ਨਾਲੋਂ ਨਾਲ ਕਿਸੇ ਦੈਵੀ ਹੋਂਦ ਨੂੰ ਸਮੂਰਤ ਪ੍ਰਤੱਖਣ ਦੀ ਤ੍ਰਿਪਤੀ ਦਾ ਖਿਣ ਵੀ ਬਣਦਾ ਹੈ। ਬਹੁਰੂਪੀਏ ਦੀ ਕਲਾ ਵਿਚ ਮਾਨਵ ਅਤੇ ਦੇਵਤਾ ਇਕਮਿਕ ਅਤੇ ਇਕਾਗਰ ਰੂਪ ਵਿਚ ਵਿਚਰਦੇ ਹਨ। ਮਨੁੱਖੀ ਵਜੂਦ ਦੈਵੀ ਤੱਤ ਵਿੱਚ ਵਿਲੀਨ ਹੋਇਆ ਅਨੁਭਵ ਕੀਤਾ ਜਾਂਦਾ ਹੈ। ਇਹ ਲੋਕ ਕਲਾ ਮਨੁੱਖ ਨੂੰ ਦੈਵੀ ਹੋਂਦ ਦੀ ਪੱਧਰ ਤੱਕ ਉਚਿਆ ਦਿੰਦੀ ਹੈ। ਮੌਜੂਦਾ ਸਮੇਂ ਵਿੱਚ ਵੀ ਇਹ ਲੋਕ ਧਰਮੀ ਨਾਟ ਕਲਾ ਕਿਸੇ ਨਾ ਕਿਸੇ ਰੂਪ ਵਿਚ ਜਿਉਂਦੀ ਹੈ ਪਰ ਹੁਣ ਪੁਰਾਣ ਪੁਰਸ਼ਾਂ ਦੀ ਥਾਂ ਕਈ ਵਾਰ ਫਿਲਮੀ ਕਿਰਦਾਰਾਂ ਦੇ ਭੇਸ ਵੀ ਧਾਰਨ ਕੀਤੇ ਜਾਂਦੇ ਹਨ। ਜਿਵੇਂ ਗੱਬਰ ਸਿੰਘ, ਮੋਗੈਂਬੋ ਜਾਂ ਜ਼ਖ਼ਮੀ ਵਿਅਕਤੀ, ਅਜੀਬ ਹੁਲੀਆ, ਭੂਤ-ਪ੍ਰੇਤ, ਕਿਸੇ ਪ੍ਰਸਿੱਧ ਰਾਜਨੀਤਨ ਲੀਡਰ (ਹਿਟਲਰ, ਗਾਂਧੀ) ਆਦਿ ਦਾ ਭੇਸ ਵੀ ਵਟਾਇਆ ਜਾਂਦਾ ਹੈ। ਜਿਵੇਂ ਜਿਵੇਂ ਲੋਕਧਾਰਾਈ ਚੇਤਨਾ ਦਾ ਅਭਾਵ ਹੋ ਰਿਹਾ ਹੈ ਤਿਵੇਂ ਤਿਵੇਂ ਇਸ ਲੋਕ ਨਾਟ ਕਲਾ ਦੇ ਲੋਕ ਆਧਾਰੀ ਅਨੁਭਵ ਨਸ਼ਟ ਹੋ ਰਹੇ ਹਨ ਇਹ ਨਿਰੋਲ ਮਨੋਰੰਜਨ ਤੱਕ ਸਿਮਟ ਗਈ ਹੈ।

## ਹਵਾਲੇ ਟਿੱਪਣੀਆਂ


1. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼ (ਜਿਲਦ ਸੱਤਵੀਂ) ਪੰਨਾ (1178), ਨੈਸ਼ਨਲ ਬੁਕ ਸ਼ਾਪ, ਨਵੀਂ ਦਿੱਲੀ
2. ਉਹੀ
3. ਡਾ਼ ਸੋਹਿੰਦਰ ਸਿੰਘ ਵਣਜਾਰਾ ਬੇਦੀ, ਮਧਕਾਲੀਨ ਪੰਜਾਬੀ ਕਥਾ ਰੂਪ ਤੇ ਪਰੰਪਰਾ, ਪੰਨਾ 61
4. Sir James George Frazer, Golden Bough, Page-49.

   It assumes that in nature one event follows another necessarily and invariably without the intervention of spiritual or personal agents. Thus it's fundamental assumption is identical with science.


□□□

# ਸ਼ਾਂਤੀ ਦੇ ਪੁੰਜ – ਸ੍ਰੀ ਗੁਰੂ ਤੇਗ਼ ਬਹਾਦਰ ਜੀ

*ਮਨਪ੍ਰੀਤ ਕੌਰ*

ਸੰਸਾਰ ਦੇ ਇਤਿਹਾਸ ਵਲ ਝਾਤੀ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਸੰਸਾਰ ਦੇ ਵਿੱਚ ਕੋਈ ਅਜਿਹਾ ਸੰਤ-ਭਗਤ, ਸੂਰਮਾ ਅਤੇ ਬਲੀਦਾਨੀ ਨਹੀਂ ਹੋਇਆ ਜਿਸਨੇ ਕਿਸੇ ਹੋਰ ਧਰਮ ਦੀ ਰਖਿਆ ਦੀ .ਖਾਤਰ ਅਪਣੀ ਜਾਨ ਦੀ ਅਹੂਤੀ ਦਿੱਤੀ ਹੋਵੇ, ਇਹ ਸ਼ਹੀਦੀ ਸਿੱਖਾਂ ਦੇ ਨੌਵੇਂ ਗੁਰੂ, ਸ਼ਾਂਤੀ ਦੇ ਪੁੰਜ- ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਅਪਣਾ ਸੀਸ ਭੇਟ ਦੇ ਕੇ ਇਕ ਅਦੁੱਤੀ ਮਿਸਾਲ ਕਾਇਮ ਕੀਤੀ ਹੈ।

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਇਸ ਅਦੁੱਤੀ ਸ਼ਹਾਦਤ ਦੇ ਸਾਕੇ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਆ ਪਰੁ ਸੀ ਨ ਉਚਰੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਕਾਸ਼ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ 'ਗੁਰੂ ਕੇ ਮਹਿਲ' ਅਸਥਾਨ ਤੇ 1 ਅਪਰੈਲ 1621 ਈਸਵੀ, ਸੰਮਤ 1678 ਨੂੰ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰ ਸਨ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਸਭ ਤੋਂ ਛੋਟੇ ਸਨ।ਆਪ ਜੀ ਦੇ ਜਨਮ ਦੀ .ਖਬਰ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪੰਜ ਸਿੱਖਾਂ ਸਮੇਤ ਮਹਿਲਾਂ ਵਿੱਚ ਪੁਜੇ ਅਤੇ ਅਪਣੇ ਤੀਰ ਨਾਲ ਸਾਹਿਬਜ਼ਾਦੇ ਦੇ ਚਰਨਾਂ 'ਤੇ ਨਮਸਕਾਰ ਕੀਤੀ। ਪਾਸ ਖੜੇ ਭਾਈ ਬਿਧੀ ਚੰਦ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ- 'ਸੱਚੇ ਪਾਤਸ਼ਾਹ ! ਇਹ ਕੀ ਕੌਤਕ ਹੈ? ਤਾਂ ਗੁਰੂ ਸਾਹਿਬ ਨੇ ਫੁਰਮਾਇਆ:

'ਪਾਂਚੋ ਮੇ ਇਹ ਗੁਰ ਹੋਈ।'

*ਮੋਬਾਈਲ 9811116003*

ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣ ਕੇ ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ।

ਆਪ ਜੀ ਬਚਪਨ ਤੋਂ ਹੀ ਤਿਆਗੀ, ਗੰਭੀਰ, ਸਾਧੂ-ਸੁਭਾਅ ਦੇ ਸਨ। ਆਪ ਕਈ ਵਾਰੀ ਸਮਾਧੀ ਲਗਾ ਕੇ ਬੈਠ ਜਾਂਦੇ ਅਤੇ ਭਜਨ-ਬੰਦਗੀ ਵਿਚ ਲੀਨ ਹੋ ਜਾਂਦੇ। ਆਪ ਜੀ ਉੱਚ-ਕੋਟੀ ਦੇ ਤਪਸਵੀ ਸਨ। ਅਨੰਦਪੁਰ ਸਾਹਿਬ ਵਿਖੇ ਭੋਰਾ ਸਾਹਿਬ ਇਸ ਗਲ ਦਾ ਪ੍ਰਤੀਕ ਹੈ, ਜਿੱਥੇ ਬੈਠ ਕੇ ਆਪ ਜੀ ਨੇ ਕਈਂ ਸਾਲ ਅਕਾਲ-ਪੁਰਖ ਨਾਲ ਇਕ-ਮਿਕ ਹੋ ਕੇ ਭਜਨ-ਬੰਦਗੀ ਕੀਤੀ। ਆਪ ਦੀ ਇਹ ਅਵਸਥਾ ਦੇਖ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਫੁਰਮਾਉਂਦੇ: 'ਸਾਡਾ ਇਹ ਪੁੱਤਰ ਬੜਾ ਬਲੀ, ਯੋਧਾ ਅਤੇ ਤੇਗ ਦਾ ਧਨੀ ਹੋਏਗਾ।' ਇਸ ਲਈ ਉਨ੍ਹਾਂ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਦੀ ਪੜ੍ਹਾਈ-ਸਿਖਲਾਈ ਵਲ ਉਚੇਚਾ ਧਿਆਨ ਦਿੱਤਾ। ਆਪ ਜੀ ਨੂੰ ਗੁਰਬਾਣੀ ਵਿਚਾਰ ਦੇ ਨਾਲ-ਨਾਲ ਸ਼ਸਤਰਾਂ ਦੀ ਵਿਦਿਆ ਵੀ ਦਿੱਤੀ ਗਈ। ਆਪ ਜੀ ਬੜੇ ਹੀ ਵਿਦਵਾਨ, ਸੂਰਬੀਰ ਅਤੇ ਯੋਧੇ ਬਣੇ। ਆਪ ਜੀ ਨੇ ਅਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੰਗ ਵਿਚ ਜੋ ਕਿ ਸੰਮਤ 1691 ਵਿੱਚ ਕਰਤਾਰਪੁਰ ਵਿਖੇ ਹੋਈ, ਉਸ ਜੰਗ ਵਿਚ ਅਪਣੀ ਤਲਵਾਰ ਦਾ ਜੌਹਰ ਦਿਖਾਉਂਦੇ ਹੋਏ ਵੈਰੀਆਂ ਦੇ ਆਹੂ ਲਾਏ ਅਤੇ ਤੇਗ ਦੀ ਬਹਾਦਰੀ ਵਿਖਾਈ ਪਰ ਆਪ ਜੀ ਦੀ ਰੁਚੀ ਜਲਦੀ ਜੀ ਉਪਰਾਮ ਹੋ ਗਈ। ਆਪ ਨੇ ਬਕਾਲਾ ਜਾ ਕੇ ਡੇਰਾ ਕਰ ਲਿਆ।

ਆਪ ਜੀ ਦਾ ਵਿਆਹ ਕਰਤਾਰਪੁਰ, ਸ੍ਰੀ ਲਾਲ ਚੰਦ ਜੀ ਖੱਤਰੀ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਆਪ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਧਾਰਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਪਿਛੋਂ ਆਪ ਮਾਤਾ ਨਾਨਕੀ ਜੀ ਤੇ ਸੁਪਤਨੀ ਗੁਜਰੀ ਜੀ ਨੂੰ ਲੈ ਕੇ ਅਪਣੇ ਨਾਨਕੇ ਪਿੰਡ ਬਕਾਲੇ ਵਿਖੇ ਆ ਗਏ ਅਤੇ ਇਕਾਂਤ ਵਿੱਚ ਜੀਵਨ ਬਤੀਤ ਕਰਨ ਲਗੇ। ਆਪ ਹਰ ਸਮੇਂ ਭਜਨ-ਬੰਦਗੀ ਵਿੱਚ ਜੁੜੇ ਰਹਿੰਦੇ। ਆਪ ਜਾਣਦੇ ਸਨ- ਦੇਸ਼, ਕੌਮ ਤੇ ਭਾਰੀ ਬਿਪਤਾ ਆਉਣ ਵਾਲੀ ਹੈ ਇਸ ਲਈ 'ਹਿੰਦ ਦੀ ਚਾਦਰ' ਬਣ ਕੇ ਅਪਣੇ ਆਦਰਸ਼ ਦੀ ਪੂਰਤੀ ਲਈ ਭਗਤੀ ਦੁਆਰਾ ਹੀ ਜ਼ੁਲਮ 'ਤੇ ਜ਼ਬਰ ਨੂੰ ਠਲ੍ਹ ਪਾਉਣ ਲਈ ਕੁਰਬਾਨੀ ਦੀ ਲੋੜ ਪਏਗੀ।

ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਪਣੇ ਪੋਤਰੇ ਸ੍ਰੀ ਹਰਿ ਰਾਇ ਜੀ ਨੂੰ ਗੁਰ-ਗੱਦੀ ਬਖਸ਼ੀ ਤਾਂ ਮਾਤਾ ਨਾਨਕੀ ਜੀ ਨੇ ਪੁੱਛਿਆ- 'ਗੁਰ ਗੱਦੀ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਿਲਣੀ ਸੀ।'ਤਾਂ ਛੇਵੇਂ ਪਾਤਸ਼ਾਹ ਨੇ ਉੱਤਰ ਵਿੱਚ ਸਪਸ਼ਟ ਕੀਤਾ, ਅਜੇ ਇਹਨਾਂ ਦਾ ਸਮਾਂ ਨਹੀਂ ਆਇਆ।' ਸੋ ਸ੍ਰੀ ਗੁਰੂ ਹਰਿ ਰਾਇ ਜੀ ਨੇ ਅਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕਿਸ਼ਨ ਸਾਹਿਬ ਨੂੰ ਗੁਰ-ਗੱਦੀ ਸੰਭਾਲਣ ਦੀ ਜ਼ਿੰਮੇਵਾਰੀ ਸੌਂਪੀ। ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਜੀ ਦਿੱਲੀ ਵਿੱਚ ਜੋਤੀ-ਜੋਤ ਸਮਾਉਣ ਲੱਗੇ ਤਾਂ ਸੰਗਤਾਂ ਨੇ ਪੁੱਛਿਆ, ਹੁਣ ਸਾਡਾ ਗੁਰੂ ਕੌਣ ਹੋਏਗਾ ?'

ਅਸ਼ਟਮ ਗੁਰਦੇਵ ਜੀ ਨੇ ਬਚਨ ਕੀਤਾ: 'ਬਾਬਾ ਬਕਾਲੇ।' ਜਦੋਂ ਸੋਢੀਆਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਧੀਰ ਮਲ ਵਰਗੇ ਬਕਾਲੇ ਮੰਜੀਆਂ ਡਾਹ ਕੇ ਬੈਠ ਗਏ ਅਤੇ ਲੱਗੇ ਸੰਗਤਾਂ ਤੋਂ ਮੱਥੇ ਟਿਕਾਣ ਅਤੇ ਕਾਰ-ਭੇਟਾ ਵੀ ਲੈਣ ਲੱਗ ਪਏ।

ਸ਼ਾਂਤੀ, ਭਜਨ-ਬੰਦਗੀ ਅਤੇ ਤਿਆਗ ਦੀ ਮੂਰਤ ਸ੍ਰੀ ਗੁਰੂ ਤੇਗ ਬਹਾਦਰ ਜੀ ਇਕਾਂਤ

ਵਿੱਚ ਬੈਠ ਕੇ ਸਿਮਰਨ ਕਰਦੇ ਰਹੇ। ਇਸ ਤਰ੍ਹਾਂ ਕੁਝ ਸਮਾਂ ਬਤੀਤ ਹੋ ਗਿਆ। ਸੰਗਤਾਂ ਨੂੰ ਕਿਸੇ ਤੋਂ ਵੀ ਆਤਮਕ ਸ਼ਾਂਤੀ ਨਾ ਮਿਲੀ। ਸੰਗਤਾਂ ਨਿਤਾ-ਪ੍ਰਤੀ ਅਰਦਾਸਾਂ ਕਰਦੀਆਂ; ਹੇ ਸੱਚੇ ਪਾਤਸ਼ਾਹ! ਪ੍ਰਗਟ ਹੋਵੋ ਤੇ ਸਿੱਖੀ ਨੂੰ ਸੰਭਾਲੋ।'

ਇਕ ਦਿਨ ਇਕ ਸਿੱਖ ਸੌਦਾਗਰ ਭਾਈ ਮੱਖਣ ਸ਼ਾਹ ਲੁਬਾਣਾ ਬਕਾਲੇ ਪਹੁੰਚਿਆ। ਜਿਸਨੇ ਅਪਣੇ ਡੁੱਬਦੇ ਜਹਾਜ਼ ਨੂੰ ਬਚਾਉਣ ਲਈ 500 ਮੋਹਰਾਂ ਗੁਰੂ ਜੀ ਨੂੰ ਭੇਟਾ ਦੇਣ ਦੀ ਅਰਦਾਸ ਕੀਤੀ ਸੀ। ਜਦੋਂ ਬਕਾਲੇ ਪਹੁੰਚ ਕੇ ਉਸਨੇ ਬਹੁਤ ਸਾਰੇ ਆਪ ਬਣੇ ਬੈਠੇ ਗੁਰੂ ਦੇਖੇ ਤਾਂ ਉਸਨੇ ਸਭ ਅਗੇ 5-5 ਮੋਹਰਾਂ ਮੱਥਾ ਟੇਕੀਆਂ ਪਰ ਕੋਈ ਵੀ ਉਸਦੀ ਭਾਵਨਾ ਨਾ ਪੜ੍ਹ ਸਕਿਆ, ਅਖ਼ੀਰ ਬਾਬਾ ਤੇਗ਼ਾ ਜੀ ਬਾਰੇ ਦੱਸ ਪਾਉਣ ਤੇ ਉਸਨੇ ਭੋਰੇ ਵਿੱਚ ਬੈਠੇ ਗੁਰੂ ਤੇਗ਼ ਬਹਾਦਰ ਜੀ ਅੱਗੇ ਵੀ 5 ਮੋਹਰਾਂ ਭੇਟ ਕੀਤੀਆਂ ਤੇ ਗੁਰੂ ਜੀ ਨੇ ਉਸਨੂੰ ਉਸਦਾ ਬਚਨ ਚੇਤੇ ਕਰਵਾਇਆ। ਮੱਖਣ ਸ਼ਾਹ ਲੁਭਾਣਾ ਨੇ ਚਰਨਾਂ 'ਤੇ ਸੀਸ ਨਿਵਾਇਆ ਤੇ"ਗੁਰੂ ਲਾਧੋ ਰੇ" ਆਵਾਜ਼ ਬੁਲੰਦ ਕਰਕੇ ਸੱਚਾ ਗੁਰੂ ਸੰਗਤਾਂ ਅੱਗੇ ਪ੍ਰਗਟ ਕਰ ਦਿੱਤਾ।

ਉਸਦਾ ਇਹ ਹੋਕਾ ਸੁਣ ਕੇ ਸੰਗਤਾਂ ਨੇ ਦਰਸ਼ਨਾਂ ਲਈ ਵਹੀਰਾਂ ਪਾ ਦਿੱਤੀਆਂ। ਜੋ ਆਪ ਬਣ ਬੈਠੇ ਗੁਰੂ ਸਨ -ਸਭ ਮੰਜੀਆਂ ਚੁੱਕ ਕੇ ਨੱਸ ਗਏ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਗੁਰ-ਪਦਵੀ ਉਪਰੰਤ ਪੰਜਾਬ ਦੇ ਗੁਰ ਅਸਥਾਨਾਂ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ। ਸ੍ਰੀ ਅੰਮ੍ਰਿਤਸਰ ਸਾਹਿਬ 'ਤੇ ਕਬਜ਼ਾ ਕੀਤੇ ਮੀਣਿਆਂ ਨੇ ਗੁਰੂ ਜੀ ਲਈ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਗੁਰੂ ਸਾਹਿਬ ਸਰੋਵਰ ਵਿੱਚ ਇਸ਼ਨਾਨ ਕਰਕੇ ਅਕਾਲ-ਤਖਤ ਦੇ ਪਾਸ ਇਕ ਥੜ੍ਹੇ 'ਤੇ ਬੈਠ ਕੇ ਹਰਿਮੰਦਰ ਸਾਹਿਬ ਦੇ ਬਾਹਰੋਂ ਹੀ ਮੱਥਾ ਟੇਕ ਕੇ ਹੋਰ ਕਈ ਗੁਰੂ ਧਾਮਾਂ ਦੇ ਦਰਸ਼ਨ ਕਰਕੇ ਵਾਪਸ ਬਕਾਲੇ ਮੁੜ ਆਏ। ਹੁਣ ਏਥੇ ਗੁਰਦੁਆਰਾ ਥੜ੍ਹਾ ਸਾਹਿਬ ਮੌਜੂਦ ਹੈ।

ਬਕਾਲੇ ਦੇ ਸੋਢੀ ਅਤੇ ਧੀਰ ਮੱਲੀਏ ਗੁਰੂ ਜੀ ਨਾਲ ਈਰਖਾ ਕਰਨ ਲੱਗ ਪਏ। ਗੁਰੂ ਜੀ ਇਕਾਂਤ ਤੇ ਸ਼ਾਂਤੀ ਵਿੱਚ ਰਹਿਣਾ ਚਾਹੁੰਦੇ ਸਨ ਸੋ ਆਪ ਨੇ ਉਥੋਂ ਕੀਰਤਪੁਰ ਰਹਿਣ ਦਾ ਨਿਰਣਾ ਕਰ ਲਿਆ। ਉਥੇ ਵੀ ਧੀਰ ਮੱਲੀਏ ਅਤੇ ਸੋਢੀ ਗੁਰੂ ਜੀ ਦਾ ਵਿਰੋਧ ਕਰਨ ਲੱਗ ਪਏ ਪਰ ਸ਼ਾਂਤੀ ਦੇ ਪੁੰਜ ਕਿਸੇ ਨਾਲ ਵੀ ਵੈਰ-ਭਾਵ ਨਹੀਂ ਰੱਖਿਆ।

ਕੀਰਤ ਪੁਰ ਤੋਂ ਪੰਜ ਕੁ ਮੀਲ ਦੀ ਦੂਰੀ 'ਤੇ ਆਪ ਜੀ ਨੇ ਕੈਲੂਰ ਦੇ ਰਾਜੇ ਪਾਸੋਂ ਜ਼ਮੀਨ ਖਰੀਦ ਕੇ ਅਨੰਦਪੁਰ ਸਾਹਿਬ ਵਸਾਇਆ। ਇਥੇ ਰਹਿੰਦੇ ਆਪ ਸੰਗਤਾਂ ਨੂੰ ਨਿਹਾਲ ਕਰਦੇ ਰਹੇ, ਥੋੜੇ ਚਿਰ ਵਿੱਚ ਹੀ ਰੌਣਕਾਂ ਲੱਗਣ ਲੱਗ ਪਈਆਂ। ਕੁਝ ਚਿਰ ਬਾਦ ਆਪ ਜੀ ਨੇ ਪਰਿਵਾਰ ਸਮੇਤ ਕਈਆਂ ਦੇਸ਼ਾਂ ਦਾ ਦੌਰਾ ਕੀਤਾ। ਹਿੰਦੂਆਂ ਦੇ ਬਹੁਤ ਸਾਰੇ ਤੀਰਥਾਂ 'ਤੇ ਜਾ ਕੇ ਕਰਮ-ਕਾਂਡਾਂ ਨਾਲ ਜੁੜੇ ਅਤੇ ਵਹਿਮਾਂ-ਭਰਮਾਂ ਵਿੱਚ ਪਏ ਲੋਕਾਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਆ। ਆਪ ਨੇ ਕਈਂ ਥਾਵਾਂ 'ਤੇ ਖੂਹ ਲਗਵਾਏ, ਤਲਾਬ ਬਣਵਾਏ ਅਤੇ ਲੋਕ- ਭਲਾਈ ਲਈ ਹੋਰ ਅਨੇਕਾਂ ਕਾਰਜ ਕੀਤੇ। ਆਪ ਜੀ ਲੋਕ-ਭਲਾਈ ਦੇ ਕਾਰਜ ਕਰਦੇ ਅਤੇ ਲੋਕਾਈ ਨੂੰ ਤਾਰਦੇ ਹੋਏ ਬੰਗਾਲ ,ਢਾਕੇ ਅਤੇ ਅਸਾਮ ਤਕ ਗਏ। ਜਦੋਂ ਆਪ ਜੀ ਨੂੰ ਸਾਹਿਬਜ਼ਾਦੇ ਦੇ ਜਨਮ ਦੀ ਖ਼ਬਰ ਮਿਲੀ ਉਸ ਸਮੇਂ ਆਪ ਢਾਕੇ ਵਿਚ ਸਨ। ਆਪ ਜੀ ਦੋ ਕੁ ਵਰ੍ਹੇ ਅਸਾਮ ਵਿੱਚ ਰਹਿ ਕੇ ਵਾਪਸ ਅਨੰਦਪੁਰ ਸਾਹਿਬ ਆ ਗਏ ਅਤੇ ਪਰਿਵਾਰ ਨੂੰ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਬੁਲਾ

ਭੇਜਿਆ।

ਇਧਰ ਮੁਗ਼ਲ ਰਾਜ ਜ਼ੁਲਮ-ਸਿਤਮ ਦੀ ਸਿਖ਼ਰ ਤੀਕ ਆ ਪਹੁੰਚਿਆ ਸੀ। ਔਰੰਗਜ਼ੇਬ ਕੱਟੜ ਤੇ ਸ਼ਰਈ ਮੁਸਲਮਾਨ ਸੀ, ਉਹ ਚਾਹੁੰਦਾ ਸੀ ਕਿ ਸਾਰਾ ਦੇਸ਼ ਇਸਲਾਮੀ ਸ਼ਰਾ ਦੇ ਅਧੀਨ ਚਲੇ। ਉਹ ਬਾਕੀ ਖ਼ਲਕਤ ਨੂੰ ਕਾਫ਼ਰ ਸਮਝਦਾ ਸੀ। ਉਸਨੇ ਮੰਦਰ, ਠਾਕੁਰਦੁਆਰੇ ਢੁਆ ਕੇ ਮਸੀਤਾਂ ਉਸਾਰਨ ਦਾ ਐਲਾਨ ਕਰ ਦਿੱਤਾ। ਹਿੰਦੂਆਂ ਦੇ ਸਵਾ ਮਣ ਜੰਝੂ ਰੋਜ਼ ਲਾਹੁਣੇ ਉਸਦਾ ਮਨੋਰਥ ਹੋ ਗਿਆ ਜਾਪਦਾ ਸੀ।

ਕਸ਼ਮੀਰ ਦੇ ਸੂਬੇ ਸ਼ੇਰ ਅਫਗਾਨ ਨੂੰ ਕਿਹਾ ਗਿਆ, ਹਿੰਦੂਆਂ ਦੇ ਪੈਰੋਕਾਰ ਪੰਡਤਾਂ ਨੂੰ ਜ਼ਬਰਨ ਮੁਸਲਮਾਨ ਬਣਾ ਲਿਆ ਜਾਵੇ ਤਾਂ ਜੋ ਬਾਕੀ ਜਨਤਾ ਆਪੇ ਹੀ ਇਨ੍ਹਾਂ ਦੇ ਪਿੱਛੇ ਤੁਰ ਪਏਗੀ। ਕਸ਼ਮੀਰ ਵਿੱਚ ਤੇਜ਼ੀ ਨਾਲ ਹਿੰਦੂਆਂ ਨੂੰ ਸ਼ਰ੍ਹਾ ਵਿੱਚ ਲਿਆਉਣ ਦੀ ਮੁਹਿੰਮ ਚਲ ਪਈ। ਕੁਝ ਕੁ ਆਗੂ ਕਸ਼ਮੀਰੀ ਪੰਡਤਾਂ ਨੇ ਸ਼ੇਰ ਅਫਗਾਨ ਨਾਲ ਗੱਲ-ਬਾਤ ਕੀਤੀ ਤੇ ਸੋਚਣ ਲਈ ਥੋੜ੍ਹੇ ਦਿਨਾਂ ਦੀ ਮੋਹਲਤ ਮੰਗੀ। ਪੰਡਤਾਂ ਨੇ ਅਮਰਨਾਥ ਦੇ ਮੰਦਰ ਜਾ ਕੇ ਇਹ ਫੈਸਲਾ ਕੀਤਾ ਕਿ ਹਿੰਦੂ ਧਰਮ ਦੀ ਰੱਖਿਆ ਲਈ ਗੁਰੂ ਤੇਗ਼ ਬਹਾਦਰ ਜੀ ਅੱਗੇ ਪੁਕਾਰ ਕੀਤੀ ਜਾਵੇ। ਵੱਖ-ਵੱਖ ਪ੍ਰਾਂਤਾਂ ਦੇ ਹਿੰਦੂ ਮੁੱਖੀ ਪੰਡਤਾਂ ਦੀ ਇਕ ਟੋਲੀ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗੁਵਾਈ ਹੇਠ ਕਸ਼ਮੀਰ ਤੋਂ ਅੰਨਦਪੁਰ ਸਾਹਿਬ ਲਈ ਚੱਲ ਪਈ।

ਗੁਰੂ ਦਰਬਾਰ ਪਹੁੰਚ ਕੇ ਉਨ੍ਹਾਂ ਗੁਰੂ ਜੀ ਅੱਗੇ ਧਰਮ ਦੀ ਰੱਖਿਆ ਕਰਨ ਹਿੱਤ ਫਰਿਆਦ ਕੀਤੀ ਅਤੇ ਜ਼ਾਲਮ ਰਾਜ ਦੀਆਂ ਕਰਤੂਤਾਂ ਦੱਸੀਆਂ। ਪੰਡਤਾਂ ਦੀ ਪੁਕਾਰ ਸੁਣ ਕੇ ਗੁਰੂ ਜੀ ਸੋਚਣ ਲੱਗ ਪਏ। ਇਤਨੇ ਨੂੰ ਦਸ਼ਮੇਸ਼ ਜੀ ਖੇਡ ਕੇ ਬਾਹਰੋਂ ਆਏ। ਜਾਂ ਦੇਖਿਆ ਪੰਡਤ ਹੱਥ ਜੋੜ ਕੇ ਗਲ਼ੇ ਵਿੱਚ ਪੱਲਾ ਪਾਈ ਮਹਾਰਾਜ ਦੇ ਹਜ਼ੂਰ ਖੜੇ ਹਨ। ਦਸ਼ਮੇਸ਼ ਜੀ ਨੇ ਗੁਰੂ ਪਿਤਾ ਜੀ ਤੋਂ ਉਨ੍ਹਾਂ ਦੇ ਹਜ਼ੂਰ ਖੜੇ ਪੰਡਤਾਂ ਦੇ ਆਣ ਦਾ ਮਕਸਦ ਪੁੱਛਿਆ। ਗੁਰੂ ਤੇਗ਼ ਬਹਾਦਰ ਜੀ ਨੇ ਫ਼ੁਰਮਾਇਆ- 'ਇਹ ਪੰਡਤ ਸਮੇਂ ਦੇ ਹਾਕਮ ਦੇ ਅਤਿਆਚਾਰਾਂ ਅਤੇ ਧਰਮ ਪਰੀਵਰਤਨ ਤੋਂ ਤੰਗ ਆ ਕੇ ਉਨ੍ਹਾਂ ਦੀ ਸ਼ਰਨ ਵਿੱਚ ਆਏ ਹਨ, ਇਨ੍ਹਾਂ ਦਾ ਧਰਮ ਖ਼ਤਰੇ ਵਿੱਚ ਹੈ। ਕਿਸੇ ਮਹਾਪੁਰਸ਼ ਦੇ ਬਲੀਦਾਨ ਦੀ ਲੋੜ ਹੈ ਤਾਂ ਹੀ ਇਨ੍ਹਾਂ ਦਾ ਧਰਮ ਬਚ ਸਕਦਾ ਹੈ, ਤਾਂ ਨੌ ਸਾਲ ਦੇ ਬਾਲਕ ਦਸ਼ਮੇਸ਼ ਜੀ ਨੇ ਉੱਤਰ ਦਿੱਤਾ- 'ਪਿਤਾ ਜੀ ਆਪ ਤੋਂ ਜ਼ਿਆਦਾ ਮਹਾਪੁਰਸ਼ ਕੌਣ ਹੋ ਸਕਦਾ ਹੈ, ਆਪ ਇਨ੍ਹਾਂ ਦੀ ਅਤੇ ਇੰਨ੍ਹਾਂ ਦੇ ਧਰਮ ਦੀ ਰੱਖਿਆ ਕਰੋ, ਅਤੇ ਹਿੰਦੂ ਧਰਮ ਬਚਾ ਲਵੋ।

ਗੁਰੂ ਜੀ ਨੇ ਪੰਡਤਾਂ ਨੂੰ ਕਹਿ ਦਿੱਤਾ- ਤੁਸੀਂ ਜਾ ਕੇ ਅਪਣੇ ਸੂਬੇ ਨੂੰ ਦੱਸ ਦਿਓ- 'ਸਾਡੇ ਧਾਰਮਕ ਆਗੂ ਗੁਰੂ ਤੇਗ਼ ਬਹਾਦਰ ਹਨ ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਵੀ ਇਸਲਾਮ ਕਬੂਲ ਲਵਾਂਗੇ।'

ਪੰਡਤਾਂ ਨੇ ਵਾਪਸ ਆ ਕੇ ਸਾਰੀ ਗੱਲ ਸੂਬੇ ਨੂੰ ਅਤੇ ਸੂਬੇ ਨੇ ਔਰਗਜ਼ੇਬ ਨੂੰ ਕਹਿ ਸੁਣਾਈ। ਔਰੰਗਜ਼ਬ ਲਈ ਇਹ ਇਕ ਵੱਡੀ ਚੁਣੋਤੀ ਸੀ। ਔਰੰਗਜ਼ੇਬ ਨੇ ਸੋਚਿਆ ਇਕ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵੇ ਤਾਂ ਸਾਰੇ ਲੋਕ ਇਸਲਾਮ ਵਿੱਚ ਸ਼ਾਮਲ ਹੋ ਜਾਣਗੇ। ਔਰੰਗਜ਼ੇਬ ਨੇ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਉਧਰ ਗੁਰੂ ਜੀ ਆਪੇ ਹੀ ਕੁਝ ਸਿੱਖਾਂ ਨੂੰ ਨਾਲ ਲੈ ਕੇ ਅੰਨਦਪੁਰ ਤੋਂ ਚਲ ਪਏ। ਕੀਰਤਪੁਰ, ਰੋਪੜ ਹੁੰਦੇ ਹੋਏ ਮਾਲਵੇ ਅਤੇ ਹੋਰ ਕਈਂ ਸ਼ਹਿਰਾਂ ਤੋਂ ਪੜਾਅ ਕਰਦੇ ਲੋਕਾਂ ਦੇ ਦਿਲਾਂ

ਵਿੱਚ ਜ਼ੁਲਮ ਵਿਰੁੱਧ ਲੜ੍ਹਨ ਲਈ ਉਤਸ਼ਾਹ ਭਰਦੇ। ਨਾ ਕਿਸੇ ਨੂੰ ਭੈਅ ਦੇਣ ਅਤੇ ਨਾ ਹੀ ਕਿਸੇ ਨੂੰ ਭੈਅ ਮੰਨਣ ਦਾ ਉਪਦੇਸ਼ ਦੇਂਦੇ ਹੋਏ ਆਗਰੇ ਪੁੱਜੇ ਅਤੇ ਇਕ ਬਾਗ ਵਿੱਚ ਡੇਰਾ ਜਾ ਲਾਇਆ। ਕੁਝ ਲੋਕਾਂ ਨੇ ਕੋਤਵਾਲ ਨੂੰ ਗੁਰੂ ਜੀ ਦੇ ਆਗਮਨ ਦੀ ਖ਼ਬਰ ਦਿੱਤੀ

ਗੁਰੂ ਜੀ ਨੂੰ ਪੰਜਾਂ ਸਿੱਖਾਂ ਸਮੇਤ ਸਖ਼ਤ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ। ਦਿੱਲੀ ਵਿੱਚ ਚਾਂਦਨੀ ਚੌਕ ਕੋਤਵਾਲੀ ਵਾਲੀ ਥਾਂ 'ਤੇ ਗੁਰੂ ਜੀ ਤੇ ਨਾਲ ਆਏ ਸਿੱਖਾਂ ਸਮੇਤ ਕੈਦ ਰੱਖਿਆ ਗਿਆ।

ਬਾਦਸ਼ਾਹ ਦੇ ਹੁਕਮ ਨਾਲ ਕਾਜ਼ੀ ਅਤੇ ਮੌਲਾਣੇ ਗੁਰੂ ਜੀ ਨੂੰ ਮਿਲੇ ਅਤੇ ਕਹਿਣ ਲੱਗੇ, ਬਾਦਸ਼ਾਹ ਚਾਹੁੰਦਾ ਹੈ ਕਿ ਆਪ ਦੀਨ ਕਬੂਲ ਕਰਕੇ ਮੁਸਲਮਾਨਾਂ ਦੇ ਪੀਰ ਬਣ ਜਾਓ ਅਤੇ ਐਸ਼ੋ-ਇਸ਼ਰਤ ਦਾ ਜੀਵਨ ਬਤੀਤ ਕਰੋ।

ਗੁਰੂ ਜੀ ਨੇ ਫ਼ਰਮਾਇਆ- ਸਾਨੂੰ ਸੰਸਾਰਕ ਸੁੱਖ ਨਹੀਂ ਚਾਹੀਦੇ। ਤੁਸੀਂ ਬਾਦਸ਼ਾਹ ਨੂੰ ਜਾ ਕੇ ਸਮਝਾਓ ਕਿਸੇ ਦਾ ਜ਼ੋਰ-ਜ਼ਬਰ ਨਾਲ ਧਰਮ ਬਦਲਣਾ ਉਚਿੱਤ ਨਹੀਂ।

ਉਨਾਂ ਨੇ ਤਿੰਨ ਸ਼ਰਤਾਂ ਗੁਰੂ ਜੀ ਸਾਹਮਣੇ ਰੱਖੀਆਂ :

'ਇਸਲਾਮ ਕਬੂਲ ਕਰੋ, ਜਾਂ ਕਰਾਮਾਤ ਦਿਖਾਓ ਨਹੀਂ ਤਾਂ ਮਰਨ ਲਈ ਤਿਆਰ ਹੋ ਜਾਓ।'

ਸੂਰਜ ਪ੍ਰਕਾਸ਼ ਦੇ ਲਿਖਾਰੀ ਨੇ ਇਸ ਸੰਬੰਧ ਵਿੱਚ ਲਿਖਿਆ ਹੈ:

ਤੀਨ ਬਾਤ ਨਿਰਨੈ ਕਰ ਲੀਜੈ।
ਲਖਹੁ ਭਲੀ ਸੋ ਧਾਰਨਿ ਕੀਜੈ।
ਸ਼ਰਾ ਚਲਹੁ ਕਲਮੇ ਕਹੁ ਪਾਢ੍ਹਿ ਮੁਖ।
ਦੇਹਿ ਸ਼ਾਹ ਭੋਗਹੁ ਸਭਿ ਬਿਧਿ ਸੁਖ।
ਜੋ ਹਠ ਕਰਹੁ ਨ ਮਾਨਹੁ ਏਹੁ।
ਕਰਾਮਾਤ ਕਾਮਲ ਹੁਇ ਦੇਹੋ
ਜਿਮ ਹਜ਼ਰਤ ਤੁਮ ਤੇ ਕਰਿਵਾਵੈ।
ਤਿਮ ਕਰਿ ਦੇਹੁ ਦੇਖਿ ਹਰ ਖਾਵੈ।
ਜੇ ਇਮ ਦੋਨਹੁ ਨਾਂਹਿ ਨ ਮਾਨਹੁ।
ਆਪਣੇ ਪ੍ਰਾਨ ਪ੍ਰਾਨ ਕਹੁ

ਗੁਰੂ ਜੀ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ- ਅਸਾਂ ਨਾ ਤਾਂ ਅਪਣਾ ਧਰਮ ਛੱਡਣਾ ਹੈ ਨਾ ਹੀ ਕਰਾਮਾਤ ਦਿਖਾਣੀ ਹੈ ਤੁਸੀਂ ਜੋ ਜੀ ਆਏ ਕਰੋ ਕਿਉਂਕਿ ਕਰਮਾਤ ਦਿਖਾਉਣਾ ਕੁਦਰਤ ਦੇ ਅਸੂਲਾਂ ਦੇ ਖਿਲਾਫ਼ ਹੈ।

ਗੁਰੂ ਜੀ 'ਤੇ ਮਾਨਸਿਕ ਦਬਾਅ ਪਾਉਣ ਲਈ ਗੁਰੂ ਜੀ ਨਾਲ ਆਏ ਸਿੱਖਾਂ 'ਤੇ ਤਸ਼ੱਦਦ ਕਰਦੇ ਹੋਏ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਜੀ ਨੂੰ

ਦੇਗ ਵਿੱਚ ਉਬਾਲਿਆ ਗਿਆ।

ਉਧਰ ਸ੍ਰੀ ਦਸ਼ਮੇਸ਼ ਜੀ ਨੇ ਗੁਰੂ ਸਾਹਿਬ ਦਾ ਪਤਾ ਲੈਣ ਲਈ ਅਨੰਦਪੁਰ ਸਾਹਿਬ ਤੋਂ ਇਕ ਸਿੱਖ ਨੂੰ ਦਿੱਲੀ ਭੇਜਿਆ ਗੁਰੂ ਜੀ ਨੇ ਇਕ ਸ਼ਲੋਕ ਲਿਖ ਕੇ ਦਸ਼ਮੇਸ਼ ਜੀ ਨੂੰ ਭੇਜਿਆ:

ਬਲ ਛੁਟਕਿਓ ਬੰਧਨ ਪਰੇ, ਕਛੂ ਨਾ ਹੋਤ ਉਪਾਇ।

ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।

ਅਗੋਂ ਦਸ਼ਮੇਸ਼ ਜੀ ਨੇ ਉੱਤਰ ਵਿੱਚ ਇਓਂ ਲਿਖ ਕੇ ਭੇਜਿਆ:

ਬਲੁ ਹੋਆ ਬੰਧਨ ਛੁਟੇ, ਸਭੁ ਕਿਛੁ ਹੋਤ ਉਪਾਇ।

ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।

ਇਹ ਪੜ੍ਹ ਕੇ ਗੁਰੂ ਤੇਗ ਬਹਾਦਰ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਗੁਰ-ਗੱਦੀ ਦੀ ਜ਼ਿੰਮੇਦਾਰੀ ਸੰਭਾਲਣ ਲਈ ਦਸ਼ਮੇਸ਼ ਜੀ ਤਿਆਰ ਹਨ। ਗੁਰੂ ਜੀ ਨੂੰ ਨੀਯਤ ਸਮੇਂ 'ਤੇ ਪਿੰਜਰੇ ਵਿੱਚੋਂ ਕਢ ਕੇ ਚਾਂਦਨੀ ਚੌਕ ਲਿਆਂਦਾ ਗਿਆ। ਆਪ ਜੀ ਨੇ ਪਾਸ ਦੇ ਖੂਹ ਤੋਂ ਇਸ਼ਨਾਨ ਕੀਤਾ ਤੇ ਫਿਰ ਬੋਹੜ ਥੱਲੇ ਬੈਠ ਗਏ। ਜਲੱਾਦ ਤਲਵਾਰ ਲੈ ਕੇ ਆ ਗਿਆ। ਹਜ਼ਾਰਾਂ ਲੋਕਾਂ ਨੇ ਇਹ ਦਰਦਨਾਕ ਦ੍ਰਿਸ਼ ਦੇਖਿਆ। ਗੁਰੂ ਜੀ ਨੇ ਚੌਕੜੀ ਮਾਰ ਕੇ ਜਪੁਜੀ ਸਾਹਿਬ ਦਾ ਪਾਠ ਅਰੰਭ ਕਰ ਦਿੱਤਾ। ਜਿਸ ਵੇਲੇ ਭੋਗ ਪਾਇਆ ਅਤੇ ਮੱਥਾ ਟੇਕਿਆ। ਉਸੇ ਪਲ ਜਲੱਾਦ ਨੇ ਗੁਰੂ ਜੀ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ

ਜਿੱਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਉਥੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ ਹੈ। ਇਹ ਵੱਡਾ ਸਾਕਾ ਮੱਘਰ ਸੁੱਦੀ ਪੰਜ, 11 ਮੱਘਰ ਸੰਮਤ 1732 ਮੁਤਾਬਕ 11 ਨਵੰਬਰ 1675 ਨੂੰ ਹੋਇਆ।

ਗੁਰੂ ਜੀ ਦਾ ਸੀਸ ਭਾਈ ਜੈਤਾ ਲੈ ਕੇ ਅਨੰਦਪੁਰ ਪੁੱਜ ਗਿਆ। ਜਦੋਂ ਦਸ਼ਮੇਸ਼ ਜੀ ਨੇ ਆਪਣੇ ਗੁਰੂ ਪਿਤਾ ਦਾ ਸੀਸ ਦੇਖਿਆ ਤਾਂ ਉਹਨਾਂ ਨੇ ਭਾਈ ਜੈਤੇ ਨੂੰ ਗਲ਼ ਨਾਲ ਲਗਾਇਆ ਤੇ ਬਚਨ ਕੀਤਾ:

"ਰੰਗਰੇਟਾ- ਗੁਰੂ ਕਾ ਬੇਟਾ"

ਸੀਸ ਦਾ ਸੰਸਕਾਰ ਅਨੰਦਪੁਰ ਵਿਖੇ ਹੋਇਆ। ਉਥੇ ਗੁਰਦੁਆਰਾ ਸੀਸ ਗੰਜ ਸਥਿਤ ਹੈ। ਧੜ ਭਾਈ ਲੱਖੀ ਸ਼ਾਹ ਲੁਭਾਣਾ ਰੂੰ ਦੇ ਗੱਡੇ ਵਿੱਚ ਰੱਖ ਕੇ ਅਪਣੇ ਘਰ ਲੈ ਗਿਆ। ਉਥੇ ਗੁਰੂ ਜੀ ਦੇ ਧੜ ਨੂੰ ਰੂੰ ਵਿੱਚ ਲਪੇਟ ਕੇ ਚਿਖਾ ਬਣਾ ਕੇ ਅਪਣੇ ਘਰ ਨੂੰ ਅੱਗ ਲਗਾ ਦਿੱਤੀ। ਜਿੱਥੇ ਗੁਰੂ ਜੀ ਦੇ ਧੜ ਦਾ ਸੰਸਕਾਰ ਹੋਇਆ ਉਥੇ ਹੁਣ ਗੁਰਦੁਆਰਾ ਰਕਾਬ ਗੰਜ ਮੌਜੂਦ ਹੈ।

ਸ੍ਰੀ ਦਸ਼ਮੇਸ਼ ਜੀ ਨੇ ਗੁਰੂ ਜੀ ਦੀ ਸ਼ਹਾਦਤ ਨੂੰ ਇਓਂ ਵਰਣਿਤ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ।

ਕੀਨੋ ਬਡੋ ਕਲੂ ਮਹਿ ਸਾਕਾ।

ਸਾਧਨਿ ਹੇਤ ਇਤਿ ਜਿਨਿ ਕਰੀ।
ਸੀਸੁ ਦੀਆ ਪਰ ਸੀ ਨ ਉਚਰੀ।

ਦੋਹਿਰਾ
ਠੀਕਿਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ।
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।

ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ "ਹਿੰਦ ਦੀ ਚਾਦਰ" ਬਣ ਕੇ, ਅਪਣਾ ਆਪਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ। ਸ਼ਾਂਤੀ ਦੇ ਪੁੰਜ ਗੁਰੂ ਜੀ ਦੀ ਇਹ ਸ਼ਹਾਦਤ ਕਲਜੁਗ ਵਿੱਚ ਵਾਪਰਿਆ ਇਕ ਵੱਡਾ ਸਾਕਾ ਹੈ, ਜੋ ਸਦੀਆਂ ਤਕ ਇਕ ਮਿਸਾਲ ਦੇ ਰੂਪ ਵਿੱਚ ਕਾਇਮ ਰਹੇਗਾ।

□□□

# ਓਪਰਾ ਆਦਮੀ : ਮਨੁੱਖੀ ਹੋਂਦ ਦੀ ਸ਼ਨਾਖ਼ਤ ਅਤੇ ਸਥਾਪਤੀ ਤੱਕ ਦਾ ਸਫ਼ਰ

*ਡਾ. ਗੁਰਪ੍ਰੀਤ ਕੌਰ*

ਵੀਹਵੀਂ ਸਦੀ ਦੌਰਾਨ ਦੂਜੇ ਵਿਸ਼ਵ ਯੁੱਧ ਦੇ ਪ੍ਰਭਾਵ ਅਧੀਨ ਅਸਤਿਤ੍ਵਵਾਦੀ ਚਿੰਤਨ ਪ੍ਰਣਾਲੀ ਦਾ ਉਦੈ ਹੁੰਦਾ ਹੈ। ਇਸ ਚਿੰਤਨ ਪ੍ਰਣਾਲੀ ਦਾ ਸੰਬੰਧ ਪ੍ਰਕ੍ਰਿਤੀ ਦੀ ਥਾਵੇਂ ਮਨੁੱਖੀ ਅਸਤਿਤ੍ਵ ਦੀ ਸ਼ਨਾਖ਼ਤ ਅਤੇ ਸਪੱਸ਼ਟੀਕਰਨ ਨਾਲ ਵਧੇਰੇ ਜੁੜਿਆ ਹੈ।ਵਿਅਕਤੀ ਦਾ ਸਮਾਜ ਵਿੱਚ ਵਿਚਰਦਿਆਂ ਸਵੈ-ਚੇਤੰਨ ਨਿਰਣੇ ਕਰਨਾ, ਮਨੁੱਖੀ ਜੀਵਨ ਦੇ ਅਸਲ ਅਰਥਾਂ ਦੀ ਭਾਲ ਕਰਨਾ ਅਤੇ ਮਾਨਵੀ ਜੀਵਨ ਨਾਲ ਜੁੜੀਆਂ ਬੇਤੁਕੀਆਂ ਸਥਿਤੀਆਂ ਨੂੰ ਸਵੀਕਾਰਨਾ ਆਦਿ ਮਸਲੇ ਅਸਤਿਤ੍ਵਵਾਦ ਅਧੀਨ ਵਿਚਾਰੇ ਗਏ ਹਨ।ਅਸਤਿਤ੍ਵਵਾਦ ਬਾਰੇ ਚਰਚਾ ਕਰਦਿਆਂ ਸਾਰਤਰ (ੜ)ਦਾ ਇੱਕ ਅਹਿਮ ਵਿਚਾਰ ' ' ਸਾਡੇ ਸਾਹਮਣੇ ਦ੍ਰਿਸ਼ਟੀਗੋਚਰ ਹੁੰਦਾ ਹੈ ਭਾਵ "ਅਸਤਿਤ੍ਵ ਕਿਸੇ 'ਪ੍ਰਕਿਰਤੀ' ਜਾਂ 'ਸਾਰ' ਤੋਂ ਪਹਿਲਾਂ ਮੌਜੂਦ ਹੁੰਦਾ ਹੈ ਜਾਂ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਦਾ ਜਨਮ ਕਿਸੇ ਪੂਰਵ ਧਾਰਨਾ ਦੇ ਹੁੰਦਾ ਹੈ। ਜਨਮ ਸਮੇਂ ਅਸੀਂ ਅਸਤਿਤ੍ਵ ਨਾਲੋਂ ਵੱਧ ਕੁੱਝ ਵੀ ਨਹੀਂ ਹੁੰਦੇ। ਜ਼ਿੰਦਗੀ ਵਿੱਚ ਆਪਣੇ ਅਨੁਭਵਾਂ, ਵਿਸ਼ਵਾਸਾਂ ਅਤੇ ਨਜ਼ਰੀਏ ਦੇ ਆਧਾਰ ਉੱਤੇ ਅਸੀਂ ਜਿਹੜੇ ਫੈਸਲੇ, ਚੋਣਾਂ ਅਤੇ ਕਾਰਜ ਕਰਦੇ ਹਾਂ, ਉਨ੍ਹਾਂ ਤੋਂ ਹੀ ਸਾਡੀ ਪਛਾਣ ਬਣਦੀ ਅਤੇ ਬਦਲਦੀ ਹੈ।"1 ਵਿਅਕਤੀ ਆਪਣੀ ਹੋਂਦ ਨੂੰ ਪਰਿਭਾਸ਼ਿਤ ਕਰਦਾ ਹੈ। ਸਾਰਤਰ ਅਨੁਸਾਰ ਵਿਅਕਤੀ ਆਪਣੇ ਸਾਰ ਦਾ ਨਿਰਮਾਣ ਆਪ ਕਰਦਾ ਹੈ।ਮਨੁੱਖੀ ਸਾਰ ਨਾ ਤਾਂ ਵਿਅਕਤੀ ਦੇ ਅੰਦਰ ਪਣਪਦਾ ਹੈਤੇ ਨਾ ਹੀ ਇਸ ਦੀ ਪ੍ਰਾਪਤੀ ਕਿਤੋਂ ਬਾਹਰੋਂ ਹੁੰਦੀ ਹੈਸਗੋਂ ਇਹ ਤਾਂ ਵਿਅਕਤੀ ਦੇਸਮਾਜ ਨਾਲ ਬਣਾਏ ਸੰਬੰਧਾਂ ਉੱਤੇ ਆਧਾਰਿਤ ਹੁੰਦਾ ਹੈ। ਕਿਅਰਕੇਗਾਰਦ ( ) ਜਿਸ ਨੂੰ ਆਧੁਨਿਕ ਅਸਤਿਤ੍ਵਵਾਦ ਦਾ ਪਿਤਾਮਾ ਮੰਨਿਆ ਜਾਂਦਾ ਹੈ। ਉਹ ਸੰਸਾਰ ਚੇਤਨਾ ਦੀ ਥਾਵੇਂ 'ਵਿਅਕਤੀ ਦੇ ਮਹੱਤਵ' ਦੀ ਗੱਲ ਕਰਦਾ ਹੈ। ਉਹ ਮਨੁੱਖੀ ਅਸਤਿਤ੍ਵ ਨੂੰ ਮਹੱਤਵ ਦਿੰਦਾ ਹੈ। ਉਸ ਦੇ ਵਿਚਾਰ ਅਨੁਸਾਰ "ਜਦੋਂ ਅਸੀਂ ਕੋਈ ਕਰਮ ਕਰਦੇ ਹਾਂ- ਖ਼ਾਸ ਤੌਰ 'ਤੇ ਜਿਸ ਸਮੇਂ ਅਸੀਂ ਕੋਈ

*EMail Id : preety_dugal @yahoo.in*
*ਫੋਨ : 9953576800*

ਅਹਿਮ ਫੈਸਲਾ ਲੈਂਦੇ ਹਾਂ- ਉਦੋਂ ਹੀ ਅਸੀਂ ਆਪਣੇ ਅਸਤਿਤ੍ਵ ਨਾਲ ਜੁੜਦੇ ਹਾਂ।"2 ਅਜਿਹਾ ਸਮਾਂ ਕੁਝ ਪਲ-ਛਿਣਾਂ ਤੱਕ ਹੀ ਸੀਮਿਤ ਹੁੰਦਾ ਹੈ ਜਦੋਂ ਅਸੀਂ ਆਪਣੇ ਅਸਤਿਤ੍ਵ ਦੀ ਵਾਸਤਵਿਕਤਾ ਤੀਕ ਪਹੁੰਚ ਕਰਦੇ ਹਾਂ। ਅਸਤਿਤ੍ਵ ਨਾਲ ਜੁੜੇ ਇਨ੍ਹਾਂ ਤੀਬਰ ਪਲਾਂ ਨਾਲ (ਖ਼ਾਸ ਤੌਰ ਉੱਤੇ ਪੀੜ ਭਰੇ ਫੈਸਲਿਆਂ ਵਿੱਚ) ਸ਼ਖ਼ਸੀਅਤ ਆਪਣੇ ਅੰਤਰੀਵ ਅਸੀਮਤਾ ਦਾ ਐਲਾਨ ਕਰਦੀ ਹੈ। ਕਿਅਰਕੇਗਾਰਦ ਅੱਗੇ 'ਸੱਚ ਦੇ ਆਤਮਨਿਸ਼ਠ' ਹੋਣ ਦਾ ਵਿਚਾਰ ਪੇਸ਼ ਕਰਦਾ ਹੈ। ਇਸ ਵਿਚਾਰ ਤੋਂ ਉਸ ਦਾ ਭਾਵ ਇਹ ਨਹੀਂ ਕਿ ਅਸੀਂ ਜੋ ਸੋਚਦੇ ਹਾਂ ਜਾਂ ਜਿਸ ਉੱਤੇ ਅਸੀਂ ਵਿਸ਼ਵਾਸ ਕਰਦੇ ਹਾਂ, ਉਸ ਦੀ ਅਹਿਮੀਅਤ ਨਹੀਂ ਸਗੋਂ ਉਸ ਦੇ ਮੁਤਾਬਿਕ ਮਹੱਤਵਪੂਰਨ ਸੱਚ ਸਦੈਵ ਹੀ ਨਿੱਜੀ ਹੁੰਦੇ ਹਨ। ਕਿਸੇ ਵਿਅਕਤੀ-ਵਿਸ਼ੇਸ਼ ਲਈ ਉਸ ਦਾ ਸੱਚ ਕੀ ਹੈ__?ਜਾਂ ਉਹ ਆਪਣੇ ਆਪ ਨੂੰ 'ਸੱਚ' ਨਾਲ ਕਿਵੇਂ ਜੋੜਦਾ ਹੈ? ਆਜ਼ਾਦ ਅਤੇ ਜ਼ਿੰਮੇਵਾਰੀ ਭਰਪੂਰ ਨਿਰਣਿਆਂ ਰਾਹੀਂ ਹੀ ਮਨੁੱਖ ਪ੍ਰਮਾਣਿਕ ਰੂਪ ਵਿੱਚ ਆਪਣੇ ਅਸਤਿਤ੍ਵ ਦੀ ਸਥਾਪਨਾ ਕਰਦਾ ਹੈ। ਅਸਤਿਤ੍ਵਵਾਦ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਨਾਂ ਆਲਬੇਅਰ ਕਾਮੂ ਦਾ ਵੀ ਉੱਭਰ ਕੇ ਸਾਹਮਣੇ ਆਉਂਦਾ ਹੈ। ਕਾਮੂ ਦੀ ਫ਼ਿਲਾਸਫ਼ੀ ਵੀ ਅਸਤਿਤ੍ਵਵਾਦੀ ਚਿੰਤਨ ਨਾਲ ਹੀ ਸੰਬੰਧਿਤ ਹੈ। ਉਸ ਦੇ ਵਿਚਾਰ ਅਨੁਸਾਰ "ਇਹ ਨਹੀਂ ਕਿਹਾ ਜਾ ਸਕਦਾ ਕਿ ਕੇਵਲ ਸਾਰ-ਤੱਤ ਦੇ ਪੱਧਰ ਉੱਤੇ ਹੀ ਅਸਤਿਤ੍ਵ ਪ੍ਰਗਟ ਹੁੰਦਾ ਹੈ। ਸਵਾਲ ਤਾਂ ਇਹ ਹੈ ਕਿ ਅਸੀਂ ਅਸਤਿਤ੍ਵ ਦੇ ਵਿਕਾਸ ਤੋਂ ਬਿਨਾ ਸਾਰ-ਤੱਤ ਨੂੰ ਕਿਵੇਂ ਦੇਖਦੇ ਹਾਂ..? ਪਰ ਨਾਲ ਹੀ ਇਹ ਵਿਚਾਰ ਵੀ ਸਥਾਪਿਤ ਨਹੀਂ ਕੀਤਾ ਜਾ ਸਕਦਾ ਕਿ ਕੇਵਲ 'ਹੋਣਾ' ਹੀ ਅਸਤਿਤ੍ਵ ਹੈ। ਇਕ ਚੀਜ਼ ਜੋ ਹਮੇਸ਼ਾ ਹੀ ਵਿਕਾਸ ਦੀ ਪ੍ਰਕ੍ਰਿਆ ਵਿੱਚ ਰਹਿੰਦੀ ਹੈ, ਉਸ ਦਾ ਆਦਿ (ਆਰੰਭ) ਕਦੇ ਤਾਂ ਜ਼ਰੂਰ ਹੋਇਆ ਹੋਵੇਗਾ। ਵਿਕਾਸ ਦਾ ਆਪਣਾ ਕੋਈ ਅਰਥ ਨਹੀਂ ਜੇਕਰ ਇਸ ਦੇ ਨਾਲ ਵਿਕਸਿਤ ਹੋਣ ਵਾਲੇ ਵਿਅਕਤੀ ਦੀ ਆਪਣੀ ਗਰਿਮਾ ਕਾਇਮ ਨਾ ਰਹੇ।"3 ਕਾਮੂ ਅਨੁਸਾਰ ਮਨੁੱਖੀ ਜੀਵਨ ਤੇ ਹੋਂਦ ਦਾ ਕੋਈ ਤਾਰਕਿਕ ਕ੍ਰਮ ਜਾਂ ਅਰਥ ਨਹੀਂ ਹੁੰਦਾ ਪਰ ਫੇਰ ਵੀ ਅਸੀਂ ਲਗਾਤਾਰ ਆਪਣੀ ਜ਼ਿੰਦਗੀ ਵਿੱਚ ਤਾਰਕਿਕਤਾ ਲੱਭਣ ਦਾ ਯਤਨ ਕਰਦੇ ਰਹਿੰਦੇ ਹਾਂ। ਅਜਿਹਾ ਕਹਿਣ ਪਿੱਛੇ ਕਾਮੂ ਦਾ ਮਕਸਦਇਹ ਵਿਚਾਰ ਪੇਸ਼ ਕਰਨਾ ਹੈ ਕਿ ਵਿਅਕਤੀ ਨੂੰ ਜੀਵਨ ਦੇ ਅਰਥਾਂ ਦੀ ਭਾਲ ਕਰਦਿਆਂ ਮਾਨਵੀ- ਅਸਤਿਤ੍ਵ ਦੀਆਂ ਬੇਤੁਕੀਆਂ (ਐਬਸਰਡ) ਸਥਿਤੀਆਂ ਨੂੰ ਵੀ ਕਬੂਲਣਾ ਚਾਹੀਦਾ ਹੈ।

ਅਸਤਿਤ੍ਵਵਾਦੀ ਚਿੰਤਨ ਅਤੇ ਐਬਸਰਡਿਟੀ ਸੰਬੰਧੀ ਇਨ੍ਹਾਂ ਵਿਚਾਰਾਂ ਨੂੰ ਆਧਾਰ ਬਣਾ ਕੇ ਆਲਬੇਅਰ ਕਾਮੂ ਨੇ ਨਾਵਲ 'ਓਪਰਾ ਆਦਮੀ' ਦੀ ਸਿਰਜਣਾ ਕੀਤੀ ਹੈ। ਕਾਮੂ ਦਾ ਇਹ ਨਾਵਲਸਭ ਤੋਂ ਪਹਿਲਾਂ ਫਰਾਂਸੀਸੀ ਭਾਸ਼ਾ ਵਿੱਚ The Stranger (1942) ਨਾਂ ਹੇਠ ਛੱਪਦਾ ਹੈ। "ਜਦ ਪਹਿਲੀ ਵਾਰ ਕਾਮੂ ਦਾ ਨਾਵਲ 'ਓਪਰਾ ਆਦਮੀ' ਪ੍ਰਕਾਸ਼ਿਤ ਹੁੰਦਾ ਹੈ ਉਦੋਂ ਸਾਹਿੱਤਿਕ ਸਮਾਜ ਨੂੰ ਫ੍ਰੇਂਚ-ਅਲਜੀਰੀਆ ਦੀ ਉੱਭਰਦੀ ਇਸ ਪ੍ਰਤਿਭਾ ਉੱਤੇ ਬੜੀ ਹੈਰਾਨੀ ਹੋਈ ਕਿਉਂਕਿ 'ਓਪਰਾ ਆਦਮੀ' ਵਿੱਚ ਉਨ੍ਹਾਂ ਦਾ ਆਪਣਾ ਜੀਵਨ ਸਮਾਹਿਤ ਸੀ। ਹਾਲਾਂਕਿ ਪੈਰਿਸ ਦਾ ਪਾਠਕ ਵਰਗ ਉਨ੍ਹਾਂ ਦੇ ਇਸ ਅਨੁਭਵ ਨਾਲ ਸਾਝੇਦਾਰੀ ਨਾ ਕਰ ਸੱਕਿਆ ਪਰ ਲੋਕਾਂ ਨੇ ਇਹ ਜ਼ਰੂਰ ਸਮਝ ਲਿਆ ਸੀ ਕਿ ਸਾਹਿਤ ਦੇ ਇਤਿਹਾਸ ਵਿੱਚ ਕੋਈ ਨਵਾਂ ਆਯਾਮ ਜੁੜਿਆ ਹੈ। 'ਓਪਰਾ ਆਦਮੀ' ਦੀ ਪਹਿਲੀ ਮਹੱਤਵਪੂਰਨ ਆਲੋਚਨਾ ਉੱਤੇ ਸਭ ਤੋਂ ਪਹਿਲਾਂ ਸਾਰਤਰ ਦੀ ਨਜ਼ਰ ਪਈ ਅਤੇ ਉਨ੍ਹਾਂ ਨੇ ਇਸ ਵਿਚਲੇ ਅਸਤਿਤ੍ਵਵਾਦੀ ਗੁਣਾਂ ਨੂੰ ਪਛਾਣਿਆ।"4 ਭਾਵੇਂ ਫਰਾਂਸ ਵਿਚਲੇ ਸੁਤੰਤਰਤਾ ਅੰਦੋਲਨ ਸਮੇਂ ਸਾਰਤ੍ਰੀਅਨ ਖ਼ੇਮੇ ਨੂੰ 'ਦ ਸਟ੍ਰੇਂਜਰ' ਤੇ 'ਮਿੱਥ ਆਫ਼ਸੀਸਾਈਫਸ' ਵਿਚਲੀ ਨਿਰਾਸ਼ਾ ਤੇ

ਬੇਤੁਕਾਪਣ ਬੇਹੱਦ ਅਜੀਬ ਲੱਗੇ ਪਰ ਯੁੱਧ ਉਪਰੰਤ ਕਾਮੂ ਦਾ ਜੋ ਸੁਰ ਉੱਭਰਿਆ, ਉਸ ਨਾਲ ਆਪਸੀ ਵਿਰੋਧ ਸਤੱਹ ਉੱਤੇ ਆ ਖੜ੍ਹੇ। ਸਵੀਡਿਸ਼ ਅਕਾਦਮੀ ਦੇ ਸਕੱਤਰ ਡਾ. ਐਂਡ ਰਸ ਅਲਸਨ ਅਨੁਸਾਰ "ਕਾਮੂ ਦਾ ਸਾਹਿਤ ਨਿਰਾਸ਼ਾ ਦਾ ਸਾਹਿਤ ਨਹੀਂ ਸਗੋਂ ਉਨ੍ਹਾਂ ਦਾ ਅਸਤਿਤ੍ਵਵਾਦ ਅਸਲ 'ਚ ਮਾਨਵਵਾਦ ਹੈ।"5

ਆਲਬੇਅਰ ਕਾਮੂਦੇ ਇਸ ਨਾਵਲ ਦਾ ਅਨੁਵਾਦ ਅੰਗ੍ਰੇਜ਼ੀ, ਹਿੰਦੀ, ਪੰਜਾਬੀ ਆਦਿ ਕਈ ਭਾਸ਼ਾਵਾਂ ਵਿੱਚ ਹੋਇਆ ਹੈ। ਇਸ ਨਾਵਲ ਨੂੰ ਲਿੱਖਣ ਪਿੱਛੇ ਕਾਮੂ ਦਾ ਮੁੱਖ ਮਕਸਦ ਪਾਠਕਾਂ ਅੱਗੇ ਮਨੁੱਖੀ ਜ਼ਿੰਦਗੀ ਦੇ ਗੁਝੇ ਅਰਥਾਂ ਦੀ ਭਾਲ, ਅਸਤਿਤ੍ਵਵਾਦ ਅਤੇ ਐਬਸਰਡਿਟੀ ਆਦਿ ਵਰਗੇ ਸੰਕਲਪਾਂ ਨੂੰ ਸਪੱਸ਼ਟ ਕਰਨਾ ਹੈ। ਇਹ ਨਾਵਲ ਇੱਕੋ ਸਮੇਂ ਅਸਤਿਤ੍ਵਵੀ, ਐਬਸਰਡ, ਫ਼ਿਲਾਸਫ਼ੀਕਲ, ਕ੍ਰਾਇਮ ਅਤੇ ਰੋਮਾਂਚਕ ਗਲਪ ਦੇ ਰੂਪ ਵਿੱਚ ਵੀਹਵੀਂ ਸਦੀ ਦੇ ਕਲਾਸੀਕਲ ਲਿਟਰੇਚਰ ਵਿੱਚ ਆਪਣੀ ਥਾਂ ਬਣਾਉਂਦਾ ਹੈ। "ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਪ੍ਰਤੀਬੱਧ ਸਾਹਿਤ (ਵਿਸ਼ੇਸ਼ ਕਰਕੇ ਸਾਰਤਰ ਅਤੇ ਕਾਮੂ ਦੇ ਸੰਦਰਭ ਵਿੱਚ) ਦਾ ਮੁਲਾਂਕਣ ਕਰਦਿਆਂ ਮੈਰੀਡੇਇਰਿਸਸੇਕ ਲਿਖਦੀ ਹੈ ਕਿ 'ਓਪਰਾ ਆਦਮੀ' ਵਿੱਚ ਕੋਈ ਅਜਿਹੀ ਗੱਲ ਸਮਾਹਿਤ ਹੈ ਜਿਸ ਨੂੰ ਕੇਵਲ ਵਿਚਾਰਾਂ ਤੱਕ ਹੀ ਸੀਮਿਤ ਨਹੀਂ ਕੀਤਾ ਜਾ ਸਕਦਾ। 'ਓਪਰਾ ਆਦਮੀ' ਅੱਜ ਵੀ ਕਿਰਿਆਸ਼ੀਲ,ਰਹੱਸਮਈ ਅਤੇ ਸ਼ਕਤੀਸ਼ਾਲੀ ਕਿਤਾਬ ਹੈ। ਇਹ ਆਪਣੇ ਅੰਦਰਲੇ ਹਰ ਵਾਰੀ ਪ੍ਰਾਪਤ ਕੀਤੇ ਜਾਣ ਵਾਲੇ ਨਵੇਂ ਅਰਥ-ਪਾਸਾਰਾਂ ਕਰਕੇ ਸਮੇਂ ਤੋਂ ਪਾਰ ਜਾਣ ਦੇ ਸਮਰੱਥ ਹੈ। ਜਦ ਕਿ ਸਾਰਤਰ ਦੇ ਨਾਵਲ ਇਕਹਰੇ -ਅਰਥ, ਵਿਆਖਿਆਤਮਕ ਅਤੇ ਆਪਣੇ ਤੱਕ ਹੀ ਸੀਮਤ ਹੁੰਦੇ ਹਨ। ਉਸ ਦੇ ਆਪਣੇ ਵਿਚਾਰ ਹੀ ਉਸ ਦੇ ਸ਼ਬਦਾਂ ਦੀ ਮਹੱਤਤਾ ਨੂੰ ਘਟਾਉਂਦੇ ਹਨ।"6

ਆਲਬੇਅਰ ਕਾਮੂ ਦੇ ਇਸ ਨਾਵਲ 'ਓਪਰਾ ਆਦਮੀ' ਦਾ ਪੰਜਾਬੀ ਭਾਸ਼ਾ ਵਿੱਚ ਅਨੁਵਾਦ ਮਹਿੰਦਰ ਬੇਦੀ, ਜੈਤੋ ਨੇ ਕੀਤਾ ਹੈ। ਨਾਵਲ ਦਾ ਬਿਰਤਾਂਤਕ-ਪਾਸਾਰ 119 ਪੰਨਿਆਂ ਤੀਕ ਫੈਲਿਆ ਹੈ। ਨਾਵਲ ਵਿੱਚ ਕਥਾ-ਬਿਆਨ ਉੱਤਮ ਪੁਰਖੀ ਰੂਪ ਵਿੱਚ ਰੱਖਿਆ ਗਿਆ ਹੈ। ਨਾਵਲ ਦਾ ਮੁੱਖ ਪਾਤਰ ਮਯੋਰਸੋਲ ਹੈ ਜੋ ਕਿ ਨਾਵਲ ਦੇ ਨਾਂ 'ਓਪਰਾ ਆਦਮੀ' ਦੀ ਪ੍ਰਤੀਨਿੱਧਤਾ ਕਰਦਾ ਨਜ਼ਰ ਆਉਂਦਾ ਹੈ। ਉਹ ਸਮਾਜ ਵਿੱਚ ਰਹਿੰਦਿਆਂ ਹੋਇਆਂ ਵੀ ਸਮਾਜ ਨਾਲੋਂ ਵਿੱਥ ਥਾਪਦਿਆਂ ਇੱਕ 'ਅਜਨਬੀ' ਦੇ ਰੂਪ ਵਿੱਚ ਆਪਣੀ ਪਛਾਣ ਸਥਾਪਿਤ ਕਰਦਾ ਹੈ। ਸਮੁੱਚੀ ਨਾਵਲੀ-ਕਥਾ ਇਸੇ ਪਾਤਰ ਦੇ ਆਲੇ ਦੁਆਲੇ ਘੁੰਮਦੀ ਹੈ। ਮਯੋਰਸੋਲ ਅਲਜੀਰੀਆ (ਫਰਾਂਸ) ਦੀ ਮੱਧਵਰਗੀ ਸ੍ਰੇਣੀ ਨਾਲ ਸੰਬੰਧਿਤ ਪਾਤਰ ਹੈ ਜਿਹੜਾ ਮੱਧਵਰਗੀ ਲੋਕਾਂ ਵਾਂਗ ਹੀ ਇੱਕ ਸਾਧਾਰਨ ਅਤੇ ਰੋਜ਼ਮਰਾ ਦੀ ਜ਼ਿੰਦਗੀ ਜਿਉਂਦਾ ਹੈ। ਜਿਸ ਦੀ ਨਿੱਤ ਜ਼ਿੰਦਗੀ ਵਿੱਚ ਨਿੱਕੇ ਕੈਫ਼ੇ 'ਚ ਬੈਠ ਕੇ ਖਾਣਾ, ਫ਼ਿਲਮਾਂ ਵੇਖਣੀਆਂ ਤੇ ਆਪਣੇ ਖ਼ਾਲੀ ਸਮੇਂ 'ਚ ਸਮੁੰਦਰ ਤੱਟ ਉੱਤੇ ਤੈਰਨ ਜਾਣਾ ਆਦਿ ਕੰਮ ਸ਼ਾਮਿਲ ਸਨ ਪਰ ਨਾਵਲ ਵਿੱਚ ਇਹ ਪਾਤਰ ਆਪਣੇ ਹੀ ਇੱਕ ਵੱਖਰੇ ਨਜ਼ਰੀਏ ਨੂੰ ਲੈ ਕੇ ਪੇਸ਼ ਹੋਇਆ ਹੈ। ਜੋ ਜ਼ਿੰਦਗੀ ਵਿੱਚ ਐਬਸਰਡਿਟੀ ਨੂੰ ਮੁੱਖ ਰੱਖਦਿਆਂ ਆਪਣੇ ਜੀਵਨ ਦੇ ਹਰ ਪਲ-ਛਿਣ ਨੂੰ ਆਪਣੇ ਹੀ ਤਰੀਕੇ ਨਾਲ ਜਿਉਂਦਾ ਹੈ। ਕਿਸੇ ਵੀ ਘਟਨਾ ਜਾਂ ਸਥਿਤੀ ਪ੍ਰਤੀ ਮਯੋਰਸੋਲ ਦਾ ਪ੍ਰਤੀਕਰਮ ਸਮਾਜ ਦੀਆਂ ਅਕਾਂਖਿਆਵਾਂ ਅਨੁਸਾਰ ਨਾ ਹੋ ਕੇ ਬੜਾ ਹੀ ਸੁਭਾਵਿਕ ਤੇ ਪ੍ਰਕ੍ਰਿਤਕ ਜਿਹਾ ਲੱਗਦਾ ਹੈ। ਮਯੋਰਸੋਲ ਨਾਵਲ ਵਿੱਚ ਇੱਕ ਅਜਿਹੇ ਪਾਤਰ ਦੇ ਰੂਪ ਵਿੱਚ ਪੇਸ਼ ਹੋਇਆ ਹੈ ਜੋ ਭਾਵੁਕਤਾ ਨਾਲੋਂ ਆਪਣੇ ਭੌਤਿਕ ਆਰਾਮ ਨੂੰ ਵਧੇਰੇ ਅਹਿਮੀਅਤ ਦਿੰਦਾ ਹੈ। ਇਸੇ ਕਰਕੇ ਉਹ ਆਪਣੀ ਸਮੁੱਚੀ ਜ਼ਿੰਦਗੀ ਅਤੇ ਆਪਣੇ ਸੰਬੰਧਾਂ ਦੀਗਹਿਰਾਈ ਨੂੰ ਆਤਮਿਕ ਪੱਧਰ ਉੱਤੇ ਮਾਣਨੋਂ ਅਸਮਰੱਥ

ਨਜ਼ਰ ਆਉਂਦਾ ਹੈ। ਨਾਵਲ ਵਿੱਚ ਉਸ ਦਾ ਵਿਵਹਾਰ ਸਮਾਂ-ਸਾਪੇਖ ਜਾਂ ਸਥਿਤੀ-ਸਾਪੇਖ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਜਿਸ ਵਿੱਚ ਨਾ ਤਾਂ ਬੀਤੇ ਸਮੇਂ ਦੀ ਸ਼ਮੂਲੀਅਤ ਹੁੰਦੀ ਹੈ ਅਤੇ ਨਾ ਹੀ ਭਵਿੱਖ ਦੇ ਨਤੀਜਿਆਂ ਦਾ ਕੋਈ ਡਰ ਹੈ। ਉਸ ਦੀ ਜ਼ਿੰਦਗੀ ਵਿੱਚ ਵਾਪਰੀਆਂ ਘਟਨਾਵਾਂ ਜਾਂ ਬਣੇ ਸੰਬੰਧ ਭਾਵੁਕਤਾਨਾਲੋਂਵੱਧ ਇਤਫ਼ਾਕੀਆ ਘਟੇ ਵਧੇਰੇ ਜਾਪਦੇ ਹਨ। ਉਸ ਨੂੰ ਆਪਣੀ ਜ਼ਿੰਦਗੀ ਵਿੱਚ ਵਾਪਰੀਆਂ ਘਟਨਾਵਾਂ ਤੋਂ ਕੋਈ ਸਮੱਸਿਆ ਨਹੀਂ ਤੇ ਨਾ ਹੀ ਉਹ ਇਨ੍ਹਾਂ ਘਟਨਾਵਾਂ ਪਿੱਛੇ ਕਾਰਜਸ਼ੀਲ ਕਾਰਣਾਂ ਤੀਕ ਅਪੜਣ ਦਾ ਯਤਨ ਕਰਦਾ ਹੈ। ਮਯੋਰਸੋਲ ਦੀ ਜ਼ਿੰਦਗੀ ਜਿਉਣ ਦਾ ਢੰਗ ਸਤਹੀ ਪੱਧਰ ਉੱਤੇ ਵਿਚਰਦਾ ਨਜ਼ਰ ਆਉਂਦਾ ਹੈ।

ਨਾਵਲ ਵਿੱਚ ਮਯੋਰਸੋਲਦੇ ਵਿਅਕਤਿਤ੍ਵ ਨੂੰ ਉੱਭਾਰਨ ਲਈ ਮੁੱਖ ਤੌਰ 'ਤੇ ਉਸ ਦੇ ਤਿੰਨ ਸੰਬੰਧਾਂ (ਮਯੋਰਸੋਲਦੀ ਮਾਂ, ਪ੍ਰੇਮਿਕਾ ਮੇਰੀ, ਦੋਸਤ ਰੇਮੰਡ ਆਦਿ ਨਾਲ) ਉੱਪਰ ਫੋਕਸ ਕੀਤਾ ਗਿਆ ਹੈ। ਮਾਂ ਦੀ ਮੌਤ ਉੱਤੇ ਦੁੱਖੀ ਪ੍ਰਤੀਤ ਨਾ ਹੋਣਾ, ਮੇਰੀ ਨਾਲ ਭਾਵੁਕ ਜੁੜਾਅ ਦੀ ਥਾਵੇਂ ਸਰੀਰਕ ਭੁੱਖ ਦੀ ਤ੍ਰਿਪਤੀ ਕਰਨਾ ਅਤੇ ਦੋਸਤ ਰੇਮੰਡ ਦਾ ਗਲਤ ਕੰਮਾਂ ਵਿੱਚ ਵੀ ਬਿਨਾ ਕਿਸੇ ਇਤਰਾਜ਼ ਸਾਥ ਦੇਣਾ ਆਦਿ ਕਈ ਅਜਿਹੇ ਉਦਾਹਰਣ ਹਨ ਜਿਨ੍ਹਾਂ ਨਾਲ ਉਸ ਦੀ ਜ਼ਿੰਦਗੀ ਅਤੇ ਰਿਸ਼ਤਿਆਂ ਨੂੰ ਜਿਉਣ ਦੇ ਖ਼ਾਸ ਢੰਗ ਦਾ ਪਤਾ ਲੱਗਦਾ ਹੈ।ਉਸ ਦੇ ਵਿਚਾਰ ਅਨੁਸਾਰ ਅਸੀਂ ਸਾਰੇ ਐਬਸਰਡ ਅਤੇ ਅਰਥਹੀਣ ਸਮਾਜ ਵਿੱਚ ਰਹਿ ਰਹੇ ਹਾਂ। ਜਿੱਥੇ ਸਮਾਜਿਕ ਅਤੇ ਮਾਨਵੀ ਸੰਬੰਧਾਂ ਲਈ ਕੋਈ ਨਿਸ਼ਚਿਤ ਮਾਪਦੰਡ ਤੈਅ ਨਹੀਂ ਹਨ।ਇਹੋ ਹੀ ਕਾਰਨ ਹੈ ਕਿ ਉਹ ਆਪਣੀ ਜ਼ਿੰਦਗੀ ਦੇ ਹਰ ਪਲ-ਛਿਣ ਨੂੰ ਸਮੇਂ-ਵਿਸ਼ੇਸ਼ ਵਿੱਚ ਹੀ ਮਾਣਨ ਲਈ ਅਗ੍ਰਸਰ ਹੈ।

ਨਾਵਲੀ-ਬਿਰਤਾਂਤ ਵਿਚ ਜਿੱਥੋਂ ਤੱਕ ਘਟਨਾ-ਕ੍ਰਮ ਦੀ ਗੱਲ ਹੈ ਤਾਂ ਇਨ੍ਹਾਂ ਘੱਟਨਾਵਾਂ ਨੂੰ ਮੁੱਖ ਤੌਰ ਉੱਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ।ਨਾਵਲ ਦੇ ਪਹਿਲੇ ਭਾਗ ਵਿੱਚ ਮਯੋਰਸੋਲ (ਨਾਵਲ ਦਾ ਮੁੱਖ ਪਾਤਰ) ਘਟਨਾਵਾਂ ਨੂੰ ਇਨ-ਬਿਨ ਬਿਆਨਦਾ ਹੈ। ਜਿਵੇਂ ਕਿ ਉਹ ਨਾਵਲੀ-ਕਥਾ ਵਿੱਚ ਵਾਪਰਦੀਆਂ ਹਨ। ਇਹ ਘੱਟਨਾਵਾਂ ਮੂਲ ਰੂਪ ਵਿੱਚ ਮਯੋਰਸੋਲ ਵੱਲੋਂ ਆਪਣੀ ਜ਼ਿੰਦਗੀ ਵਿੱਚ ਕੀਤੀਆਂ ਚੋਣਾਂ ਤੇ ਫੈਸਲਿਆਂ ਦੇ ਅਧੀਨ ਕੀਤੇ ਕਾਰਜਾਂ ਦੀ ਪ੍ਰਤੀਨਿੱਧਤਾ ਕਰਦੀਆਂ ਹਨ। ਨਾਵਲ ਵਿਚਲੇ ਦੂਜੇ ਭਾਗ ਵਿੱਚ ਘੱਟਨਾਵਾਂ ਤੋਂ ਉਤਾਂਹ ਉੱਠ ਕੇ ਸਥਿਤੀਆਂ ਅਧੀਨ ਵਾਪਰੀਆਂ ਘਟਨਾਵਾਂ ਦਾ ਜਾਇਜ਼ੀਕਰਨ, ਮਯੋਰਸੋਲ ਦੇ ਵਿਵਹਾਰ ਅਤੇ ਕਾਰਜਾਂ ਉੱਤੇ ਸਮਾਜ ਦੀਆਂ ਪ੍ਰਤੀਕਿਆਵਾਂ ਅਤੇ ਅਕਾਂਖਿਆਵਾਂ, ਮਯੋਰਸੋਲ ਦੀ ਜੇਲ੍ਹ ਵਿੱਚ ਮਨੋਸਥਿਤੀ (ਕਾਰਜਾਂ ਦਾ ਪਰਿਣਾਮ), ਮੌਤ ਦਾ ਸੱਚ ਅਤੇ ਜੀਵਨ ਦੀ ਅਰਥਹੀਣਤਾ ਆਦਿ ਨੂੰ ਬਿਆਨਿਆ ਗਿਆ ਹੈ। ਨਾਵਲ ਵਿਚਲੇ ਇਹ ਦੋਵੇਂ ਭਾਗ ਹੀ ਇੱਕ ਬਰਾਬਰ ਦੀ ਮਹੱਤਤਾ ਰੱਖਦੇ ਹਨ। ਜੋ ਕਿ ਸਮੁੱਚੇ ਰੂਪ ਵਿੱਚ ਨਾਵਲੀ-ਥੀਮ ਨੂੰ ਰੂਪ-ਆਕਾਰ ਪ੍ਰਦਾਨ ਕਰਦੇ ਹਨ ਅਤੇ ਕਾਮੂ ਦੀ ਐਬਸਰਡ ਅਤੇ ਅਸਤਿਤ੍ਵਵੀ ਫ਼ਲਿਾਸਫ਼ੀ ਨੂੰ ਪੇਸ਼ ਕਰਦੇ ਹਨ। ਨਾਵਲਕਾਰ ਨੇ ਨਾਵਲੀ-ਬਿਰਤਾਂਤ ਦਾ ਆਰੰਭ ਮਯੋਰਸੋਲਦੀ 'ਮਾਂ ਦੀ ਮੌਤ' ਦੀ ਖ਼ਬਰ ਨਾਲ ਕੀਤਾ ਹੈ:

ਅੱਜ ਮਾਂ ਨਹੀਂ ਰਹੀ—ਹੋ ਸਕਦਾ ਹੈ, ਕੱਲ੍ਹ ਮੋਈ ਹੋਵੇ- ਪੱਕਾ ਨਹੀਂ ਕਹਿ ਸਕਦਾ। 'ਆਸ਼ਰਮ' ਵਾਲਿਆਂ ਦੇ ਤਾਰ ਵਿੱਚ ਬੱਸ ਏਨਾ ਹੀ ਲਿੱਖਿਆ ਏ- 'ਤੁਹਾਡੇ ਮਾਤਾ ਜੀ ਚਲਾਣਾ ਕਰ ਗਏ—ਸੰਸਕਾਰ ਹੈ। ਦੁਖੀ ਹਿਰਦੇ।' ਇਸ ਮਜ਼ਮੂਨ ਵਿੱਚ ਖ਼ਾਸੀ ਗੁੰਜਾਇਸ਼ ਏ। ਹੋ ਸਕਦਾ ਹੈ ਮੌਤ,ਕੱਲ੍ਹਹੀ ਹੋ ਗਈ ਹੋਵੇ।7

ਨਾਵਲ ਵਿਚਲੇ ਇਹ ਆਰੰਭਿਕ ਸ਼ਬਦ ਮਯੋਰਸੋਲ ਦੇ ਵਿਅਕਤਿਤ੍ਵ ਦੇ ਪ੍ਰਥਮ ਪਛਾਣ-ਚਿੰਨ੍ਹ ਬਣਦੇ ਹਨ। ਇਨ੍ਹਾਂ ਸ਼ਬਦਾਂ ਰਾਹੀਂ ਇਹ ਗੱਲ ਸਪੱਸ਼ਟ ਹੋਣ ਲੱਗਦੀ ਹੈ ਕਿਮਯੋਰਸੋਲ ਦੀ ਜ਼ਿੰਦਗੀ ਵਿੱਚ ਮਾਨਵੀ ਰਿਸ਼ਤੇ ਕੀ ਥਾਂ ਰੱਖਦੇ ਹਨ? ਮਯੋਰਸੋਲ ਨੂੰ ਨਾ ਤਾਂ ਆਪਣੀ ਮਾਂ ਦੀ ਮੌਤ ਦਾ ਦਿਨ ਪਤਾ ਸੀ ਤੇ ਨਾ ਹੀ ਉਸ ਨੇ ਇਹ ਜਾਣਨ ਦੀ ਕੋਈ ਖੇਚਲ ਕੀਤੀ ਸੀ। ਅਸਲ 'ਚ ਮਯੋਰਸੋਲ ਲਈ ਉਸ ਦੀ ਮਾਂ ਦੀ ਮੌਤ ਭਾਵੁਕਤਾ ਨਾਲੋਂ ਵੱਧ ਜੀਵਨ ਵਿੱਚ ਵਾਪਰੀ ਇੱਕ ਘਟਨਾ ਮਾਤਰ ਹੀ ਹੁੰਦੀ ਹੈ। ਮਾਂ ਦੇ ਸੰਸਕਾਰ ਸਮੇਂ ਵੀ ਮਯੋਰਸੋਲ ਗ਼ਮਗੀਨ ਹੋਣ ਦੀ ਥਾਵੇਂ ਉੱਥੇ ਮੌਜੂਦ ਲੋਕਾਂ ਦੇ ਕਾਰ-ਵਿਹਾਰ ਉੱਤੇ ਨਜ਼ਰ ਰੱਖਦਾ ਤੇ ਟਿੱਪਣੀ ਕਰਦਾ ਨਜ਼ਰ ਆਉਂਦਾ ਹੈ। ਮਾਂ ਦੇ ਮ੍ਰਿਤ ਸਰੀਰ ਨੂੰ ਵੀ ਆਖ਼ਰੀ ਵਾਰੀ ਵੇਖਣ ਤੋਂ ਮਨ੍ਹਾ ਕਰ ਦਿੰਦਾ ਹੈ। ਮੁਰਦਾ ਘਰ 'ਚ ਵੀ ਕਾਫ਼ੀ ਪੀਂਦਾ ਅਤੇ ਸਿਗਰੇਟ ਫੂਕਦਾ ਨਜ਼ਰ ਆਉਂਦਾ ਹੈ। ਨਾਵਲਕਾਰ ਨੇ ਨਾਵਲੀ-ਕਥਾ ਵਿੱਚ ਮਯੋਰਸੋਲ ਦੀ ਮਨੋਸਥਿਤੀ ਨੂੰ ਇਉਂ ਬਿਆਨਿਆ ਹੈ:

ਮੇਰਾ ਤਾਂ ਬੁਰਾ ਹਾਲ ਸੀ। ਚੌਕੀਦਾਰ ਮੈਨੂੰ ਆਪਣੇ ਕਮਰੇ ਵਿੱਚ ਲੈ ਆਇਆ। ਇੱਥੇ ਮੈਂ ਹੱਥ ਮੂੰਹ ਧੋ ਕੇ ਕੱਪੜੇ ਜ਼ਰਾ ਠੀਕ-ਠਾਕ ਕੀਤੇ। ਉਸ ਦੀ ਦਿੱਤੀ ਹੋਈ ਥੋੜ੍ਹੀ-ਜਿਹੀ ਸਫੇਦ ਕਾਫ਼ੀ ਪੀ ਕੇ ਲੱਗਿਆ, ਜਾਨ ਵਿਚ ਜਾਨ ਆ ਗਈ ਹੈ—ਸਵੇਰ ਦੀ ਠੰਢੀ ਠੰਢੀ ਖਾਰੀ ਗੰਦ ਵਾਲੀ ਸੁਹਾਵਣੀ ਹਵਾ ਤੋਂ ਲੱਗਦਾ ਸੀ ਕਿ ਅੱਜ ਦਿਨ ਕਾਫੀ ਚੰਗਾ ਲੱਗੇਗਾ। ਪਿੰਡ ਤੇ ਖੇਤਾਂ ਵੱਲ ਆਇਆ ਤਾਂ ਮੈਨੂੰ ਜੁਗੜੇ ਹੋ ਗਏ ਸੀ। ਸੋਚਣ ਲੱਗਾ ਕਿ ਮਾਂ ਦਾ ਝਮੇਲਾ ਨਾ ਹੁੰਦਾ ਤਾਂ ਇਸ ਸਮੇਂ ਇੱਥੇ ਘੁੰਮਣ ਦਾ ਕੈਸਾ ਮਜ਼ਾ ਆਉਂਦਾ। ਇਸ ਵਿਚਾਰ ਦੇ ਨਾਲ ਹੀ ਪ੍ਰਸਥਿਤੀ ਦਾ ਗਿਆਨ ਹੋ ਗਿਆ।8

ਨਾਵਲੀ-ਕਥਾ ਵਿਚ ਮਯੋਰਸੋਲ ਦਾ ਅਗਲਾ ਸੰਬੰਧ ਮੇਰੀ ਕਾਰਡੋਨਾ (ਮਯੋਰਸੋਲ ਦੀ ਇੱਕ ਪੁਰਾਣੀ ਕੁਲੀਗ) ਨਾਲ ਦਿਖਾਇਆ ਗਿਆ ਹੈ। ਮਯੋਰਸੋਲ ਲਈ ਮੇਰੀ ਨਾਲ ਪਹਿਲੀ ਮੁਲਾਕਾਤ ਸਰੀਰਕ-ਭੁੱਖ ਦੀ ਤ੍ਰਿਪਤੀ ਤੋਂ ਵੱਧ ਕੁਝ ਨਹੀਂ ਸੀ। ਮਾਂ ਦੇ ਅੰਤਿਮ-ਸੰਸਕਾਰ ਤੋਂ ਬਾਅਦ ਅਗਲੇ ਦਿਨ ਹੀ ਮੇਰੀ ਨਾਲ ਅਚਾਨਕ ਹੋਈ ਮੁਲਾਕਾਤ ਦੌਰਾਨ ਦੋਹਾਂ ਵਿਚਕਾਰ ਸਰੀਰਕ ਸੰਬੰਧ ਬਣਦੇ ਹਨ। ਉਦੋਂ ਦੋਹਾਂ ਵਿਚਕਾਰ ਕੋਈ ਭਾਵਨਾਤਮਕ ਸਾਂਝ ਨਜ਼ਰ ਨਹੀਂ ਆਉਂਦੀ। ਉਨ੍ਹਾਂ ਵਿਚਕਾਰ ਮੇਲ ਜੋਲ ਵੱਧਦਾ ਹੈ ਤੇ ਫਿਰ ਇਹ ਮੇਲ ਜੋਲ ਸੰਬੰਧਾਂ ਦਾ ਰੂਪ ਧਾਰ ਲੈਂਦਾ ਹੈ। ਇਸ ਸਮੇਂ ਦੌਰਾਨ ਇਕ ਮਹੱਤਵਪੂਰਨ ਗੱਲ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਮੇਰੀ ਜਿੱਥੇ ਆਪਣੇ ਇਸ ਰਿਸ਼ਤੇ ਪ੍ਰਤੀ ਸਮਰਪਿਤ ਹੈ ਅਤੇ ਸੰਬੰਧਾਂ ਨੂੰ ਰਿਸ਼ਤੇ ਦਾ ਨਾਮ ਦੇਣਾ ਲੋਚਦੀ ਹੈ। ਉੱਥੇ ਮਯੋਰਸੋਲ ਆਪਣੇ ਸੁਭਾਅ ਅਨੁਸਾਰ ਮੇਰੀ ਅੰਦਰਲੀ ਵਿਆਹ ਪ੍ਰਤੀ ਉੱਤਸੁਕਤਾ ਤੇ ਭਾਵ ਵੇਖ ਵਿਆਹ ਲਈ ਮੰਨ ਤਾਂ ਜਾਂਦਾ ਹੈ ਪਰ ਉਸ ਨਾਲ ਪਿਆਰ ਦੀ ਗੱਲ ਤੋਂ ਇਨਕਾਰੀ ਰਹਿੰਦਾ ਹੈ। ਉਸ ਲਈ ਮੇਰੀ ਦਾ ਵਿਅਕਤਿਤ੍ਵ ਸਰੀਰ ਤੋਂ ਵੱਧ ਕੁਝ ਨਹੀਂ ਸੀ। ਇਸ ਕਰਕੇ ਉਹ ਮੇਰੀ ਅੱਗੇ ਪਿਆਰ ਨਾ ਕਰਨ ਵਾਲੀ ਗੱਲ ਸਵੀਕਾਰਦਾ ਹੈ। ਮਯੋਰਸੋਲ ਅਤੇ ਮੇਰੀ ਵਿਚਲੇ ਸੰਵਾਦ ਰਾਹੀਂ ਉਨ੍ਹਾਂ ਦੇ ਸੰਬੰਧਾਂ ਦੀ ਪਰਤ ਇਉਂ ਖੁੱਲਦੀ ਹੈ :

ਉਸੇ ਸ਼ਾਮ ਦੀ ਗੱਲ ਹੈ, ਮੇਰੀ ਨੇ ਆਣ ਕੇ ਪੁੱਛਿਆ, "ਮੇਰੀ ਨਾਲ ਸ਼ਾਦੀ ਕਰੇਂਗਾ?" ਮੈਂ ਕਿਹਾ ਕਿ ਮੈਨੂੰ ਕੋਈ ਫਰਕ ਨਹੀਂ ਪੈਂਦਾ- ਜੇ ਉਹ ਏਨੀ ਹੀ ਉਤਸੁਕ ਹੈ ਤਾਂ ਅਸੀਂ ਸ਼ਾਦੀ ਕਰ ਲਵਾਂਗੇ।

ਇਸ ਪਿੱਛੋਂ ਉਸਨੇ ਸਵਾਲ ਕੀਤਾ, "ਮੈਨੂੰ ਪਿਆਰ ਕਰਦਾ ਏਂ ? ਜਿਹੜਾ ਜਵਾਬ ਮੈਂ ਪਹਿਲਾਂ ਦਿੱਤਾ ਸੀ, ਉਹੀ ਇਸ ਵਾਰ ਵੀ ਦੇ ਦਿੱਤਾ, ਕਿ 'ਪੁੱਛਣਾ ਈ ਬੇਕਾਰ ਏ। ਕਮ-ਸੇ-ਕਮ ਇਸ ਤਰ੍ਹਾਂ ਦੇ ਸਵਾਲ ਦਾ ਕੋਈ ਅਰਥ ਨਹੀਂ। ਫੇਰ ਵੀ ਲੱਗਦਾ ਏ ਮੇਰੇ ਮਨ ਵਿਚ ਤੇਰੇ ਲਈ ਪਿਆਰ-ਪਿਊਰ ਕੁਛ ਨਹੀਂ ਏ।'

ਉਸ ਨੇ ਪੁੱਛਿਆ, "ਜੇ ਇੰਜ ਏ ਤਾਂ ਸ਼ਾਦੀ ਕਿਸ ਨਾਲ ਕਰੇਗਾ?"

ਮੈਂ ਉਸ ਨੂੰ ਸਮਝਾਇਆ ਕਿ 'ਅਸਲ ਵਿੱਚ ਇਸ ਨਾਲ ਕੀ ਵੱਧਦਾ-ਘੱਟਦਾ ਏ? ਹਾਂ, ਜੇ ਸ਼ਾਦੀ ਕਰਨ ਨਾਲ ਤੈਨੂੰ ਸੁੱਖ ਮਿਲਦਾ ਏ, ਤਾਂ ਚਲੋ, ਹੁਣੇ ਇਸ ਵੇਲੇ ਕਰ ਲੈਂਦੇ ਹਾਂ। ਚਲੋ ਖ਼ੈਰ ਗੱਲ ਤੂੰ ਈ ਚਲਾਈ ਸੀ- ਮੈਂ ਤਾਂ ਸਿਰਫ਼ ਹਾਂ ਕਹਿਣ ਦਾ ਗੁਨਾਹਗਾਰ ਆਂ।'

ਇਸ 'ਤੇ ਉਹ ਦੱਸਣ ਲੱਗੀ ਕਿ ਸ਼ਾਦੀ ਦਾ ਮਾਮਲਾ ਗੰਭੀਰ ਹੁੰਦਾ ਏ- ਬਾਲਾਂ ਦੀ ਖੇਡ ਨਹੀਂ ਹੁੰਦੀ। ਮੈਂ ਬੋਲਿਆ, "ਨਈਂ, ਇਹੋ-ਜਿਹੀ ਗੱਲ ਤਾਂ ਨਈਂ ਲੱਗਦੀ।'

ਪਹਿਲਾਂ ਤਾਂ ਉਹ ਬੜੇ ਅਜੀਬ ਢੰਗ ਨਾਲ ਮੈਨੂੰ ਘੂਰਦੀ ਰਹੀ, ਫੇਰ ਚੁੱਪ ਹੋ ਗਈ। ਕੁਝ ਚਿਰ ਬਾਅਦ ਪੁੱਛਣ ਲੱਗੀ, "ਅੱਛਾ ਮੰਨ ਲਓ, ਮੇਰੀ ਜਗ੍ਹਾ ਕੋਈ ਦੂਜੀ ਕੁੜੀ ਹੁੰਦੀ ਤੇ ਜਿੰਨਾ ਕੁਛ ਤੂੰ ਮੈਥੋਂ ਚਾਹੁੰਦਾ ਏ, ਓਨਾ ਈ ਉਸ ਤੋਂ ਚਾਹੁੰਦਾ ਤੇ ਉਹ ਜਦੋਂ ਸ਼ਾਦੀ ਕਰਨ ਨੂੰ ਕਹਿੰਦੀ ਤਾਂ ਕੀ ਤੂੰ ਉਸ ਨੂੰ ਵੀ ਇੰਜ ਈ, ਹਾਂ ਕਹਿ ਦੇਂਦਾ?"

"ਬੇਸ਼ਕ।"9

ਮਯੋਰਸੋਲ ਤੇ ਮੇਰੀ ਵਿਚਲਾ ਇਹ ਸੰਵਾਦ, ਮਯੋਰਸੋਲ ਦੀ ਸੋਚ ਤੇ ਵਿਵਹਾਰ ਨੂੰ ਹੋਰ ਉੱਘੜਵੇਂ ਰੂਪ 'ਚ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਉਸ ਦੇ ਪ੍ਰੇਮ-ਸੰਬੰਧਾਂ ਦਾ ਦਾਇਰਾ ਬਹੁਤ ਸੀਮਤ ਸੀ। ਉਹ ਮੇਰੀ ਨਾਲ ਆਪਣੀਆਂ ਸਰੀਰਕ ਜ਼ਰੂਰਤਾਂ ਤਾਂ ਪੂਰੀਆਂ ਕਰ ਰਿਹਾ ਸੀ ਪਰ ਉਸ ਨਾਲ ਕਿਸੇ ਵੀ ਕਿਸਮ ਦੀ ਭਾਵਨਾਤਮਕ ਸਾਂਝ ਨਹੀਂ ਮਹਿਸੂਸ ਕਰਦਾ। ਉਸ ਨੂੰ ਮੇਰੀ ਦੀ ਖੁਸ਼ੀ ਦੀ ਪਰਵਾਹ ਸੀ ਪਰ ਉਸ ਲਈ ਸਮਾਜਿਕ ਰਸਮਾਂ ਦੀ ਕੋਈ ਮਹੱਤਤਾ ਨਹੀਂ ਸੀ। ਮਯੋਰਸੋਲ ਕਿਸੇ ਵੀ ਕਿਸਮ ਦੀ ਭਾਵਨਾਤਮਕ ਸਾਂਝ ਨਾਲੋਂ ਵੱਧ ਭੌਤਿਕ ਆਰਾਮ ਤੇ ਛਣਿਕ ਸੁੱਖ ਭੋਗਣ ਵਿੱਚ ਵਧੇਰੇ ਰੁਚਿਤ ਸੀ।

ਨਾਵਲ ਵਿਚਲੇ ਪਾਤਰ ਰੇਮੰਡ ਨਾਲ ਦੋਸਤੀ ਵੀ ਮਯੋਰਸੋਲ ਦੇ ਵਿਲੱਖਣ ਵਿਅਕਤਿਤ੍ਵ ਨੂੰ ਪਾਠਕਾਂ ਸਾਹਵੇਂ ਸਪੱਸ਼ਟ ਕਰਦੀ ਹੈ। ਮਯੋਰਸੋਲ ਅਤੇ ਰੇਮੰਡ ਸ਼ਿੰਤੇ (ਮਯੋਰਸੋਲ ਦਾ ਗੁਆਂਢੀ) ਵਿਚਕਾਰ ਬਹੁਤ ਘੱਟ ਸਮੇਂ ਵਿੱਚ ਗਹਿਰੀ ਦੋਸਤੀ ਹੋ ਜਾਂਦੀ ਹੈ। ਨਾਵਲੀ-ਕਥਾ ਵਿੱਚ ਰੇਮੰਡ ਦਾ ਕਿਰਦਾਰ ਆਪਣੇ ਨਾਕਾਰਾਤਮਕ ਪੱਖ ਨਾਲ ਵਧੇਰੇ ਪੇਸ਼ ਹੋਇਆ ਹੈ। ਰੇਮੰਡਬਾਰੇ ਲੋਕਾਂ ਦੀ ਆਮ ਧਾਰਨਾ ਇਹੋ ਸੀ ਕਿ ਉਹ ਔਰਤਾਂ ਦਾ ਦਲਾਲ ਹੈ ਅਤੇ ਉਸ ਦੇ ਕਈ ਕੁੜੀਆਂ ਨਾਲ ਸੰਬੰਧ ਹਨ। ਮਯੋਰਸੋਲ ਨੂੰ ਵੀ ਇਨ੍ਹਾਂ ਗੱਲਾਂ ਦੀ ਜਾਣਕਾਰੀ ਸੀ ਪਰ ਫੇਰ ਵੀ ਉਹ ਰੇਮੰਡ ਦਾ ਦੋਸਤ ਬਣਨਾ ਸਵੀਕਾਰਦਾ ਹੈ। ਰੇਮੰਡ ਵੀ ਮਯੋਰਸੋਲ ਨਾਲ ਦੋਸਤੀ ਆਪਣੇ ਸਵਾਰਥ ਦੀ ਪੂਰਤੀ ਲਈ ਕਰਦਾ ਹੈ। ਤਾਂ ਜੋ ਉਹ ਆਪਣੀ ਪ੍ਰੇਮਿਕਾ ਤੋਂ ਬਦਲਾ (ਪ੍ਰੇਮ-ਸਬੰਧਾਂ ਵਿੱਚ ਮਿਲੇ ਧੋਖੇ ਕਾਰਨ) ਲੈ ਸਕੇ। ਮਯੋਰਸੋਲ ਬਿਨਾ ਕਿਸੇ ਗੁਨਾਹ ਭਾਵ ਦੇ ਰੇਮੰਡ ਦਾ ਸਾਥ ਦਿੰਦਾ ਹੈ ਸਗੋਂ ਜਦ ਰੇਮੰਡ ਤੇ ਉਸਦੀ ਪ੍ਰੇਮਿਕਾ ਵਿਚਕਾਰ ਤਲਖ਼ੀ ਝਗੜੇ-ਕਲੇਸ਼ ਦਾ ਰੂਪ ਧਾਰ ਲੈਂਦੀ ਹੈ। ਉਦੋਂ ਵੀ ਮਯੋਰਸੋਲ ਆਪਣੇ ਇਸ ਨਵੇਂ ਦੋਸਤ ਲਈ ਪੁਲਿਸ ਸਾਹਮਣੇ ਉਸ ਦੇ ਹੱਕ ਵਿਚ ਗਵਾਹੀ ਭਰਦਾ ਹੈ ਪਰ

ਇੱਥੇ ਇੱਕ ਮਹੱਤਵਪੂਰਨ ਗੱਲ ਹੋਰ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਰੇਮੰਡ ਦਾ ਦੋਸਤ ਕਹਾਉਣਾ ਜਾਂ ਉਸ ਦੀ ਸਹਾਇਤਾ ਕਰਨਾ ਮਯੋਰਸੋਲ ਲਈ ਕੋਈ ਵੱਡੀ ਗੱਲ ਨਹੀਂ ਸੀ ਤੇ ਨਾ ਹੀ ਇਨ੍ਹਾਂ ਗੱਲਾਂ ਤੋਂ ਉਸ ਨੂੰ ਕੋਈ ਫ਼ਰਕ ਪੈਂਦਾ ਸੀ। ਨਾਵਲੀ-ਬਿਰਤਾਂਤ ਵਿੱਚ ਫੇਰ ਅੱਗੇ ਅਜਿਹੀ ਸਥਿਤੀ ਵੀ ਉਤਪੰਨ ਹੁੰਦੀ ਹੈ ਜਦੋਂ ਮਯੋਰਸੋਲ ਦੇ ਹੱਥੋਂ ਇੱਕ ਅਰਬ ਵਿਅਕਤੀ (ਰੇਮੰਡ ਦੀ ਪ੍ਰੇਮਿਕਾ ਦਾ ਭਰਾ) ਦਾ ਕਤਲ ਹੋ ਜਾਂਦਾ ਹੈ। ਜਿਸ ਨਾਲ ਉਸ ਦੀ ਕੋਈ ਨਿੱਜੀ ਰੰਜਿਸ਼ ਨਹੀਂ ਸੀ ਸਗੋਂ ਅਰਬ ਵਿਅਕਤੀ ਦਾ ਝਗੜਾ ਤਾਂ ਰੇਮੰਡ ਨਾਲ ਸੀ। ਸਮੁੰਦਰ ਤੱਟ ਉੱਤੇ ਆਪਣੇ ਦੋਸਤਾਂ ਨਾਲ ਛੁੱਟੀ ਬਿਤਾਉਣ ਗਏ ਰੇਮੰਡ ਦਾ ਸਾਹਮਣਾ ਅਰਬ ਵਿਅਕਤੀ ਨਾਲ ਹੁੰਦਾ ਹੈ ਪਰ ਉੱਥੇ ਗੱਲ ਬਣਦੀ ਤੇ ਵਿਗੜਦੀ ਰਹਿੰਦੀ ਹੈ। ਫੇਰ ਇੱਕ ਵਾਰੀ ਮਯੋਰਸੋਲ ਦਾ ਸਾਹਮਣਾ ਅਰਬ ਵਿਅਕਤੀ ਨਾਲ ਹੁੰਦਾ ਹੈ। ਗਰਮੀ, ਤਪਸ਼ ਤੇ ਅਰਬ ਵਿਅਕਤੀ ਦੀਆਂ ਹਰਕਤਾਂ ਕਰਕੇ ਦੋਹਾਂ ਵਿਚਕਾਰ ਤਲਖ਼ੀ ਵੱਧ ਜਾਂਦੀ ਹੈ ਤੇ ਮਯੋਰਸੋਲ ਦੇ ਹੱਥੋਂ ਅਰਬ ਵਿਅਕਤੀ ਦਾ ਕਤਲ ਹੋ ਜਾਂਦਾ ਹੈ। ਨਾਵਲ ਵਿਚਲੇ ਇਸ ਪੜਾਅ ਤੋਂ ਮਯੋਰਸੋਲ ਦੀ ਜ਼ਿੰਦਗੀ ਵਿੱਚ ਗਿਰਾਵਟ ਆਉਣੀ ਸ਼ੁਰੂ ਹੋ ਜਾਂਦੀ ਹੈ। ਉਹ ਸਮਾਜ ਵੱਲੋਂ ਲਗਾਏ ਇਲਜ਼ਾਮਾਂ ਦਾ ਸ਼ਿਕਾਰ ਹੁੰਦਾ ਹੈ।

ਨਾਵਲੀ-ਬਿਰਤਾਂਤ ਦੇ ਇਸ ਪਹਿਲੇ ਭਾਗ ਵਿੱਚ ਆਲਬੇਅਰ ਕਾਮੂ ਨੇ ਪਾਤਰ ਮਯੋਰਸੋਲ ਦੇ ਜੀਵਨ ਨਾਲ ਸੰਬੰਧਿਤ ਘੱਟਨਾਵਾਂ ਤੇ ਸੰਬੰਧਾਂ ਅਧੀਨ ਅਜਿਹੀਆਂ ਬੇਤੁਕੀਆਂ ਸਥਿਤੀਆਂ ਅਤੇ ਕਾਰਜਾਂ ਨੂੰ ਦਰਸਾਇਆ ਹੈ ਜਿਨ੍ਹਾਂ ਦਾ ਸੰਬੰਧ ਸਮਾਜ, ਪ੍ਰਕ੍ਰਿਤੀ ਤੇ ਵਿਅਕਤੀ ਦੇ ਜੀਵਨ ਵਿਚਲੀ ਐਬਸਰਡਿਟੀ ਨਾਲ ਹੈ।ਇਹ ਸਥਿਤੀਆਂ ਤੇ ਕਾਰਜ ਪਾਠਕਾਂ ਨੂੰ ਬਹੁਤ ਵਾਰੀ ਅਜੀਬ ਵੀ ਜਾਪਦੇ ਹਨ। ਪਹਿਲੇ ਭਾਗ ਦੇ ਅੰਤ ਤੀਕ ਪਹੁੰਚਦਿਆਂ ਇਹ ਸਥਿਤੀਆਂ ਵਿਕਰਾਲ ਰੂਪ ਧਾਰ ਲੈਂਦੀਆਂ ਹਨ। ਨਾਵਲੀ-ਬਿਰਤਾਂਤ ਦੇ ਅਗਲੇ ਭਾਗ ਵਿੱਚ ਇਨ੍ਹਾਂ ਗੰਭੀਰ ਅਤੇ ਬੇਤੁਕੀਆਂ ਸਥਿਤੀਆਂ ਦਾ ਸਾਹਮਣਾ ਸਮਾਜਿਕ-ਸਿਸਟਮ (ਕਾਨੂੰਨ, ਧਰਮ ਤੇ ਨੈਤਿਕਤਾ ਦੇ ਸੰਦਰਭ ਵਿੱਚ) ਨਾਲ ਹੁੰਦਾ ਹੈ। ਚੂੰਕਿ ਸਮਾਜਿਕ ਸਿਸਟਮ ਆਪਣੇ ਆਪ ਵਿੱਚ ਇੱਕ ਵੱਡਾ ਸੰਕਲਪ ਹੈ। ਇਸ ਲਈ ਐਬਸਰਡਿਟੀ ਨੂੰ ਪਰਿਭਾਸ਼ਿਤ ਕਰਦੀਆਂ ਇਨ੍ਹਾਂ ਸਥਿਤੀਆਂ ਦਾ ਜਾਇਜ਼ੀਕਰਨ ਕਰਨ ਲਈ ਅਗ੍ਰਸਰ ਹੈ।

ਨਾਵਲੀ-ਕਥਾ ਦੇ ਦੂਜੇ ਭਾਗ ਦਾ ਆਰੰਭ ਮਯੋਰਸੋਲ ਦੇ ਹੱਥੋਂ ਅਰਬ ਵਿਅਕਤੀ ਦੇ ਕਤਲ ਉਪਰੰਤ ਮਯੋਰਸੋਲ ਦੀ ਗ੍ਰਿਫ਼ਤਾਰੀ ਨਾਲ ਹੁੰਦਾ ਹੈ। ਜੇਲ੍ਹ ਵਿੱਚ ਮਯੋਰਸੋਲ ਨਾਲ ਵਕੀਲ ਤੇ ਮੈਜਿਸਟ੍ਰੇਟ ਦੇ ਸਵਾਲਾਂ-ਜਵਾਬਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਮਯੋਰਸੋਲ ਇਸ ਸਮੇਂ ਦੌਰਾਨ ਵੀ ਆਨੰਦ ਦੇ ਪਲ-ਛਿਣਾਂ ਦੀ ਭਾਲ ਵਿੱਚ ਰੁਝਿਆ ਰਹਿੰਦਾ ਹੈ। ਉਸ ਉੱਤੇ ਹਿਰਦੇ-ਹੀਣਤਾ ਤੇ ਬੇਹਯਾਈ ਵਰਗੇ ਇਲਜ਼ਾਮ ਲੱਗਦੇ ਹਨ। ਉਸ ਕੋਲੋਂ ਕੇਸ ਸੰਬੰਧੀ ਪੁੱਛ-ਪੜਤਾਲ ਸਮੇਂ ਮਾਂ ਪ੍ਰਤੀ ਪਿਆਰ ਅਤੇ ਉਸ ਦੀ ਮੌਤ ਸਮੇਂ ਦੁੱਖ ਨਾ ਪ੍ਰਗਟ ਕਰਨ ਸੰਬੰਧੀ ਸਵਾਲ ਪੁੱਛੇ ਜਾਂਦੇ ਹਨ। ਜਿਨ੍ਹਾਂ ਦਾ ਜਵਾਬ ਉਹ ਬੜੇ ਹੀ ਸਹਿਜ ਢੰਗ ਨਾਲ ਇਉਂ ਦਿੰਦਾ ਹੈ:

ਜਵਾਬ ਵਿਚ ਮੈਂ ਕਿਹਾ ਕਿ ਇੱਧਰ ਕੁਝ ਸਾਲਾਂ ਤੋਂ ਆਪਣੇ ਮਨ ਦੀਆਂ ਭਾਵਨਾਵਾਂ ਵੱਲ ਧਿਆਨ ਦੇਣ ਦੀ ਆਦਤ ਈ ਛੁੱਟ ਗਈ ਏ, ਇਸ ਲਈ ਇਸ ਦਾ ਜਵਾਬ ਦੇ ਸੱਕਣਾ ਬੜਾ ਮੁਸ਼ਕਿਲ ਹੈ। ਹਾਂ, ਇਹ ਧਰਮ ਤੇ ਈਮਾਨ ਨਾਲ ਕਹਿ ਸਕਦਾ ਹਾਂ ਕਿ ਮੈਂ ਮਾਂ ਨੂੰ ਚਾਹੁੰਦਾ ਬਹੁਤ ਸੀ ਪਰ ਇਸ ਨਾਲ ਕੀ ? ਏਨਾ ਕਹਿ ਦੇਣ ਪਿੱਛੋਂ ਖ਼ਿਆਲ ਆਇਆ ਤਾਂ ਬੋਲਿਆ, 'ਸੱਚੀ ਗੱਲ ਤਾਂ ਇਹ ਐ ਕਿ ਆਮ ਲੋਕ ਜਿਨ੍ਹਾਂ ਨੂੰ ਪਿਆਰ ਕਰਦੇ ਨੇ ਅੱਜ ਜਾਂ ਕੱਲ੍ਹ ਉਨ੍ਹਾਂ ਦੇ ਮਰਨ ਦੀ

ਵੀ, ਥੋੜ੍ਹੀ ਬਹੁਤ ਕਾਮਨਾ ਜ਼ਰੂਰ ਕਰਦੇ ਨੇ। 10

ਮਯੋਰਸੋਲ ਇਹ ਗੱਲ ਵੀ ਸਵੀਕਾਰਦਾ ਹੈ ਕਿ ਉਸ ਦੀਆਂ ਭਾਵਨਾਵਾਂ ਉੱਤੇ ਬਹੁਤੀ ਵਾਰੀ ਸਰੀਰਕ-ਸਥਿਤੀਆਂ ਹਾਵੀ ਹੋ ਜਾਂਦੀਆਂ ਹਨ। ਮਾਂ ਦੇ ਸੰਸਕਾਰ ਅਤੇ ਅਰਬ ਵਿਅਕਤੀ ਦੇ ਕਤਲ ਦੋਹਾਂ ਸਮੇਂ ਹੀ ਉਹ ਸਰੀਰਕ-ਸਥਿਤੀਆਂ ਤੋਂ ਪ੍ਰਭਾਵਿਤ ਸੀ। ਮੈਜਿਸਟ੍ਰੇਟ ਤੇ ਮਯੋਰਸੋਲ ਵਿਚਕਾਰ ਹੋਏ ਸੰਵਾਦ ਰਾਹੀਂ ਨਾਵਲਕਾਰ ਕਾਮੂ 'ਰੱਬ ਦੀ ਹੋਂਦ' ਸੰਬੰਧੀ ਗੱਲ ਵੀ ਛੇੜਦਾ ਹੈ। ਮੈਜਿਸਟ੍ਰੇਟ ਰੱਬ ਦੀ ਸੰਸਾਰ ਵਿਚ ਸਰਬ-ਵਿਆਪਕ ਹੋਂਦ ਨੂੰ ਸਵੀਕਾਰਦਾ ਹੈ ਅਤੇ ਉਸ ਦੀ ਸ਼ਰਨ ਵਿੱਚ ਆਪਣੇ ਗੁਨਾਹਾਂ ਦੇ ਪਛਤਾਵੇ ਦੀ ਗੱਲ ਕਰਦਾ ਹੈ ਪਰ ਮਯੋਰਸੋਲ ਰੱਬ ਦੀ ਹੋਂਦ ਤੋਂ ਇਨਕਾਰੀ ਹੋ ਕਾਮੂ ਦੀ ਅਸਤਿਤ੍ਵਵੀ ਫ਼ਿਲਾਸਫ਼ੀ ਦੀ ਪ੍ਰਤੀਨਿੱਧਤਾ ਕਰਦਾ ਹੈ। ਜਿਸ ਵਿੱਚ ਇਹ ਵਿਚਾਰ ਸਪੱਸ਼ਟ ਕੀਤਾ ਗਿਆ ਹੈ ਕਿ ਵਿਅਕਤੀ ਕਿਸੇ ਬਾਹਰੀ ਸ਼ਕਤੀ ਰਾਹੀਂ ਨਹੀਂ ਸਗੋਂ ਜੀਵਨ ਵਿੱਚ ਕੀਤੇ ਫੈਸਲਿਆਂ ਅਤੇ ਚੋਣਾਂ ਰਾਹੀਂ ਹੀ ਆਪਣੀ ਜ਼ਿੰਦਗੀ ਦੇ ਅਸਲ ਅਰਥਾਂ ਦੀ ਭਾਲ ਕਰਦਾ ਹੈ। ਮਯੋਰਸੋਲ ਪੁਨਰ-ਜਨਮ ਵਰਗੇ ਸੰਕਲਪਾਂ ਨੂੰ ਵੀ ਮੂਲੋਂ ਖਾਰਿਜ ਕਰਦਾ ਹੈ। ਮੈਜਿਸਟ੍ਰੇਟ ਅਨੁਸਾਰ ਜਿਹੜੇ ਵਿਅਕਤੀ 'ਰੱਬ ਦੀ ਹੋਂਦ' ਉੱਤੇ ਸ਼ੱਕ ਕਰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਦੇ ਕੋਈ ਅਰਥ ਨਹੀਂ ਰਹਿੰਦੇ। ਅਜਿਹੀ ਸੋਚ ਜਾਂ ਵਿਵਹਾਰ ਵਾਲੇ ਵਿਅਕਤੀ ਸਮਾਜ ਲਈ ਚੁਣੌਤੀ ਵਾਂਗ ਹੁੰਦੇ ਹਨ।

ਮਯੋਰਸੋਲ ਸਿਮਰਨ-ਸ਼ਕਤੀ ਰਾਹੀਂ ਕਦੇ ਮੇਰੀ ਨਾਲ ਸੰਬੰਧਾਂ, ਸਮੁੰਦਰ ਤੱਟ ਉੱਤੇ ਜਾ ਕੇ ਤੈਰਨਾ, ਸਿਗਰੇਟ ਫੂਕਣਾ ਜਾਂ ਘਰ 'ਚ ਸਲੀਕੇ ਵਾਰ ਰੱਖੀਆਂ ਚੀਜ਼ਾਂ ਨੂੰ ਚੇਤੇ ਕਰ ਜੇਲ੍ਹ ਵਿੱਚ ਵਕਤ ਲੰਘਾਉਣ ਦਾ ਯਤਨ ਕਰਦਾ ਹੈ। ਮਯੋਰਸੋਲ ਅੰਦਰ ਇੱਥੇ ਵੀ ਕਿਸੇ ਕਿਸਮ ਦੇ ਪਛਤਾਵੇ ਜਾਂ ਭਾਵੁਕਤਾ ਦੇ ਅੰਸ਼ ਨਹੀਂ ਮਿਲਦੇ ਸਗੋਂ ਉਹ ਤਾਂ ਆਪਣੀ ਜ਼ਿੰਦਗੀ ਵਿਚਲੀ ਆਜ਼ਾਦੀ ਨੂੰ ਯਾਦ ਕਰਦਾ ਹੈ।ਮੁਕੱਦਮੇ ਦੀ ਸੁਣਵਾਈ ਸਮੇਂ ਵੀ ਮਯੋਰਸੋਲਅੰਦਰ ਘਬਰਾਹਟ ਨਾਲੋਂ ਵੱਧ ਉੱਤਸੁਕਤਾ ਦੇ ਅੰਸ਼ ਨਜ਼ਰ ਆਉਂਦੇ ਹਨ।ਕੋਰਟ ਵਿੱਚ ਮਯੋਰਸੋਲਤੋਂ ਮਾਂ ਦੇ ਸੰਸਕਾਰ, ਮਾਂ ਨਾਲ ਉਸ ਦੀ ਸਾਂਝ, ਮਾਂ ਨੂੰ ਆਸ਼ਰਮ ਭੇਜਣ ਪਿੱਛੇ ਦਾ ਕਾਰਨ, ਅਰਬ ਵਿਅਕਤੀ ਦੇ ਕਤਲ ਕਰਨ ਪਿੱਛੇ ਦੀ ਮਨਸ਼ਾ ਆਦਿ ਸੰਬੰਧੀ ਕਈ ਸਵਾਲ ਪੁੱਛੇ ਜਾਂਦੇ ਹਨ। ਮਾਂ ਨੂੰ ਆਸ਼ਰਮ ਭੇਜਣ ਪਿੱਛੇ ਕਾਰਨ ਮਯੋਰਸੋਲ ਆਰਥਿਕ ਤੰਗੀ ਅਤੇ ਭਾਵਨਾਤਮਕ ਜੁੜਾਅ ਮਹਿਸੂਸ ਨਾ ਹੋਣਾ ਦੱਸਦਾ ਹੈ ਤੇ ਅਰਬ ਵਿਅਕਤੀ ਦਾ ਕਤਲ ਮਹਿਜ਼ ਸੰਜੋਗ ਕਹਿੰਦਾ ਹੈ। ਗਵਾਹ ਦੇ ਤੌਰ ਉੱਤੇ ਆਏ ਰੇਮੰਡ, ਮੇਰੀ, ਆਸ਼ਰਮ ਦੇ ਵਾਡਰਨ ਆਦਿ ਦੀਆਂ ਗਵਾਹੀਆਂ ਮੁਕੱਦਮੇ ਦੇ ਵਿਰੁੱਧ ਚੱਲੀਆਂ ਜਾਂਦੀਆਂ ਹਨ। ਮਯੋਰਸੋਲ ਨੂੰ ਪਹਿਲੀ ਵਾਰੀ ਆਪਣੇ ਅਪਰਾਧੀ ਹੋਣ ਦਾ ਅਹਿਸਾਸ ਹੁੰਦਾ ਹੈ। ਮਯੋਰਸੋਲ 'ਤੇ ਸਰਕਾਰੀ ਵਕੀਲ 'ਸਥਾਈ ਅਪਰਾਧੀ ਮਨੋਵਿਰਤੀ' ਦਾ ਇਲਜ਼ਾਮ ਲਗਾਉਂਦਾ ਹੈ ਤੇ ਮਯੋਰਸੋਲ ਦੀ ਜ਼ਿੰਦਗੀ ਤੇ ਵਿਵਹਾਰ ਨੂੰ ਮਨੋਵਿਗਿਆਨਿਕ ਨਜ਼ਰੀਏ ਤੋਂ ਸਮਝਣ ਤੇ ਸਮਝਾਉਣ ਦਾ ਯਤਨ ਕਰਦਾ ਹੈ। ਸਰਕਾਰੀ ਵਕੀਲ, ਮਯੋਰਸੋਲ ਨੂੰ ਨੈਤਿਕ ਪਤਨ ਅਤੇ ਵੱਡੇ ਜੁਰਮ ਦੇ ਆਦਰਸ਼ ਰੂਪ ਵਿੱਚ ਪੇਸ਼ ਕਰਦਾ ਹੈ। ਅਦਾਲਤ ਵਿੱਚ ਅਗਲੇ ਦਿਨ ਚੱਲਣ ਵਾਲੇ ਪਿੱਤਰ-ਹੱਤਿਆ ਦਾ ਅਪਰਾਧ ਵੀ ਸਰਕਾਰੀ ਵਕੀਲ ਨੂੰ ਇਸ ਅਪਰਾਧ ਤੋਂ ਮੱਠਾ ਲੱਗਦਾ ਹੈ ਕਿਉਂਕਿ ਵਕੀਲ ਅਨੁਸਾਰ ਮਯੋਰਸੋਲ ਵਾਲੇ ਅਪਰਾਧ ਨੇ ਹੀ ਦੂਜੇ ਜੁਰਮ (ਪਿੱਤਰ ਹੱਤਿਆ) ਦਾ ਆਦਰਸ਼ ਸਾਹਮਣੇ ਰੱਖਿਆ ਸੀ। ਮਯੋਰਸੋਲ ਇੱਕੋ ਸਮੇਂ ਆਪਣੇ ਆਪ ਨੂੰ ਅਦਾਲਤ ਵਿੱਚ ਮੌਜੂਦ ਹੁੰਦਿਆਂ ਹੋਇਆਂ ਵੀ ਆਪਣੀ ਪਿਛਲੀ ਜ਼ਿੰਦਗੀ ਵਿੱਚ ਗੁਆਚਿਆ ਮਹਿਸੂਸ ਕਰਦਾ ਹੈ। ਉਸ ਨੂੰ ਆਲੇ-ਦੁਆਲੇ ਹੋਣ ਵਾਲੀਆਂ

ਘਟਨਾਵਾਂ ਨਿਰਾਰਥਕ ਅਤੇ ਬੇਕਾਰ ਜਾਪਦੀਆਂ ਹਨ। ਉਸ ਨੂੰ ਅਜਿਹੇ ਮਾਹੌਲ ਵਿੱਚ ਘੁਟਣ ਹੁੰਦੀ ਹੈ।

ਮਯੋਰਸੋਲ 'ਤੇ ਇਲਜ਼ਾਮ ਸਿੱਧ ਹੋ ਜਾਂਦਾ ਹੈ। ਉਸ ਨੂੰ ਫਰਾਂਸੀਸੀ ਜਨਤਾ ਦੇ ਨਾਂ ਉੱਤੇ ਕਿਸੇ ਚੌਰਾਹੇ ਵਿੱਚ ਖੜ੍ਹਾ ਕਰ ਗਰਦਨ ਉਡਾਏ ਜਾਣ ਦੀ ਸਜ਼ਾ ਦਿੱਤੀ ਜਾਂਦੀ ਹੈ। ਮਯੋਰਸੋਲ ਕਾਲਪਨਿਕ ਪੱਧਰ 'ਤੇ ਆਪਣੀ 'ਹੋਣੀ' ਤੋਂ ਬਚਾਅ ਦੇ ਰਾਹ ਬਾਰੇ ਸੋਚਦਾ ਹੈ। ਉਸ ਨੂੰ ਖਿੱਝ ਆਉਂਦੀ ਹੈ ਕਿ ਹੁਣ ਤੱਕ ਉਸ ਨੇ ਸ਼ਰੇਆਮ ਫਾਂਸੀ ਲੱਗਣ ਵਰਗੀਆਂ ਘੱਟਨਾਵਾਂ ਵੱਲ ਧਿਆਨ ਕਿਉਂ ਨਹੀਂ ਦਿੱਤਾ ਸੀ। ਉਹ ਤੈਅ ਕਰਦਾ ਹੈ ਕਿ ਜੇ ਕਦੇ ਉਹ ਜੇਲ ਤੋਂ ਛੁੱਟ ਜਾਏਗਾ ਤਾਂ ਜਿੱਥੇ-ਜਿੱਥੇ ਵੀ ਫਾਂਸੀ ਲੱਗੇਗੀ, ਉਹ ਜ਼ਰੂਰ ਵੇਖਣ ਜਾਵੇਗਾ। ਉਹ ਨਵੇਂ-ਨਵੇਂ ਕਾਨੂੰਨ ਬਣਾ ਕੇ ਸਾਰੀਆਂ ਸਜ਼ਾਵਾਂ ਬਦਲਣ ਦੀ ਗੱਲ ਸੋਚਦਾ ਹੈ। ਮਯੋਰਸੋਲ ਆਪਣੇ ਇਨ੍ਹਾਂ ਐਬਸਰਡ ਵਿਚਾਰਾਂ ਦੇ ਪ੍ਰਵਾਹ ਨੂੰ ਠੱਲ੍ਹ ਪਾਉਣ ਲਈ ਤਰਕ-ਵਿਤਰਕ ਨਾਲ ਮਨੁੱਖੀ ਜੀਵਨ ਤੇ ਮੌਤ ਵਰਗੇ ਸੰਕਲਪਾਂ ਬਾਰੇ ਸੋਚਦਾ ਹੈ।ਉਹ 'ਮੌਤ ਦੀ ਅਟੱਲਤਾ' ਉੱਤੇ ਧਿਆਨ ਕੇਂਦਰਿਤ ਕਰਦਾ ਹੈ:

ਹੁਣ ਬਾਕੀ ਸਾਰਾ ਦਿਨ ਦਿਮਾਗ ਵਿੱਚ ਅਪੀਲ ਦੀ ਗੱਲ ਘੁੰਮਦੀ ਰਹਿੰਦੀ। ਜੋ ਕੁਝ ਹੱਥ ਵਿੱਚ ਸੀ, ਉਸ ਨੂੰ ਦੇਖਦਿਆਂ ਹੋਇਆਂ, ਉਸੇ ਵਿੱਚੋਂ, ਵੱਧ ਤੋਂ ਵੱਧ ਉਮੀਦ ਤੇ ਦਿਲਾਸਾ ਨਿਚੋੜ ਲੈਣ ਦੀ ਨੀਅਤ ਨਾਲ ਮੈਂ ਇੱਕ ਤਰਕੀਬ ਹੋਰ ਸੋਚ ਲਈ – ਮੈਂ ਪਹਿਲਾਂ ਮਾੜੇ ਤੋਂ ਮਾੜੇ ਸਿੱਟੇ ਬਾਰੇ ਸੋਚ ਲੈਂਦਾ ਫੇਰ ਅੱਗੇ ਵੱਧਣ ਲੱਗਦਾ, ਜਿਵੇਂ – ਮੰਨ ਲਓ, ਮੇਰੀ ਅਪੀਲ ਖ਼ਾਰਜ ਹੋ ਗਈ ਏ, ਯਾਨੀ ਹੁਣ ਤਾਂ ਮਰਨ ਦੇ ਸਿਵਾਏ ਹੋਰ ਕੋਈ ਚਾਰਾ ਈ ਨਹੀਂ। ਭਾਵ ਹੋਰਨਾਂ ਤੋਂ ਪਹਿਲਾਂ ਬੋਰੀਆ-ਬਿਸਤਰ ਸਮੇਟਣਾ ਪਵੇਗਾ। ਇਹ ਹੀ ਮੈਂ ਮਨ ਹੀ ਮਨ ਆਪਣੇ ਆਪ ਨੂੰ ਚਿਤਾਵਨੀ ਦਿੰਦਾ, 'ਪਰ ਇਹ ਤਾਂ ਬੱਚਾ-ਬੱਚਾ ਜਾਣਦਾ ਏਕੀ ਜ਼ਿੰਦਗੀ ਜਿਉਣ ਦੇ ਕਾਬਲ ਨਹੀਂ।' ਤੇ ਉਦੋਂ ਮੈਂ ਜ਼ਰਾ ਉਤਾਂਹ ਉੱਠ ਕੇ ਦੇਖਦਾ ਤਾਂ ਲੱਗਦਾ ਕਿ ਆਦਮੀ ਤੀਹ ਦਾ ਮਰੇ ਜਾਂ ਸਤਰਾਂ ਦਾ ਹੋ ਕੇ ਮਰੇ, ਇਸ ਨਾਲ ਕੀ ਫ਼ਰਕ ਪੈਂਦਾ ਏ? ਹੋਰ ਔਰਤਾਂ-ਮਰਦ ਰਹਿਣਗੇ ਈ- ਦੁਨੀਆਂ ਜਿਵੇਂ ਚੱਲਦੀ ਏ, ਚਲਦੀ ਰਹੇਗੀ। ਦੂਜਾ, ਮਰਾਂ ਅੱਜ ਜਾਂ ਅੱਜ ਤੋਂ ਚਾਰ ਸਾਲ ਬਾਅਦ-ਮਰਨਾ ਤਾਂ ਇੱਕ ਦਿਨ ਹੈ ਈ ਪਰ ਪਤਾ ਨਹੀਂ ਕਿਉਂ ਇਸ ਤਰ੍ਹਾਂ ਦੇ ਚਿੰਤਨ ਨਾਲ ਜਿੰਨੀ ਸ਼ਾਂਤੀ ਮਿਲਣੀ ਚਾਹੀਦੀ ਸੀ, ਉਨ੍ਹੀਂ ਮਿਲਦੀ ਨਹੀਂ ਸੀ__ਸੋਚਦਾ, ਮੰਨ ਲਓ ਇੱਕ ਦਿਨ ਮੇਰੀ ਉਮਰ ਪੂਰੀ ਹੋ ਗਈ ਤੇ ਮੌਤ ਨੇ ਮੈਨੂੰ ਚਾਰੇ ਪਾਸਿਓਂ ਘੇਰ ਲਿਆ__ਉਦੋਂ ਕੀ ਹੋਵੇਗਾ? ਅੱਛਾ, ਜਦੋਂ ਇਹ ਹੀ ਏ ਕਿ ਮੌਤ ਤੋਂ ਛੁਟਕਾਰਾ ਨਹੀਂ ਤਾਂ ਫੇਰ ਮੌਤ ਦਾ ਰੂਪ ਭਾਵੇਂ ਕੋਈ ਵੀ ਹੋਵੇ-ਸਿੱਟਾਂ ਤਾਂ ਉਹੀ ਹੁੰਦਾ ਏ।11

ਕਾਮੂ ਨੇ 'ਮੌਤ ਦੀ ਅਟੱਲਤਾ' ਸੰਬੰਧੀ ਗੱਲ ਕਰਦਿਆਂ ਆਪਣੇ ਅਸਤਿਤ੍ਵਵੀ ਚਿੰਤਨ ਦਾ ਇੱਕ ਅਹਿਮ ਸਿਧਾਂਤ ਸਪੱਸ਼ਟ ਕੀਤਾ ਹੈ ਕੀ 'ਮੌਤ ਦੀ ਅਟੱਲਤਾ' ਤੇ ਵਿਚਾਰ ਵਿੱਚੋਂ ਹੀ ਲੰਘਦਿਆਂ ਜ਼ਿੰਦਗੀ ਦੇ ਅਸਲ ਅਰਥਾਂ ਤੀਕ ਪਹੁੰਚ ਕੀਤੀ ਜਾ ਸਕਦੀ ਹੈ। ਮਯੋਰਸੋਲ ਆਪਣੇ ਹਰ ਚੰਗੇ -ਮਾੜੇ ਸਮੇਂ ਲਈ ਤਿਆਰ ਰਹਿੰਦਾ ਹੈ। ਅਦਾਲਤ ਵਿਚ ਆਖ਼ਰੀ ਅਪੀਲ ਵੀ ਰੱਦ ਹੋ ਜਾਂਦੀ ਹੈ। ਨਾਵਲੀ-ਬਿਰਤਾਂਤ ਦਾ ਆਖ਼ਰੀ ਪੜ੍ਹਾਅ ਮਯੋਰਸੋਲ ਤੇ ਪਾਦਰੀ ਦੀ ਮੁਲਾਕਾਤ ਨਾਲ ਸੰਬੰਧਿਤ ਹੈ। ਜਿਸ ਵਿੱਚ ਪਾਦਰੀ, ਮਯੋਰਸੋਲ ਨੂੰ ਅਪਰਾਧ ਬੋਧ ਤੋਂ ਮੁਕਤ ਹੋਣ ਲਈ 'ਰੱਬ' ਦੀ ਸ਼ਰਨ ਵਿਚ ਜਾਣ ਲਈ ਸਮਝਾਉਂਦਾ ਹੈ ਪਰ ਉਦੋਂ ਵੀ ਮਯੋਰਸੋਲ ਆਪਣੇ ਜੀਵਨ ਦਾ ਅੰਤਲਾ ਸਮਾਂ 'ਰੱਬ' ਦੇ ਨਾਂ ਉੱਤੇ ਬਰਬਾਦ ਨਹੀਂ ਕਰਨਾ ਚਾਹੁੰਦਾ। ਸਗੋਂ ਅਗਲੇ ਇੱਕ ਅਜਿਹੇ ਜੀਵਨ ਦੀ ਕਾਮਨਾ ਕਰਦਾ

ਹੈ ਜਿਸ ਵਿੱਚ ਧਰਤੀ ਦੇ ਜੀਵਨ ਦੀ ਯਾਦ ਸਲਾਮਤ ਰਹੇ। ਜਦੋਂ ਪਾਦਰੀ ਉਸ ਕੋਲੋਂ ਪੁਨਰ ਜਨਮ ਸੰਬੰਧੀ ਕਈ ਸਵਾਲ ਪੁੱਛਦਾ ਹੈ ਉਦੋਂ ਪਾਦਰੀ ਦੀਆਂ ਗੱਲਾਂ ਮਯੋਰਸੋਲ ਲਈ ਅਸਹਿ ਹੋ ਜਾਂਦੀਆਂ ਹਨ। ਉਹ ਆਪਣਾ ਆਪਾ ਗੁਆ ਬਹਿੰਦਾ ਹੈ ਤੇ ਪਾਦਰੀ ਨੂੰ ਗਾਲ੍ਹਾਂ ਕੱਢਦਾ ਹੈ। ਨਾਵਲੀ-ਬਿਰਤਾਂਤ ਦਾ ਇਹ ਪੜਾਅ ਬਹੁਤ ਮਹੱਤਵਪੂਰਨ ਹੈ ਜਿਸ ਵਿੱਚ ਮਯੋਰਸੋਲ ਨੂੰ ਆਪਣੀ ਹੋਂਦ, ਜ਼ਿੰਦਗੀ ਦਾ ਸੱਚ ਅਤੇ ਮੌਤ ਦੀ ਅਟੱਲਤਾ ਦਾ ਗਿਆਨ ਹੁੰਦਾ ਹੈ ਅਤੇ 'ਬੈਰਾਗ' (ਮੁਕਤੀ) ਦੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਨਾਵਲਕਾਰ ਮਨੁੱਖੀ ਅਸਤਿਤ੍ਵਅਤੇ ਸਮਾਜਿਕ-ਪ੍ਰਬੰਧ (ਕਾਨੂੰਨ, ਨਿਆਂ, ਧਰਮ ਤੇ ਨੈਤਿਕਤਾ) ਵਿਚਕਾਰ ਵਿੱਥ ਥਾਪਦਿਆਂ ਮਨੁੱਖੀ ਅਸਤਿਤ੍ਵ ਨੂੰ ਸਮਾਜਿਕ-ਪ੍ਰਬੰਧ ਨਾਲੋਂ ਉੱਚਾ ਦਰਜਾ ਪ੍ਰਦਾਨ ਕਰਦਾ ਹੈ। ਭਾਵ ਸਮਾਜਿਕ-ਪ੍ਰਬੰਧ ਅਧੀਨ ਮਨੁੱਖੀ ਅਸਤਿਤ੍ਵ ਦੀ ਵਿਲੱਖਣਤਾ ਉੱਭਰ ਕੇ ਸਾਹਮਣੇ ਆਉਂਦੀ ਹੈ ਪਰ ਉਦੋਂ ਸਮਾਜਿਕ-ਪ੍ਰਬੰਧ ਦਾ ਦਰਜਾ ਗੌਣ ਰੂਪ ਦਾ ਹੋ ਜਾਂਦਾ ਹੈ। ਨਾਵਲਕਾਰ ਨੇ ਮਯੋਰਸੋਲ ਦੀ ਇਸ ਸਵੈ-ਚੇਤੰਨ ਅਵਸਥਾ ਨੂੰ ਇਉਂ ਬਿਆਨਿਆ ਹੈ:

ਕਹਿਣ ਨੂੰ ਤਾਂ ਉਹ ਭਲੇ ਈ ਆਪਣੇ-ਆਪ ਨੂੰ ਜਿਉਂਦਾ ਸਮਝਦਾ ਰਹੇ ਪਰ ਅਸਲ ਵਿੱਚ ਮੇਰੇ ਨਾਲੋਂ ਵੀ ਗਿਆ ਬੀਤਿਆ ਏ। ਉਸ ਨੂੰ ਖੁਦ ਆਪਣੇ ਜਿਉਣ ਉੱਤੇ ਵਿਸ਼ਵਾਸ ਨਹੀਂ ਏ। ਉੱਪਰੋਂ ਦੇਖਣ ਨਾਲ ਮੇਰੇ ਵਿਚ ਕੁਝ ਵੀ ਨਾ ਬਚਿਆ ਹੋਵੇ, ਇਹ ਗੱਲ ਹੋਰ ਏ ਪਰ ਮੈਂ ਆਪਣੇ ਬਾਰੇ ਵਿੱਚ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੈਂ ਜਿਉਂਦਾ ਹਾਂ... ਘੱਟੋ-ਘੱਟ ਉਸ ਨਾਲੋਂ ਵਧੇਰੇ ਵਿਸ਼ਵਾਸ ਨਾਲ ਜਾਣਦਾ ਹਾਂ, ਆਪਣੀ ਵਰਤਮਾਨ ਜ਼ਿੰਦਗੀ ਤੇ ਮੌਤ ਦਾ ਪਤਾ ਮੈਨੂੰ ਉਸ ਨਾਲੋਂ ਲੱਖ ਗੁਣਾਂ ਵੱਧ ਚੰਗੀ ਤਰ੍ਹਾਂ ਏ। ਉਹ ਕੀ ਜਾਣੇ? ...ਮੈਂ ਕਦੀ ਗ਼ਲਤੀ ਨਹੀਂ ਕੀਤੀ, ਅੱਜ ਵੀ ਸਹੀ ਹਾਂ ਤੇ ਹਮੇਸ਼ਾ ਸਹੀ ਰਹਾਂਗਾ। ਮੈਂ ਇੱਕ ਖ਼ਾਸ ਢੰਗ ਦੀ ਜ਼ਿੰਦਗੀ ਬਿਤਾਈ ਏ, ਚਾਹੁੰਦਾ ਤਾਂ ਦੂਜੀ ਤਰ੍ਹਾਂ ਵੀ ਬਿਤਾ ਸਕਦਾ ਸੀ। ਮੇਰਾ ਹੱਥ ਕਿਸ ਨੇ ਫੜਿਆ ਸੀ? ਜਿੱਥੇ ਜੋ ਠੀਕ ਸਮਝਿਆ ਉਹੀ ਕੀਤਾ, ਉਸ ਤੋਂ ਇਲਾਵਾ ਕੁਝ ਨਹੀਂ ਕੀਤਾ, ਯਾਨੀ ਹੁਣ ਇਸਦਾ ਮਤਲਬ ਵੀ ਸਾਫ਼ ਕਰਾਂ? ਮਤਲਬ ਇਹ ਹੋਇਆ ਕਿ ਇਸ ਸਾਰੇ ਸਮੇਂ ਵਿੱਚ ਇੱਕ-ਇੱਕ ਦਿਨ ਅੱਜ ਦੇ ਇਸ ਛਿਣ ਦੀ ਉਡੀਕ ਕਰਦਾ ਰਿਹਾ ਹਾਂ। ਉਹ ਕੱਲ੍ਹ ਹੋਵੇ ਜਾਂ ਹੋਰ ਕਿਸੇ ਦਿਨ ਪਰ ਮੈਂ ਹਰ ਤੜਕੇ ਉਸ ਦਿਨ ਦੀ ਉਡੀਕ ਕੀਤੀ ਏ ਜਿਹੜਾ ਮੇਰੀ ਸਾਰੀ ਜ਼ਿੰਦਗੀ ਦੀ ਸਾਰਥਕਤਾ, ਮੇਰੇ ਜੀਵਨ ਦੇ ਰਵੱਈਏ ਦੀ ਸੱਚਾਈ ਸਿੱਧ ਕਰ ਦੇਵੇਗਾ। 12

ਮਯੋਰਸੋਲ ਨੂੰ ਜ਼ਿੰਦਗੀ ਦੇ ਅਸਲ ਅਰਥਾਂ ਦਾ ਗਿਆਨ ਹੁੰਦਾ ਹੈ। ਮਯੋਰਸੋਲ ਸਮਾਜ ਵਿਚਲੇ ਲੋਕਾਂ ਦੀ ਮਾਨਸਿਕਤਾ 'ਤੇ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੈ ਜਿਹੜੇ ਇਹ ਸੋਚਦੇ ਹਨ ਕਿ ਜ਼ਿੰਦਗੀ ਜਿਉਣ ਅਤੇ ਆਪਣੀ ਕਿਸਮਤ ਦਾ ਫੈਸਲਾ ਉਹ ਆਪ ਕਰਦੇ ਹਨ। ਉਸ ਦੀਆਂ ਨਜ਼ਰਾਂ ਵਿੱਚ ਇਹ ਸਾਰੀਆਂ ਗੱਲਾਂ ਨਿਰਾ ਬਕਵਾਸ ਹਨ ਕਿਉਂਕਿ ਦੁਨੀਆਂ ਵਿੱਚ ਵਿਚਰ ਰਹੇ ਹਰ ਸ਼ਖ਼ਸ ਦਾ ਹਸ਼ਰ (ਮੌਤ) ਇੱਕੋ ਸਮਾਨ ਹੀ ਹੋਵੇਗਾ। ਫੇਰ ਇਸ ਨਾਲ ਮਯੋਰਸੋਲ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਸ ਉੱਤੇ ਮੁਕੱਦਮਾ ਹੱਤਿਆ ਦਾ ਚੱਲੇ ਤੇ ਫਾਂਸੀ ਇਸ ਲਈ ਹੋਵੇ ਕਿ ਉਹ ਮਾਂ ਦੇ ਸੰਸਕਾਰ ਵੇਲੇ ਰੋਇਆ ਨਹੀਂ ਸੀ। ਮਯੋਰਸੋਲ ਮੁਕਤੀ ਦੇ ਦੁਆਰ ਉੱਤੇ ਆ ਕੇ ਜ਼ਿੰਦਗੀ ਦੇ ਨਵੇਂ ਅਤੇ ਅਸਲ ਅਰਥਾਂ ਦੀ ਭਾਲ ਕਰਦਾ ਹੈ। ਉਸ ਨੂੰ ਇਸ ਗੱਲ ਦੀ ਵੀ ਸਮਝ ਲੱਗਦੀ ਹੈ ਕਿ ਉਸ ਦੀ ਮਾਂ ਨੇ ਜੀਵਨ ਦੇ ਅੰਤਿਮ ਪੜਾਅ ਉੱਤੇ 'ਨਵਾਂ ਸਾਥੀ' ਕਿਉਂ ਚੁਣਿਆ ਸੀ ਤੇ ਜ਼ਿੰਦਗੀ ਦੀ ਲੋਅ ਬੁੱਝਣ ਤੋਂ ਪਹਿਲਾਂ ਆਪਣੇ ਜੀਵਨ ਵਿੱਚ ਨਵਾਂ ਰਾਗ ਛੇੜਿਆ ਸੀ। ਮਯੋਰਸੋਲ ਜ਼ਿੰਦਗੀ ਨਾਲ ਜੁੜੀਆਂ ਸਾਰੀਆਂ ਇੱਛਾਵਾਂ ਤੇ ਉਮੀਦਾਂ ਨੂੰ ਮਨੋਂ ਲਾਹ ਸੁੱਟਦਾ ਹੈ। ਉਸ ਨੂੰ

ਜ਼ਿੰਦਗੀ ਪ੍ਰਤੀ ਇੱਕ ਨਵਾਂ ਤੇ ਵਿਲੱਖਣ ਨਜ਼ਰੀਆ ਪ੍ਰਾਪਤ ਹੁੰਦਾ ਹੈ ਜਿਸ ਅਧੀਨ ਨਕਲੀ ਅਤੇ ਝੂਠੀ ਜ਼ਿੰਦਗੀ ਦੀ ਕੋਈ ਮਹੱਤਤਾ ਨਹੀਂ ਰਹਿੰਦੀ। ਮਯੋਰਸੋਲ ਦੇ ਵਿਲੱਖਣ ਨਜ਼ਰੀਏ ਅਤੇ ਸਵੈ-ਚੇਤੰਨ ਅਵਸਥਾ ਨੂੰ ਨਾਵਲੀ-ਬਿਰਤਾਂਤ ਵਿੱਚ ਇਉਂ ਬਿਆਨਿਆ ਗਿਆ ਹੈ:

ਪਤਾ ਨਹੀਂ ਕਿੰਨੇ-ਕਿੰਨੇ ਖੋਟੇ ਆਦਰਸ਼ਾਂ ਦੇ ਸਿੱਕੇ ਲੋਕਾਂ ਨੇ ਮੈਨੂੰ ਫੜਾਏ, ਮੈਂ ਖ਼ੁਦ ਵੀ ਤਾਂ ਉਹਨੀ ਦਿਨੀਂ ਉਹੋ-ਜਿਹੀ ਨਕਲੀ ਤੇ ਝੂਠੀ ਜ਼ਿੰਦਗੀ ਬਿਤਾਈ ਏ ਪਰ ਸਾਹਮਣੇ ਵੱਲੋਂ ਆਉਣ ਵਾਲੀ ਹਵਾ ਦੇ ਇਸ ਪ੍ਰਵਾਹ ਨੇ, ਝੂਠੇ ਆਦਰਸ਼ਾਂ ਤੇ ਨਕਲੀ ਜ਼ਿੰਦਗੀ ਦਾ ਸਾਰਾ ਕੂੜਾ-ਕਬਾੜਾ ਬੁਹਾਰ ਦਿੱਤਾ ਏ।13

ਮਯੋਰਸੋਲ ਦੀ ਜ਼ਿੰਦਗੀ 'ਚ ਪਹਿਲੀ ਵਾਰ ਸੰਸਾਰ ਪ੍ਰਤੀ 'ਬੈਰਾਗ' ਜਾਗਦਾ ਹੈ। ਮੌਤ ਦੀ ਅਟੱਲ ਸੱਚਾਈ ਅਧੀਨ ਮਯੋਰਸੋਲ ਜ਼ਿੰਦਗੀ ਪ੍ਰਤੀ ਪ੍ਰਾਪਤ ਨਵੇਂ ਅਰਥਾਂ ਅਤੇ ਵਿਲੱਖਣ ਨਜ਼ਰੀਏ ਨਾਲ ਅਗਾਂਹ ਤੁਰ ਪੈਂਦਾ ਹੈ ਅਤੇ ਕਾਮੂ ਦੀ ਅਸਤਿਤ੍ਵੀ ਫ਼ਿਲਾਸਫ਼ੀ ਨੂੰ ਸਪੱਸ਼ਟ ਰੂਪ ਪ੍ਰਦਾਨ ਕਰਦਾ ਹੈ।

**ਹਵਾਲੇ ਅਤੇ ਟਿੱਪਣੀਆਂ :**

1. Shefali Moitra, 'The Life and Works of Jaen-Paul-Sarte', Sudeshna Chakravarti and Chinmoy Guha (Ed.) Remembering Satre 1905-1980, Dass Gupta and Company Pvt. Ltd. Kolkata, India, 2007, P.6.
2. ਜਸਟਿਨ ਗਾਰਡਰ : ਸੋਫ਼ੀ ਕਾ ਸੰਸਾਰ, (ਸੰਪਾ. ਤੇ ਅਨੁ. : ਸਤਿਪਾਲ ਗੌਤਮ, ਰਾਜਕਮਲ ਪ੍ਰਕਾਸ਼ਨ, ਪ੍ਰਾਈਵੇਟ ਲਿਮਟਿਡ, ਨਵੀਂ ਦਿੱਲੀ, 2016), ਪੰਨਾ- 340.
3. ਡਾ. ਪ੍ਰਭਾ ਖੇਤਾਨ, ਅਲਬੇਅਰ ਕਾਮੂ : ਉਹ ਪਹਿਲਾ ਆਦਮੀ, ਹਿੰਦ ਪਾਕਿਟ ਬੁੱਕਸ ਪ੍ਰਾਈਵੇਟ ਲਿਮਟਿਡ, ਨਵੀਂ ਦਿੱਲੀ, ਦੂਜਾ ਸੰਸ. 2012, ਪੰਨਾ- 178.
4. ਉਹੀ, ਪੰਨਾ- 110.
5. ਉਹੀ, ਪੰਨਾ-216.
6. Marie Darrieussecq, 'Sartre and My Generation, Sudeshna Chakravarti and Chinmoy Gupta (Ed.), Op. Cit, P.251.
7. ਅਲਬੇਅਰ ਕਾਮੂ : ਓਪਰਾ ਆਦਮੀ, (ਅਨੁ. : ਮਹਿੰਦਰ ਬੇਦੀ, ਜੈਤੋ, ਸ਼ਿਲਾਲੇਖ, ਦਿੱਲੀ, 2014), ਪੰਨਾ - 5.
8. ਉਹੀ, ਪੰਨਾ-14.
9. ਉਹੀ, ਪੰਨੇ-42 - 42.
10. ਉਹੀ, ਪੰਨਾ-62.
11. ਉਹੀ, ਪੰਨਾ-110.
12. ਉਹੀ, ਪੰਨੇ 116 - 117.
13. ਉਹੀ, ਪੰਨਾ- 117.

□□□

# ਗੁਰੂ ਨਾਨਕ ਬਾਣੀ ਵਿਚ ਔਰਤ ਦਾ ਪ੍ਰਵਚਨ

*ਕੰਵਲਦੀਪ ਕੌਰ*

ਗੁਰੂ ਨਾਨਕ ਬਾਣੀ ਆਪਣੇ- ਆਪ ਵਿਚ ਮਹੱਤਵਪੂਰਨ ਟੈਕਸਟ ਹੈ ਜੋ ਦਰਸ਼ਨ ਅਤੇ ਭਾਸ਼ਾਈ ਬਣਤਰ ਪ੍ਰਬੰਧ ਪਖੋਂ ਇਕ ਨਿਸ਼ਚਤ ਸੰਗਠਨ ਵਿਚ ਬੱਝੀ ਹੋਈ ਹੈ। ਇਸ ਬਾਣੀ ਵਿਚ ਕਾਰਜਸ਼ੀਲ ਹਰੇਕ ਸੰਕਲਪ ਦੇ ਵਿਸ਼ਲੇਸ਼ਣ ਲਈ ਇਹ ਅਨਿਵਾਰੀ ਹੈ ਕਿ ਉਸਨੂੰ ਬਾਣੀ ਦੇ ਪ੍ਰਬੰਧ ਦੇ ਪ੍ਰਸੰਗ ਵਿਚ ਹੀ ਵਾਚਿਆ ਜਾਵੇ। ਅਜਿਹਾ ਵਿਸ਼ਲੇ ਸ਼ਣ ਸਬੰਧਤ ਸੰਕਲਪ ਦੇ ਵਿਭਿੰਨ ਪਾਸਾਰ ਉਜਾਗਰ ਕਰਦਾ ਹੈ। ਇਨ੍ਹਾ ਵਿਭਿੰਨ ਪਾਸਾਰਾਂ ਦੀ ਸਮੁੱਚਤਾ ਰਾਹੀਂ ਸਬੰਧਤ ਸੰਕਲਪ ਦੀ ਅਰਥਗਤ ਸ਼ਕਤੀ ਅਤੇ ਸੰਚਾਰਾਤਮਕਤਾ ਪੂਰਨ ਰੂਪ ਵਿਚ ਉਘੜਦੀ ਹੈ।

ਹਥਲੇ ਖੋਜ-ਪੱਤਰ ਦੇ ਅੰਤਰਗਤ ਗੁਰੂ ਨਾਨਕ ਬਾਣੀ ਵਿਚਲੇ ਔਰਤ ਦੇ ਸੰਕਲਪ 'ਤੇ ਕੇਂਦਰਤ ਕੀਤਾ ਗਿਆ ਹੈ।ਔਰਤ ਦੇ ਸੰਕਲਪ ਸਬੰਧੀ ਵਿਭਿੰਨ ਭਾਂਤ ਦੀਆਂ ਧਾਰਨਾਵਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿਚ ਇਸਨੂੰ ਨਾਰੀਵਾਦ,ਸਮਾਜ-ਸਭਿਆਚਾਰਕ ਅਤੇ ਮਨੋਵਿਸ਼ਲੇਸ਼ਣ ਆਦਿ ਪ੍ਰਸੰਗਾਂ ਤੋਂ ਵਾਚਿਆ ਜਾਂਦਾ ਰਿਹਾ ਹੈ। ਇਸ ਭਾਂਤ ਦਾ ਵਿਸ਼ਲੇਸ਼ਣ ਔਰਤ ਦੇ ਕਿਸੇ ਇਕ ਪੱਖ 'ਤੇ ਕੇਂਦਰਤ ਰਹਿੰਦਿਆਂ ਧਾਰਨਾਵਾਂ ਪ੍ਰਸਤੁਤ ਕਰਦਾ ਹੈ।

ਗੁਰੂ ਨਾਨਕ ਬਾਣੀ ਵਿਚ ਔਰਤ ਦਾ ਸੰਕਲਪ ਵੱਖਰੀ ਭਾਂਤ ਦਾ ਹੈ ਜੋ ਕਿਸੇ ਇਕ ਨਿਸ਼ਚਤ ਧਰਾਤਲ 'ਤੇ ਨਹੀਂ ਵਿਚਰਦਾ। ਇਸਦੇ ਅੰਤਰਗਤ ਇਸ ਸੰਕਲਪ ਸਬੰਧੀ ਵਿਭਿੰਨ ਪੱਧਰਾਂ 'ਤੇ ਕਈ ਪ੍ਰਵਚਨ ਧਰਾਤਲ ਉਜਾਗਰ ਹੁੰਦੇ ਹਨ। ਇਨ੍ਹਾਂ ਧਰਾਤਲਾਂ ਦੀ ਆਪਸੀ ਅੰਤਰ-ਸਬੰਧਤਾ ਅਤੇ ਲਗਾਤਾਰਤਾ ਰਾਹੀਂ ਹੀ ਇਸਦਾ ਪੂਰਨ ਸਪੱਸ਼ਟੀਕਰਨ ਹੁੰਦਾ ਹੈ।

ਪ੍ਰਥਮ ਰੂਪ ਵਿਚ ਔਰਤ ਦਾ ਸੰਕਲਪ ਔਰਤ-ਮਰਦ ਦੀ ਆਪਸੀ ਦਵੰਦ-ਜੁਗਤ ਰਾਹੀਂ ਪ੍ਰਸਤੁਤ ਹੁੰਦਾ ਹੈ ਜਿਸਦੇ ਅੰਤਰਗਤ ਦੋਵਾਂ ਸੰਕਲਪਾਂ ਦਾ ਪੂਰਨ ਬੋਧ ਇਨ੍ਹਾ ਦੇ ਆਪਸੀ ਦਵੰਦ ਵਿਚੋਂ ਹੀ ਹੋ ਸਕਦਾ ਹੈ। ਉਂਝ ਵੀ ਇਹ ਭਾਸ਼ਾ ਦਾ ਮਹੱਤਵਪੂਰਨ ਨੇਮ ਹੈ ਕਿ ਵਸਤਾਂ ਨੂੰ

*ਰਿਸਰਚ ਫੈਲੋ, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮੋਬਾ. 8847413063*

ਵਧੇਰੇ ਤੌਰ 'ਤੇ ਇਕ ਦੂਜੇ ਦੇ ਦਵੰਦ ਵਿਚ ਹੀ ਸਮਝਿਆ ਜਾ ਸਕਦਾ ਹੈ ਜਿਵੇਂ ਚਾਨਣ ਹਨੇਰੇ ਨੂੰ ਅਰਥ ਦਿੰਦਾ ਹੈ ਤੇ ਹਨੇਰਾ ਚਾਨਣ ਨੂੰ। ਚਾਨਣ ਦਾ ਸੰਕਲਪ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਉਸਦੇ ਵਿਰੋਧ ਵਿਚ ਹਨੇਰੇ ਦਾ ਸੰਕਲਪ ਹੋਵੇ। ਸਮਾਨਾਂਤਰ ਰੂਪ ਵਿਚ ਮਾਂ ਹੀ ਬੱਚੇ ਨੂੰ ਅਰਥ ਨਹੀਂ ਦਿੰਦੀ ਸਗੋਂ ਬੱਚਾ ਵੀ ਮਾਂ ਨੂੰ ਅਰਥ ਪ੍ਰਦਾਨ ਕਰਦਾ ਹੈ। ਇਸ ਪ੍ਰਕਾਰ ਇਸ ਦਵੰਦ ਦੀ ਜੁਗਤ ਰਾਹੀਂ ਵਸਤਾਂ ਇਕ ਦੂਜੇ ਨੂੰ ਅਰਥ ਪ੍ਰਦਾਨ ਕਰਦੀਆਂ ਹਨ।

ਗੁਰੂ ਨਾਨਕ ਬਾਣੀ ਦੇ ਅੰਤਰਗਤ ਵੀ ਅਜਿਹੇ ਕਈ ਦਵੰਦਾਤਮਕ ਸਰੂਪ ਪ੍ਰਾਪਤ ਹੁੰਦੇ ਹਨ ਜਿਨ੍ਹਾ ਵਿਚ ਗੁਰਮੁਖ-ਮਨਮੁਖ,ਸੱਚ-ਕੂੜ,ਦੂਰ-ਨੇੜੇ,ਦਿੱਖ-ਅਦਿੱਖ ਆਦਿ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਪਰਚੇ ਵਿਚ ਪ੍ਰਥਮ ਰੂਪ ਵਿਚ ਔਰਤ-ਮਰਦ ਦੀ ਦਵੰਦਾਤਮਕਤਾ ਉਜਾਗਰ ਹੁੰਦੀ ਹੈ।

ਗੁਰੂ ਨਾਨਕ ਬਾਣੀ ਵਿਚ ਔਰਤ ਦਾ ਸੰਕਲਪ ਪ੍ਰਮੁੱਖ ਰੂਪ ਵਿਚ ਤਿੰਨ ਧਰਾਤਲਾਂ 'ਤੇ ਵਿਚਰਦਾ ਹੈ:

ਪ੍ਰਥਮ ਰੂਪ ਵਿਚ ਗੁਰੂ ਨਾਨਕ ਬਾਣੀ ਦੇ ਅੰਤਰਗਤ ਔਰਤ ਦਾ ਸੰਕਲਪ ਮਾਨਵ ਵਿਗਿਆਨਕ ਧਰਾਤਲ 'ਤੇ ਪ੍ਰਸਤੁਤ ਹੁੰਦਾ ਹੈ। ਇਸ ਪੱਧਰ 'ਤੇ ਔਰਤ ਦਾ ਸੰਕਲਪ ਦਵੰਦਾਤਮਕਤਾ ਵਿਚੋਂ ਅਰਥ ਗ੍ਰਹਿਣ ਕਰਦਾ ਹੈ। ਇਸ ਬਾਣੀ ਵਿਚ ਇਹ ਦਵੰਦਾਤਮਕਤਾ ਦੋ ਪੱਖਾਂ ਤੋਂ ਨਿਰੂਪਿਤ ਹੁੰਦੀ ਹੈ:

1 ਔਰਤ-ਮਰਦ ਦਾ ਦਵੰਦ: ਸਭ ਤੋਂ ਪਹਿਲਾਂ ਗੁਰੂ ਨਾਨਕ ਬਾਣੀ ਵਿਚ ਔਰਤ ਦਾ ਸੰਕਲਪ ਔਰਤ-ਮਰਦ ਦੀ ਦਵੰਦਾਤਮਕਤਾ ਦੇ ਰੂਪ ਵਿਚ ਉਜਾਗਰ ਹੁੰਦਾ ਹੈ। ਇਸ ਪੱਖ ਤੋਂ ਔਰਤ ਦਾ ਸੰਕਲਪ ਭਾਵ-ਜੁਗਤ ਅਤੇ ਆਕਾਰ-ਜੁਗਤ ਦੇ ਪਾਸਾਰ ਤੋਂ ਕਾਫ਼ੀ ਵਿਲੱਖਣ ਹੈ। ਭਾਵ-ਜੁਗਤ ਦੇ ਪੱਖ ਤੋਂ ਔਰਤ ਦੇ ਸੰਕਲਪ ਸਬੰਧੀ ਗੁਰੂ ਨਾਨਕ ਬਾਣੀ ਵਿਚ ਹੇਠ ਲਿਖੀਆਂ ਸਤਰਾਂ ਉਜਾਗਰ ਹੁੰਦੀਆਂ ਹਨ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ। ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ। ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ। ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ। ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ। ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।

ਭਾਵ-ਜੁਗਤ ਦੇ ਪੱਖ ਤੋਂ ਇਹ ਔਰਤ ਦੇ ਸੰਕਲਪ ਦਾ ਪਹਿਲਾ ਅਤੇ ਸਾਧਾਰਨ ਪੱਧਰ ਹੈ। ਇਸਦੇ ਅੰਤਰਗਤ ਗੁਰੂ ਸਾਹਿਬ ਔਰਤ ਦੀ ਵਜੂਦਾਤਮਕਤਾ 'ਤੇ ਕੇਂਦਰਤ ਕਰਦੇ ਹਨ ਜਿਸ ਅਧੀਨ ਇਸ ਨੂੰ ਸਮੁੱਚੀ ਸਮਾਜਿਕ ਗਤੀਸ਼ੀਲਤਾ ਦਾ ਆਧਾਰ ਸਿੱਧ ਕੀਤਾ ਗਿਆ ਹੈ। ਇਸ ਅਨੁਸਾਰ ਸਮਾਜ ਦੀ ਸਾਰੀ ਸਿਰਜਣਾ ਦਾ ਆਧਾਰ ਔਰਤ ਹੈ। ਇਹ ਅਜਿਹਾ ਵਜੂਦ ਹੈ ਜੋ ਸਮਾਜ ਦੇ ਵਿਭਿੰਨ ਜੀਵਾਂ (ਪੀਰਾਂ, ਫ਼ਕੀਰਾਂ, ਰਾਜਿਆਂ) ਦੀ ਜਨਮ-ਦਾਤੀ ਹੈ। ਸਮਾਜ ਦੇ ਹਰ ਰਿਸ਼ਤੇ ਦਾ ਧੁਰਾ ਔਰਤ ਦੇ ਵਜੂਦ ਦੁਆਲੇ ਉਸਰਿਆ ਹੈ। ਇਸ ਲਈ ਅਜਿਹੀ ਹਸਤੀ ਨਾਲ ਅਸਮਾਨਤਾ ਆਧਾਰਤ ਵਤੀਰਾ ਵਾਜਬ ਨਹੀਂ। ਅਸਲ ਵਿਚ ਇਸ ਸਮੁੱਚੇ ਪ੍ਰਸੰਗ ਵਿਚ ਗੁਰੂ ਸਾਹਿਬ ਇਹ ਸਿੱਧ ਕਰਦੇ ਹਨ ਕਿ ਸਮੁੱਚੀ ਸਮਾਜਿਕ ਗਤੀਸ਼ੀਲਤਾ ਦਾ ਆਧਾਰ-ਬਿੰਦੂ ਹੋਣ ਦੇ ਬਾਵਜੂਦ ਇਸਨੂੰ ਸਮਾਜ ਵਿਚ ਹਰ ਪੱਧਰ (ਸਰੀਰਕ, ਸਮਾਜਿਕ ਵਿਹਾਰ) 'ਤੇ ਮਰਦ ਦੇ ਮੁਕਾਬਲੇ ਦੂਜੈਲਾ ਸਥਾਨ ਦਿੱਤਾ

ਜਾਂਦਾ ਹੈ। ਗੁਰੂ ਸਾਹਿਬ ਅਨੁਸਾਰ ਇਹ ਅਸਮਾਨਤਾ ਆਧਾਰਤ ਵਿਹਾਰ ਵਾਜਬ ਨਹੀਂ। ਇਸ ਪ੍ਰਕਾਰ ਭਾਵ-ਜੁਗਤ ਦੀ ਪੱਧਰ 'ਤੇ ਇਸ ਪ੍ਰਵਚਨ ਵਿਚ ਔਰਤ ਦੇ ਸੰਕਲਪ ਦਾ ਮਾਨਵ-ਵਿਗਿਆਨਕ ਪੱਧਰ 'ਤੇ ਵਿਸ਼ਲੇਸ਼ਣ ਪ੍ਰਸਤੁਤ ਹੁੰਦਾ ਹੈ।

ਆਕਾਰ-ਜੁਗਤ ਦੇ ਪੱਖ ਤੋਂ ਇਹ ਪ੍ਰਵਚਨ ਔਰਤ-ਮਰਦ ਦੇ ਦਵੰਦ 'ਤੇ ਆਧਾਰਤ ਹੈ। ਬੇਸ਼ੱਕ ਦਿੱਖ ਪੱਧਰ 'ਤੇ ਇਸ ਸ਼ਬਦ ਵਿਚ ਮਰਦ ਵਰਗ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਪਰੰਤੂ ਭਾਵ-ਜੁਗਤ ਦੀ ਪੱਧਰ 'ਤੇ ਇਸ ਵਿਚਲਾ ਅਰਥ ਔਰਤ-ਮਰਦ ਦੇ ਅਦਿੱਖ ਦਵੰਦ ਵਿਚੋਂ ਉਜਾਗਰ ਹੁੰਦਾ ਹੈ ਕਿਉਂਕਿ ਔਰਤ ਵਰਗ ਦੀ ਹੀਣੀ ਸਥਿਤੀ ਦੇ ਪ੍ਰਸੰਗ ਨੂੰ ਕੇਵਲ ਮਰਦ ਵਰਗ ਦੀ ਪ੍ਰਮੁੱਖਤਾ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ ਹੈ।

ਇਸ ਉਪਰੰਤ ਔਰਤ ਦੇ ਸੰਕਲਪ ਸਬੰਧੀ ਅਗਲਾ ਪ੍ਰਵਚਨ ਹੇਠ ਲਿਖੀ ਭਾਵ-ਜੁਗਤ ਨਾਲ ਸਬੰਧਤ ਹੈ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ। ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚਿ ਆਵੈ ਧੂੜਿ। ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ।1। ਆਦੇਸੁ ਬਾਬਾ ਆਦੇਸੁ। ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ।1।ਰਹਾਉ। ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ। ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ। ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ।2। ਇਕੁ ਲਖੁ ਲਹਨਿ ਬਹਿਠੀਆ ਲਖੁ ਲਹਨਿ ਖੜੀਆ। ਗਰੀ ਛੁਹਾਰੇ ਖਾਂਦੀਆ ਮਾਣਨਿ ਸੇਜੜੀਆ। ਤਿਨ ਗਲਿ ਸਿਲਕਾ ਪਾਈਆ ਤੁਟਨਿ ਮੋਤਸਰੀਆ।3। ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ। ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ। ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ।4। ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ। ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ। ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ।5।

ਭਾਵ-ਜੁਗਤ ਦੇ ਪੱਖ ਤੋਂ ਇਹ ਪ੍ਰਸੰਗ ਵੀ ਔਰਤ ਦੇ ਸੰਕਲਪ ਨੂੰ ਮਾਨਵ-ਵਿਗਿਆਨਕ ਪੱਧਰ 'ਤੇ ਪ੍ਰਸਤੁਤ ਕਰਦਾ ਹੈ। ਇਸਦੇ ਅੰਤਰਗਤ ਇਕ ਵਿਸ਼ੇਸ਼ ਕਾਲਖੰਡ (16ਵੀਂ ਸਦੀ) ਵਿਚ ਔਰਤ ਦੀ ਪ੍ਰਸਥਿਤੀ ਦਾ ਪ੍ਰਸੰਗ ਉਭਰਦਾ ਹੈ। ਇਹ ਪ੍ਰਸੰਗ 16ਵੀਂ ਸਦੀ ਵਿਚ ਹੋਏ ਬਾਬਰ ਦੇ ਹਮਲੇ ਨਾਲ ਸਬੰਧਤ ਹੈ ਜਿਸ ਅਧੀਨ ਗੁਰੂ ਸਾਹਿਬ ਇਸ ਕਾਲ-ਖੰਡ ਵਿਚ ਹੋਈ ਔਰਤ ਦੀ ਦੁਰਦਸ਼ਾ ਦਾ ਪ੍ਰਸੰਗ ਸਿਰਜਦੇ ਹਨ। ਇਨ੍ਹਾਂ ਮੁਤਾਬਿਕ ਇਸ ਇਤਿਹਾਸਕ ਘਟਨਾ ਦੇ ਅੰਤਰਗਤ ਸਭ ਤੋਂ ਵੱਧ ਦੁਰਦਸ਼ਾ/ਦੁੱਖ ਦਾ ਸਾਹਮਣਾ ਔਰਤ ਵਰਗ ਨੂੰ ਕਰਨਾ ਪਿਆ। ਉਹ ਔਰਤ ਭਾਵੇਂ ਕਿਸੇ ਵਰਗ (ਹਿੰਦੂ, ਮੁਸਲਮਾਨ, ਤੁਰਕ ਆਦਿ) ਦੀ ਹੋਵੇ ਪਰੰਤੂ ਦੁਖ/ਦੁਰਦਸ਼ਾ ਦੀ ਪੱਧਰ 'ਤੇ ਇਹ ਸਭ ਸਮਾਨ ਸਨ। ਹਰ ਵਰਗ ਦੀ ਔਰਤ ਨੂੰ ਇਸ ਸਮੱਸਿਆ ਵਿਚੋਂ ਲੰਘਣਾ ਪਿਆ। ਇਸ ਪ੍ਰਕਾਰ ਇਸ ਪ੍ਰਵਚਨ ਵਿਚ ਵੀ ਗੁਰੂ ਸਾਹਿਬ ਔਰਤ ਧਿਰ ਦੀ ਵਧੀਕੀ ਅਤੇ ਅਸਮਾਨਤਾ ਦਾ ਪ੍ਰਸੰਗ ਸਿਰਜਦਿਆਂ ਔਰਤ ਵਰਗ ਦੀ ਧਿਰ ਬਣਦੇ ਹਨ।

ਆਕਾਰ-ਜੁਗਤ ਦੇ ਪੱਖ ਤੋਂ ਇਹ ਪ੍ਰਵਚਨ ਔਰਤ-ਮਰਦ ਦੇ ਦਵੰਦ ਰਾਹੀਂ ਉਜਾਗਰ ਹੁੰਦਾ ਹੈ। ਇਸਦੇ ਅੰਤਰਗਤ ਵੀ ਇਹ ਪੱਖ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਔਰਤ ਦੀ ਅਜਿਹੀ ਦੁਰਦਸ਼ਾ ਵਿਚ ਮਰਦ ਵਰਗ ਕਾਰਜਸ਼ੀਲ ਸੀ ਪਰੰਤੂ ਇਸ ਪ੍ਰਵਚਨ ਵਿਚਲਾ ਔਰਤ-ਮਰਦ ਦਾ

ਦਵੰਦ ਇਕ ਹੋਰ ਨਿਵੇਕਲੇ ਪਾਸਾਰ ਨਾਲ ਜੁੜਿਆ ਹੋਇਆ ਹੈ। ਉਹ ਇਹ ਹੈ ਕਿ ਇਸ ਪ੍ਰਸੰਗ ਵਿਚਲਾ ਔਰਤ ਦਾ ਪ੍ਰਵਚਨ ਕਿਸੇ ਇਕ ਧਰਮ/ਵਰਗ ਨਾਲ ਸਬੰਧਤ ਔਰਤ ਦਾ ਪ੍ਰਵਚਨ ਨਹੀਂ ਹੈ, ਸਗੋਂ ਸਭ ਔਰਤਾਂ ਨਾਲ ਹੋਏ ਮਾਰੂ ਵਿਵਹਾਰ ਨਾਲ ਸਬੰਧਤ ਹੈ। ਅਰਥਾਤ ਇਸ ਪ੍ਰਸੰਗ ਵਿਚ ਗੁਰੂ ਸਾਹਿਬ ਨੇ ਔਰਤ ਨੂੰ ਧਰਮ/ਵਰਗ ਦੇ ਆਧਾਰ 'ਤੇ ਵੰਡਿਆ ਨਹੀਂ ਕਿ ਕੇਵਲ ਹਿੰਦੂ ਜਾਂ ਕੇਵਲ ਮੁਸਲਮਾਨ ਵਰਗ ਦੀ ਔਰਤ ਦਾ ਹੀ ਨੁਕਸਾਨ ਹੋਇਆ, ਸਗੋਂ ਇਸਦੇ ਅੰਤਰਗਤ ਸਮੁੱਚੇ ਔਰਤ ਵਰਗ ਦੇ ਵਜੂਦਾਤਮਕ ਸੰਕਟ ਦਾ ਪ੍ਰਸੰਗ ਹਾਜ਼ਰ ਹੈ। ਇਸ ਪ੍ਰਕਾਰ ਆਕਾਰ-ਜੁਗਤ ਦੇ ਪੱਖ ਤੋਂ ਇਸ ਪ੍ਰਵਚਨ ਵਿਚਲਾ ਔਰਤ-ਮਰਦ ਦਾ ਦਵੰਦ ਨਿਵੇਕਲੇ ਪਾਸਾਰ ਨਾਲ ਸਬੰਧਤ ਹੈ।

## 2. ਔਰਤ ਅਤੇ ਔਰਤ ਦਾ ਦਵੰਦ

ਔਰਤ ਦੇ ਸੰਕਲਪ ਸਬੰਧੀ ਅਗਲਾ ਪ੍ਰਵਚਨ ਹੇਠ ਲਿਖੀ ਭਾਵ-ਜੁਗਤ ਰਾਹੀਂ ਉਜਾਗਰ ਹੁੰਦਾ ਹੈ :

ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ।। ਜਿਨਿ ਆਪੀਨੈ ਆਪੁ ਸਾਜਿਆ ਸਚੜਾ ਅਲਖ ਅਪਾਰੋ।। ਦੁਇ ਪੁੜ ਜੋੜਿ ਵਿਛੋੜਿਅਨੁ ਗੁਰ ਬਿਨੁ ਘੋਰੁ ਅੰਧਾਰੋ।। ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ।।1।। ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ।।ਰਹਾਉ।। ਤੁਧੁ ਸਿਰਜੀ ਮੇਦਨੀ ਦੁਖੁ ਸੁਖੁ ਦੇਵਣਹਾਰੋ।। ਨਾਰੀ ਪੁਰਖ ਸਿਰਜਿਐ ਬਿਖੁ ਮਾਇਆ ਮੋਹੁ ਪਿਆਰੋ।। ਖਾਣੀ ਬਾਣੀ ਤੇਰੀਆ ਦੇਹਿ ਜੀਆ ਆਧਾਰੋ।। ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ।।2।। ਆਵਾ ਗਵਣੁ ਸਿਰਜਿਆ ਤੂ ਥਿਰੁ ਕਰਣੈਹਾਰੋ।। ਜੰਮਣੁ ਮਰਣਾ ਆਇ ਗਇਆ ਬਧਿਕੁ ਜੀਉ ਬਿਕਾਰੋ।। ਭੂਡੜੈ ਨਾਮੁ ਵਿਸਾਰਿਆ ਬੂਡੜੈ ਕਿਆ ਤਿਸੁ ਚਾਰੋ।। ਗੁਣ ਛੋਡਿ ਬਿਖੁ ਲਦਿਆ ਅਵਗੁਣ ਕਾ ਵਣਜਾਰੋ।।3।। ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ।। ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣਹਾਰੋ।।

ਭਾਵ-ਜੁਗਤ ਦੀ ਪੱਧਰ 'ਤੇ ਇਹ ਪ੍ਰਵਚਨ ਕਾਫ਼ੀ ਮਹੱਤਵਪੂਰਨ ਹੈ। ਇਸ ਪ੍ਰਵਚਨ ਵਿਚ ਔਰਤ-ਮਰਦ ਦਾ ਦਵੰਦ ਜੋੜ-ਅਣਜੋੜ ਦੇ ਦਵੰਦ 'ਤੇ ਆਧਾਰਤ ਹੈ। ਇਸ ਮੁਤਾਬਿਕ ਔਰਤ-ਮਰਦ ਸਰੀਰਕ/ਜੀਵ ਵਿਗਿਆਨਕ/ਮਾਨਸਿਕ ਤੌਰ 'ਤੇ ਦੋ ਵੱਖਰੇ-ਵੱਖਰੇ ਜੀਵ ਹਨ। ਇਸ ਲਈ ਸਰੀਰਕ ਪੱਖ ਤੋਂ ਦੋਵਾਂ ਵਿਚ ਭਿੰਨਤਾ ਹੈ। ਇਹ ਸਰੀਰਕ ਭਿੰਨਤਾ ਹੀ ਇਨ੍ਹਾਂ ਦੀ ਆਪਸੀ ਖਿੱਚ ਦਾ ਕਾਰਨ ਹੈ। ਇਹ ਭਿੰਨਤਾ ਹੀ ਦੋਵਾਂ ਦੇ ਮੇਲ/ਸੰਯੋਗ ਦਾ ਕਾਰਨ ਬਣਦੀ ਹੈ ਜਿਸਦੇ ਸਿੱਟੇ ਵਜੋਂ ਦੋਵਾਂ ਦਾ ਜੋੜ ਵਾਪਰਦਾ ਹੈ। ਕੁਦਰਤ ਦੇ ਨਿਯਮ ਅਨੁਸਾਰ ਇਹ ਦੋਵੇਂ ਵਜੂਦ ਸਰੀਰਕ/ਮਾਨਸਿਕ ਤੌਰ 'ਤੇ ਵੱਖਰੇ-ਵੱਖਰੇ ਹਨ ਪਰੰਤੂ ਇਹ ਵੀ ਕੁਦਰਤ ਦਾ ਨਿਯਮ ਹੈ ਕਿ ਇਸ (ਸਰੀਰਕ/ਮਾਨਸਿਕ) ਵੱਖਰਤਾ ਵਿਚ ਵਿਰੋਧ ਨਹੀਂ ਹੋਣਾ ਚਾਹੀਦਾ। ਇਸ ਵੱਖਰਤਾ ਕਾਰਨ ਹੀ ਇਹ ਦੋਵੇਂ ਵਜੂਦ (ਔਰਤ-ਮਰਦ) ਸੰਯੋਗ ਕਰਨਾ ਚਾਹੁੰਦੇ ਹਨ ਪਰੰਤੂ ਸਥਿਤੀ ਦਾ ਦਵੰਦ ਇਹ ਹੈ ਕਿ ਇਸ ਮੇਲ, ਸੰਯੋਗ ਨੂੰ ਸਮਾਜ, ਸਮਾਜਿਕ ਨੇਮ, ਮਰਿਯਾਦਾ ਅਤੇ ਸਮਾਜਿਕ ਵਿਵਹਾਰ ਆਦਿ ਪ੍ਰਭਾਵਿਤ ਕਰਦੇ ਹਨ। ਇਹ ਸਾਰੇ ਸਮਾਜਿਕ ਵਰਤਾਰੇ ਇਸ ਖਿੱਚ, ਮੇਲ, ਜੋੜ ਨੂੰ ਅਣਜੋੜ ਵਿਚ ਬਦਲਣ ਲਈ ਕਾਰਜਸ਼ੀਲ ਰਹਿੰਦੇ ਹਨ। ਇਸੇ ਲਈ ਇਸ ਪ੍ਰਸੰਗ ਵਿਚ ਔਰਤ-ਮਰਦ ਦੀ ਸਿਰਜਣਾ, ਜੋੜ, ਮੇਲ ਨੂੰ ਬਿਖ, ਮੋਹ, ਮਾਇਆ ਆਦਿ ਸੰਕਲਪਾਂ ਨਾਲ ਜੋੜਿਆ ਹੈ। ਇਸ ਪ੍ਰਸੰਗ ਨੂੰ ਔਰਤ-ਮਰਦ ਦੇ ਪਰਿਵਾਰਕ (ਵਿਆਹੁਤਾ) ਜੀਵਨ ਦੇ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ।

ਸਰੀਰਕ/ਮਾਨਸਿਕ ਭਿੰਨਤਾ ਦੀ ਖਿੱਚ ਕਾਰਨ ਔਰਤ-ਮਰਦ ਸੰਯੋਗ ਦੇ ਇੱਛੁਕ ਹਨ ਪਰੰਤੂ ਮਰਦ ਵਰਗ ਦਾ ਪਰਿਵਾਰਕ ਰਿਸ਼ਤਾ-ਨਾਤਾ (ਮਰਦ ਦੀ ਮਾਂ, ਭੈਣ, ਭਰਜਾਈ ਆਦਿ) ਵਿਸ਼ੇਸ਼ ਕਰਕੇ ਨਾਰੀ ਵਰਗ ਨਾਲ ਸਬੰਧਤ ਰਿਸ਼ਤਾ-ਨਾਤਾ ਇਸ ਵਿਚ ਵਿੱਥ ਸਿਰਜਦਾ ਹੈ। ਪਰਿਵਾਰ ਦੀ ਹਰ ਨਾਰੀ ਦੀ ਇਹ ਕੋਸ਼ਿਸ਼ ਰਹਿੰਦੀ ਹੈ ਕਿ ਇਹ ਵਿੱਥ ਬਣੀ ਰਹੇ। ਇਹ ਜੋੜ ਅਣਜੋੜ ਵਿਚ ਤਬਦੀਲ ਹੋਵੇ। ਇਸਦਾ ਕਾਰਨ ਵਿਆਹੁਤਾ ਔਰਤ ਦਾ ਨਵੇਂ ਪਰਿਵਾਰ ਵਿਚਲਾ ਰੁਤਬਾ ਅਤੇ ਉਮਰ ਦਾ ਪੱਖ ਹੈ। ਰੁਤਬੇ ਦੇ ਪੱਖ ਤੋਂ ਵਿਆਹੁਤਾ ਔਰਤ ਨਵੇਂ ਪਰਿਵਾਰ ਵਿਚ ਬਾਕੀ ਪਰਿਵਾਰਕ ਮੈਂਬਰਾਂ ਤੋਂ ਨੀਵੇਂ ਪੱਧਰ 'ਤੇ ਗਿਣੀ ਜਾਂਦੀ ਹੈ। ਉਸਦੀ ਸੱਸ, ਨਨਾਣ, ਜਠਾਣੀ ਆਦਿ ਔਰਤਾਂ ਦਾ ਰੁਤਬਾ ਵਿਆਹੁਤਾ ਔਰਤ ਤੋਂ ਉੱਚਾ ਹੁੰਦਾ ਹੈ। ਦੂਜਾ ਉਮਰ ਦੇ ਪੱਖ ਤੋਂ ਵੀ ਵਿਸ਼ੇਸ਼ ਤੌਰ 'ਤੇ ਸੱਸ ਅਤੇ ਜਠਾਣੀ ਦਾ ਦਰਜਾ ਉੱਚਾ ਹੋਣ ਕਾਰਨ ਵਿਆਹੁਤਾ ਔਰਤ ਨੂੰ ਨੀਵੇਂ ਦਰਜੇ 'ਤੇ ਰੱਖਿਆ ਜਾਂਦਾ ਹੈ। ਇਨ੍ਹਾਂ ਦੋਵਾਂ (ਉਮਰ, ਰੁਤਬਾ) ਪੱਖਾਂ ਕਾਰਨ ਵਿਆਹੁਤਾ ਔਰਤ ਦਾ ਨਵੇਂ ਪਰਿਵਾਰ ਵਿਚ ਦਰਜਾ ਨੀਵਾਂ ਹੁੰਦਾ ਹੈ। ਉਸਦੀ ਹੋਂਦ ਵਧੇਰੇ ਤੌਰ 'ਤੇ ਉਮਰ, ਰੁਤਬੇ ਵਿਚ ਉਸ ਤੋਂ ਉੱਚੇ ਦਰਜੇ ਵਾਲੀ ਔਰਤ 'ਤੇ ਆਧਾਰਤ ਹੁੰਦੀ ਹੈ। ਉਸਦਾ ਮੂਲ ਫ਼ਰਜ਼ ਇਨ੍ਹਾਂ ਧਿਰਾਂ ਦੀ ਅਨੁਸਾਰੀ ਹੋਣਾ ਹੈ। ਇਸਦੇ ਸਿੱਟੇ ਵਜੋਂ ਔਰਤ-ਮਰਦ ਦੇ ਜੋੜ ਦੀਆਂ ਸਮੱਸਿਆਵਾਂ ਵੱਧਦੀਆਂ ਹਨ ਕਿਉਂਕਿ ਇਹ ਧਿਰਾਂ ਵਧੇਰੇ ਤੌਰ 'ਤੇ ਇਸ ਜੋੜ ਨੂੰ ਅਣਜੋੜ ਵਿਚ ਬਦਲਣ ਲਈ ਕਾਰਜਸ਼ੀਲ ਰਹਿੰਦੀਆਂ ਹਨ। ਇਸ ਅਵਸਥਾ ਵਿਚ ਔਰਤ ਦੇ ਨਿੱਜੀ ਅਸਤਿੱਤਵ ਦੀ ਕੋਈ ਹੋਂਦ ਨਹੀਂ ਹੁੰਦੀ। ਉਸਦੇ ਸਮੁੱਚੇ ਅਸਤਿੱਤਵ ਅਤੇ ਸਮਾਜਿਕ ਭੂਮਿਕਾ ਦਾ ਨਿਰਧਾਰਨ ਇਹ ਸਮਾਜ, ਸਮਾਜਿਕ ਨੇਮ, ਸਮਾਜਿਕ ਵਿਵਹਾਰ ਅਤੇ ਰਿਸ਼ਤੇ ਨਿਰਧਾਰਤ ਕਰਦੇ ਹਨ। ਇਸ ਪ੍ਰਕਾਰ ਇਨ੍ਹਾਂ ਸਮੁੱਚੀਆਂ ਪ੍ਰਸਥਿਤੀਆਂ ਕਾਰਨ ਔਰਤ-ਮਰਦ ਦਾ ਜੋੜ ਅਣਜੋੜ ਵਿਚ ਤਬਦੀਲ ਹੁੰਦਾ ਹੈ। ਇਸ ਪ੍ਰਸੰਗ ਵਿਚ ਗੁਰੂ ਸਾਹਿਬ ਅਸਤਿੱਤਵ ਦੇ ਪੱਖ ਤੋਂ ਇਹ ਵਿਚਾਰ ਪ੍ਰਸਤੁਤ ਕਰਦੇ ਹਨ ਕਿ ਔਰਤ ਅਤੇ ਮਰਦ ਦੋ ਵੱਖਰੇ-ਵੱਖਰੇ ਵਜੂਦ ਹਨ। ਇਹ ਵੱਖਰਤਾ ਇਨ੍ਹਾਂ ਦਾ ਸਰੀਰਕ/ਮਾਨਸਿਕ ਪੱਖ ਹੈ ਜਿਨ੍ਹਾਂ ਦੀਆਂ ਆਪਣੀਆਂ ਸੰਭਾਵਨਾਵਾਂ ਹਨ। ਇਸ ਲਈ ਇਨ੍ਹਾਂ ਵਜੂਦਾਂ ਦੇ ਮੇਲ ਨੂੰ ਬਿਖ, ਮਾਇਆ, ਮੋਹ ਦੇ ਵਿਰੋਧ ਵਿਚ ਨਹੀਂ ਪਾਉਣਾ ਚਾਹੀਦਾ ਕਿਉਂਕਿ ਕੁਦਰਤ ਦੇ ਨੇਮਾਂ ਅਨੁਸਾਰ ਇਹ ਵਿਰੋਧ ਨਹੀਂ ਹੈ। ਦੋਵਾਂ ਨੂੰ ਵੱਖੋ-ਵੱਖਰੀ ਹੋਂਦ ਵਜੋਂ ਮੰਨਦਿਆਂ ਇਨ੍ਹਾਂ ਦੀਆਂ ਸੰਭਾਵਨਾਵਾਂ ਨੂੰ ਅਗਰਭੂਮਿਤ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦੇ ਜੋੜ ਨੂੰ ਅਣਜੋੜ ਦੇ ਪੱਖ ਤੋਂ ਨਹੀਂ ਵਾਚਿਆ ਜਾਣਾ ਚਾਹੀਦਾ।

ਆਕਾਰ-ਜੁਗਤ ਦੇ ਪੱਖ ਤੋਂ ਇਸ ਪ੍ਰਵਚਨ ਵਿਚ ਔਰਤ-ਮਰਦ ਦਾ ਦਵੰਦ ਦ੍ਰਿਸ਼ਟੀਗੋਚਰ ਨਹੀਂ ਹੁੰਦਾ ਸਗੋਂ ਇਹ ਦਵੰਦ ਔਰਤ-ਔਰਤ ਦੇ ਦਵੰਦ ਵਜੋਂ ਕਾਰਜਸ਼ੀਲ ਹੁੰਦਾ ਹੈ। ਇਸ ਪ੍ਰਵਚਨ ਵਿਚ ਸਮੁੱਚੀ ਵਿਰੋਧਤਾ ਔਰਤ-ਮਰਦ ਦੀ ਨਹੀਂ ਸਗੋਂ ਔਰਤ-ਔਰਤ ਦੀ ਹੈ ਕਿਉਂਕਿ ਔਰਤ ਵਰਗ ਹੀ ਔਰਤ ਦੇ ਮਰਦ ਨਾਲ ਮੇਲ, ਸੰਯੋਗ ਵਿਚ ਵਿੱਥ ਸਿਰਜਦੀ ਹੈ। ਔਰਤ-ਔਰਤ ਦਾ ਇਹ ਦਵੰਦ ਅੱਗੋਂ ਉਮਰ ਅਤੇ ਰੁਤਬੇ ਦੇ ਪ੍ਰਸੰਗ ਵਿਚ ਕਾਰਜਸ਼ੀਲ ਹੁੰਦਾ ਹੈ ਜਿਥੇ ਔਰਤ ਦੀ ਭੂਮਿਕਾ ਅਤੇ ਹੋਂਦ ਨੂੰ ਉਸਦੀ ਉਮਰ ਅਤੇ ਰੁਤਬੇ ਦੇ ਪ੍ਰਸੰਗ ਵਿਚ ਸਮਝਿਆ ਜਾਂਦਾ ਹੈ। ਉਸਦੀ ਹੋਂਦ ਅਤੇ ਸਮਾਜਿਕ ਭੂਮਿਕਾ ਦਾ ਨਿਰਧਾਰਨ ਉਸਦੇ ਦਵੰਦ ਵਿਚਲੀ ਧਿਰ ਦੀ ਉਮਰ ਅਤੇ ਉਸਦਾ ਰੁਤਬਾ ਕਰਦਾ ਹੈ। ਇਸ ਪ੍ਰਕਾਰ ਇਸ ਪ੍ਰਸੰਗ ਵਿਚ ਔਰਤ-ਮਰਦ ਦੇ ਲਿੰਗਕ ਦਵੰਦ ਦੀ ਬਜਾਏ ਔਰਤ-ਔਰਤ ਦਾ ਦਵੰਦ ਕਾਰਜਸ਼ੀਲ ਹੁੰਦਾ ਹੈ ਜੋ ਅੱਗੋਂ ਉਮਰ ਅਤੇ ਰੁਤਬੇ ਦੇ ਪ੍ਰਸੰਗ ਰਾਹੀਂ ਅਰਥ ਗ੍ਰਹਿਣ ਕਰਦਾ ਹੈ।

### 3. ਔਰਤ ਅਤੇ ਮਰਦ : ਸਮ-ਅਸਤਿੱਤਵੀ ਪਾਸਾਰ

ਔਰਤ ਦੇ ਸੰਕਲਪ ਸਬੰਧੀ ਅਗਲਾ ਪ੍ਰਵਚਨ ਹੇਠ ਲਿਖੀ ਭਾਵ-ਜੁਗਤ ਰਾਹੀਂ ਪ੍ਰਸਤੁਤ ਹੁੰਦਾ ਹੈ :

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ। ਉਤਭੁਜ ਚਲਤ ਆਪਿ ਕਰਿ ਚੀਨੈ ਆਪੇ ਤਤੁ ਪਛਾਣੈ।1। ਐਸਾ ਗਿਆਨੁ ਬੀਚਾਰੈ ਕੋਈ। ਤਿਸ ਤੇ ਮੁਕਤਿ ਪਰਮ ਗਤਿ ਹੋਈ।1। ਰਹਾਉ। ਦਿਨ ਮਹਿ ਰੈਣਿ ਰੈਣਿ ਮਹਿ ਦਿਨੀਅਰੁ ਉਸਨ ਸੀਤ ਬਿਧਿ ਸੋਈ। ਤਾ ਕੀ ਗਤਿ ਮਿਤਿ ਅਵਰੁ ਨ ਜਾਣੈ ਗੁਰ ਬਿਨੁ ਸਮਝ ਨ ਹੋਈ।2। ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ ਬ੍ਰਹਮ ਗਿਆਨੀ। ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ।3। ਮਨ ਮਹਿ ਜੋਤਿ ਜੋਤਿ ਮਹਿ ਮਨੂਆ ਪੰਚ ਮਿਲੇ ਗੁਰ ਭਾਈ। ਨਾਨਕ ਤਿਨ ਕੈ ਸਦ ਬਲਿਹਾਰੀ ਜਿਨ ਏਕ ਸਬਦਿ ਲਿਵ ਲਾਈ।4।9।4

ਭਾਵ-ਜੁਗਤ ਦੇ ਪੱਖ ਤੋਂ ਇਹ ਪ੍ਰਵਚਨ ਉਪਰੋਕਤ ਪੂਰਬਲੇ ਪ੍ਰਵਚਨਾਂ ਦਾ ਅਗਲਾ ਪੱਧਰ ਹੈ। ਪਿਛਲੇ ਪ੍ਰਵਚਨਾਂ ਦੇ ਅੰਤਰਗਤ ਔਰਤ-ਮਰਦ ਦੇ ਆਪਸੀ ਦਵੰਦ ਵਿਚ ਔਰਤ ਦਾ ਸੰਕਲਪ ਪ੍ਰਸਤੁਤ ਹੁੰਦਾ ਹੈ। ਅਧਿਐਨ ਅਧੀਨ ਪ੍ਰਵਚਨ ਵਿਚ ਔਰਤ ਅਤੇ ਮਰਦ ਨੂੰ ਸਮਅਸਤਿੱਤਵੀ ਸੰਕਲਪਾਂ ਵਜੋਂ ਪ੍ਰਸਤੁਤ ਕੀਤਾ ਹੈ। ਇਸ ਪ੍ਰਵਚਨ ਅਨੁਸਾਰ ਸਰੀਰਕ ਤੌਰ 'ਤੇ ਇਹ ਪੁਰਖ-ਨਾਰ ਦਾ ਜੋ ਦਵੰਦ ਹੈ ਇਹ ਵੀ ਨਿਸ਼ਚਤ ਨਹੀਂ ਹੈ। ਹਰ ਪੁਰਖ ਵਿਚ ਨਾਰ ਦੇ ਵਜੂਦ ਦੇ ਕੁਝ ਤੱਤ ਹੁੰਦੇ ਹਨ ਅਤੇ ਹਰ ਨਾਰ ਵਿਚ ਪੁਰਖ ਦੇ ਅੰਸ਼ ਸ਼ਾਮਲ ਹੁੰਦੇ ਹਨ। ਇਸ ਲਈ ਇਹ ਔਰਤ-ਮਰਦ ਦੇ ਵਜੂਦ ਦੀ ਵੰਡ ਨਿਸ਼ਚਤ ਨਹੀਂ ਸਗੋਂ ਇਸਨੂੰ ਸਹੀ ਢੰਗ ਨਾਲ ਘੋਖਣ/ਵਿਚਾਰਨ ਦੀ ਲੋੜ ਹੈ। ਗੁਰੂ ਸਾਹਿਬ ਅਜਿਹੀ ਧਾਰਨਾ 15ਵੀਂ ਸਦੀ ਵਿਚ ਪ੍ਰਸਤੁਤ ਕਰਦੇ ਹਨ ਜਿਸਨੂੰ ਅਜੋਕੇ ਮਨੋਵਿਸ਼ਲੇਸ਼ਣ ਦੇ ਅਨੁਸ਼ਾਸਨ ਵਿਚ ਵੀ ਸਵੀਕਾਰਿਆ ਗਿਆ ਹੈ। ਇਸ ਪ੍ਰਸੰਗ ਨੂੰ ਮਨੋਵਿਸ਼ਲੇਸ਼ਣ ਦੇ ਅਨੁਸ਼ਾਸਨ ਵਿਚ 'ਲੈਜ਼ਬੀਅਨ' ਅਤੇ 'ਗੇਅ' ਦੇ ਸੰਕਲਪਾਂ ਨਾਲ ਜੋੜ ਕੇ ਸਮਝਿਆ ਜਾ ਸਕਦਾ ਹੈ। ਇਸ ਪ੍ਰਕਾਰ ਗੁਰੂ ਸਾਹਿਬ ਔਰਤ-ਮਰਦ ਦੀ ਨਿਸ਼ਚਤ ਵੰਡ ਦੇ ਬਾਹਰੀ (ਦਿੱਖ) ਪਰਿਪੇਖ ਨੂੰ ਅੰਦਰ ਦੀ ਅਵਸਥਾ (ਅਦਿੱਖ) ਨਾਲ ਸਬੰਧਤ ਕਰਦੇ ਹਨ। ਇਨ੍ਹਾਂ ਅਨੁਸਾਰ ਔਰਤ-ਮਰਦ ਦੇ ਵਜੂਦ ਦਾ ਨਿਰਧਾਰਨ ਉਸਦੇ ਬਾਹਰੀ ਪੱਖ ਦੀ ਥਾਂ ਉਸਦੇ ਅੰਦਰਲੇ ਵਜੂਦ ਅਨੁਸਾਰ ਹੁੰਦਾ ਹੈ ਅਤੇ ਇਹ ਅਜਿਹਾ ਰਹੱਸ (ਭੇਦ) ਹੈ ਜਿਸਨੂੰ ਕੇਵਲ ਬ੍ਰਹਮ ਗਿਆਨੀ ਹੀ ਸਮਝ ਸਕਦਾ ਹੈ। ਇਸਦਾ ਸਬੰਧ ਅੰਦਰਲੀ ਅਵਸਥਾ ਨਾਲ ਹੈ ਕਿ ਸਬੰਧਤ ਜੀਵ ਹੀ ਇਸ ਭੇਦ ਤੋਂ ਜਾਣੂ ਹੁੰਦਾ ਹੈ ਕਿ ਉਹ ਅੰਦਰੋਂ ਔਰਤ ਹੈ ਜਾਂ ਮਰਦ। ਇਸ ਪ੍ਰਕਾਰ ਇਸ ਪ੍ਰਵਚਨ ਦੇ ਅੰਤਰਗਤ ਗੁਰੂ ਸਾਹਿਬ ਔਰਤ-ਮਰਦ ਦੇ ਸੰਕਲਪਾਂ ਸਬੰਧੀ ਪ੍ਰਾਪਤ ਨਿਸ਼ਚਤ ਵੰਡ ਦਾ ਵਿਰੋਧ ਸਿਰਜਦੇ ਹਨ ਅਤੇ ਇਸਨੂੰ ਸਰੀਰਕ ਪਾਸਾਰ ਦੀ ਥਾਂ ਅੰਦਰਲੀ ਅਵਸਥਾ ਨਾਲ ਸਬੰਧਤ ਕਰਦੇ ਹਨ। ਸੋ ਭਾਵ-ਜੁਗਤ ਦੀ ਪੱਧਰ 'ਤੇ ਇਹ ਪ੍ਰਵਚਨ ਔਰਤ ਦੇ ਸੰਕਲਪ ਸਬੰਧੀ ਮਾਨਵ-ਵਿਗਿਆਨਕ ਪੱਧਰ ਤੋਂ ਉਪਰ ਮਾਨਵਵਾਦ (ਅਸਤਿੱਤਵੀ) ਦੇ ਪੱਧਰ 'ਤੇ ਆਧਾਰਤ ਹੈ ਜਿਥੇ ਔਰਤ-ਮਰਦ ਦੇ ਸੰਕਲਪ ਨੂੰ ਮਾਨਵੀ ਹੋਂਦ ਦੇ ਪ੍ਰਸੰਗ ਤੋਂ ਵਾਚਿਆ ਗਿਆ ਹੈ।

ਆਕਾਰ-ਜੁਗਤ ਦੇ ਪੱਖ ਤੋਂ ਵੀ ਇਹ ਪ੍ਰਵਚਨ ਵਿਲੱਖਣ ਹੈ। ਦਵੰਦ-ਜੁਗਤ ਦੀ ਪੱਧਰ 'ਤੇ ਪੂਰਬਲੇ ਪ੍ਰਵਚਨਾਂ ਵਿਚ ਔਰਤ ਦਾ ਸੰਕਲਪ ਔਰਤ-ਮਰਦ ਦੇ ਦਵੰਦ ਰਾਹੀਂ ਉਜਾਗਰ ਹੁੰਦਾ

ਹੈ। ਇਹ ਪ੍ਰਵਚਨ ਇਸ ਨਿਸ਼ਚਤ ਦਵੰਦ-ਜੁਗਤ ਦਾ ਵਿਰੋਧ ਸਿਰਜਦਾ ਹੈ ਕਿਉਂਕਿ ਔਰਤ-ਮਰਦ ਦਾ ਇਹ ਦਵੰਦ ਬਾਹਰੀ (ਦਿੱਖ) ਅਵਸਥਾ 'ਤੇ ਆਧਾਰਤ ਹੈ ਪਰੰਤੂ ਗੁਰੂ ਸਾਹਿਬ ਮੁਤਾਬਿਕ ਇਹ ਦਵੰਦ ਅੰਦਰੂਨੀ ਅਵਸਥਾ 'ਤੇ ਆਧਾਰਤ ਹੈ। ਇਸੇ ਲਈ ਇਸਦੀ ਨਿਸ਼ਚਤ ਵੰਡ ਦਾ ਨਿਰਧਾਰਨ ਨਹੀਂ ਹੋ ਸਕਦਾ।

### 4. ਔਰਤ ਦਾ ਸੰਕਲਪ : ਬ੍ਰਹਿਮੰਡੀ ਧਰਾਤਲ

ਅਗਲਾ ਪ੍ਰਵਚਨ ਔਰਤ ਦੇ ਸੰਕਲਪ ਸਬੰਧੀ ਬ੍ਰਹਿਮੰਡੀ ਪੱਧਰ ਦਾ ਵਿਸ਼ਲੇਸ਼ਣ ਹੈ ਜੋ ਕਿ ਹੇਠ ਲਿਖੀ ਭਾਵ-ਜੁਗਤ ਰਾਹੀਂ ਉਜਾਗਰ ਹੁੰਦਾ ਹੈ :

ਸਾਚਾ ਸਚੁ ਸੋਈ ਅਵਰੁ ਨ ਕੋਈ। ਜਿਨਿ ਸਿਰਜੀ ਤਿਨ ਹੀ ਫੁਨਿ ਗੋਈ। ਜਿਉ ਭਾਵੈ ਤਿਉ ਰਾਖਹੁ ਰਹਣਾ ਤੁਮ ਸਿਉ ਕਿਆ ਮੁਕਰਾਈ ਹੇ।1। ਆਪਿ ਉਪਾਏ ਆਪਿ ਖਪਾਏ। ਆਪੇ ਸਿਰਿ ਸਿਰਿ ਧੰਧੈ ਲਾਏ। ਆਪੇ ਵੀਚਾਰੀ ਗੁਣਕਾਰੀ ਆਪੇ ਮਾਰਗਿ ਲਾਈ ਹੇ।2। ਆਪੇ ਦਾਨਾ ਆਪੇ ਬੀਨਾ। ਆਪੇ ਆਪੁ ਉਪਾਇ ਪਤੀਨਾ। ਆਪੇ ਪਉਣੁ ਪਾਣੀ ਬੈਸੰਤਰੁ ਆਪੇ ਮੇਲਿ ਮਿਲਾਈ ਹੇ।3। ਆਪੇ ਸਸਿ ਸੂਰਾ ਪੂਰੋ ਪੂਰਾ। ਆਪੇ ਗਿਆਨਿ ਧਿਆਨਿ ਗੁਰ ਸੂਰਾ। ਕਾਲੁ ਜਾਲੁ ਜਮੁ ਜੋਹਿ ਨ ਸਾਕੈ ਸਾਚੇ ਸਿਉ ਲਿਵ ਲਾਈ ਹੇ।4। ਆਪੇ ਪੁਰਖੁ ਆਪੇ ਹੀ ਨਾਰੀ। ਆਪੇ ਪਾਸਾ ਆਪੇ ਸਾਰੀ। ਆਪੇ ਪਿੜ ਬਾਧੀ ਜਗੁ ਖੇਲੈ ਆਪੇ ਕੀਮਤਿ ਪਾਈ ਹੇ।5।

ਪਿਛਲੇ ਪ੍ਰਵਚਨ ਵਿਚ ਇਹ ਪੱਖ ਸਿੱਧ ਕੀਤਾ ਗਿਆ ਹੈ ਕਿ ਔਰਤ-ਮਰਦ ਦੇ ਵਜੂਦ ਦੀ ਨਿਸ਼ਚਤ ਵੰਡ ਨਹੀਂ ਹੈ ਕਿਉਂਕਿ ਹਰ ਪੁਰਖ ਵਿਚ ਨਾਰੀ ਦੇ ਤੱਤ ਹੁੰਦੇ ਹਨ ਅਤੇ ਹਰ ਨਾਰੀ ਵਿਚ ਪੁਰਖ ਦੇ ਅੰਸ਼ ਸ਼ਾਮਲ ਹੁੰਦੇ ਹਨ। ਅਧਿਐਨ ਅਧੀਨ ਪ੍ਰਵਚਨ ਇਸ ਤੋਂ ਅਗਲਾ ਪਾਸਾਰ ਸਿਰਜਦਾ ਹੈ ਕਿ ਉਪਰੋਕਤ ਕਥਨ ਵੀ ਨਿਸ਼ਚਤ ਨਹੀਂ ਹੈ। ਅਸਲ ਵਿਚ ਪੁਰਖ-ਨਾਰ ਦੇ ਦਵੰਦ ਦਾ ਵੀ ਕੋਈ ਖ਼ਾਸ ਅਰਥ ਨਹੀਂ ਹੈ ਜਦੋਂ ਅਕਾਲ ਪੁਰਖ ਆਪ ਹੀ ਪੁਰਖ ਤੇ ਆਪ ਹੀ ਨਾਰੀ ਹੈ ਅਰਥਾਤ ਕਿਸੇ ਵਜੂਦ (ਪੁਰਖ-ਨਾਰ) ਵਿਚ ਕੋਈ ਭਿੰਨਤਾ ਨਹੀਂ ਸਗੋਂ ਅਕਾਲ ਪੁਰਖ ਦੋਵਾਂ ਵਿਚ ਕਾਰਜਸ਼ੀਲ ਹੈ। ਉਹ ਪੁਰਖ ਵੀ ਹੋ ਸਕਦਾ ਹੈ ਅਤੇ ਨਾਰ ਵੀ। ਇਸਦਾ ਅਰਥ ਹੈ ਕਿ ਪੁਰਖ-ਨਾਰ ਦਾ ਕੋਈ ਭੇਦ ਨਹੀਂ। ਇਹ ਦੋ ਵੱਖਰੇ ਵਿਅਕਤੀ (ਹੋਂਦ) ਨਹੀਂ ਹਨ। ਵਾਸਤਵ ਵਿਚ ਮਾਨਵ-ਵਿਗਿਆਨਕ ਪੱਧਰ ਦੇ ਪ੍ਰਵਚਨ ਦੇ ਅੰਤਰਗਤ ਔਰਤ ਨੂੰ ਔਰਤ-ਮਰਦ ਦੇ ਦਵੰਦ ਰਾਹੀਂ ਵਾਚਿਆ ਗਿਆ ਹੈ। ਅਧਿਐਨ ਅਧੀਨ ਪ੍ਰਵਚਨ ਇਸ ਸੰਕਲਪ ਸਬੰਧੀ ਬ੍ਰਹਿਮੰਡੀ ਪੱਧਰ 'ਤੇ ਆਧਾਰਤ ਹੈ ਜਿਸ ਮੁਤਾਬਿਕ ਇਹ ਸਾਰੇ ਦਵੰਦ ਮਾਨਵ-ਵਿਗਿਆਨਕ ਪੱਧਰ ਦੇ ਹਨ। ਬ੍ਰਹਿਮੰਡੀ ਪੱਧਰ ਦੀ ਅਵਸਥਾ ਦਵੰਦ-ਮੁਕਤ, ਇਕਸਾਰਤਾ ਦੀ ਅਵਸਥਾ ਹੈ ਜਿਥੇ ਕਿਸੇ ਵਜੂਦ/ਵਰਤਾਰੇ ਵਿਚ ਕੋਈ ਭੇਦ ਨਹੀਂ ਸਗੋਂ ਇਥੇ ਸਭ ਵਜੂਦਾਂ/ਵਰਤਾਰਿਆਂ ਵਿਚ ਅਕਾਲ ਪੁਰਖ ਦੀ ਹੋਂਦ ਕਾਰਜਸ਼ੀਲ ਹੈ। ਇਸ ਪ੍ਰਕਾਰ ਇਸ ਪੱਧਰ 'ਤੇ ਪੁਰਖ-ਨਾਰ ਦਵੰਦ-ਰਹਿਤ ਸੰਕਲਪ ਵਜੋਂ ਕਾਰਜਸ਼ੀਲ ਹੁੰਦਿਆਂ ਅਕਾਲ ਪੁਰਖ ਦੇ ਵਜੂਦ ਦੇ ਅਰਥਾਂ ਵਜੋਂ ਕਾਰਜਸ਼ੀਲ ਹੁੰਦੇ ਹਨ।

ਆਕਾਰ-ਜੁਗਤ ਦੇ ਪੱਖ ਤੋਂ ਇਹ ਪ੍ਰਵਚਨ ਦਵੰਦ-ਰਹਿਤ ਅਵਸਥਾ 'ਤੇ ਆਧਾਰਤ ਹੈ।

ਇਸ ਪ੍ਰਕਾਰ ਗੁਰੂ ਨਾਨਕ ਬਾਣੀ ਵਿਚਲੇ ਹਰੇਕ ਸੰਕਲਪ ਦੇ ਵਾਸਤਵਿਕ ਵਿਸ਼ਲੇਸ਼ਣ ਲਈ ਇਹ ਜ਼ਰੂਰੀ ਹੈ ਕਿ ਉਸਨੂੰ ਵਿਭਿੰਨ ਪ੍ਰਵਚਨ ਧਰਾਤਲਾਂ 'ਤੇ ਵਾਚਿਆ ਜਾਵੇ। ਇਹ ਵਿਭਿੰਨ ਪ੍ਰਵਚਨ ਧਰਾਤਲ ਸਬੰਧਤ ਸੰਕਲਪ ਦੇ ਅਨੇਕ ਪਾਸਾਰ ਵਿਅਕਤ ਕਰਦੇ ਹਨ ਜਿਨ੍ਹਾਂ ਦੇ ਅੰਤਰਗਤ

ਇਹ ਪਿਛਲੇ ਪ੍ਰਵਚਨ ਨੂੰ ਲਗਾਤਾਰਤਾ ਵੀ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨਾਲ ਨਵੀਨ ਪ੍ਰਸੰਗ ਵੀ ਜੋੜਦੇ ਹਨ। ਇਸ ਲਈ ਗੁਰੂ ਸਾਹਿਬ ਬਾਣੀ ਵਿਚ ਮਾਨਵ-ਵਿਗਿਆਨਕ ਪੱਧਰ ਤੋਂ ਚਰਚਾ ਆਰੰਭ ਕਰਦੇ ਹਨ। ਇਸ ਉਪਰੰਤ ਹੌਲ਼ੀ-ਹੌਲ਼ੀ ਇਸਨੂੰ ਮਾਨਵਵਾਦ (ਅਸਤਿੱਤਵ) ਦੇ ਪੱਧਰ 'ਤੇ ਲੈ ਜਾਂਦੇ ਹਨ। ਫਿਰ ਇਸ ਤੋਂ ਉਪਰਲੇ ਬ੍ਰਹਿਮੰਡੀ ਪੱਧਰ ਤਕ ਲਿਜਾ ਕੇ ਸਬੰਧਤ ਸੰਕਲਪ ਦਾ ਵਿਸ਼ਲੇਸ਼ਣ ਪੇਸ਼ ਕਰਦੇ ਹਨ। ਇਸ ਲਈ ਹਰੇਕ ਸੰਕਲਪ ਦੇ ਪੂਰਨ ਸਪੱਸ਼ਟੀਕਰਨ ਲਈ ਉਸਦਾ ਵਿਭਿੰਨ ਪੱਧਰਾਂ 'ਤੇ ਵਿਸ਼ਲੇਸ਼ਣ ਕਰਨਾ ਅਨਿਵਾਰੀ ਹੈ।

## 5. ਔਰਤ ਦਾ ਸੰਕਲਪ : ਪ੍ਰਵਚਨ ਸੂਤਰ

ਉਪਰੋਕਤ ਸਮੁੱਚੀ ਚਰਚਾ ਦਾ ਸੂਤ੍ਰਿਕ ਰੂਪ ਇਸ ਪ੍ਰਕਾਰ ਹੈ :

- ਅਸਲ ਵਿਚ ਔਰਤ-ਮਰਦ ਦਾ ਸੰਕਲਪ ਕੁਦਰਤੀ ਹੈ ਜਿਸ ਮੁਤਾਬਿਕ ਕੁਦਰਤ ਵਿਚ ਇਕ ਔਰਤ (ਮਾਦਾ) ਅਤੇ ਇਕ ਮਰਦ (ਨਰ) ਹੈ ਜਿਵੇਂ ਜਾਨਵਰਾਂ, ਪੰਛੀਆਂ ਅਤੇ ਵਿਭਿੰਨ ਹੋਰ ਜੀਵਾਂ ਵਿਚ ਨਰ-ਮਾਦੇ ਦਾ ਸੰਕਲਪ ਪਾਇਆ ਜਾਂਦਾ ਹੈ। ਕੁਦਰਤੀ ਤੌਰ 'ਤੇ ਇਨ੍ਹਾਂ ਵਿਚ ਕੋਈ ਭੇਦ ਨਹੀਂ ਸਗੋਂ ਦੋਵੇਂ ਜੀਵ ਹਨ ਪਰੰਤੂ ਔਰਤ-ਮਰਦ ਦੀ ਵੰਡ ਮਾਨਵ-ਵਿਗਿਆਨਕ ਸੰਕਲਪ ਹੈ। ਇਨ੍ਹਾਂ ਦੋਵਾਂ ਜੀਵਾਂ ਨੂੰ ਔਰਤ-ਮਰਦ ਦਾ ਦਰਜਾ ਸਮਾਜ ਦੀ ਦੇਣ ਹੈ। ਇਸੇ ਲਈ ਇਨ੍ਹਾਂ ਨੂੰ ਪਹਿਲੇ-ਦੂਜੇ ਦਰਜੇ ਵਿਚ ਵੰਡ ਦਿੱਤਾ ਗਿਆ ਹੈ।

- ਗੁਰੂ ਨਾਨਕ ਬਾਣੀ ਪ੍ਰਥਮ ਰੂਪ ਵਿਚ ਮਾਨਵ-ਵਿਗਿਆਨਕ ਪੱਧਰ 'ਤੇ ਔਰਤ-ਮਰਦ ਦੀ ਅਜਿਹੀ ਵੰਡ ਦੇ ਇਸ ਦਵੰਦ ਨੂੰ ਅੱਗੋਂ ਵਿਭਿੰਨ ਦਵੰਦਾਂ ਦੇ ਰੂਪ ਵਿਚ ਚਿਤਰਦੀ ਹੈ।

- ਇਸ ਪੱਧਰ 'ਤੇ ਪਹਿਲਾ ਦਵੰਦ ਸਪੱਸ਼ਟ ਰੂਪ ਵਿਚ ਔਰਤ-ਮਰਦ ਦੇ ਸੰਕਲਪ ਨਾਲ ਹੀ ਸਬੰਧਤ ਹੈ। ਇਸਦੇ ਅੰਤਰਗਤ ਔਰਤ ਨੂੰ ਸਮੁੱਚੇ ਸਮਾਜ ਦੀ ਗਤੀਸ਼ੀਲਤਾ ਦਾ ਆਧਾਰ ਸਿੱਧ ਕਰਦਿਆਂ ਉਸਦੀ ਹੋਂਦ ਦੀ ਸਥਾਪਤੀ ਮਰਦ ਦੇ ਸੰਕਲਪ ਦੇ ਦਵੰਦ ਵਿਚ ਕੀਤੀ ਗਈ ਹੈ। ਅਜਿਹੇ ਦਵੰਦਾਤਮਕ ਸਰੂਪ ਦੀ ਪ੍ਰਸਤੁਤੀ ਸਮੇਂ ਗੁਰੂ ਸਾਹਿਬ ਕਿਸੇ ਵਿਸ਼ੇਸ਼ ਵਰਗ, ਧਰਮ ਦੀ ਔਰਤ ਦੇ ਸੰਕਲਪ ਦੀ ਪ੍ਰਸਤੁਤੀ ਨਹੀਂ ਕਰਦੇ ਸਗੋਂ ਸਮੁੱਚੀ ਔਰਤ ਧਿਰ ਦੀ ਪੇਸ਼ਕਾਰੀ ਕਰਦੇ ਹਨ।

- ਇਸ ਪ੍ਰਕਾਰ ਮਾਨਵ-ਵਿਗਿਆਨਕ ਪੱਧਰ 'ਤੇ ਇਕ ਦਵੰਦ ਔਰਤ-ਮਰਦ ਦਾ ਹੈ ਪਰੰਤੂ ਗੁਰੂ ਸਾਹਿਬ ਇਸ ਦਵੰਦ ਦੇ ਸਪੱਸ਼ਟੀਕਰਨ ਲਈ ਇਕ ਪੱਖ ਤੋਂ ਔਰਤ-ਔਰਤ ਦਾ ਦਵੰਦ ਵੀ ਚਿਤਰਦੇ ਹਨ। ਇਸ ਅਧੀਨ ਉਹ ਔਰਤ-ਮਰਦ ਦੇ ਕੁਦਰਤੀ ਸਬੰਧ ਨੂੰ ਤਰਜੀਹ ਦਿੰਦਿਆਂ ਸਮਾਜ, ਸਮਾਜਿਕ ਵਿਹਾਰ, ਨੇਮ ਅਤੇ ਮਰਿਯਾਦਾ ਦੁਆਰਾ ਇਸ ਸਬੰਧ ਵਿਚ ਪੈਦਾ ਕੀਤੇ ਜਾਂਦੇ ਖਲਲ ਨੂੰ ਪੇਸ਼ ਕਰਦੇ ਹਨ ਜਿਸ ਵਿਚ ਕੇਂਦਰੀ ਭੂਮਿਕਾ ਔਰਤ ਵਰਗ ਦੀ ਹੀ ਹੈ। ਸਮਾਜਿਕ ਨੇਮ ਅਤੇ ਸਮਾਜਿਕ ਵਿਹਾਰ ਔਰਤ-ਮਰਦ ਦੇ ਸੁਭਾਵਿਕ ਜੋੜ ਨੂੰ ਅਣਜੋੜ ਵਿਚ ਬਦਲਣ ਲਈ ਕਾਰਜਸ਼ੀਲ ਰਹਿੰਦੇ ਹਨ। ਮਰਦ ਵਰਗ ਦੇ ਪਰਿਵਾਰਕ ਰਿਸ਼ਤਿਆਂ ਵਿਚਲਾ ਨਾਰੀ ਵਰਗ (ਮਰਦ ਦੀ ਮਾਂ, ਭੈਣ, ਭਰਜਾਈ ਆਦਿ) ਇਸ ਵਿਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਇਸੇ ਲਈ ਇਸ ਪੱਧਰ 'ਤੇ ਔਰਤ-ਮਰਦ ਦਾ ਦਵੰਦ ਔਰਤ-ਔਰਤ ਦੇ ਦਵੰਦ ਨਾਲ ਜੁੜ ਕੇ ਪੇਸ਼ ਹੁੰਦਾ ਹੈ ਜੋ ਅੱਗੋਂ ਛੋਟੇ-ਵੱਡੇ ਅਤੇ ਉਮਰ/ਰੁਤਬੇ ਦੇ ਦਵੰਦ ਰਾਹੀਂ ਪ੍ਰਸਤੁਤ ਹੁੰਦਾ ਹੈ। ਗੁਰੂ ਸਾਹਿਬ ਇਸ ਪੱਧਰ 'ਤੇ ਇਹ ਸਿੱਧ ਕਰਦੇ ਹਨ ਕਿ ਇਹ ਦਵੰਦਾਤਮਕਤਾ ਦਿੱਖ ਪੱਧਰ ਦੀ ਹੈ। ਇਸ ਦਿੱਖ ਦੇ ਆਧਾਰ

'ਤੇ ਸਮੁੱਚੇ ਸਮਾਜ ਦੇ ਨਿਯਮ ਬਣਾਏ ਜਾਂਦੇ ਹਨ ਜੋ ਅੱਗੋਂ ਕੇਵਲ ਔਰਤ-ਮਰਦ ਹੀ ਨਹੀਂ ਸਗੋਂ ਵਿਭਿੰਨ ਹੋਰ ਪੱਖਾਂ ਨੂੰ ਉੱਚੇ-ਨੀਵੇਂ, ਸੁੱਚੇ-ਜੂਠੇ ਦੀ ਵੰਡ ਵਿਚ ਵਿਭਾਜਿਤ ਕਰਦੇ ਹਨ। ਇਸ ਪ੍ਰਕਾਰ ਮਾਨਵ-ਵਿਗਿਆਨਕ ਪੱਧਰ 'ਤੇ ਔਰਤ-ਮਰਦ ਦਾ ਦਵੰਦ ਦਿੱਖ ਪੱਧਰ ਨਾਲ ਸਬੰਧਤ ਹੈ।

- ਇਸ ਉਪਰੰਤ ਦੂਜਾ ਪੱਧਰ ਮਾਨਵਵਾਦ (ਅਸਤਿੱਤਵ) 'ਤੇ ਆਧਾਰਤ ਹੈ ਜਿਸ ਅਧੀਨ ਔਰਤ-ਮਰਦ ਦੇ ਅਜਿਹੇ ਦਵੰਦਮਈ ਸਰੂਪ ਨੂੰ ਸਾਮਾਨਯ ਜੀਵ ਵਜੋਂ ਪ੍ਰਸਤੁਤ ਕੀਤਾ ਹੈ। ਇਸ ਪੱਧਰ 'ਤੇ ਗੁਰੂ ਸਾਹਿਬ ਔਰਤ-ਮਰਦ ਦੇ ਵਜੂਦ ਦੀ ਦਿੱਖ ਪੱਧਰ ਦੀ ਵੰਡ ਨੂੰ ਨਿਸ਼ਚਤ ਨਹੀਂ ਮੰਨਦੇ। ਇਸਦੇ ਅੰਤਰਗਤ ਉਹ ਮਨੋਵਿਸ਼ਲੇਸ਼ਣ ਅਨੁਸ਼ਾਸਨ ਦੇ ਮੁਤਾਬਿਕ ਔਰਤ ਵਿਚ ਮਰਦ ਦੇ ਵਜੂਦ ਦੇ ਅੰਸ਼ ਅਤੇ ਮਰਦ ਵਿਚ ਔਰਤ ਦੇ ਵਜੂਦ ਦੇ ਅੰਸ਼ਾਂ ਨੂੰ ਸਵੀਕਾਰਦਿਆਂ ਦੋਵਾਂ ਦੀ ਪੱਕੀ ਪੀਢੀ ਦਿੱਖ ਵੰਡ ਦੀ ਬਜਾਏ ਦੋਵਾਂ ਨੂੰ ਸਮਾਨਯ ਜੀਵ (ਹੋਂਦ) ਵਜੋਂ ਪੇਸ਼ ਕਰਦੇ ਹਨ। ਇਥੇ ਔਰਤ-ਮਰਦ ਦਾ ਦਵੰਦ ਹੋਂਦ ਦੇ ਸੰਕਲਪ ਨਾਲ ਜੁੜਦਿਆਂ ਇਸਦਾ ਅਦਿੱਖ ਸਰੂਪ ਪੇਸ਼ ਕਰਦਾ ਹੈ।

- ਅਗਲਾ ਪੱਧਰ ਬ੍ਰਹਿਮੰਡੀ ਪੱਧਰ ਨਾਲ ਸਬੰਧਤ ਹੈ ਜਿਸਦੇ ਅੰਤਰਗਤ ਗੁਰੂ ਸਾਹਿਬ ਔਰਤ-ਮਰਦ ਦੇ ਦਵੰਦ ਨੂੰ ਇਕਸਾਰਤਾ ਵਿਚ ਬਦਲਦੇ ਹਨ। ਇਸ ਪੱਧਰ 'ਤੇ ਔਰਤ-ਮਰਦ ਦਾ ਕੋਈ ਦਵੰਦ ਨਹੀਂ ਰਹਿੰਦਾ ਕਿਉਂਕਿ ਗੁਰੂ ਸਾਹਿਬ ਹਰੇਕ ਵਜੂਦ ਵਿਚ ਨਿਰੰਕਾਰ ਦੀ ਹੋਂਦ ਨੂੰ ਕਾਰਜਸ਼ੀਲ ਮੰਨਦੇ ਹਨ। ਉਹ ਪੁਰਖ ਵੀ ਹੋ ਸਕਦਾ ਹੈ ਅਤੇ ਨਾਰੀ ਵੀ। ਇਸਦਾ ਅਰਥ ਹੈ ਪੁਰਖ-ਨਾਰ ਵਿਚ ਕੋਈ ਭੇਦ ਨਹੀਂ। ਇਹ ਦਿੱਖ-ਅਦਿੱਖ ਤੋਂ ਪਾਰ ਦਾ ਪੱਧਰ ਹੈ।

- ਆਕਾਰ-ਜੁਗਤ ਦੇ ਪੱਖ ਤੋਂ ਵੀ ਔਰਤ ਦਾ ਸੰਕਲਪ ਪ੍ਰਮੁੱਖ ਰੂਪ ਵਿਚ ਮਾਨਵ-ਵਿਗਿਆਨਕ ਅਤੇ ਬ੍ਰਹਿਮੰਡੀ ਪੱਧਰ 'ਤੇ ਵਿਚਰਦਿਆਂ ਦਵੰਦ-ਯੁਕਤ ਅਤੇ ਦਵੰਦ-ਮੁਕਤ ਦਾ ਦਵੰਦ ਸਿਰਜਦੇ ਹਨ। ਮਾਨਵ-ਵਿਗਿਆਨਕ ਪੱਧਰ 'ਤੇ ਔਰਤ ਦੇ ਸੰਕਲਪ ਦੀ ਪ੍ਰਸਤੁਤੀ ਲਈ ਦਵੰਦ-ਜੁਗਤ ਦੀ ਵਰਤੋਂ ਕੀਤੀ ਗਈ ਹੈ ਜਿਸਦੇ ਅੰਤਰਗਤ ਔਰਤ-ਮਰਦ, ਔਰਤ-ਔਰਤ, ਉਮਰ (ਵੱਡਾ-ਛੋਟਾ) ਅਤੇ ਰੁਤਬੇ (ਉੱਚਾ-ਨੀਵਾਂ) ਦੀ ਦਵੰਦਾਤਮਕਤਾ ਉਜਾਗਰ ਹੁੰਦੀ ਹੈ। ਬ੍ਰਹਿਮੰਡੀ ਪੱਧਰ 'ਤੇ ਇਹ ਸਮੁੱਚੇ ਦਵੰਦ ਦਵੰਦ-ਮੁਕਤ (ਇਕਸਾਰਤਾ) ਅਵਸਥਾ ਨਾਲ ਸਬੰਧਤ ਹੋ ਜਾਂਦੇ ਹਨ।

**ਹਵਾਲੇ ਅਤੇ ਟਿੱਪਣੀਆਂ :**


1. 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ', ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 473.
2. 'ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ', ਉਹੀ, ਪੰਨੇ 417-418.
3. 'ਸਚੁ ਸਿਰੰਦਾ ਸਚਾ ਜਾਣੀਐ ਸਚੜਾ ਪਰਵਦਗਾਰੋ', ਉਹੀ, ਪੰਨੇ 580-581.
4. 'ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ', ਉਹੀ, ਪੰਨੇ 878-879.
5. 'ਸਾਚਾ ਸਚੁ ਸੋਈ ਅਵਰੁ ਨ ਕੋਈ', ਉਹੀ, ਪੰਨੇ 1020-1021.


□□□

# ਗੁਰੂ ਨਾਨਕ ਬਾਣੀ ਵਿਚ ਬ੍ਰਹਿਮੰਡ-ਮੂਲਕ ਚੇਤਨਾ

*ਡਾ. ਰਵਿੰਦਰ ਕੌਰ ਬੇਦੀ*

ਗੁਰੂ ਨਾਨਕ ਬਾਣੀ ਵਿਚ ਬ੍ਰਹਿਮੰਡ ਭੌਤਿਕ ਅਤੇ ਪਰਾਭੌਤਿਕ ਪਸਾਰੇ ਨੂੰ ਬ੍ਰਹਮ ਨਾਲ ਏਕਤਾ ਅਤੇ ਅਸੀਮਤਾ ਦੇ ਸਰੂਪ ਵਜੋਂ ਦੇਖਿਆ ਗਿਆ ਹੈ. ਵਿਗਿਆਨ ਆਪਣੀਆਂ ਵਿਕਸਿਤ ਤਕਨੀਕਾਂ ਅਤੇ ਉਪਕਰਨਾਂ ਰਾਹੀਂ ਬ੍ਰਹਿਮੰਡ ਦੀ ਖੋਜ ਕਰ ਰਿਹਾ ਹੈ ਪਰ ਉਸ ਦੀਆਂ ਇਹ ਖੋਜਾਂ ਸਿਖ਼ਰ 'ਤੇ ਪਹੁੰਚ ਕੇ ਵੀ ਅਧੂਰੀਆਂ ਹਨ ਕਿਉਂਕਿ ਜਿਵੇਂ-ਜਿਵੇਂ ਇਸ ਦੀ ਥਾਹ ਪਾਉਣ ਦੀ ਕੋਸ਼ਿਸ਼ ਕਰਦਾ ਹੈ, ਬ੍ਰਹਿਮੰਡ ਦੀ ਵਿਰਾਟਤਾ ਅਤੇ ਅਨੰਤਤਾ ਦਾ ਅਹਿਸਾਸ ਹੁੰਦਾ ਜਾਂਦਾ ਹੈ. ਇਸ ਲਈ ਕਿਸੇ ਪਰਮ ਸੱਤਾ ਦੀ ਹੋਂਦ ਦਾ ਅਹਿਸਾਸ ਵਿਗਿਆਨ ਨੂੰ ਸੱਚ ਤਕ ਪਹੁੰਚਣ ਵਿਚ ਅਸਮਰਥ ਸਿੱਧ ਕਰ ਦਿੰਦਾ ਹੈ. ਗੁਰੂ ਨਾਨਕ ਦੇਵ ਜੀ ਇਸ ਅਨੰਤ ਅਤੇ ਵਿਰਾਟ ਪਸਾਰੇ ਬਾਰੇ ਵਰਨਣ ਕਰਦੇ ਹੋਏ ਇਸ ਪਰਮ ਸ਼ਕਤੀ ਦੇ ਅੰਤ ਦਾ ਪਾਰ ਨਾ ਪਾਏ ਜਾਣ ਦੀ ਗੱਲ ਕਰਦੇ ਹਨ.ਗੁਰੂ ਨਾਨਕ ਦੇਵ ਜੀ ਮਾਰੂ ਸੋਹਲੇ ਬਾਣੀ ਵਿਚ ਬ੍ਰਹਿਮੰਡ ਦੀ ਸਿਰਜਨਾ ਅਤੇ ਸੰਰਚਨਾ ਦੀ ਹੋਂਦ ਤੋਂ ਪੂਰਬਲੀ ਅਵਸਥਾ ਦਾ ਜ਼ਿਕਰ ਲਗਭਗ 500 ਸਾਲ ਪਹਿਲਾਂ ਇੰਜ ਕਰਦੇ ਹਨ;

ਅਰਬਦ ਨਰਬਦ ਧੁੰਧੂਕਾਰਾ।।
ਧਰਣਿ ਨ ਗਗਨਾ ਹੁਕਮੁ ਅਪਾਰਾ।।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ
ਸੁੰਨ ਸਮਾਧਿ ਲਗਾਇਦਾ ।।
(ਗੁਰੂ ਗ੍ਰੰਥ ਸਾਹਿਬ, ਅੰਗ. ੧੦੩੫)

ਬ੍ਰਹਿਮੰਡ ਸੰਰਚਨਾ ਦੀ ਪੂਰਵ-ਅਵਸਥਾ ਦਾ ਵਿਚਾਰ ਵਿਗਿਆਨ ਵਿਚ 'ਬਿੱਗ-ਬੈਂਗ' ਥਿਉਰੀ ਜਾਂ ਮਹਾਵਿਸਫੋਟ ਦਾ ਸਿਧਾਂਤ ਜੋ 1930 ਈ. ਵਿਚ ਜਾਰਜ ਲੈ ਮੈਤ੍ਰੇ ਨੇ ਪੇਸ਼ ਕੀਤਾ. ਉਸ ਦੇ ਸਮਾਨਾਂਤਰ ਗੁਰੂ ਨਾਨਕ ਬਾਣੀ 21ਵੀਂ ਸਦੀ ਦੇ ਵਿਗਿਆਨੀਆਂ ਨੂੰ ਹੈਰਾਨ ਕਰ ਦਿੰਦੀ ਹੈ.

ਕੀਤਾ ਪਸਾਉ ਏਕੋ ਕਵਾਉ ।।

*ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ*

ਤਿਸ ਤੇ ਹੋਏ ਲਖ ਦਰੀਆਉ।।

(ਗੁਰੂ ਗ੍ਰੰਥ ਸਾਹਿਬ, ਅੰਗ. ੩)

ਇਕ ਕਹਾਉ ਤੋਂ ਜ਼ਿੰਦਗੀ ਦੇ ਦਰਿਆਵਾਂ ਦਾ ਫੁੱਟ ਪੈਣਾ ਬਿੱਗ-ਬੈਂਗ ਹੀ ਤਾਂ ਹੈ। ਭਾਵ ਪਰਮਾਤਮਾ ਨੇ ਆਪਣੇ ਇਕੋ ਹੁਕਮ ਨਾਲ ਸਾਰੀ ਸ੍ਰਿਸ਼ਟੀ ਰਚ ਦਿੱਤੀ ਅਤੇ ਉਸ ਦੇ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਬ੍ਰਹਿਮੰਡ ਪਸਾਰੇ ਦੇ ਆਰੰਭ ਕਾਲ ਬਾਰੇ ਵੱਖ-ਵੱਖ ਧਰਮਾਂ ਦੇ ਧਰਮ-ਸ਼ਾਸਤਰੀਆਂ ਦੇ ਵਿਚਾਰ ਭਿੰਨ-ਭਿੰਨ ਹਨ ਪਰ ਪੱਕੀ ਤਿੱਥ ਕਿਸੇ ਕੋਲ ਨਹੀਂ ਹੈ। ਇਸਾਈ-ਮੱਤ ਬ੍ਰਹਿਮੰਡ ਦਾ ਜਨਮ 4004 ਸਾਲ ਪੂਰਵ-ਈਸਾ ਤੋਂ ਹੋਇਆ ਮੰਨਦਾ ਹੈ ਪਰ ਗੁਰਬਾਣੀ ਇਸ ਤਰ੍ਹਾਂ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਕਰਦੀ। ਵੀਹਵੀਂ ਸਦੀ ਦੇ ਸਾਰੇ ਮਾਹਿਰ ਵਿਗਿਆਨੀ ਬ੍ਰਹਿਮੰਡ ਦੇ ਆਰੰਭ-ਕਾਲ ਦਾ ਠੀਕ ਸਮਾਂ ਦਸ ਸਕਣ ਵਿਚ ਅਸਮਰਥ ਨਜ਼ਰ ਆਉਂਦੇ ਹਨ ਪਰ 16ਵੀਂ ਸਦੀ ਦੇ ਆਰੰਭ ਵਿਚ ਗੁਰੂ ਨਾਨਕ ਸਾਹਿਬ ਦੁਆਰਾ ਉਚਾਰੀ ਬਾਣੀ 'ਜਪੁਜੀ' ਵਿਚ ਇਸ ਸੁਆਲ ਦਾ ਹੱਲ ਸਹਿਜੇ ਹੀ ਪ੍ਰਾਪਤ ਹੋ ਜਾਂਦਾ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਥਿਤਿ ਕਵਣੁ ਵਾਰੁ।।
ਕਵਣ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ।।
ਵੇਲ ਨ ਪਾਈਆ ਪੰਡਿਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨਾ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।

(ਗੁਰੂ ਗ੍ਰੰਥ ਸਾਹਿਬ, ਅੰਗ. ੪)

ਭਾਵ ਉਹ ਕਿਹੜਾ ਵੇਲਾ ਤੇ ਵਕਤ ਸੀ, ਕਿਹੜੀ ਥਿੱਤ ਸੀ, ਕਿਹੜਾ ਦਿਨ ਸੀ, ਕਿਹੜੀਆਂ ਉਹ ਰੁੱਤਾਂ ਸਨ ਅਤੇ ਕਿਹੜਾ ਮਹੀਨਾ ਸੀ ਜਦੋਂ ਇਸ ਸ੍ਰਿਸ਼ਟੀ (ਬ੍ਰਹਿਮੰਡ) ਦੀ ਰਚਨਾ ਹੋਈ। ਉਸ ਸਮੇਂ ਦਾ ਪੰਡਿਤਾਂ ਨੂੰ ਵੀ ਪਤਾ ਨਾ ਲੱਗਾ, ਨਹੀਂ ਤਾਂ ਉਹ ਇਸ ਮਜ਼ਮੂਨ ਉੱਤੇ ਗ੍ਰੰਥ (ਪੁਰਾਣ) ਲਿਖ ਦਿੰਦੇ। ਉਸ ਸਮੇਂ ਦੇ ਕਾਜ਼ੀਆਂ ਨੂੰ ਖ਼ਬਰ ਨਾ ਲੱਗ ਸਕੀ ਨਹੀਂ ਤਾਂ ਉਹ ਵੀ ਲੇਖ ਲਿਖ ਦਿੰਦੇ, ਜਿਵੇਂ ਉਨ੍ਹਾਂ ਆਇਤਾਂ ਇੱਕਠੀਆਂ ਕਰਕੇ ਕੁਰਾਨ ਲਿਖੀ ਸੀ।

ਕਿਤੇ-ਕਿਤੇ ਗੁਰੂ ਨਾਨਕ ਸਾਹਿਬ ਨੇ ਪ੍ਰਾਚੀਨ ਭਾਰਤੀ ਚਿੰਤਕਾਂ ਵਾਂਗ ਇਨ੍ਹਾਂ ਜੁਗਾਂ ਦੀ ਗਿਣਤੀ-ਮਿਣਤੀ ਵੀ ਕੀਤੀ ਹੈ ਪਰ ਅੰਤਮ ਸੱਚ ਇਹੋ ਹੈ ਕਿ ਪਰਮਾਤਮਾ ਹੀ ਸਿਰਜਨਹਾਰ ਹੈ ਅਤੇ ਆਪ ਹੀ ਆਪਣੀ ਸਿਰਜਣਾ ਵਿਚ ਮੌਜੂਦ ਹੈ;

"ਕੇਤੇ ਜੁਗ ਵਰਤੇ ਗੁਬਾਰੈ ਤਾੜੀ ਲਾਈ ਅਪਰ ਅਪਾਰੈ
ਧੁੰਧੂਕਾਰਿ ਨਿਰਾਲਮੁ ਬੈਠਾ ਨਾ ਤਦਿ ਧੰਧੁ ਪਸਾਰਾ ਹੇ
ਜੁਗ ਛਤੀਹ ਤਿਨੈ ਵਰਤਾਏ ਜਿਉ ਤਿਸੁ ਭਾਣਾ ਤਿਵੈ ਚਲਾਏ
ਤਿਸਹਿ ਸਰੀਕੁ ਨ ਦੀਸੈ ਕੋਈ ਆਪੇ ਅਪਰ ਅਪਾਰਾ ਹੇ

(ਗੁਰੂ ਗ੍ਰੰਥ ਸਾਹਿਬ, ਅੰਗ.੧੦੨੬)

ਗੁਰਬਾਣੀ ਅਨੁਸਾਰ ਪਰਮਾਤਮਾ ਆਪ ਹੀ ਇਕ ਅਸੀਮ ਅਤੇ ਰਹੱਸਪੂਰਨ ਬ੍ਰਹਿਮੰਡ ਦਾ ਕਰਤਾ ਹੈ ਅਤੇ ਸਾਰੇ ਬ੍ਰਹਿਮੰਡ ਦੀ ਖੇਡ ਬਾਰੇ ਸਿਰਫ਼ ਉਹ ਆਪ ਹੀ ਜਾਣਦਾ ਹੈ. ਇਸ ਬਾਰੇ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ;

"ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ"

(ਗੁਰੂ ਗ੍ਰੰਥ ਸਾਹਿਬ, ਅੰਗ. ੧੩੮)

ਸੋ ਬ੍ਰਹਿਮੰਡ ਦੀ ਸੀਮਾ, ਕਾਲ, ਆਦਿ-ਅੰਤ ਉਸ ਪਰਮ ਸੱਤਾ ਦਾ ਬੇਅੰਤ ਖੇਡ ਪਸਾਰਾ ਜੋ ਵੱਡੇ ਤੋਂ ਵੱਡੇ ਵਿਗਿਆਨੀ ਅਤੇ ਪਰਮ-ਪੁਰਸ਼ ਦੇ ਗਿਆਨ ਤੋਂ ਵੀ ਬਹੁਤ ਪਰੇ ਦੀ ਗੱਲ ਹੈ. ਗੁਰੂ ਨਾਨਕ ਬਾਣੀ ਵਿਚ ਬ੍ਰਹਿਮੰਡੀ-ਪ੍ਰਪੰਚ ਦੀ ਵਿਆਖਿਆ ਕਈ ਥਾਵਾਂ ਤੇ ਮਿਲਦੀ ਹੈ ਜਿਸ ਵਿਚ ਭਾਵ ਇਹੀ ਹੈ ਕਿ ਪਰਮਾਤਮਾ ਸ੍ਰਿਸ਼ਟੀ ਦਾ ਮਾਲਕ, ਰਚਨਹਾਰ ਅਤੇ ਕਣ-ਕਣ ਵਿਚ ਵਾਸ ਕਰਦਾ ਹੈ;

"ਸਚੇ ਤੇਰੇ ਖੰਡ ਸਚੇ ਬ੍ਰਹਮੰਡ।।
ਸਚੇ ਤੇਰੇ ਲੋਅ ਸਚੇ ਆਕਾਰ।।
ਸਚੈ ਸਭਿ ਤਾਣਿ ਸਚੈ ਸਭਿ ਜੋਰਿ।।"

(ਗੁਰੂ ਗ੍ਰੰਥ ਸਾਹਿਬ, ਅੰਗ. ੪੬੩)

ਇਸ ਪ੍ਰਕਾਰ ਗੁਰੂ ਨਾਨਕ ਬਾਣੀ ਵਿਚ ਦੇਖਿਆ ਜਾ ਸਕਦਾ ਹੈ ਕਿ ਬ੍ਰਹਿਮੰਡ ਦੀ ਸੰਰਚਨਾ ਅਤੇ ਉਸ ਦੇ ਸਾਰੇ ਅੰਗ, ਤੱਤ ਅਤੇ ਵਿਸਥਾਰ ਦੇ ਹੋਰ ਸਾਧਨ ਸਭ ਸਿਰਜਨਹਾਰ ਹੀ ਸਿਰਜਦਾ ਹੈ ਅਤੇ ਜਿਵੇਂ ਜਿਵੇਂ ਬ੍ਰਹਿਮੰਡ ਵਿਗਿਆਨੀ ਆਪਣੀ ਅਸਮਰਥਾ ਇਸ ਰਹੱਸ ਲਈ ਜ਼ਾਹਿਰ ਕਰਦੇ ਹਨ ਉਵੇਂ-ਉਵੇਂ ਗੁਰੂ ਸਾਹਿਬ ਆਪਣੀ ਬਾਣੀ ਵਿਚ ਫਰਮਾਉਂਦੇ ਹਨ ਕਿ ਕੋਈ ਵੀ ਬ੍ਰਹਿਮੰਡ ਬਾਰੇ ਅੰਤਮ ਨਿਰਣਾ ਨਹੀਂ ਲੈ ਸਕਦਾ, ਸਿਰਫ਼ ਜਿਸ ਸਿਰਜਕ ਨੇ ਇਸਦੀ ਸਿਰਜਣਾ ਕੀਤੀ ਹੈ ਉਹੀ ਉਸ ਦੇ ਅੰਤਮ ਸੱਚ ਬਾਰੇ ਜਾਣਦਾ ਹੈ;

"ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੇ ਸੋਈ ।।

(ਗੁਰੂ ਗ੍ਰੰਥ ਸਾਹਿਬ, ਅੰਗ.੪)

ਇਸ ਤੋਂ ਸਪਸ਼ਟ ਹੁੰਦਾ ਹੈ ਕਿ ਬ੍ਰਹਿਮੰਡ ਦੇ ਆਰੰਭ ਕਾਲ ਬਾਰੇ ਕੋਈ ਮਹਾਗਿਆਨੀ ਵੀ ਨਹੀਂ ਜਾਣਦਾ। ਸਿਰਫ਼ ਇਸ ਬ੍ਰਹਿਮੰਡ ਦਾ ਸਿਰਜਣਹਾਰ ਹੀ ਇਸ ਰਹੱਸ ਨੂੰ ਜਾਣਦਾ ਹੈ। ਇਹ ਗੱਲ ਮਨੁੱਖ ਦੀ ਸੋਚ ਤੋਂ ਪਰੇ ਹੈ। ਵੀਹਵੀਂ ਸਦੀ ਦੀ ਉਨੱਤ ਵਿਗਿਆਨਕ ਤਕਨਾਲੌਜੀ ਵੀ ਇਸ ਗਿਆਨ ਨੂੰ ਪ੍ਰਮਾਣਿਕਤਾ ਨਾਲ ਪ੍ਰਾਪਤ ਨਹੀਂ ਕਰ ਸਕੀ। ਗੁਰੂ ਨਾਨਕ ਸਾਹਿਬ ਬ੍ਰਹਿਮੰਡ ਦੇ ਆਰੰਭ ਤੋਂ ਲੈ ਕੇ ਜੀਵਨ ਦੇ ਵਿਕਾਸ ਤੱਕ ਦੀ ਯਾਤਰਾ ਵਿਚ ਗੈਸਾਂ ਤੇ ਤਰਲ ਦੀ ਕ੍ਰਮਿਕ ਅਵਸਥਾ ਨਾਲ ਸੰਬੰਧਿਤ ਭੌਤਿਕ ਮਸਲੇ ਬਾਰੇ ਆਪਣੀ ਬਾਣੀ ਵਿਚ ਇੰਝ ਪੇਸ਼ ਕਰਦੇ ਹਨ:

"ਸਾਚੈ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।।

ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ।।

(ਗੁਰੂ ਗ੍ਰੰਥ ਸਾਹਿਬ, ਅੰਗ ੧)

ਇਸੇ ਤਰ੍ਹਾਂ ਇਹ ਸਭ ਪਰਮਾਤਮਾ ਨੇ ਉਸ ਸਮੇਂ ਕੀਤਾ ਜਦੋਂ ਇਸ ਬ੍ਰਹਿਮੰਡ ਵਿਚ ਕੁਝ ਵੀ ਨਹੀਂ ਸੀ।

ਜਲੁ ਥਲੁ ਧਰਣਿ ਗਗਨੁ ਤਹ ਨਾਹੀ
ਆਪੇ ਆਪੁ ਕੀਆ ਕਰਤਾਰ।।

(ਗੁਰੂ ਗ੍ਰੰਥ ਸਾਹਿਬ, ਅੰਗ ੫੦੩)

ਅਜੋਕੇ ਵਿਗਿਆਨੀ ਵੀ ਬ੍ਰਹਿਮੰਡ ਦੀ ਵਿਸ਼ਾਲਤਾ ਦਾ ਅੰਤ ਨਹੀਂ ਪਾ ਸਕੇ, ਲੱਖਾਂ ਧਰਤੀਆਂ, ਲੱਖਾਂ ਆਕਾਸ਼, ਅਣਗਿਣਤ ਸੂਰਜ, ਅਣਗਿਣਤ ਚੰਨ, ਅੰਤ ਨਾ ਪਾਏ ਜਾਣ ਵਾਲਾ ਵਿਸ਼ਾਲ ਬ੍ਰਹਿਮੰਡ। ਇਸ ਅਸੀਮ ਬ੍ਰਹਿਮੰਡ ਦੀ ਵਿਸ਼ਾਲਤਾ ਦੇ ਰਹੱਸਾਂ, ਰੂਪਾਂ ਅਤੇ ਰੰਗਾਂ ਦਾ ਵਿਸਥਾਰ ਗੁਰੂ ਨਾਨਕ ਬਾਣੀ ਵਿਚ ਇਉਂ ਪੇਸ਼ ਹੁੰਦਾ ਹੈ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।।
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।।
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ।।

(ਗੁਰੂ ਗ੍ਰੰਥ ਸਾਹਿਬ, ਅੰਗ.੫)

ਇਸ ਸਾਰੇ ਬ੍ਰਹਿਮੰਡ ਦੇ ਸਿਰਜਣਹਾਰ, ਉਸ ਅਕਾਲ ਪੁਰਖ ਨੂੰ ਸਭ ਤੋਂ ਵੱਡਾ ਮੰਨਿਆ ਗਿਆ ਹੈ। ਭਾਵ, ਅਕਾਲ ਪੁਰਖ ਨੇ ਹੀ ਸਾਰੀ ਸ੍ਰਿਸ਼ਟੀ ਰਚੀ ਹੈ, ਕਈ ਮਨੁੱਖ ਅੱਜ ਵੀ ਇਸ ਦੀ ਤਹਿ ਤਕ ਪਹੁੰਚਣ ਦੀਆਂ ਕੋਸ਼ਿਸ਼ਾਂ ਕਰ ਕਰੇ ਹਨ ਪਰ ਇਸ ਤਹਿ ਤਕ ਪਹੁੰਚਣਾ ਇੰਨੀ ਸੌਖੀ ਗੱਲ ਨਹੀਂ ਹੈ। ਜਪੁਜੀ ਦੀ 24ਵੀਂ ਪਉੜੀ ਵਿਚ ਵੀ ਗੁਰੂ ਸਾਹਿਬ ਇਉਂ ਉਪਦੇਸ਼ ਦਿੰਦੇ ਹਨ:

ਅੰਤੁ ਨ ਜਾਪੈ ਕੀਤਾ ਆਕਾਰੁ।। ਅੰਤੁ ਨਾ ਜਾਪੈ ਪਾਰਾਵਾਰੁ।।
ਅੰਤ ਕਾਰਣਿ ਕੇਤੇ ਬਿਲਲਾਹਿ।। ਤਾ ਕੇ ਅੰਤ ਨ ਪਾਏ ਜਾਹਿ।।
ਏਹੁ ਅੰਤੁ ਨ ਜਾਣੈ ਕੋਇ।। ਬਹੁਤਾ ਕਹੀਐ ਬਹੁਤਾ ਹੋਇ।।

(ਗੁਰੂ ਗ੍ਰੰਥ ਸਾਹਿਬ, ਅੰਗ. ੫)

ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਥਾਂ-ਥਾਂ 'ਤੇ ਅਣਗਿਣਤ ਬ੍ਰਹਿਮੰਡਾਂ ਦਾ ਵਰਨਣ ਕਰਦੇ ਹੋਏ ਆਖਦੇ ਹਨ;

ਤਿਥੈ ਖੰਡ ਮੰਡਲ ਵਰਭੰਡ।। ਜੇ ਕੋ ਕਥੈ ਤ ਅੰਤੁ ਨ ਅੰਤੁ।।

(ਗੁਰੂ ਗ੍ਰੰਥ ਸਾਹਿਬ, ਅੰਗ.੮)

ਅਜੋਕੀ ਸਦੀ ਦੇ ਸੂਝਵਾਨ ਵਿਗਿਆਨੀ ਵੀ ਹੁਣ ਅਨੇਕਾਂ ਬ੍ਰਹਿਮੰਡਾਂ ਦੀ ਹੋਂਦ ਦੀ ਤਲਾਸ਼ ਵਿਚ ਰੁਝੇ ਹੋਏ ਹਨ, ਵਿਗਿਆਨ ਅਤੇ ਤਕਨਾਲੋਜੀ ਨਾਲ ਸੰਬੰਧਤ ਅਨੇਕਾਂ ਮਹੱਤਵਪੂਰਨ ਖੋਜਾਂ ਕੀਤੀਆਂ ਜਾ ਰਹੀਆਂ ਹਨ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸੋਲ੍ਹਵੀਂ ਸਦੀ ਦੇ ਪ੍ਰਸਿੱਧ ਵਿਦਵਾਨ ਚਿੰਤਕ ਗੁਰੂ ਨਾਨਕ ਦੇਵ ਦੀ ਬਾਣੀ ਵਿਚਲੇ ਵਿਚਾਰ ਅਜੋਕੇ

ਵਿਗਿਆਨਿਕ ਵਿਚਾਰਾਂ ਦੇ ਸਮਾਨਾਂਤਰ ਪ੍ਰਤੀਤ ਹੁੰਦੇ ਹਨ। ਭਾਵੇਂ ਵਿਗਿਆਨ ਦਾ ਉਦੇਸ਼ ਸੱਚ ਤਕ ਪਹੁੰਚਣਾ ਹੈ ਅਤੇ ਧਰਮ ਦਾ ਵੀ। ਦੋਵਾਂ ਦਾ ਮਨੋਰਥ ਭਾਵੇਂ ਇਕ ਹੀ ਹੈ ਪਰ ਇਨ੍ਹਾਂ ਦੀ ਦ੍ਰਿਸ਼ਟੀ ਵੱਖੋ-ਵੱਖਰੀ ਹੈ। ਸਾਇੰਸ ਜੜ ਦੀ ਤਹਿ ਵਿਚ ਛੁਪੇ ਸੱਚ ਨੂੰ ਪਛਾਣਨ ਦਾ ਯਤਨ ਕਰਦੀ ਹੈ, ਜਦਕਿ ਬ੍ਰਹਮ ਦਾ ਖੋਜੀ ਆਪਣੇ ਅੰਤਰੀਵ ਅਨੁਭਵ ਨਾਲ ਉਸ ਪਰਮ ਸੱਚ ਨੂੰ ਪਾ ਲੈਂਦਾ ਹੈ। ਗੁਰੂ ਨਾਨਕ ਬਾਣੀ ਵਿਚਲਾ ਸੱਚ ਬ੍ਰਹਿਮੰਡੀ ਸੱਚ ਹੈ ਪਰ ਉਸ ਦੇ ਆਧਾਰ ਭੌਤਿਕ ਹਨ। ਉਸ ਪਰਾਭੌਤਿਕ ਸੱਚ ਦਾ ਵਾਸਾ ਕੁਦਰਤ ਦੇ ਕਣ-ਕਣ ਵਿਚ ਮੌਜੂਦ ਹੈ। ਉਨ੍ਹਾਂ ਨੇ ਬ੍ਰਹਿਮੰਡੀ ਸਿਰਜਣਾ ਨੂੰ 'ਕੁਦਰਤ' ਦਾ ਨਾਮ ਦਿੱਤਾ ਹੈ। ਉਨ੍ਹਾਂ ਅਨੁਸਾਰ ਜੋ ਵੀ ਦਿਖਾਈ ਦਿੰਦਾ ਹੈ, ਸੁਣਾਈ ਦਿੰਦਾ ਹੈ, ਸਭ ਕੁਦਰਤ ਹੀ ਹੈ;

ਕੁਦਰਤਿ ਦਿਸੈ ਕੁਦਰਿਤ ਸੁਣੀਐ ਕੁਦਰਤਿ ਭਉ ਸੁਖ ਸਾਰੁ।।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ।।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ।।
ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ।।
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ।।
ਕੁਦਰਤਿ ਨੇਕੀਆ ਕੁਰਦਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ।।
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ।।

(ਗੁਰੂ ਗ੍ਰੰਥ ਸਾਹਿਬ, ਅੰਗ. ੪੬੪)

ਇਸ ਤਰ੍ਹਾਂ ਨਾਨਕ ਬਾਣੀ ਭੌਤਿਕ ਬ੍ਰਹਿਮੰਡ ਦੇ ਵਰਤਾਰਿਆਂ ਲਈ ਕੁਦਰਤ ਸ਼ਬਦ ਦਾ ਪ੍ਰਯੋਗ ਕਰਦੀ ਹੈ। ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਰਚਿਤ 'ਆਰਤੀ' ਵਿਚ ਵੀ ਕੁਦਰਤ ਦੇ ਸੁਹਜ ਦਾ ਵਰਣਨ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਿਲਦਾ ਹੈ। ਗੁਰੂ ਨਾਨਕ ਸਾਹਿਬ ਇਕ ਕ੍ਰਾਂਤੀਕਾਰੀ ਆਰਤੀ ਦੀ ਸਿਰਜਣਾ ਕਰਦੇ ਹਨ, ਉਹ ਭੌਤਿਕ ਸਮੱਗਰੀ ਦੀ ਥਾਵੇਂ ਅਕਾਲ ਉਸਤਤਿ ਲਈ ਸ਼ਬਦ ਤੇ ਚੇਤਨਾ ਰਾਹੀਂ ਉਸ ਅਕਾਸ਼ ਰੂਪੀ ਥਾਲ ਵਿਚ ਚੰਨ, ਸੂਰਜ, ਤਾਰੇ, ਪਹਾੜ, ਹਵਾ, ਫਲ ਤੇ ਫੁੱਲ ਆਦਿ ਨੂੰ ਪਰੋਸ ਕੇ ਰੱਖ ਦਿੰਦੇ ਹਨ। ਅਕਾਲ ਪੁਰਖ ਦੀ ਸਿਫ਼ਤ ਸਲਾਹ ਵਿਚ ਖੰਡ-ਬ੍ਰਹਿਮੰਡ ਉਸ ਦੇ ਹੁਕਮ ਵਿਚ ਉਸ ਦਾ ਗੁਣਗਾਨ ਕਰ ਰਹੇ ਹਨ। ਕੁਦਰਤ, ਉਸ ਸਿਰਜਣਹਾਰ ਦਾ ਮੰਦਿਰ ਬਣ ਗਿਆ ਹੈ;

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।
ਕੈਸੀ ਆਰਤੀ ਹੋਇ ।। ਭਵ ਖੰਡਨਾ ਤੇਰੀ ਆਰਤੀ।।

(ਗੁਰੂ ਗ੍ਰੰਥ ਸਾਹਿਬ, ਅੰਗ.੬੬੩ )

ਇਥੇ ਇਕ ਹੋਰ ਗੱਲ ਵਿਚਾਰਨਯੋਗ ਹੈ ਕਿ ਪ੍ਰਾਚੀਨ ਕਾਲ ਤੋਂ ਪੁਲਾੜ ਵਿਚ ਪ੍ਰਿਥਵੀ ਕਿਸ ਚੀਜ਼ ਉੱਤੇ ਟਿਕੀ ਹੈ ? ਇਸ ਬਾਰੇ ਵੱਖ-ਵੱਖ ਧਾਰਨਾਵਾਂ ਪ੍ਰਚਲਿਤ ਹਨ। ਪ੍ਰਾਚੀਨ ਭਾਰਤੀ ਲੋਕਾਂ ਦੀ ਧਾਰਨਾ ਮੁਤਾਬਿਕ ਧਰਤੀ ਇਕ ਵੱਡੇ ਸਮੁੰਦਰ ਵਿਚ ਤੈਰ ਰਹੇ ਵਿਸ਼ਾਲ ਕੱਛਕੁੰਮੇ ਦੀ ਪਿੱਠ ਉੱਤੇ ਖੜ੍ਹੇ ਚਾਰ ਹਾਥੀਆਂ ਦੀ ਪਿੱਠ ਉੱਤੇ ਟਿਕੀ ਹੋਈ ਹੈ। ਇਹ ਹਾਥੀ ਆਪਣੀਆਂ ਉਪਰ ਚੁੱਕੀਆਂ ਸੁੰਡਾਂ ਨਾਲ ਧਰਤੀ ਨੂੰ ਚਾਰ ਕੋਨਿਆਂ ਤੋਂ ਸੰਭਾਲੀ ਖੜ੍ਹੇ ਹਨ। ਇਸੇ ਤਰ੍ਹਾਂ ਇਕ ਹੋਰ ਧਾਰਨਾ

ਅਨੁਸਾਰ ਧਰਤੀ ਨੂੰ ਇਕ ਬੌਲਦ ਦੇ ਸਿੰਗਾਂ ਉੱਪਰ ਟਿਕਿਆ ਮੰਨਿਆ ਜਾਂਦਾ ਹੈ। ਇਹ ਬੌਲਦ ਸ਼ੇਸ਼ਨਾਗ ਦੇ ਫਣ ਉਪਰ ਅਤੇ ਸ਼ੇਸ਼ਨਾਗ ਕੱਛ ਦੇ ਸਿਰ ਉਪਰ ਟਿਕਿਆ ਦੱਸਿਆ ਜਾਂਦਾ ਹੈ। ਧਰਤੀ ਹੇਠਲਾ ਬੌਲਦ, ਜਦੋਂ ਪ੍ਰਿਥਵੀ ਨੂੰ ਇਕ ਸਿੰਗ ਤੋਂ ਦੂਸਰੇ ਸਿੰਗ ਉੱਤੇ ਬਦਲਦਾ ਹੈ ਤਾਂ ਪ੍ਰਿਥਵੀ ਉੱਤੇ ਭੂਚਾਲ ਆ ਜਾਂਦੇ ਹਨ ਪਰ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਨ੍ਹਾਂ ਪ੍ਰਚਲਿਤ ਪੁਰਾਤਨ ਧਾਰਨਾਵਾਂ ਦੀ ਨਿਖੇਧੀ ਕੀਤੀ ਅਤੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਿਗਿਆਨਕ ਤਰਕ ਅਤੇ ਦਲੀਲਾਂ ਦੇ ਕੇ ਆਪਣੀ ਬਾਣੀ ਵਿਚ ਇਸ ਤਰ੍ਹਾਂ ਸਪਸ਼ਟ ਕੀਤਾ ਹੈ:

ਧੌਲੁ ਧਰਮੁ ਦਇਆ ਕਾ ਪੂਤੁ।। ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।।
ਜੇ ਕੋ ਬੁਝੈ ਹੋਵੈ ਸਚਿਆਰੁ।। ਧਵਲੈ ਉਪਰਿ ਕੇਤਾ ਭਾਰੁ।।
ਧਰਤੀ ਹੋਰੁ ਪਰੈ ਹੋਰੁ ਹੋਰੁ।। ਤਿਸ ਤੇ ਭਾਰੁ ਤਲੈ ਕਵਣੁ ਜੋਰੁ।।
(ਗੁਰੂ ਗ੍ਰੰਥ ਸਾਹਿਬ, ਅੰਗ. ੩)

ਅਰਥਾਤ, ਇਹ ਪ੍ਰਿਥਵੀ ਧਰਮ ਰੂਪੀ ਬੌਲਦ ਦੇ ਸਹਾਰੇ ਟਿਕੀ ਹੋਈ ਹੈ। ਦਇਆ ਵਿਚੋਂ ਹੀ ਧਰਮ ਦੀ ਉਤਪਤੀ ਹੁੰਦੀ ਹੈ। ਜੇ ਕਿਸੇ ਵਿਅਕਤੀ ਦੇ ਮਨ ਵਿਚ ਦਇਆ ਦੇ ਭਾਵ ਪੈਦਾ ਨਹੀਂ ਹੁੰਦੇ ਤਾਂ ਉਹ ਧਾਰਮਿਕ ਮਨੁੱਖ ਨਹੀਂ ਹੋ ਸਕਦਾ। ਅੱਗੋਂ ਇਸ ਧਰਮ ਨੇ ਮਰਿਆਦਾ ਅਨੁਸਾਰ ਸੰਤੋਖ ਨੂੰ ਪੈਦਾ ਕੀਤਾ ਤੇ ਜਿਹੜਾ ਵਿਅਕਤੀ ਦਇਆ, ਧਰਮ ਅਤੇ ਸੰਤੋਖ ਦੇ ਆਪਸੀ ਸੰਬੰਧਾਂ ਨੂੰ ਸਮਝ ਲੈਂਦਾ ਹੈ ਉਹ ਮਨੁੱਖ ਸਚਿਆਰ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪਰਮਾਤਮਾ ਉਹ ਅਸੀਮ ਅਤੇ ਅਦ੍ਰਿਸ਼ ਸ਼ਕਤੀ ਹੈ ਜੋ ਸਮੂਚੇ ਬ੍ਰਹਿਮੰਡ ਨੂੰ ਬੱਝਵੇਂ ਨਿਯਮਾਂ ਵਿਚ ਸੰਚਾਲਿਤ ਕਰ ਰਹੀ ਹੈ।

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਜਪੁਜੀ ਦੀ ਦੂਜੀ ਪਉੜੀ ਵਿਚ ਵੀ ਪੂਰੀ ਸ੍ਰਿਸ਼ਟੀ ਦੇ ਨਿਯਮਾਂ ਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਚਲਦਾ ਦਸਿਆ ਹੈ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।
(ਗੁਰੂ ਗ੍ਰੰਥ ਸਾਹਿਬ, ਅੰਗ. ੧)

ਉਪਰੋਕਤ ਕਥਨ ਤੋਂ ਸਪਸ਼ਟ ਹੁੰਦਾ ਹੈ ਕਿ ਬ੍ਰਹਿਮੰਡ ਦੇ ਸਾਰੇ ਜੀਅ, ਗ੍ਰਹਿ ਤੇ ਤੱਤ ਉਸ ਅਕਾਲ ਪੁਰਖ ਦੁਆਰਾ ਸਿਰਜਿਤ ਨਿਯਮਾਂ ਅਨੁਸਾਰ ਕਾਰਜ ਕਰਦੇ ਹਨ ਪਰ ਗੁਰੂ ਨਾਨਕ ਸਾਹਿਬ ਦਾ ਵਿਗਿਆਨਿਕ ਦ੍ਰਿਸ਼ਟੀਕੋਣ, ਤਰਕਸ਼ੀਲ ਤੇ ਵਿਸ਼ਲੇਸ਼ਣਾਤਮਕ ਵੀ ਹੈ। ਗੁਰੂ ਸਾਹਿਬ ਕੁਦਰਤੀ ਵਰਤਾਰਿਆਂ ਦਾ ਨਾਂ ਕੇਵਲ ਤਰਕ ਸੰਗਤ ਹੱਲ ਸੁਝਾਉਂਦੇ ਹਨ ਸਗੋਂ ਉਸ ਵੇਲੇ ਦੀਆਂ ਪ੍ਰਚਲਿਤ ਗ਼ਲਤ ਧਾਰਨਾਵਾਂ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਵੀ ਖੰਡਨ ਕਰਦੇ ਹਨ।

ਗੁਰੂ ਨਾਨਕ ਸਾਹਿਬ ਆਪਣੀ ਵਿਗਿਆਨਕ ਸੋਚ ਤੇ ਸੂਝ-ਬੂਝ ਅਨੁਸਾਰ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਵੇਂ ਉਸ ਅਕਾਲ ਪੁਰਖ ਸਿਰਜਣਹਾਰ ਨੂੰ ਭਾਉਂਦਾ ਹੈ ਅਤੇ ਜਿਵੇਂ ਉਸ ਦਾ ਹੁਕਮ ਹੁੰਦਾ ਹੈ ਤਿਵੇਂ ਹੀ ਉਹ ਆਪ ਸੰਸਾਰਿਕ ਗਤੀਵਿਧੀਆਂ ਨੂੰ ਚਲਾਉਂਦਾ ਹੈ। ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਦੇ ਹੱਥ ਕੁਝ ਨਹੀਂ ਉਹ ਸਿਰਜਣਹਾਰ ਸਭ ਕੁਝ ਵੇਖ ਰਿਹਾ ਹੈ ਪਰ ਅਸੀਂ ਉਸਨੂੰ ਵੇਖਣ ਵਿਚ ਅਸਮਰਥ ਹਾਂ ਜਿਵੇਂ ਗੁਰੂ ਸਾਹਿਬ ਬਾਣੀ ਵਿਚ ਲਿਖਦੇ ਹਨ:

ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ।।

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ।।
(ਗੁਰੂ ਗ੍ਰੰਥ ਸਾਹਿਬ, ਅੰਗ. ੭)

ਇਸ ਤਰ੍ਹਾਂ ਗੁਰੂ ਨਾਨਕ ਸਾਹਿਬ ਨੇ ਬ੍ਰਹਿਮੰਡ ਦੇ ਸਿਰਜਕ ਵਜੋਂ ੧ੴ ਜਾਂ ਅਕਾਲ ਪੁਰਖ ਨੂੰ ਸਾਰੀਆਂ ਸਿਰਜਣਹਾਰੀ ਸ਼ਕਤੀਆਂ ਦੇ ਮੂਲ ਵਜੋਂ ਪੇਸ਼ ਕੀਤਾ ਹੈ ਜੋ ਆਦਿ ਸ਼ਕਤੀ ਹੈ। ਗੁਰੂ ਨਾਨਕ ਸਾਹਿਬ ਦਾ ਨਿਸ਼ਚੇਮਈ ਕਥਨ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ;

'ਸਭ ਮਹਿ ਜੋਤਿ ਜੋਤਿ ਹੈ ਸੋਇ'

(ਗੁਰੂ ਗ੍ਰੰਥ ਸਾਹਿਬ,ਅੰਗ.2੩)

ਇਉਂ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਜੋ ਕੁਝ ਆਪਣੇ ਸਮੇਂ (1469-1538) ਤਕ ਵਿਗਿਆਨ ਦੀ ਝੋਲੀ ਵਿਚ ਪਾਇਆ ਹੈ ਉਹ ਉਸ ਵੇਲੇ ਮੁਤਾਬਿਕ ਬਹੁਤ ਵੱਡੀ ਪ੍ਰਾਪਤੀ ਸੀ। ਕਿਉਂ ਜੋ ਖਗੋਲ ਵਿਗਿਆਨ ਨੇ ਉਸ ਸਮੇਂ ਤਕ ਖਾਸ ਜ਼ਿਕਰਯੋਗ ਪ੍ਰਾਪਤੀ ਨਹੀਂ ਸੀ ਕੀਤੀ। ਗੁਰੂ ਨਾਨਕ ਦੇਵ ਜੀ ਨੇ ਬ੍ਰਹਿਮੰਡੀ ਪਸਾਰੇ ਨਾਲ ਸੰਬੰਧਿਤ ਜੋ ਧਾਰਨਾਵਾਂ 15ਵੀਂ ਸਦੀ ਵਿਚ ਦਿੱਤੀਆਂ ਸਨ ਉਹ ਧਾਰਨਾਵਾਂ ਅੱਜ ਵੀ ਉਨ੍ਹਾਂ ਦੀ ਬਾਣੀ ਅਨੁਸਾਰ ਸਾਰਥਕ ਸਿੱਧ ਹੋ ਰਹੀਆਂ ਹਨ। ਗੁਰੂ ਸਾਹਿਬ ਦੇ ਉਚਾਰੇ ਸ਼ਬਦਾਂ ਦਾ ਮੰਥਨ ਕਰੀਏ ਤਾਂ ਪਤਾ ਲੱਗਦਾ ਹੈ ਕਿ ਇਹ ਸ਼ਬਦ ਕਿਸੇ ਬਹੁਤ ਹੀ ਪਰਬੀਨ ਵਿਗਿਆਨੀ ਦੁਆਰਾ ਅਜੋਕੇ ਯੁਗ ਵਿਚ ਕਹੇ ਗਏ ਹੋਣਗੇ ਪਰ ਨਹੀਂ ਇਹ ਸ਼ਬਦ ਮਹਾਨ ਗੁਰੂ ਸਾਹਿਬ ਨੇ ਲਗਭਗ ਪੰਜ ਸਦੀਆਂ ਪਹਿਲਾਂ ਉਚਾਰੇ ਸਨ:

ਆਪੇ ਸਚੁ ਕੀਆ ਕਰ ਜੋੜਿ।।
ਅੰਡਜ ਫੋੜਿ ਜੋੜਿ ਵਿਛੋੜਿ।।
ਧਰਤਿ ਅਕਾਸੁ ਕੀਏ ਬੈਸਣ ਕਉ ਥਾਉ।।
ਰਾਤਿ ਦਿਨੰਤੁ ਕੀਏ ਭਉ ਭਾਉ।।
ਜਿਨਿ ਕੀਏ ਕਰਿ ਵੇਖਣਹਾਰਾ।।
ਅਵਰੁ ਨ ਦੂਜਾ ਸਿਰਜਣਹਾਰਾ।।

(ਗੁਰੂ ਗ੍ਰੰਥ ਸਾਹਿਬ, ਅੰਗ. ੮੩੭)

ਗੁਰੂ ਨਾਨਕ ਦੇਵ ਜੀ ਆਪਣੇ ਵਿਸ਼ਾਲ ਅਨੁਭਵ ਨਾਲ ਅਜੋਕੇ ਵਿਗਿਆਨ-ਸ਼ਾਸਤਰਾਂ ਤੋਂ ਬਹੁਤ ਅਗੇਰੇ ਦੇ ਗਿਆਨ ਨੂੰ ਆਧੁਨਿਕ ਗਿਆਨ-ਵਿਗਿਆਨ ਸ਼ਾਸਤਰਾਂ ਤੋਂ ਬਹੁਤ ਪਹਿਲਾਂ ਹੀ ਬਿਆਨ ਕਰ ਚੁੱਕੇ ਹਨ. ਉਨ੍ਹਾਂ ਦੀ ਵਿਗਿਆਨਕ ਸੋਚ ਦੇ ਕਲਾਵੇ ਵਿਚ ਸਮੁੱਚਾ ਬ੍ਰਹਿਮੰਡ ਆ ਗਿਆ। ਜਿਸ ਦਾ ਪ੍ਰਤੱਖ-ਪ੍ਰਮਾਣ ਉਨ੍ਹਾਂ ਦੁਆਰਾ ਰਚਿਤ ਬਾਣੀ ਵਿਚ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਇਸ ਤੋਂ ਭਲੀਭਾਂਤ ਸਪਸ਼ਟ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਇਸ ਧਰਤੀ ਦੇ ਨਹੀਂ, ਸਗੋਂ ਸਮੁੱਚੇ ਬ੍ਰਹਿਮੰਡੀ ਗੁਰੂ ਹੋਣ ਦਾ ਦਰਜਾ ਰੱਖਦੇ ਹਨ।

□□□

# ਕੋਸ਼ ਨਿਰਮਾਣਕਾਰੀ : ਕੁਝ ਬੁਨਿਆਦੀ ਤੱਤ

*ਡਾ. ਅਕਵਿੰਦਰ ਕੌਰ ਤਨਵੀ*

*ਅਸਿਸਟੈਂਟ ਪ੍ਰੋਫ਼ੈਸਰ, ਕੋਸ਼ਕਾਰੀ ਵਿਭਾਗ, ਸਕੂਲ ਆਫ਼ ਪੰਜਾਬੀ ਸਟੱਡੀਜ਼, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ*

ਭਾਰਤ ਵਿਚ ਕੋਸ਼ਕਾਰੀ ਦੀ ਪਰੰਪਰਾ ਸੰਸਾਰ ਦੀਆਂ ਪ੍ਰਾਚੀਨਤਮ ਪਰੰਪਰਾਵਾਂ ਵਿਚ ਮੋਢੀ ਥਾਂ ਦੀ ਧਾਰਨੀ ਹੈ। ਕੋਸ਼ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਵੈਦਿਕ ਸਾਹਿਤ ਵਿਚ ਕੀਤੀ ਹੋਈ ਮਿਲਦੀ ਹੈ। ਰਿਗਵੇਦ ਵਿਚ ਇਸ ਸ਼ਬਦ ਨੂੰ 'ਮੇਘ', 'ਵਸਤੂ ਰੱਖਣ ਦੀ ਥਾਂ', 'ਬਾਲਟੀ', 'ਬਕਸਾ', 'ਟਰੰਕ' ਆਦਿ ਅਰਥਾਂ ਵਿਚ 39 ਵਾਰੀ ਵਰਤਿਆ ਗਿਆ ਹੈ।1 ਵੈਦਿਕ ਸਾਹਿਤ ਤੋਂ ਬਾਦ ਲੌਕਿਕ ਸਾਹਿਤ ਅਤੇ ਸੰਸਕ੍ਰਿਤ ਵਿਚ ਵੀ 'ਕੋਸ਼' ਸ਼ਬਦ ਦੀ ਵਰਤੋਂ ਸੋਨਾ, ਚਾਂਦੀ, ਕਲੀ, ਤਲਵਾਰ ਦੀ ਮਿਆਨ, 'ਖਜ਼ਾਨਾ' ਆਦਿ ਅਰਥਾਂ ਵਿਚ ਵਧੇਰੇ ਹੋਈ ਹੈ। ਡਾ. ਪਰਮਜੀਤ ਸਿੰਘ ਸਿੱਧੂ ਅਨੁਸਾਰ, "ਧਨ ਤੇ ਪਦਾਰਥਕ ਵਸਤਾਂ ਦੇ ਸੰਗ੍ਰਹਿ ਨੂੰ ਤਾਂ ਖ਼ਜ਼ਾਨਾ ਹੀ ਕਿਹਾ ਜਾਂਦਾ ਸੀ। ਇਨ੍ਹਾਂ ਅਰਥਾਂ ਵਿਚ ਹੀ ਸ਼ਬਦਾਂ ਦੇ ਸੰਗ੍ਰਹਿ ਨੂੰ ਵੀ ਕੋਸ਼ ਕਿਹਾ ਜਾਣ ਲੱਗ ਪਿਆ।"2

ਡਾ. ਭੋਲਾ ਨਾਥ ਤਿਵਾੜੀ ਨੇ ਕੋਸ਼ ਨੂੰ ਪ੍ਰੀਭਾਸ਼ਿਤ ਕਰਦਿਆਂ ਲਿਖਿਆ ਹੈ:-

ਇਸ ਪ੍ਰਸੰਗ ਵਿੱਚ ਅੰਗ੍ਰੇਜ਼ੀ ਸ਼ਬਦ ਡਿਕਸ਼ਨਰੀ ਵੇਖਿਆ ਜਾ ਸਕਦਾ ਹੈ। ਮੂਲ ਰੂਪ ਵਿੱਚ ਇਹ ਸ਼ਬਦ ਲਾਤੀਨੀ ਭਾਸ਼ਾ ਦਾ ਸ਼ਬਦ Dicere ਹੈ ਜਿਸ ਦਾ ਅਰਥ ਹੈ 'ਕਹਿਣਾ' ਜਾਂ 'ਬੋਲਣਾ' ਇਸ ਤੋਂ Diction ਸ਼ਬਦ ਬਣਿਆ ਜਿਸ ਦਾ ਮੂਲ ਅਰਥ ਹੈ 'ਜੋ ਬੋਲਿਆ ਜਾ ਕਿਹਾ ਜਾਏ' ਜਾਂ ਸ਼ਬਦ। ਇਨ੍ਹਾਂ ਸ਼ਬਦਾਂ ਦਾ ਸਮੂਹ ਡਿਕਸ਼ਨਰੀ ਹੈ। ਅੰਗ੍ਰੇਜ਼ੀ ਵਿੱਚ ਕੋਸ਼ ਨੂੰ Lexicon ਵੀ ਆਖਦੇ ਹਨ। ਜਿਸ ਦਾ ਮੂਲ ਸੰਬੰਧ ਯੂਨਾਨੀ ਧਾਤੂ Legein ਨਾਲ ਹੈ। ਇਸ ਧਾਤੂ ਦਾ ਮੂਲ ਅਰਥ 'ਕਹਿਣਾ' ਜਾਂ 'ਬੋਲਣਾ' ਹੈ।3

ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਅਨੁਸਾਰ:

ਕੋਸ਼ ਇਕ ਅਜਿਹਾ ਗ੍ਰੰਥ ਹੈ ਜਿਸ ਵਿੱਚ ਕਿਸੇ ਭਾਸ਼ਾ ਦੇ ਇਕੱਲੇ ਇਕੱਲੇ ਸ਼ਬਦਾਂ (ਜਾਂ ਉਨ੍ਹਾਂ ਦੇ ਕੁਝ ਵਿਸ਼ੇਸ਼ ਵਰਗਾਂ) ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਵਿੱਚ ਇਨ੍ਹਾਂ ਸ਼ਬਦਾਂ ਦੇ ਸ਼ਬਦ-ਜੋੜਾਂ,

ਉਚਾਰਣ, ਅਰਥਾਂ ਅਤੇ ਅਰਥਾਂ ਦੇ ਪ੍ਰਯੋਗ, ਇਨ੍ਹਾਂ ਦੇ ਪਰਿਆਇਆਂ, ਨਿਰੁਕਤੀ ਅਤੇ ਇਤਿਹਾਸ ਜਾਂ ਘੱਟੋ-ਘੱਟ ਕੁਝ ਕੁ ਤੱਥਾਂ ਨੂੰ ਦਰਜ ਕੀਤਾ ਜਾਂਦਾ ਹੈ। ਸ਼ਬਦ ਲੱਭਣ ਦੀ ਸੁਵਿਧਾ ਲਈ ਸ਼ਬਦਾਂ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ।.....ਜੇ ਹੋਰ ਵਿਸਤਾਰ ਨਾਲ ਕਹਿਣਾ ਹੋਵੇ ਤਾਂ ਕੋਸ਼ ਕਿਸੇ ਵਿਸ਼ੇ ਜਾਂ ਗਿਆਨ ਦੀ ਕਿਸੇ ਸ਼ਾਖਾ ਬਾਰੇ ਸੂਚਨਾ ਜਾਂ ਸੰਦਰਭ ਗ੍ਰੰਥ ਹੁੰਦਾ ਹੈ ਜਿਸ ਦੀਆਂ ਮੱਦਾਂ ਨੂੰ ਅੱਖਰ-ਕ੍ਰਮ ਅਨੁਸਾਰ ਤਰਤੀਬ ਦਿੱਤੀ ਜਾਂਦੀ ਹੈ।4

ਸੋ ਕੋਸ਼ ਇਕ ਅਜਿਹਾ ਗ੍ਰੰਥ ਹੈ ਜਿਸ ਵਿਚ ਕਿਸੇ ਭਾਸ਼ਾ ਵਿਸ਼ੇਸ਼ ਦੀ ਸ਼ਬਦਾਵਲੀ ਦੀਆਂ ਵੱਖ-ਵੱਖ ਕੋਸ਼ੀ ਇਕਾਈਆਂ ਦੀ ਅੱਖਰ-ਕ੍ਰਮ ਅਤੇ ਲਗਾਂ-ਮਾਤਰਾਂ ਅਨੁਸਾਰ ਕ੍ਰਮਬਧ ਰੂਪ ਵਿਚ ਸੂਚਨਾ ਦਰਜ ਕੀਤੀ ਜਾਂਦੀ ਹੈ। ਕੋਸ਼ ਦੇ ਆਕਾਰ ਅਤੇ ਪ੍ਰਕਾਰ ਅਨੁਸਾਰ ਕੋਸ਼ੀ ਇਕਾਈਆਂ ਦੇ ਸ਼ਬਦ-ਜੋੜਾਂ, ਉਚਾਰਣ, ਵਿਆਕਰਣਕ ਸੂਚਨਾ, ਉਸੇ ਭਾਸ਼ਾ ਜਾਂ ਉਸ ਤੋਂ ਬਿਨਾਂ ਹੋਰ ਭਾਸ਼ਾ ਜਾਂ ਭਾਸ਼ਾਵਾਂ ਵਿਚ ਅਰਥਾਂ, ਉਨ੍ਹਾਂ ਦੇ ਪ੍ਰਯੋਗ, ਨਿਰੁਕਤੀ ਅਤੇ ਅਰਥਾਂ ਦੇ ਕਾਲਕ੍ਰਮਿਕ ਵਿਕਾਸ ਆਦਿ ਦੀ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ।

ਕਿਸੇ ਵੀ ਭਾਸ਼ਾ ਦੀ ਅਮੀਰੀ ਅਤੇ ਵਿਕਾਸ ਦਾ ਅਨੁਮਾਨ ਉਸ ਭਾਸ਼ਾ ਦਾ ਵਿੱਚ ਰਚੇ ਸਾਹਿਤ ਅਤੇ ਵਿਸ਼ੇਸ਼ ਕਰਕੇ ਉਸ ਭਾਸ਼ਾ ਵਿਚ ਤਿਆਰ ਕੀਤੇ ਕੋਸ਼ਾਂ ਤੋਂ ਲਗਾਇਆ ਜਾਂਦਾ ਹੈ। ਕਿਸੇ ਵੀ ਭਾਸ਼ਾ ਦਾ ਕੋਸ਼ ਉਸ ਭਾਸ਼ਾ ਵਿੱਚ ਪ੍ਰਯੋਗ ਕੀਤੇ ਅਤੇ ਪ੍ਰਯੋਗ ਕੀਤੇ ਜਾ ਸਕਣ ਵਾਲੇ ਸ਼ਬਦਾਂ ਦਾ ਸਮੂਹ ਹੁੰਦਾ ਹੈ। ਕੋਸ਼ ਵਿੱਚ ਜਿਸ ਇਕਾਈ ਨੂੰ ਇੰਦਰਾਜ ਦੇ ਯੋਗ ਮੰਨਿਆ ਜਾਂਦਾ ਹੈ। ਉਸ ਨੂੰ ਸ਼ਬਦ ਕਿਹਾ ਜਾਂਦਾ ਹੈ। ਕੋਸ਼ ਵਿੱਚ ਕੇਵਲ ਉਹੀ ਸ਼ਬਦ ਸ਼ਾਮਿਲ ਕੀਤੇ ਜਾਂਦੇ ਹਨ, ਜਿਨ੍ਹਾਂ ਦੇ ਸੁਤੰਤਰ ਅਰਥ ਹੁੰਦੇ ਹਨ। ਸ਼ਬਦਾਂ ਦੇ ਅਰਥਾਂ ਦਾ ਨਿਰਧਾਰਨ ਉਨ੍ਹਾਂ ਦੀ ਵਰਤੋਂ ਅਨੁਸਾਰ ਕੀਤਾ ਜਾਂਦਾ ਹੈ। ਹਰ ਪ੍ਰਸੰਗ ਨੂੰ ਜਿਸ ਵਿੱਚ ਉਸ ਸ਼ਬਦ ਦੀ ਵਰਤੋਂ ਹੋ ਸਕਦੀ ਹੈ, ਧਿਆਨ ਰੱਖਣਾ ਜ਼ਰੂਰੀ ਹੈ। ਵਰਤੋਂ ਹੀ ਸ਼ਬਦ ਦੇ ਅਰਥਾਂ ਦਾ ਫੈਸਲਾ ਕਰਨ ਦਾ ਮੂਲ ਆਧਾਰ ਹੈ।

**ਕੋਸ਼ਕਾਰੀ :**

ਕੋਸ਼ਕਾਰੀ ਲਈ ਅੰਗ੍ਰੇਜ਼ੀ ਵਿਚ Lexicography ਸ਼ਬਦ ਵਰਤਿਆ ਜਾਂਦਾ ਹੈ, ਜੋ ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ Lexico ਅਤੇ Graphy ਤੋਂ ਬਣਿਆ ਹੈ। ਸ਼ਬਦ ਦਾ ਵਿਸ਼ੇਸ਼ਣ ਰੂਪ ਹੈ। ਜਿਸ ਦਾ ਭਾਵ ਹੈ 'ਬੋਲ' ਜਾਂ 'ਬੋਲਣ ਢੰਗ' ਜਾਂ 'ਸ਼ਬਦ' ਅਤੇ ਤੋਂ ਭਾਵ ਹੈ ਲਿਖਣਾ। ਇਸ ਤਰ੍ਹਾਂ Lexicography ਦਾ ਅਰਥ 'ਸ਼ਬਦ ਲਿਖਣਾ' ਬਣਦਾ ਹੈ। ਇਸੇ ਤਰ੍ਹਾਂ ਪੰਜਾਬੀ ਵਿਚ ਵੀ ਸ਼ਬਦ 'ਕੋਸ਼ਕਾਰੀ' ਦੋ ਸ਼ਬਦਾਂ 'ਕੋਸ਼' ਅਤੇ 'ਕਾਰੀ' ਦੇ ਮੇਲ ਤੋਂ ਬਣਿਆ ਹੈ। 'ਕਾਰੀ' ਸ਼ਬਦ ਦਾ ਅਰਥ ਕਰਨਾ, ਬਣਾਉਣਾ ਜਾਂ ਸਿਰਜਣਾ ਹੈ। ਇਸ ਤਰ੍ਹਾਂ ਕੋਸ਼ ਲਿਖਣ ਜਾਂ ਸ਼ਬਦਾਂ ਦੇ ਸੰਗ੍ਰਹਿ ਕਰਨ ਨੂੰ ਕੋਸ਼ਕਾਰੀ ਕਿਹਾ ਜਾਂਦਾ ਹੈ।

ਹਾਰਟਮੈਨ ਨੇ ਕੋਸ਼ਕਾਰੀ ਦੇ ਪੰਜ ਸਾਧਾਰਣ ਆਧਾਰ ਤੱਤ ਮੰਨੇ ਹਨ:

1. ਕੋਸ਼ਕਾਰੀ ਇਕ ਭਾਸ਼ਾ ਦੀ ਸ਼ਬਦਾਵਲੀ ਜਾਂ ਭਾਸ਼ਾ ਦੇ ਪ੍ਰਕਾਰ -ਵਿਸ਼ੇਸ਼ ਦੇ ਵਰਣਨ ਅਤੇ ਵਿਆਖਿਆ ਨਾਲ ਸੰਬਧਿਤ ਹੈ;
2 ਕੋਸ਼ ਨਿਰਮਾਣ ਦੀ ਮੂਲ ਇਕਾਈ 'ਸ਼ਬਦਿਮ' ਹੈ ਜਿਸ ਨੂੰ ਰੂਪ ਅਤੇ ਅਰਥ ਦਾ ਨਿਕਟੀ ਸੁਮੇਲ ਆਖਿਆ ਜਾਂਦਾ ਹੈ;

3. ਕੋਸ਼ ਕਿਸੇ ਭਾਸ਼ਾ ਦੀ ਸਮੁੱਚੀ ਸ਼ਬਦਾਵਲੀ ਦਾ ਵਰਣਨ ਕਰ ਸਕਦਾ ਹੈ ਜਾਂ ਇਸ ਦੇ ਇਕ ਜਾਂ ਵੱਧ ਪੱਖਾਂ ਉੱਤੇ ਧਿਆਨ ਕੇਂਦ੍ਰਿਤ ਕਰ ਸਕਦਾ ਹੈ;
4. ਸੂਚਨਾ ਪ੍ਰਦਾਨ ਕਰਨ ਲਈ ਕੋਸ਼ ਨਿਰਮਾਣ ਸਮੇਂ ਆਪਣੀ 'ਪਰਾਭਾਸ਼ਾ' ਵਿਕਸਿਤ ਕਰਨੀ ਪੈਂਦੀ ਹੈ;
5. ਸਭ ਕੋਸ਼ ਭਾਸ਼ਾ ਦੇ ਪ੍ਰਯੋਗਕਰਤਿਆਂ ਦੀਆਂ ਕੋਸ਼ੀ ਲੋੜਾਂ ਅਨੁਸਾਰ ਰਚੇ ਅਤੇ ਜਾਚੇ ਜਾਂਦੇ ਹਨ ਜਿਨ੍ਹਾਂ ਲਈ ਇਹ ਤਿਆਰ ਕੀਤੇ ਜਾਂਦੇ ਹਨ।5

ਇਸ ਤਰ੍ਹਾਂ ਕੋਸ਼ਕਾਰੀ ਕਿਸੇ ਭਾਸ਼ਾ ਦੇ ਸੀਮਿਤ, ਵਿਸਤ੍ਰਿਤ ਜਾਂ ਸਮੂਹ ਸ਼ਬਦਾਂ ਦਾ ਉਨ੍ਹਾਂ ਦੇ ਵਿਸ਼ੇਸ਼ ਲੱਛਣਾਂ, ਖਾਸ ਕਰਕੇ ਅਰਥ ਸਹਿਤ ਵਰਣਨ ਕਰਨ ਦੇ ਅਮਲ ਨਾਲ ਸੰਬੰਧਿਤ ਹੈ। ਕੋਸ਼ ਦਾ ਨਿਰਮਾਣ ਕਰਦੇ ਹੋਏ ਕੋਸ਼ਕਾਰ ਦਾ ਕੰਮ ਚੰਗੇ ਜਾਂ ਮਾੜੇ, ਸਭਿਆ ਜਾਂ ਅਸਭਿਆ ਸ਼ਬਦਾਂ ਦੀ ਚੋਣ ਕਰਨਾ ਨਹੀਂ ਹੁੰਦਾ ਸਗੋਂ ਉਸ ਦਾ ਕੰਮ ਤਾਂ ਉਨ੍ਹਾਂ ਸਾਰੇ ਸ਼ਬਦਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਕ੍ਰਮਬਧ ਕਰਨਾ ਹੁੰਦਾ ਹੈ ਜਿਹੜੇ ਉਸ ਭਾਸ਼ਾ ਦੇ ਲਿਖਣ ਜਾਂ ਬੋਲਣ ਲਈ ਵਰਤੋਂ ਵਿੱਚ ਆਉਂਦੇ ਹਨ, ਨੂੰ ਕ੍ਰਮਬਧ ਕਰਨਾ ਹੁੰਦਾ ਹੈ। ਸੋ ਕੋਸ਼ਕਾਰੀ ਇਕ ਅਜਿਹੀ ਕਲਾ ਹੈ ਜਿਸ ਵਿਚ ਕੋਸ਼ ਦੇ ਨਿਰਮਾਣ ਦੇ ਸਿਧਾਤਾਂ ਨੂੰ ਅਮਲੀ ਰੂਪ ਦੇ ਕੇ ਪਾਠਕ ਦੀਆਂ ਲੋੜਾਂ ਅਤੇ ਪੱਧਰ ਅਨੁਸਾਰ ਸ਼ਬਦ -ਕੋਸ਼ ਦਾ ਨਿਰਮਾਣ ਕੀਤਾ ਜਾਂਦਾ ਹੈ।

ਕੋਸ਼ਕਾਰੀ ਦੇ ਸੰਬੰਧ ਵਿਚ ਇੱਥੇ ਇਕ ਗੱਲ ਸਪਸ਼ਟ ਕਰਨੀ ਬਣਦੀ ਹੈ ਕਿ ਕੋਸ਼ ਨਿਰਮਾਣ ਕਰਦੇ ਹੋਏ ਕੋਸ਼ਕਾਰ ਸੰਬੰਧਿਤ ਭਾਸ਼ਾ ਦੇ ਭਾਸ਼ਾ-ਪ੍ਰਬੰਧ ਨਾਲ ਹੀ ਜੁੜਿਆ ਨਹੀਂ ਹੁੰਦਾ ਸਗੋਂ ਉਹ ਉਸ ਭਾਸ਼ਾ ਨਾਲ ਸੰਬੰਧਿਤ ਸਮਾਜ ਦੇ ਸਭਿਆਚਾਰ ਅਤੇ ਉਸ ਦੇ ਸਾਰੇ ਪਹਿਲੂਆਂ ਨਾਲ ਵੀ ਬਾਵਾਸਤਾ ਹੁੰਦਾ ਹੈ। ਇਸ ਤੱਥ ਨੂੰ ਸਵੀਕਾਰ ਕਰਦਿਆਂ ਜਗੁਸਤਾ ਲਿਖਦਾ ਹੈ

ਕੋਸ਼ਕਾਰ ਨੂੰ ਕੇਵਲ ਵਿਚਾਰ-ਅਧੀਨ ਭਾਸ਼ਾ ਦੀ ਸਮੁੱਚੀ ਸੰਰਚਨਾ ਨੂੰ ਹੀ ਵਿਚਾਰਗੋਚਰਾ ਨਹੀਂ ਕਰਨਾ ਪੈਂਦਾ ਸਗੋਂ ਸੰਬੰਧਿਤ ਭਾਸ਼ਾਈ ਸਮੂਹ ਦੇ ਸਭਿਆਚਾਰ ਦੇ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਣਾ ਪੈਂਦਾ ਹੈ।6

ਇਉਂ ਕੋਸ਼ਕਾਰੀ ਦਾ ਸਿਧਾਂਤ ਇਕ ਪਾਸੇ ਭਾਸ਼ਾਈ ਪ੍ਰਬੰਧ ਦਾ ਅਧਿਐਨ ਕਰਨ ਵਾਲੇ ਸਾਰੇ ਅਨੁਸ਼ਾਸਨਾਂ (ਅਰਥ-ਵਿਗਿਆਨ, ਕੋਸ਼-ਵਿਗਿਆਨ, ਵਿਆਕਰਣ, ਨਿਰੁਕਤੀ, ਸ਼ੈਲੀ-ਵਿਗਿਆਨ ਆਦਿ) ਨਾਲ ਸੰਬੰਧਿਤ ਹੈ, ਦੂਜੇ ਪਾਸੇ ਇਸ ਨਾਲ ਸੰਬੰਧਿਤ ਸਮਾਜ ਦੀ ਪਰੰਪਰਾ ਅਤੇ ਸਭਿਆਚਾਰ ਦੇ ਸਾਰੇ ਪੱਖਾਂ ਨੂੰ ਵੀ ਵਿਚਾਰਗੋਚਰੇ ਰੱਖਣਾ ਪੈਂਦਾ ਹੈ। ਇਹੀ ਕਾਰਣ ਹੈ ਕਿ ਕੋਸ਼ਕਾਰੀ ਦਾ ਕਾਰਜ ਬਹੁਤ ਹੀ ਗੰਭੀਰ, ਜਟਿਲ, ਮਿਹਨਤ ਵਾਲਾ, ਸਮਾਂ-ਖਪਾਊ, ਸਮੂਹਕ ਅਤੇ ਸੰਸਥਾਗਤ ਕਿਸਮ ਦਾ ਹੈ। ਇਸੇ ਲਈ ਸ਼ਾਇਦ ਇਤਾਲਵੀ ਕੋਸ਼ਕਾਰ ਜੇ. ਸਕੈਲੀਜਰ ਨੂੰ ਇਹ ਕਹਿਣਾ ਪਿਆ ਕਿ ਵੱਡੇ ਤੋਂ ਵੱਡੇ ਮੁਜ਼ਰਮ ਨੂੰ ਫਾਂਸੀ ਦੀ ਸਜ਼ਾ ਜਾਂ ਕੈਦ-ਬਾ-ਮੁਸ਼ੱਕਤ ਦੀ ਸਜ਼ਾ ਦੇਣ ਦੀ ਲੋੜ ਨਹੀਂ, ਸਗੋਂ ਉਸ ਨੂੰ ਕੋਸ਼ ਬਣਾਉਣ ਲਗਾ ਦਿਓ। ਇਸ ਕਾਰਜ ਵਿਚ ਹੀ ਸਭ ਪ੍ਰਕਾਰ ਦੇ ਤਸੀਹੇ ਆ ਜਾਣਗੇ।

**ਕੋਸ਼ ਵਿਗਿਆਨ :-**

ਕੋਸ਼ਕਾਰੀ ਕੋਸ਼ ਦੀ ਕਲਾ ਹੈ ਅਤੇ ਕੋਸ਼ ਦੇ ਵਿਵਹਾਰਕ ਪੱਖ ਨਾਲ ਸੰਬੰਧਿਤ ਹੈ ਅਤੇ ਕੋਸ਼-ਵਿਗਿਆਨ ਕੋਸ਼ਕਾਰੀ ਨੂੰ ਸਿਧਾਂਤਕ ਆਧਾਰ ਮੁਹੱਈਆ ਕਰਦਾ ਹੈ। ਕੋਸ਼ਕਾਰੀ ਲਈ ਅੰਗ੍ਰੇਜ਼ੀ

ਵਿਚ Lexicography ਸ਼ਬਦ ਵਰਤਿਆ ਜਾਂਦਾ ਹੈ ਅਤੇ ਕੋਸ਼ ਵਿਗਿਆਨ ਲਈ Lexicology. ਡਾ. ਰਾਮ ਆਧਾਰ ਸਿੰਘ ਅਨੁਸਾਰ: ਹਰ ਇਕ ਸ਼ਬਦ ਦਾ ਆਪਣਾ ਵਿਸ਼ੇਸ਼ ਅਰਥ ਹੁੰਦਾ ਹੈ ਅਤੇ ਉਸ ਦਾ ਵਿਸ਼ੇਸ਼ ਧੁਨੀ ਗਰੁੱਪ ਹੁੰਦਾ ਹੈ ਅਤੇ ਉਸ ਦਾ ਵਿਸ਼ੇਸ਼ ਵਿਆਕਰਣਕ ਕਾਰਜ ਹੁੰਦਾ ਹੈ। ਕੋਸ਼-ਵਿਗਿਆਨ ਸ਼ਬਦ ਦੇ ਇਨ੍ਹਾਂ ਸਾਰੇ ਪੱਖਾਂ ਦਾ ਅਧਿਐਨ ਕਰਦਾ ਹੈ। ਸ਼ਬਦ ਲਗਾਤਾਰ ਆਪਣੇ ਰੂਪ ਅਤੇ ਅਰਥ ਬਦਲਦੇ ਰਹਿੰਦੇ ਹਨ। ਕੋਸ਼-ਵਿਗਿਆਨੀ ਸ਼ਬਦ ਸਮੂਹਾਂ ਦੇ ਸ੍ਰੋਤ, ਵਿਕਾਸ ਅਤੇ ਉਨ੍ਹਾਂ ਦੀ ਅਜੋਕੀ ਵਰਤੋਂ ਦਾ ਅਧਿਐਨ ਕਰਦਾ ਹੈ।7

ਕੋਸ਼ ਵਿਗਿਆਨ ਨੂੰ ਪਰਿਭਾਸ਼ਿਤ ਕਰਦੇ ਹੋਏ ਰਾਮ ਚੰਦਰ ਵਰਮਾ ਲਿਖਦਾ ਹੈ : ਕੋਸ਼-ਵਿਗਿਆਨ ਅਜਿਹਾ ਵਿਗਿਆਨ ਹੈ ਜਿਸ ਵਿਚ ਇਸ ਗੱਲ ਦਾ ਅਧਿਐਨ ਕੀਤਾ ਜਾਂਦਾ ਹੈ ਕਿ ਸਭ ਪ੍ਰਕਾਰ ਦੇ ਕੋਸ਼ ਕਿਸ ਤਰ੍ਹਾਂ ਅਤੇ ਕਿਨ੍ਹਾਂ ਸਿਧਾਂਤਾਂ ਦੇ ਆਧਾਰ 'ਤੇ ਬਣਾਏ ਜਾਣ, ਉਨ੍ਹਾਂ ਵਿੱਚ ਕਿਹੜੀਆਂ ਗੱਲਾਂ ਦਾ ਕਿਸ ਢੰਗ ਨਾਲ ਵਿਵੇਚਨ ਜਾਂ ਹੱਲ ਹੋਵੇ ਅਤੇ ਉਨ੍ਹਾਂ ਦੇ ਪ੍ਰਕਾਰ ਰੂਪ ਕਿਸ ਤਰ੍ਹਾਂ ਦੇ ਹੋਣ।8

Collins English Dictionary ਅਨਸਾਰ : ਕੋਸ਼-ਵਿਗਿਆਨ ਕਿਸੇ ਇਕ ਭਾਸ਼ਾ ਦੀ ਸ਼ਬਦਾਵਲੀ ਦੀ ਸਮੁੱਚੀ ਬਣਤਰ ਅਤੇ ਇਤਿਹਾਸ ਦੀ ਪੜ੍ਹਾਈ ਹੈ।9

ਇਸ ਤਰ੍ਹਾਂ ਕੋਸ਼-ਵਿਗਿਆਨ ਅਤੇ ਕੋਸ਼ਕਾਰੀ ਇਕ ਦੂਜੇ ਨਾਲ ਅੰਤਰ-ਸੰਬੰਧਿਤ ਹਨ। ਜਿਥੇ ਕੋਸ਼-ਵਿਗਿਆਨ ਵਧੇਰੇ ਵਿਵਸਥਿਤ ਸਾਧਾਰਣ ਗੁਣਾਂ ਅਤੇ ਵਿਸ਼ੇਸ਼ਤਾਵਾਂ ਉਤੇ ਧਿਆਨ ਕੇਂਦਰਿਤ ਕਰਦਾ ਹੈ, ਉਥੇ ਕੋਸ਼ਕਾਰੀ ਆਪਣੇ ਧਿਆਨ ਦਾ ਕੇਂਦਰ ਇਕੱਲੀ-ਇਕੱਲੀ ਇਕਾਈ ਨੂੰ ਬਣਾਉਂਦੀ ਹੈ। ਕੋਸ਼-ਵਿਗਿਆਨ ਵਿੱਚ ਸ਼ਬਦ ਦਾ ਅਧਿਐਨ ਭਾਸ਼ਾ-ਪ੍ਰਬੰਧ ਦੇ ਅੰਗ ਵਜੋਂ ਕੀਤਾ ਜਾਂਦਾ ਹੈ ਪਰ ਕੋਸ਼ਕਾਰੀ ਵਿੱਚ ਇਸ ਸ਼ਬਦ ਦਾ ਅਧਿਐਨ ਅਰਥ ਅਤੇ ਪ੍ਰਯੋਗ ਦੇ ਸੰਬੰਧ ਵਿੱਚ ਨਿੱਜੀ ਇਕਾਈ ਵਜੋਂ ਕੀਤਾ ਜਾਂਦਾ ਹੈ ਤਾਂ ਕਿ ਪ੍ਰਯੋਗ ਕਰਤਾ ਵਿਵਹਾਰਕ ਦ੍ਰਿਸ਼ਟੀ ਤੋਂ ਸ਼ਬਦ ਦੇ ਅਰਥ ਅਤੇ ਪ੍ਰਯੋਗ ਵੇਖ ਸਕੇ।

ਭਾਰਤ ਵਿੱਚ ਕੋਸ਼ ਨਿਰਮਾਣ ਦੀ ਪਰੰਪਰਾ ਬਹੁਤ ਪੁਰਾਣੀ ਹੈ ਪ੍ਰੰਤੂ ਕੋਸ਼ ਨਿਰਮਾਣ ਦੇ ਸਿਧਾਂਤਕ ਪੱਖਾਂ ਦੇ ਚਿੰਤਨ ਦਾ ਇਤਿਹਾਸ ਪੰਜ-ਸੱਤ ਦਹਾਕਿਆ ਤੋਂ ਪੁਰਾਣਾ ਨਹੀਂ। ਭਾਰਤ ਵਿੱਚ ਸਭ ਤੋਂ ਪੁਰਾਣੇ ਸ਼ਬਦ ਸੰਗ੍ਰਹਿ 'ਨਿਘੰਟੂ' ਰੂਪ ਹਨ। ਜਿਨ੍ਹਾਂ ਵਿੱਚ ਵੇਦਾਂ ਦੇ ਔਖੇ ਤੇ ਗੂੜ ਸ਼ਬਦਾਂ ਦੀ ਚੋਣ ਕਰਕੇ ਸਮਾਨਾਰਥਕ ਸ਼ਬਦ ਸੂਚੀਆ ਤਿਆਰ ਕੀਤੀਆਂ ਗਈਆਂ ਸਨ। ਸਮਾਂ ਬੀਤਣ ਨਾਲ ਔਖੇ, ਅਪ੍ਰਚਲਿਤ ਅਤੇ ਗੂੜ ਸ਼ਬਦਾਂ ਦੀ ਗਿਣਤੀ ਵੱਧਦੀ ਗਈ ਅਤੇ 'ਨਿਘੰਟੂ' ਆਕਾਰ ਵਿੱਚ ਵੱਡੇ ਹੁੰਦੇ ਗਏ। ਇਨ੍ਹਾਂ ਨੂੰ ਬਾਦ ਵਿੱਚ ਨਾਮ-ਮਾਲਾ, ਨਾਮ ਸੰਗ੍ਰਹਿ, ਨਾਮ ਨਿਧਾਨ ਆਖਿਆ ਜਾਣ ਲੱਗਾ। 'ਨਿਘੰਟੂ' ਵਿੱਚ ਆਏ ਕਠਿਨ ਸ਼ਬਦਾਂ ਦੀ ਵਿਆਖਿਆ ਆਚਾਰੀਆ ਯਾਸਕ ਮੁਨੀ ਨੇ ਕੀਤੀ ਅਤੇ ਇਸ ਵਿਆਖਿਆ ਨੂੰ 'ਨਿਰੁਕਤ' ਦਾ ਨਾਂ ਦਿੱਤਾ ਗਿਆ। ਇਸੇ ਤਰ੍ਹਾਂ ਅਮਰ ਕੋਸ਼, ਅਮਰ ਕੋਸ਼ ਦੇ ਟੀਕੇ ਆਦਿ ਸੰਸਕ੍ਰਿਤ ਕੋਸ਼ ਪਰੰਪਰਾ ਦੇ ਮਹੱਤਵਪੂਰਨ ਗ੍ਰੰਥ ਹਨ। ਪਰ ਇਨ੍ਹਾਂ ਕੋਸ਼ਾਂ ਦਾ ਨਿਰਮਾਣ ਆਧੁਨਿਕ ਕੋਸ਼ ਵਿਗਿਆਨਕ ਸਿਧਾਂਤਾਂ ਅਨੁਸਾਰ ਨਹੀਂ ਹੋਇਆ। ਇਨ੍ਹਾਂ ਵਿਚ ਜਿਆਦਾ ਜੋਰ ਮੁੱਖ ਸ਼ਬਦ ਦੇ ਪਰਿਆਇ ਦੇਣ ਤੱਕ ਹੀ ਹੈ। ਪੰਜਾਬੀ ਕੋਸ਼ਕਾਰੀ ਸਾਹਮਣੇ ਸੰਸਕ੍ਰਿਤ ਕੋਸ਼ਾਂ ਦਾ ਇਹੀ ਮਾਡਲ ਮੌਜੂਦ ਸੀ। ਇਸ ਲਈ ਪੰਜਾਬੀ ਵਿੱਚ ਪਹਿਲੇ ਕੋਸ਼ ਵੀ ਇਸੇ ਤਰ੍ਹਾਂ ਦੇ ਮਿਲਦੇ ਹਨ।

ਪੰਜਾਬੀ ਕੋਸ਼ਕਾਰੀ ਦਾ ਮੁੱਢ ਸਹੀ ਅਰਥਾਂ ਵਿੱਚ ਅੰਗ੍ਰੇਜ਼ਾਂ ਦੇ ਭਾਰਤ ਉੱਤੇ ਕਾਬਜ ਹੋਣ ਪਿੱਛੋਂ ਬੱਝਿਆ। ਈਸਾਈ ਮਿਸ਼ਨਰੀਆਂ ਆਪਣੇ ਧਰਮ ਦੇ ਪ੍ਰਚਾਰ ਤੇ ਪਾਸਾਰ ਅਤੇ ਪ੍ਰਬੰਧਕੀ ਲੋੜਾਂ ਦੀ ਪੂਰਤੀ ਲਈ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਕੋਸ਼ਾਂ ਦਾ ਵਿਧੀਵਤ ਅਤੇ ਭਾਸ਼ਾ-ਵਿਗਿਆਨਕ ਸਿਧਾਂਤਾਂ ਅਨੁਸਾਰ ਨਿਰਮਾਣ ਕਰਨ ਦਾ ਕਾਰਜ ਆਰੰਭਿਆ। ਸਿੱਟੇ ਵਜੋਂ ਪੰਜਾਬੀ-ਅੰਗ੍ਰੇਜ਼ੀ ਅਤੇ ਅੰਗ੍ਰੇ ਜ਼ੀ-ਪੰਜਾਬੀ ਦੁਭਾਸ਼ੀ ਕੋਸ਼ਾਂ ਦਾ ਨਿਰਮਾਣ ਹੋਇਆ।

ਭਾਸ਼ਾ ਦੇ ਆਧਾਰ ਉੱਤੇ ਕੋਸ਼ਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਇਕ ਭਾਸ਼ਾਈ ਜਾਂ ਸਮਭਾਸ਼ੀ ਕੋਸ਼, ਦੁਭਾਸ਼ੀ ਕੋਸ਼ ਅਤੇ ਬਹੁ-ਭਸ਼ਾਈ ਕੋਸ਼। ਇਸ ਤੋਂ ਬਿਨ੍ਹਾਂ ਇੰਦਰਾਜਾਂ ਦੀ ਪ੍ਰਕਿਰਤੀ ਦੇ ਆਧਾਰ ਉੱਤੇ ਕੋਸ਼ਾਂ ਨੂੰ ਚਾਰ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ।

1. ਸ਼ਬਦ ਕੋਸ਼ ਜਾਂ ਸਾਧਾਰਨ ਕੋਸ਼
2. ਵਿਸ਼ਵ ਕੋਸ਼ੀ ਕੋਸ਼
3. ਵਿਸ਼ਵ ਕੋਸ਼
4. ਵਿਸ਼ਾ ਕੋਸ਼

ਕੋਸ਼ ਨਿਰਮਾਣ ਲਈ ਸਮੱਗਰੀ ਸੰਕਲਨ ਦੇ ਮਨੋਰਥ ਤੋਂ ਸਰੋਤ ਭਾਸ਼ਾ ਦੇ ਪ੍ਰਮਾਣਿਕ ਕੋਸ਼, ਲਿਖਤ ਅਤੇ ਮੌਖਿਕ/ਅਲਿਖਤ ਸਾਹਿਤ ਨੂੰ ਅਧਾਰ ਬਣਾਇਆ ਜਾਂਦਾ ਹੈ। ਇੱਥੇ ਇਕ ਗੱਲ ਸਪੱਸ਼ਟ ਕਰ ਦੇਣੀ ਬਣਦੀ ਹੈ ਕਿ ਭਾਵੇਂ ਕੋਸ਼ ਨਿਰਮਾਣ ਦਾ ਕਾਰਜ ਵਿਗਿਆਨਕ ਕਿਸਮ ਦਾ ਹੈ ਪਰ ਫਿਰ ਵੀ ਕੋਸ਼ ਦਾ ਨਿਰਮਾਣ ਕੁਝ ਹੱਦ ਤੱਕ ਸਿਰਜਣਾਤਮਕ ਸਾਹਿਤ ਦੇ ਦਾਇਰੇ ਵਿਚ ਆ ਜਾਂਦਾ ਹੈ। ਕੋਸ਼ ਨਿਰਮਾਣ ਵੇਲੇ ਕੁਝ ਕੁ ਪੱਖਾਂ ਨੂੰ ਕੋਸ਼-ਵਿਗਿਆਨਕ ਨਜ਼ਰੀਏ ਤੋਂ ਵਿਚਾਰ ਕੇ ਵਧੀਆ ਕੋਸ਼ ਦਾ ਨਿਰਮਾਣ ਕੀਤਾ ਜਾ ਸਕਦਾ ਹੈ ਜਿਸ ਲਈ ਹੇਠ ਦਿੱਤੇ ਕੋਸ਼ ਵਿਗਿਆਨਕ ਮਾਡਲ ਨੂੰ ਆਧਾਰ ਬਣਾਇਆ ਜਾ ਸਕਦਾ ਹੈ।

**ਪ੍ਰਸਤਾਵਿਤ ਕੋਸ਼ ਵਿਗਿਆਨਕ ਮਾਡਲ :-**

ਕੋਸ਼ ਦਾ ਅਧਿਐਨ ਗਿਆਨ-ਵਿਗਿਆਨ ਦੇ ਦੂਜੇ ਅਨੁਸ਼ਾਸ਼ਨਾਂ ਤੋਂ ਭਿੰਨ ਹੈ। ਗਿਆਨ-ਵਿਗਿਆਨ ਨਾਲ ਸੰਬੰਧਿਤ ਅਨੁਸ਼ਾਸ਼ਨਾਂ ਵਿਚ ਵਿਸ਼ੇ ਦੀ ਉਸਾਰੀ ਤੇ ਨਿਭਾਅ ਇਸ ਦੇ ਆਰੰਭ ਤੋਂ ਅੰਤ ਤੱਕ ਕਾਰਣ ਕਾਰਜ ਦੀ ਪ੍ਰਕਿਰਿਆ ਵਿਚ ਬੱਝਿਆ ਹੁੰਦਾ ਹੈ। ਇਸੇ ਲਈ ਇਹ ਕ੍ਰਮਬੱਧ ਵੀ ਹੁੰਦਾ ਹੈ ਅਤੇ ਸੰਗਠਿਤ ਵੀ। ਪਰੰਤੂ ਕੋਸ਼ ਦੇ ਵਿਕਾਸ ਵਿਚ ਕਾਰਣ-ਕਾਰਜ ਦਾ ਕੋਈ ਅਜਿਹਾ ਸੂਤਰ ਉਪਲਬਧ ਨਹੀਂ ਹੁੰਦਾ, ਸਗੋਂ ਕੋਸ਼ ਦਾ ਹਰ ਮੁੱਖ ਇੰਦਰਾਜ ਆਪਣੇ ਆਪ ਵਿਚ ਸੁਤੰਤਰ, ਸੰਪੂਰਨ ਅਤੇ ਖੁਦਮੁਖਤਿਆਰ ਹੁੰਦਾ ਹੈ। ਹਰ ਮੁੱਖ ਇੰਦਰਾਜ ਦਾ ਆਪਣਾ ਵਿਲੱਖਣ ਭਾਸ਼ਾਈ ਰੂਪ, ਪ੍ਰਕਾਰਜ ਅਤੇ ਪ੍ਰਕਿਰਤੀ ਹੁੰਦੀ ਹੈ, ਜਿਸ ਨੂੰ ਸਮਝੇ ਬਿਨ੍ਹਾਂ ਅਸੀਂ ਕਿਸੇ ਕੋਸ਼ ਦਾ ਅਧਿਐਨ, ਵਿਸ਼ਲੇ ਸ਼ਣ ਤੇ ਮੁਲਾਂਕਣ ਨਹੀਂ ਕਰ ਸਕਦੇ।

ਕਿਸੇ ਵੀ ਕੋਸ਼ ਵਿਚ ਪ੍ਰਾਪਤ ਸਮੱਗਰੀ ਦੋ ਤਰ੍ਹਾਂ ਦੀ ਹੁੰਦੀ ਹੈ।ਪਹਿਲੀ ਨੂੰ ਅੰਗ੍ਰੇਜ਼ੀ ਵਿਚ ਲੈਮਾ (ਸ਼ੀਰਸ਼) ਕਹਿੰਦੇ ਹਨ। ਇਸ ਦੇ ਅੰਤਰਗਤ ਮੁੱਖ ਸ਼ਬਦ, ਸ਼ਬਦ-ਜੋੜ ਅਤੇ ਉਚਾਰਣ, ਵਿਆਕਰਣਕ ਸੂਚਨਾ ਅਤੇ ਭਾਸ਼ਾ ਜਾਂ ਕੋਸ਼ੀ ਇਕਾਈ ਦੇ ਸੂਚਿਤ ਸ਼ਬਦ ਆਉਂਦੇ ਹਨ। ਦੂਜਾ ਭਾਗ ਅਰਥਗਤ ਸੰਰਚਨਾ ਨਾਲ ਸੰਬੰਧਿਤ ਹੈ। ਇਸ ਦੇ ਅੰਤਰਗਤ ਅਰਥ (ਪਰਿਭਾਸ਼ਾ, ਵਰਣਨ ਜਾਂ

ਸਮੀਕਰਣ), ਦ੍ਰਿਸ਼ਟਾਂਤੀ ਉਦਾਹਰਣ ਅਤੇ ਚਿੱਤਰ ਆਦਿ (ਅਰਥ ਦੀ ਸਪਸ਼ਟਤਾ ਦੇ ਮਨੋਰਥ ਤੋਂ), ਵਿਉਂਤਪੰਨ ਸ਼ਬਦ, ਵਾਕਾਂਸ਼, ਮੁਹਾਵਰੇ ਅਤੇ ਅਖੌਤਾਂ, ਨਿਰੁਕਤੀ, ਪਰਿਆਇ ਅਤੇ ਵਿਪਰਿਆਇ ਆਦਿ ਦੀ ਸੂਚਨਾ ਪ੍ਰਦਾਨ ਕੀਤੀ ਜਾਂਦੀ ਹੈ।

**1. ਮੁੱਖ ਸ਼ਬਦ :-**

ਰੂਪਾਤਮਕ, ਵਿਆਕਰਣਕ ਅਤੇ ਅਰਥਗਤ ਤੌਰ ਤੇ ਸੁਤੰਤਰ ਸ਼ਬਦ ਨੂੰ ਮੁੱਖ ਸ਼ਬਦ ਕਿਹਾ ਜਾਂਦਾ ਹੈ। ਮੁੱਖ ਸ਼ਬਦ ਦੀ ਚੋਣ ਲਈ ਸ਼ਬਦ ਰੂਪਾਵਲੀ ਵਿਚਲੇ ਸਾਂਝੇ ਰੂਪ ਨੂੰ ਚੁਣਿਆ ਜਾਂਦਾ ਹੈ। ਡਾ. ਰਾਮ ਆਧਾਰ ਸਿੰਘ10 ਅਨੁਸਾਰ ਸ਼ਬਦ ਦੇ ਪ੍ਰਮਾਣਕ ਰੂਪ ਨੂੰ ਅਪਣਾਉਣ ਦੇ ਹੇਠ ਲਿਖੇ ਕੁਝ ਬੁਨਿਆਦੀ ਨਿਯਮ ਹਨ:

1) ਸਾਧਾਰਣ ਰੂਪ ਵਿਚ ਇਸ ਵਿਚ ਇਕੱਲੇ ਪ੍ਰਯੋਗ ਕੀਤੇ ਜਾਣ ਦੀ ਸਮਰਥਾ ਹੋਵੇ;
2) ਇਹ ਸ਼ਬਦ ਦੇ ਸਾਰੇ ਰੂਪਾਂ ਨਾਲੋਂ ਅਧਿਕ ਪ੍ਰਯੋਗ ਕੀਤਾ ਜਾਂਦਾ ਹੋਵੇ;
3) ਇਹ ਸਮੁੱਚੀ ਸ਼ਬਦ-ਰੂਪਾਵਲੀ ਦੀ ਪ੍ਰਤਿਨਿਧਤਾ ਕਰਦਾ ਹੋਵੇ।

ਪਰੰਤੂ ਪ੍ਰਮਾਣਕ ਰੂਪ ਅਪਣਾਉਣ ਦਾ ਸਭ ਤੋਂ ਮਹੱਤਵਪੂਰਣ ਨਿਯਮ ਭਾਸ਼ਾ ਦੀ ਵਿਆਕਰਣਕ ਪਰੰਪਰਾ ਹੈ ਕਿਉਂਕਿ ਹਰੇਕ ਭਾਸ਼ਾ-ਪ੍ਰਬੰਧ ਦੇ ਪ੍ਰਮਾਣਕ ਰੂਪਾਂ ਦੀ ਆਪਣੀ ਪਰੰਪਰਾ ਹੈ। ਹਰੇਕ ਭਾਸ਼ਾ ਦੀਆਂ ਸ਼ਬਦ-ਰੂਪਾਵਲੀਆਂ ਵਿਚ ਅਨਿਯਮਿਤ ਰੂਪ ਵੀ ਮਿਲਦੇ ਹਨ। ਅਜਿਹੇ ਸ਼ਬਦ-ਰੂਪਾਂ ਦੀ ਜੇ ਪ੍ਰਧਾਨ ਰੂਪ ਨਾਲ ਅਰਥ ਦੀ ਸਮਾਨਤਾ ਹੋਵੇ ਤਾਂ ਉਨ੍ਹਾਂ ਨੂੰ ਮੁੱਖ ਸ਼ਬਦ ਦੇ ਅੰਤਰਗਤ ਹੀ ਲਿਆ ਜਾਂਦਾ ਹੈ ਪਰ ਜੇ ਅਰਥ ਦੀ ਸਮਾਨਤਾ ਨਾ ਹੋਵੇ ਤਾਂ ਕੋਸ਼ ਵਿਚ ਇਹ ਵੱਖਰੇ ਇੰਦਰਾਜ ਵਜੋਂ ਦਰਜ ਕੀਤਾ ਜਾਵੇਗਾ। ਜਿਵੇਂ ਪੰਜਾਬੀ ਦੀ ਸ਼ਬਦ-ਰੂਪਾਵਲੀ 'ਸ਼ੀਸ਼ਾ', 'ਸ਼ੀਸ਼ੀ' ਵਿਚ 'ਸ਼ੀਸ਼ਾ' ਅਨਿਯਮਿਤ ਰੂਪ ਹੈ। ਇਹ 'ਸ਼ੀਸ਼ੀ' ਦਾ ਪੁਲਿੰਗ ਰੂਪ ਨਹੀਂ ਅਤੇ ਨਾ ਹੀ ਇਸ ਨਾਲ ਕੋਈ ਅਰਥ ਦੀ ਸਮਾਨਤਾ ਹੈ। ਇਸ ਲਈ 'ਸ਼ੀਸ਼ੀ' ਅਤੇ 'ਸ਼ੀਸ਼ਾ' ਨੂੰ ਦੋ ਮੁੱਖ ਇੰਦਰਾਜਾਂ ਵਜੋਂ ਦਰਜ ਕੀਤਾ ਜਾਵੇਗਾ। ਇਸੇ ਤਰ੍ਹਾਂ ਮੁੱਖ ਸ਼ਬਦ ਦੀ ਚੋਣ ਕਰਦਿਆਂ ਨਾਂਵੀ, ਪੜਨਾਂਵੀ, ਵਿਸ਼ੇਸ਼ਣੀ, ਕਿਰਿਆਵੀ ਵਿਸ਼ੇਸ਼ਣੀ ਆਦਿ ਅਨਿਯਮਿਤ ਸ਼ਬਦ ਰੂਪ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਇਨ੍ਹਾਂ ਸ਼ਬਦਾਂ ਦੇ ਕੋਸ਼ ਵਿਚ ਦਰਜ ਕਰਨ ਦੀ ਪ੍ਰਮਾਣਿਤ ਵਿਧੀ ਇਨ੍ਹਾਂ ਸ਼ਬਦ ਰੂਪਾਂ ਨੂੰ ਅੱਖਰ-ਕ੍ਰਮ ਅਨੁਸਾਰ ਆਪਣੀ ਨਿਸਚਿਤ ਥਾਂ 'ਤੇ ਦੇ ਕੇ ਸ਼ਬਦ ਦੇ ਪ੍ਰਮਾਣਕ ਰੂਪ ਵੱਲ ਪ੍ਰਤਿ ਹਵਾਲਾ ਦਿੱਤਾ ਜਾਂਦਾ ਹੈ ਅਤੇ ਅਰਥ ਵੀ ਕੇਵਲ, ਸ਼ਬਦ ਦੇ ਪ੍ਰਮਾਣਕ ਰੂਪ ਦੇ ਹੀ ਦਿੱਤੇ ਜਾਂਦੇ ਹਨ। ਜਿਵੇਂ 'ਗਿਆ' ਦੇ ਵੱਖਰੇ ਅਰਥ ਦੇਣ ਦੀ ਲੋੜ ਨਹੀਂ, ਸਾਰੇ ਅਰਥ 'ਜਾਣਾ' ਦੇ ਅੰਤਰਗਤ ਹੋਣੇ ਚਾਹੀਦੇ ਹਨ।

**ਸ਼ਬਦ-ਜੋੜ ਅਤੇ ਉਚਾਰਣ :-**

ਕੋਸ਼ ਦੀ ਵਰਤੋਂ ਪ੍ਰਯੋਗ ਕਰਤਾ ਦੋ ਕਾਰਣਾਂ ਕਰਕੇ ਕਰਦਾ ਹੈ।, ਇਕ ਸ਼ੁੱਧ ਸ਼ਬਦ ਜੋੜਾਂ ਲਈ ਅਤੇ ਦੂਜਾ ਉਸ ਦੇ ਅਰਥ ਜਾਣਨ ਲਈ। ਇਸ ਲਈ ਹਰ ਕੋਸ਼ਕਾਰ ਪਹਿਲਾਂ ਆਪਣਾ ਧਿਆਨ ਸ਼ਬਦ-ਜੋੜਾਂ ਉੱਤੇ ਕੇਂਦਰਿਤ ਕਰਦਾ ਹੈ। ਜੇ ਕਿਸੇ ਸ਼ਬਦ ਦੇ ਇਕ ਤੋਂ ਜ਼ਿਆਦਾ ਸ਼ਬਦ-ਜੋੜ ਪ੍ਰਚਲਿਤ ਹੋਣ ਤਾਂ ਸ਼ਬਦ ਦਾ ਮਿਆਰੀ ਰੂਪ ਪਹਿਲੇ ਸਥਾਨ 'ਤੇ ਆਉਂਦਾ ਹੈ ਅਤੇ ਇਸ ਦੇ ਨਾਲ ਦੂਜੇ ਪ੍ਰਾਪਤ ਰੂਪਾਂ ਦਾ ਵੇਰਵਾ ਦਿੱਤਾ ਜਾ ਸਕਦਾ ਹੈ। ਇੰਦਰਾਜ ਵਿਚ ਮੁੱਖ ਸ਼ਬਦ ਤੋਂ

ਪਿਛੋਂ ਉਸ ਦਾ ਉਚਾਰਣ ਦਰਜ ਕੀਤਾ ਜਾਂਦਾ ਹੈ। ਕੁਝ ਭਾਸ਼ਾਵਾਂ ਵਿਚ ਲਿਪੀਗ੍ਰਾਮਾਂ ਅਤੇ ਧੁਨੀਗ੍ਰਾਮਾਂ ਵਿਚ ਕੋਈ ਅੰਤਰ ਨਹੀਂ ਹੁੰਦਾ ਜਿਵੇਂ ਪੰਜਾਬੀ, ਹਿੰਦੀ ਆਦਿ ਵਿਚ। ਇਨ੍ਹਾਂ ਭਾਸ਼ਾਵਾਂ ਦੇ ਕੋਸ਼ਾਂ ਵਿਚ ਉਚਾਰਣ ਦੇਣ ਦੀ ਲੋੜ ਨਹੀਂ। ਪਰੰਤੂ ਜਿਨ੍ਹਾਂ ਭਾਸ਼ਾਵਾਂ ਵਿਚ ਇਨ੍ਹਾਂ ਦੋਵਾਂ ਪ੍ਰਬੰਧਾਂ ਵਿਚ ਭਿੰਨਤਾ ਹੈ। ਜਿਵੇਂ ਅੰਗ੍ਰੇਜ਼ੀ ਵਿਚ, ਉਥੇ ਉਚਾਰਣ ਦੇਣਾ ਜ਼ਰੂਰੀ ਹੁੰਦਾ ਹੈ। ਹਰ ਕੋਸ਼ ਦੀ ਭੂਮਿਕਾ ਵਿਚ ਉਚਾਰਣ ਕੁੰਜੀ ਦਰਜ ਹੁੰਦੀ ਹੈ।ਜਿਸ ਵਿੱਚ ਉਚਾਰਣ ਦੇ ਚਿੰਨ੍ਹਾਂ ਨੂੰ ਦਰਸਾਇਆ ਜਾਂਦਾ ਹੈ।

**ਵਿਆਕਰਣਕ ਸੂਚਨਾ :-**

ਵਿਆਕਰਣਕ ਸੂਚਨਾ ਮੁੱਖ ਇੰਦਰਾਜ ਦੇ ਭਾਸ਼ਾ-ਪ੍ਰਬੰਧ ਦੀ ਵਾਕ-ਰਚਨਾ ਵਿਚ ਪ੍ਰਕਾਰਜੀ ਮਹੱਤਵ ਨੂੰ ਉਜਾਗਰ ਕਰਦੀ ਹੈ। ਡਾ. ਓਮ ਪ੍ਰਕਾਸ਼ ਵਸ਼ਿਸ਼ਟ ਅਨੁਸਾਰ:

ਕੋਸ਼ ਵਿਆਕਰਣ ਨਹੀਂ ਹੈ। ਜਿਸ ਕਰਕੇ ਇਸ ਵਿਚ ਵਿਸਤ੍ਰਿਤ ਵਿਆਕਰਣਕ ਸੂਚਨਾ ਦੇਣੀ ਸੰਭਵ ਨਹੀਂ, ਪਰੰਤੂ ਕੋਸ਼ ਵਿਚ ਸਾਰਥਕ, ਰੂਪਾਤਮਕ ਅਤੇ ਵਾਕ-ਰਚਨਾਵੀ ਸੂਚਨਾ ਅਵੱਸ਼ ਦਿੱਤੀ ਜਾਂਦੀ ਹੈ।11

ਇਹ ਸੂਚਨਾ ਪ੍ਰਦਾਨ ਕਰਨ ਦੀਆਂ ਕਈ ਵਿਧੀਆਂ ਹਨ। ਆਮ ਵਿਧੀ ਮੁੱਖ ਸ਼ਬਦ ਨਾਲ ਵਿਆਕਰਣਕ ਸੂਚਨਾ ਦੇਣ ਦੀ ਹੈ। ਇਹ ਵਿਆਕਰਣਕ ਸੂਚਕ ਸੰਖੇਪ ਰੂਪ ਵਿਚ ਦਿੱਤਾ ਜਾਂਦਾ ਹੈ। ਜਿਵੇਂ ਮੇਜ਼ (ਨਾਂ, ਪੁ.), ਕਿਤਾਬ (ਨਾਂ, ਇ. ਲਿੰ.) ਆਦਿ। ਹਰ ਕੋਸ਼ ਵਿਚ ਵਿਆਕਰਣਕ ਸੂਚਨਾ ਦੀ ਮਾਤਰਾ ਕੋਸ਼ ਦੇ ਪ੍ਰਕਾਰ ਉੱਤੇ ਨਿਰਭਰ ਕਰਦੀ ਹੈ।

**ਭਾਸ਼ਾ ਬਾਰੇ ਸ਼ਬਦ-ਸੂਚਕ:**

ਕਿਸੇ ਵੀ ਭਾਸ਼ਾ ਦੇ ਭਾਸ਼ਾ-ਪ੍ਰਬੰਧ ਵਿਚ ਨਿਰੋਲ ਸਮਭਾਸ਼ੀ ਸ਼ਬਦ ਨਹੀਂ ਹੁੰਦੇ। ਸੰਚਾਰ-ਵਿਵਸਥਾ ਦੇ ਵਿਕਸਿਤ ਹੋਣ ਕਾਰਣਾ ਸਮਾਜਕ, ਆਰਥਕ ਜਾਂ ਰਾਜਨੀਤਿਕ ਕਾਰਣਾਂ ਕਰਕੇ ਕਿਸੇ ਭਾਸ਼ਾ ਵਿਚ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ ਤਤਸਮ ਜਾਂ ਤਦਭਵ ਰੂਪ ਵਿੱਚ ਪ੍ਰਵੇਸ਼ ਕਰ ਜਾਂਦੇ ਹਨ। ਪੰਜਾਬੀ ਵਿਚ ਅਜਿਹੇ ਅਣਗਿਣਤ ਸ਼ਬਦ ਹਨ ਜਿਵੇਂ ਸਕੂਲ, ਹਸਪਤਾਲ, ਮਦਰਸਾ, ਪੈਂਟ, ਵਜ਼ੀਰ ਆਦਿ। ਅਜਿਹੇ ਸ਼ਬਦਾਂ ਦੀ ਸ੍ਰੋਤ ਭਾਸ਼ਾ ਦਰਸਾਉਣ ਲਈ ਮੁੱਖ ਸ਼ਬਦ ਦੇ ਇੰਦਰਾਜ ਵਿਚ ਭਾਸ਼ਾ ਦਾ ਸੰਖੇਪ ਰੂਪ ਦਿੱਤਾ ਜਾਂਦਾ ਹੈ। ਜਿਵੇਂ ਮਦਰਸਾ (ਫ਼ਾ.), ਸਕੂਲ (ਅੰ.) ਆਦਿ।

**ਅਰਥਗਤ ਸੰਰਚਨਾ :-**

ਕੋਸ਼ ਦਾ ਮੁੱਖ ਮਨੋਰਥ ਕੋਸ਼ ਦੇ ਉਦੇਸ਼ ਅਨੁਸਾਰ ਕੋਸ਼ੀ ਇਕਾਈਆਂ ਦੇ ਅਰਥ ਪ੍ਰਦਾਨ ਕਰਨਾ ਹੈ। ਕੋਸ਼ੀ ਇੰਦਰਾਜ ਦੇ ਦੂਜੇ ਭਾਗ ਵਿਚ ਕੋਸ਼ੀ ਇਕਾਈ ਦਾ ਅਰਥ ਦਰਜ ਹੁੰਦਾ ਹੈ।

**ਕੋਸ਼ੀ ਇਕਾਈ ਦਾ ਵਰਣਨ ਅਤੇ ਪਰਿਭਾਸ਼ਾ :-**

ਕੋਸ਼ ਵਿਚ ਕੋਸ਼ੀ ਇਕਾਈ ਦਾ ਅਰਥ ਇਸ ਤਰ੍ਹਾਂ ਦਿੱਤਾ ਜਾਂਦਾ ਹੈ, ਜਿਹੜਾ ਸਰਲ, ਸਪਸ਼ਟ ਅਤੇ ਸਮਝਣਯੋਗ ਹੋਵੇ। ਅਰਥ ਦੇਣ ਲਈ ਸਭ ਤੋਂ ਮਹੱਤਵਪੂਰਣ ਵਿਧੀ ਕੋਸ਼ੀ ਇਕਾਈ ਦੇ ਵਰਣਨ ਅਤੇ ਪਰਿਭਾਸ਼ਾ ਦੀ ਹੈ, ਜਿਵੇਂ:

ਖਰਗੋਸ਼ ਪੁ.: ਬਿੱਲੀ ਦੇ ਕੱਦ ਦਾ ਲੰਮੇ ਕੰਨਾਂ ਵਾਲਾ ਇਕ ਜਾਨਵਰ, ਸਿਹਾ, ਸਹੀਅੜ, ਸਹਾ।

ਗੁਰ ਪ੍ਰ. : (1) ਉਹ ਸਾਧਨ ਜਾਂ ਕਿਰਿਆ ਜਿਸ ਦੇ ਕਰਦਿਆਂ ਹੀ ਕੋਈ ਕੰਮ ਤੁਰੰਤ ਹੋ ਜਾਵੇ,

ਮੂਲ ਮੰਤਰ;

(2) ਸੰਖਿਪਤ ਨਿਯਮ;

(3) ਹਿਸਾਬ ਦਾ ਕਾਇਦਾ ਜਿਸ ਵਿਚ ਕੋਈ ਗਲਤੀ ਨਾ ਹੋਵੇ;

(4) ਢੰਗ, ਤਰੀਕਾ।

ਕੋਸ਼ੀ ਇਕਾਈ ਦੇ ਅਰਥਾਂ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਪਰਿਭਾਸ਼ਾ ਉਨ੍ਹਾਂ ਦੇ ਅਰਥ ਦੇ ਸਾਰੇ ਪੱਖਾਂ ਨੂੰ ਘੇਰੇ ਵਿਚ ਲੈਂਦੀ ਹੋਵੇ। ਦੂਜੇ, ਕੋਸ਼ੀ ਇਕਾਈ ਦੇ ਸਾਰੇ ਅਰਥ-ਵਿਗਿਆਨਕ ਲੱਛਣਾਂ ਦਾ ਵਰਣਨ ਇਕ ਜਾਂ ਦੋ ਵਾਕਾਂ ਵਿਚ ਹੋਵੇ। ਤਕਨੀਕੀ ਸ਼ਬਦਾਵਲੀਆਂ ਦੀਆਂ ਪਰਿਭਾਸ਼ਾਵਾਂ ਉਨ੍ਹਾਂ ਦੇ ਅਨੁਸ਼ਾਸ਼ਨੀ ਅਰਥ ਘੇਰੇ ਅਤੇ ਸਾਧਾਰਣ ਪਾਠਕ ਦੀ ਸਮਝ ਵਿਚ ਅਉਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ। ਪਰਿਭਾਸ਼ਾ ਅਨਿਸ਼ਚਿਤ ਜਾਂ ਅਪੂਰਣ ਨਹੀਂ ਹੋਣੀ ਚਾਹੀਦੀ। ਸਗੋਂ ਪਰਿਭਾਸ਼ਾ ਕੋਸ਼ੀ ਇਕਾਈ ਦੇ ਸਮੁੱਚੇ ਗੁਣਾਂ ਨੂੰ ਦ੍ਰਿਸ਼ਟਮਾਨ ਕਰਦੀ ਹੋਵੇ। ਜਿਵੇਂ –

ਪੈਰ ਸਰੀਰ ਦਾ ਉਹ ਅੰਗ ਜਿਸ ਨਾਲ ਪ੍ਰਾਣੀ ਚੱਲਦੇ ਫਿਰਦੇ ਹਨ।

**ਸਮਾਨਾਰਥਕ ਸ਼ਬਦ-ਰੂਪ :**

ਜਿਥੇ ਕੋਸ਼ੀ ਇਕਾਈਆਂ ਦੀਆਂ ਪਰਿਭਾਸ਼ਾਵਾਂ ਉਨ੍ਹਾਂ ਦੇ ਅਰਥਾਂ ਦਾ ਪੂਰਨ ਰੂਪ ਵਿਚ ਸੰਚਾਰ ਨਹੀਂ ਕਰਦੀਆਂ ਉਥੇ ਕੋਸ਼ੀ ਇਕਾਈਆਂ ਦੇ ਅਰਥਾਂ ਦੇ ਸਮਤੁੱਲ ਸ਼ਬਦ ਦਰਜ ਕੀਤੇ ਜਾਂਦੇ ਹਨ। ਖਾਸ ਕਰਕੇ ਛੋਟੇ ਅਕਾਰ ਦੇ ਇਕ ਭਸ਼ਾਈ ਕੋਸ਼ਾ ਵਿਚ ਅਜਿਹਾ ਹੁੰਦਾ ਹੈ। ਕੋਸ਼ੀ ਇਕਾਈ ਦੇ ਅਰਥਾਂ, ਉਪ-ਅਰਥਾਂ ਅਤੇ ਉਪ-ਭੇਦਾਂ ਦੀ ਸਪਸ਼ਟਤਾ ਲਈ ਉਨ੍ਹਾਂ ਨੂੰ ਵਾਕਾਂ ਵਿਚ ਵਰਤਿਆ ਜਾਂਦਾ ਹੈ।

**ਦ੍ਰਿਸ਼ਟਾਂਤੀ ਚਿੱਤਰ :**

ਅਰਥ ਦੀ ਸਪਸ਼ਟਤਾ ਲਈ ਦ੍ਰਿਸ਼ਟਾਂਤੀ ਚਿੱਤਰ ਵੀ ਕਾਫ਼ੀ ਉਪਯੋਗੀ ਹੁੰਦੇ ਹਨ। ਜਿਨ੍ਹਾਂ ਕੋਸ਼ੀ ਇਕਾਈਆਂ ਦੇ ਅਰਥਾਂ ਨੂੰ ਪੂਰਨ ਰੂਪ ਵਿਚ ਪਰਿਭਾਸ਼ਿਤ ਨਾ ਕੀਤਾ ਜਾ ਸਕਦਾ ਹੋਵੇ, ਉਥੇ ਕੋਸ਼ਕਾਰ ਤਸਵੀਰਾਂ ਨੂੰ ਵੀ ਇੰਦਰਾਜ ਵਿਚ ਸ਼ਾਮਲ ਕਰ ਸਕਦਾ ਹੈ।ਦੁਭਾਸ਼ੀ ਕੋਸ਼ਾਂ ਵਿਚ ਬਹੁਤ ਸਾਰੀਆਂ ਸਭਿਆਚਾਰਕ ਵਸਤਾਂ ਨੂੰ ਸਪਸ਼ਟ ਕਰਨ ਲਈ ਇਹ ਇਕ ਪ੍ਰਭਾਵਸ਼ਾਲੀ ਜੁਗਤ ਹੈ। ਇਕ ਭਸ਼ਾਈ-ਸਮੂਹ ਦੇ ਵਸਤੂ-ਜਗਤ ਵਿੱਚ ਵਰਤੀਆਂ ਜਾਂਦੀਆਂ ਪ੍ਰਚੀਨ ਵਸਤਾਂ ਅਤੇ ਵਿਗਿਆਨ ਤੇ ਤਕਨਾਲੋਜੀ ਸਦਕਾ ਆਈਆ ਨਵੀਆਂ ਵਸਤਾਂ ਦੇ ਨਾਂਵਾ ਵਾਲੇ ਇੰਦਰਾਜਾਂ ਵਿੱਚ ਵੀ ਤਸਵੀਰਾਂ ਦਿੱਤੀਆਂ ਜਾ ਸਕਦੀਆਂ ਹਨ। ਤਸਵੀਰਾਂ ਤੋਂ ਇਲਾਵਾ ਨਕਸ਼ੇ, ਰੇਖਾ-ਚਿੱਤਰ ਤੇ ਚਿੱਤਰ ਕੋਸ਼ ਦੇ ਇੰਦਾਰਜਾਂ ਦਾ ਹਿੱਸਾ ਹੋ ਸਕਦੇ ਹਨ।

**ਭਾਸ਼ਾ ਅੰਸ਼ :**

ਕੋਸ਼ ਵਿਚ ਭਾਸ਼ਾ-ਅੰਸ਼ਾਂ ਦੀ ਵਰਤੋਂ ਥਾਂ ਦੀ ਬੱਚਤ ਦੇ ਮਨੋਰਥ ਤੋਂ ਕੀਤੀ ਜਾਂਦੀ

ਹੈ। ਲੰਮੀਆਂ-ਲੰਮੀਆਂ ਦ੍ਰਿਸ਼ਟਾਂਤੀ ਉਦਾਹਰਣਾਂ ਦੀ ਥਾਂ ਅਰਥ, ਉਪ-ਅਰਥ ਜਾਂ ਅਰਥ-ਭੇਦ ਦੀ ਸਪਸ਼ਟਤਾ ਲਈ ਇਸ ਦੇ ਨਾਲ ਹੀ ਅੱਗੇ-ਪਿੱਛੇ ਬ੍ਰੈਕਟ ਵਿਚ ਸਾਰਥਕ ਸ਼ਬਦ ਦੇ ਦਿੱਤੇ ਜਾਂਦੇ ਹਨ। ਇਨ੍ਹਾਂ ਨੂੰ ਭਾਸ਼ਾ-ਅੰਸ਼ ਆਖਦੇ ਹਨ। ਆਮ ਕਰਕੇ ਇਹ ਸੰਖੇਪ ਟਿੱਪਣੀਆਂ ਹੀ ਹੁੰਦੀਆਂ ਹਨ। ਜਿਵੇਂ:

ਖਿੱਚਣਾ : ਕਿ . 1. ਕੱਢਣਾ, ਕਸ਼ੀਦ ਕਰਨਾ (ਅਰਕ);
2. ਅੰਦਰ ਲੈ ਜਾਣਾ (ਸਾਹ);
3. ਮੋਹਣਾ (ਦਿਲ) ;
4 ਲਾਹੁਣਾ, ਉਤਾਰਨਾ (ਖੱਲ)।

**ਪਰਸਪਰ ਹਵਾਲਾ :-**

ਕੋਸ਼ ਵਿਚ ਦੋ ਕੋਸ਼ੀ ਇਕਾਈਆਂ ਦੇ ਸਮਾਨਾਰਥਕ ਹੋਣ ਦੀ ਸੂਰਤ ਵਿਚ ਦੋ ਇੰਦਰਾਜਾਂ ਵਿਚ ਇਕੋ ਵੇਰਵੇ ਨੂੰ ਦੁਹਰਾਉਣ ਦੀ ਥਾਂ ਇਕ ਕੋਸ਼ੀ ਇਕਾਈ ਵਿਚ ਵੇਰਵਾ ਦਰਜ ਹੁੰਦਾ ਹੈ ਅਤੇ ਦੂਜੀ ਵਿਚ 'ਵੇਖੋ' ਜਾਂ 'ਹੋਰ ਵਿਸਤਾਰ ਵਿਚ ਵੇਖੋ' ਆਦਿ ਸੰਕੇਤਕ ਸ਼ਬਦਾਂ ਰਾਹੀਂ ਪਰਸਪਰ ਹਵਾਲਾ ਦਿੱਤਾ ਜਾਂਦਾ ਹੈ।

**ਨਿਰੁਕਤੀ :-**

ਨਿਰੁਕਤੀ ਕੋਸ਼ੀ ਇਕਾਈ ਦੇ ਪ੍ਰਚਲਿਤ ਵਰਤਮਾਨ ਰੂਪ ਤੋਂ ਉਸ ਦੇ ਪ੍ਰਾਚੀਨ ਰੂਪ ਦਾ ਪਤਾ ਲਗਾਉਣ ਦੀ ਇਕ ਵਿਧੀ ਹੈ ਪਰ ਇਹ ਹਰੇਕ ਕੋਸ਼ ਦਾ ਅੰਗ ਨਹੀਂ ਹੁੰਦੀ। ਇਤਿਹਾਸਕ ਕੋਸ਼ਾਂ ਵਿਚ ਕੋਸ਼ੀ ਇਕਾਈਆਂ ਦੇ ਕਾਲਕ੍ਰਮਕ ਅਰਥ-ਵਿਕਾਸ ਨੂੰ ਜਾਣਨ ਲਈ ਇਸ ਨੂੰ ਦਰਜ ਕਰਨਾ ਜ਼ਰੂਰੀ ਹੈ।

**ਸ਼ਬਦ-ਸੂਚਕ ਜਾਂ ਲੇਬਲ :-**

ਸ਼ਬਦ-ਸੂਚਕਾਂ ਦੀ ਵਰਤੋਂ ਅਸਲ ਵਿਚ ਥਾਂ ਬਚਾਉਣ ਦੇ ਮਨੋਰਥ ਲਈ ਕੀਤੀ ਜਾਂਦੀ ਹੈ। ਕੋਸ਼ ਵਿਚ ਵਿਸ਼ਿਆਂ, ਭਾਸ਼ਾਵਾਂ, ਸ਼ੈਲੀਗਤ ਭਿੰਨਤਾਵਾਂ, ਵਿਆਕਰਣਕ ਅਤੇ ਪ੍ਰਕਾਰਜੀ ਸੂਚਨਾ ਆਦਿ ਦੇਣ ਲਈ ਸ਼ਬਦ-ਸੂਚਕਾਂ ਦੇ ਸੰਖੇਪ ਰੂਪਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਫ਼ਾ (ਫਾਰਸੀ), ਬਨ (ਬਨਸਪਤੀ-ਵਿਗਿਆਨ)।

**ਵਾਕਾਂਸ਼, ਮੁਹਾਵਰੇ ਅਤੇ ਅਖੌਤਾਂ :-**

ਕੋਸ਼ ਵਿਚ ਆਮ ਤੌਰ ਤੇ ਇਨ੍ਹਾਂ ਨੂੰ ਮੁੱਖ ਸ਼ਬਦ ਦੇ ਅੰਤਰਗਤ ਹੀ ਦਿੱਤਾ ਜਾਂਦਾ ਹੈ ਪਰ ਚੰਗਾ ਹੈ ਜੇ ਇਨ੍ਹਾਂ ਨੂੰ ਮੁੱਖ ਇੰਦਰਾਜ ਦੇ ਅਰਥਾਂ ਦੇ ਖਤਮ ਹੋਣ ਪਿਛੋਂ ਦਿੱਤਾ ਜਾਵੇ। ਅੰਗ੍ਰੇਜ਼ੀ ਦੇ ਕੁਝ ਕੁ ਕੋਸ਼ਾਂ ਵਿਚ ਇਨ੍ਹਾਂ ਨੂੰ ਸੰਖਿਪਤ ਅਰਥ/ਅਰਥ-ਭੇਦ ਦੇਣ ਦੇ ਨਾਲ ਦੇਣ ਦੀ ਪ੍ਰਥਾ ਹੈ, ਪਰੰਤੂ ਪੰਜਾਬੀ ਕੋਸ਼ਾਂ ਵਿਚ ਇਸ ਸੂਚਨਾ ਨੂੰ ਮੁੱਖ ਇੰਦਰਾਜ ਦੇ ਖਤਮ ਹੋਣ ਪਿੱਛੋਂ ਹੀ ਦਿੱਤਾ ਜਾਂਦਾ ਹੈ।

ਇਉਂ ਕੋਸ਼ਾਂ ਦੇ ਅਧਿਐਨ ਵਿਸ਼ਲੇਸ਼ਣ ਕਰਨ ਲਈ ਉਪਰੋਕਤ ਅਧਿਐਨ ਮਾਡਲ ਦੀ ਸਹਾਇਤਾ ਲਈ ਜਾ ਸਕਦੀ ਹੈ। ਜੋ ਕੋਸ਼ਕਾਰੀ ਨਿਰਮਾਣਕਾਰੀ ਦੇ ਮਹੱਤਵਪੂਰਨ ਤੱਤਾਂ ਵਜੋਂ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ।

## ਹਵਾਲੇ ਅਤੇ ਟਿੱਪਣੀਆਂ

1. ਬਾਲ ਮੁਕੰਦ ਦਿਵੇਦੀ, ਸੰਸਕ੍ਰਿਤ ਕੋਸ਼-ਉਦਭਵ ਔਰ ਵਿਕਾਸ, 1976, ਪੰਨਾ 1
2. ਡਾ. ਪਰਮਜੀਤ ਸਿੰਘ ਸਿੱਧੂ, ਕੋਸ਼ਕਾਰੀ ਕਲਾ ਅਤੇ ਪੰਜਾਬੀ ਕੋਸ਼ਕਾਰੀ, ਪੰਨਾ 2
3. ਡਾ. ਭੋਲਾ ਨਾਥ ਤਿਵਾੜੀ, ਕੋਸ਼-ਵਿਗਿਆਨ, ਪੰਨਾ 11-12
4. ਆਕਸਫੋਰਡ ਇੰਗਲਿਸ਼ ਡਿਕਸ਼ਨਰੀ, ਜਿਲਦ ਤੀਜੀ, 1933, ਪੰਨਾ 331
5. R.R.K. Hartmann (Ed.), Lexicography: Principles and Practice, P. 4-5
6. Ladislav Zgusta, Manual of Lexicography, P. 8
7. Ram Adhar Singh, An Introduction to Lexicography ,p.1
8 ਰਾਮ ਚੰਦਰ ਵਰਮਾ, ਸ਼ਬਦ ਸਾਧਨਾ, ਪੰਨਾ.174
9. Collins English Dictionary, p.883
10. Ram Adhar Singh, An Introduction to Lexicography ,p.111
11. ਡਾ. ਓਮ ਪ੍ਰਕਾਸ਼ ਵਿਸ਼ਿਸ਼ਟ, ਕੋਸ਼-ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ, ਪੰਨਾ 149